13-APRIL-PAGE-1.qxd 4/12/2025 10:44 PM Page 1

ਐਤਵਾਰ, 13 ਅਪ੍ਰੈਲ, 2025
1 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 312

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 13 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12+6=18

# ਬਾਦਲਾਂ ਦਾ ਬਦਲ ਨਹੀਂ ਲੱਭਾ

## ਮੁੜ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸੁਖਬੀਰ ਦਾ ਸਨਸਨੀਖੇਜ਼ ਬਿਆਨ : ਐੱਸ ਜੀ ਪੀ ਸੀ ਨੇ ਤਖ਼ਤਾਂ 'ਤੇ ਸਿੱਖ ਵਿਰੋਧੀ ਤਾਕਤਾਂ ਦਾ ਕਬਜ਼ਾ ਛੁਡਵਾ ਕੇ ਬਚਾਅ ਲਿਆ

### ਫੈਡਰਲਿਜ਼ਮ ਦੀ ਰਾਖੀ ਲਈ ਸਾਰੀਆਂ ਪਾਰਟੀਆਂ ਨੂੰ ਸਾਂਝੀ ਲੜਾਈ ਦਾ ਸੱਦਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸ਼ਨੀਵਾਰ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਡੈਲੀਗੇਟ ਸੈਸ਼ਨ ਵਿਚ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ।

ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਸੁਖਬੀਰ ਸਿੰਘ ਬਾਦਲ ਦਾ ਨਾਂਅ ਪੇਸ਼ ਕੀਤਾ, ਜਿਸ ਦੀ ਤਾਈਦ ਪਰਮਜੀਤ ਸਿੰਘ ਸਰਨਾ ਨੇ ਕੀਤੀ ਤੇ ਤਾਈਦ ਦੀ ਮਜੀਦ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕੀਤੀ।

ਡੈਲੀਗੇਟਸ ਨੇ ਕਿਸੇ ਹੋਰ ਉਮੀਦਵਾਰ ਦਾ ਨਾਂਅ ਪੇਸ਼ ਨਹੀਂ ਕੀਤਾ, ਜਿਸ ਮਗਰੋਂ ਪਾਰਟੀ ਦੇ ਮੁੱਖ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੀ ਗੂੰਜ ਵਿਚ ਐਲਾਨ ਕੀਤਾ ਕਿ ਸਰਦਾਰ ਬਾਦਲ ਪਾਰਟੀ ਪ੍ਰਧਾਨ ਚੁਣੇ ਗਏ ਹਨ।

ਡੈਲੀਗੇਟਸ ਨੇ ਪਾਰਟੀ ਦੀ ਨਵੀਂ ਵਰਕਿੰਗ ਕਮੇਟੀ ਦੇ ਗਠਨ ਲਈ ਵੀ ਪ੍ਰਧਾਨ ਨੂੰ ਅਧਿਕਾਰ ਸੌਂਪੇ।ਪ੍ਰਧਾਨ ਵਜੋਂ ਚੋਣ ਉਪਰੰਤ ਡੈਲੀਗੇਟਸ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ, 'ਮੈਂ ਤੁਹਡੇ ਨਾਲ ਇਹ ਪੱਕਾ ਵਾਅਦਾ ਕਰਦਾ ਹਾਂ ਕਿ ਖਾਲਸਾ ਪੰਥ, ਪੰਜਾਬ ਤੇ ਸ਼੍ਰੋਮਣੀ ਅਕਾਲੀ ਦਲ ਦੇ ਮਾਣ-ਸਨਮਾਨ ਤੇ ਅਣਖ ਦੇ ਮਾਮਲੇ 'ਚ ਕਦੇ ਕੋਈ ਸਮਝੌਤਾ ਨਹੀਂ ਕਰਾਂਗਾ।'

ਵਡੇਰੀ ਪੰਥਕ ਏਕਤਾ ਦਾ ਸੱਦਾ ਦਿੰਦਿਆਂ ਉਹਨਾ ਅਕਾਲੀ ਦਲ ਤੋਂ ਦੂਰ ਗਏ ਆਗੂਆਂ ਨੂੰ ਅਪੀਲ ਕੀਤੀ ਕਿ ਆਪਸੀ ਮਤਭੇਦ ਭੁਲਾ ਕੇ ਅਕਾਲੀ ਦਲ ਦੇ ਬੈਨਰ ਹੇਠ ਪੰਥਕ ਮੁੱਖ ਧਾਰਾ ਵਿਚ ਸ਼ਾਮਲ ਹੋਣ।ਉਹਨਾ ਕਿਹਾ ਕਿ ਅਸੀਂ ਖਾਲਸਾ ਪੰਥ ਤੇ ਪੰਜਾਬ ਪ੍ਰਤੀ ਸਮਰਪਿਤ ਹਾਂ।ਸੁਖਬੀਰ ਬਾਦਲ ਨੇ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਕਿਵੇਂ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ।ਉਹਨਾ ਕਿਹਾ ਕਿ ਪਹਿਲਾਂ ਇਹ ਸਾਜ਼ਿਸ਼ ਉਦੋਂ ਸ਼ੁਰੂ ਹੋਈ, ਜਦੋਂ ਪਾਰਟੀ ਤਿੰਨ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਰੋਸ ਪ੍ਰਗਟ ਕਰ ਰਹੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਅਕਾਲੀ ਦਲ ਐੱਨ ਡੀ ਏ ਨਾਲੋਂ ਵੱਖ ਹੋਇਆ।ਪਿਛਲੇ ਛੇ ਮਹੀਨਿਆਂ ਦੌਰਾਨ ਇਹ ਸਾਜ਼ਿਸ਼ ਹੋਰ ਤੇਜ਼ ਹੋਈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਦੋਂ ਅਕਾਲੀ ਦਲ ਐੱਨ ਡੀ ਏ ਨਾਲੋਂ ਵੱਖ ਹੋਇਆ ਤਾਂ ਕੇਂਦਰ ਸਰਕਾਰ ਨੇ ਆਪਣੀਆਂ ਕਠਪੁਤਲੀਆਂ ਅੱਗੇ ਕੰਮ 'ਤੇ ਲਗਾ ਦਿੱਤੀਆਂ।ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਪ੍ਰਬੰਧਕ ਕਮੇਟੀ/ਬੋਰਡਾਂ ਦਾ ਵਿਸਥਾਰ ਕਰਦਿਆਂ ਇਹਨਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਗਿਆ। ਕੇਂਦਰ ਸਰਕਾਰ ਨੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਆਗੂਆਂ ਨੂੰ ਭਾਜਪਾ ਵਿਚ ਸ਼ਾਮਲ ਕਰਵਾ ਕੇ ਇਸ ਦਾ ਕੰਟਰੋਲ ਆਪਣੇ ਹੇਠ ਲੈ ਲਿਆ ਤੇ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾ ਦਿੱਤੀ ਗਈ।

ਸੁਖਬੀਰ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੌਮ ਦੇ ਫੈਸਲੇ ਅਜਿਹੀਆਂ ਤਾਕਤਾਂ ਵੱਲੋਂ ਆਪਣੀ ਮਰਜ਼ੀ ਨਾਲ ਕਰਵਾਏ ਜਾਣ ਲੱਗੇ। ਉਹਨਾ ਕਿਹਾ ਕਿ ਸਾਡੇ ਸਤਿਕਾਰਯੋਗ ਜਥੇਦਾਰ, ਜਿਹਨਾਂ ਨੂੰ ਪੰਥਕ ਹਿੱਤਾਂ ਦੇ ਰਾਖੇ ਵਜੋਂ ਕੰਮ ਕਰਨਾ ਚਾਹੀਦਾ ਸੀ, ਉਹ ਵੀ ਇਹਨਾਂ ਤਾਕਤਾਂ ਦੇ ਹੱਥਾਂ ਵਿਚ ਖੇਡਣ ਲੱਗ ਪਏ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਧਾਈ ਦੇਣਾ ਚਾਹੁੰਦੇ ਹਨ, ਜਿਸ ਨੇ ਸਾਡੇ ਤਖ਼ਤਾਂ ਤੋਂ ਇਹਨਾਂ ਸਿੱਖ ਵਿਰੋਧੀ ਤਾਕਤਾਂ ਦਾ 'ਕਬਜ਼ਾ' ਖ਼ਤਮ ਕਰਵਾਇਆ।

ਉਹਨਾ ਡੈਲੀਗੇਟਸ ਨੂੰ ਸੱਦਾ ਦਿੱਤਾ ਕਿ ਉਹ 2027 ਵਿਚ ਅਕਾਲੀ ਦਲ ਨੂੰ ਮੁੜ ਸੱਤਾ ਵਿਚ ਲਿਆਉਣ ਦੀ ਤਿਆਰੀ ਖਿੱਚਣ। ਉਹਨਾ ਕਿਹਾ ਕਿ ਇਕ ਵਾਰ ਵਰਕਰਾਂ ਨੇ ਫੈਸਲਾ ਲੈ ਲਿਆ ਤਾਂ ਅਕਾਲੀ ਦਲ ਸੱਤਾ ਵਿਚ ਜ਼ਰੂਰ ਆਵੇਗਾ।ਉਹਨਾ ਕਿਹਾ ਕਿ ਆਪਣੇ ਵੱਲੋਂ ਮੈਂ ਭਰੋਸਾ ਦੁਆਉਂਦਾ ਹਾਂ ਕਿ ਆਮ ਆਦਮੀ ਪਾਰਟੀ ਨੇ ਜਿਸ ਗੈਂਗਸਟਰ ਸੱਭਿਆਚਾਰ ਤੇ ਨਸ਼ਾ ਮਾਫੀਆ ਦੀ ਪੁਸ਼ਤਪਨਾਹੀ ਕੀਤੀ ਹੋਈ ਹੈ, ਅਕਾਲੀ ਸਰਕਾਰ ਉਸ ਨੂੰ ਖ਼ਤਮ ਕਰੇਗੀ।

ਉਹਨਾ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।ਅਸੀਂ ਸੂਬੇ ਵਿਚ ਉਦਯੋਗ ਵਾਪਸ ਲਿਆਵਾਂਗੇ। ਅਸੀਂ ਯਕੀਨੀ ਬਣਾਵਾਂਗੇ ਕਿ ਕਿਸਾਨਾਂ ਤੇ ਕਮਜ਼ੋਰ ਵਰਗਾਂ ਸਹਿਤ ਸਮਾਜ ਦੇ ਸਾਰੇ ਵਰਗਾਂ ਨੂੰ ਬਣਦਾ ਹੱਕ ਮਿਲੇ। ਮੈਂ ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਲਈ ਦ੍ਰਿੜ੍ਹ ਸੰਕਲਪ ਹਾਂ।ਨਵੇਂ ਪ੍ਰਧਾਨ ਨੇ ਅਹੁਦਾ ਛੱਡ ਰਹੇ ਕਾਰਜਕਾਰੀ

• ਬਾਕੀ ਸਫਾ 6 'ਤੇ

## ਰਾਸ਼ਟਰਪਤੀ ਲਈ ਵੀ ਡੈੱਡਲਾਈਨ ਤੈਅ, ਬਿੱਲ ਬਾਰੇ ਤਿੰਨ ਮਹੀਨਿਆਂ 'ਚ ਹਾਂ-ਨਾਂਹ ਕਰਨੀ ਪਵੇਗੀ

**ਨਵੀਂ ਦਿੱਲੀ** : ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਲਈ ਵੀ ਡੈੱਡਲਾਈਨ ਤੈਅ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਰਾਜਪਾਲ ਵੱਲੋਂ ਘੱਲੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਫੈਸਲਾ ਲੈਣਾ ਪਵੇਗਾ।

ਦਰਅਸਲ, ਸੁਪਰੀਮ ਕੋਰਟ ਨੇ 8 ਅਪ੍ਰੈਲ ਨੂੰ ਤਾਮਿਲਨਾਡੂ ਬਨਾਮ ਰਾਜਪਾਲ ਦੇ ਮਾਮਲੇ ਵਿੱਚ 415 ਸਫਿਆਂ ਦਾ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਸੀ ਕਿ ਰਾਜਪਾਲ ਨੂੰ ਵਿਧਾਨ ਸਭਾ ਵੱਲੋਂ ਘੱਲੇ ਗਏ ਬਿੱਲ 'ਤੇ ਇੱਕ ਮਹੀਨੇ ਦੇ ਵਿੱਚ-ਵਿੱਚ ਫੈਸਲਾ ਲੈਣਾ ਪਵੇਗਾ। ਇਸੇ ਫੈਸਲੇ ਵਿੱਚ ਕੋਰਟ ਨੇ ਰਾਜਪਾਲ ਵੱਲੋਂ ਰਾਸ਼ਟਰਪਤੀ ਨੂੰ ਘੱਲੇ ਗਏ ਬਿੱਲ 'ਤੇ ਵੀ ਸਥਿਤੀ ਸਪੱਸ਼ਟ ਕੀਤੀ ਗਈ। ਇਸ ਦਾ ਪੂਰਾ ਪਤਾ 11 ਅਪ੍ਰੈਲ ਦੀ ਰਾਤ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਗਏ ਪੂਰੇ ਫੈਸਲੇ ਤੋਂ ਲੱਗਿਆ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਦੇ ਆਰਟੀਕਲ 201 ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਰਾਜਪਾਲਾਂ ਵੱਲੋਂ ਘੱਲੇ ਗਏ ਬਿੱਲ ਦੇ ਮਾਮਲੇ ਵਿੱਚ ਰਾਸ਼ਟਰਪਤੀ ਕੋਲ ਪੂਰੀ ਵੀਟੋ ਜਾਂ ਪਾਕੇਟ ਵੀਟੋ ਦਾ ਹੱਕ ਨਹੀਂ। ਉਨ੍ਹਾ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ ਅਤੇ ਨਿਆਂ ਪਾਲਿਕਾ ਬਿੱਲ ਦੀ ਸੰਵਿਧਾਨਿਕਤਾ ਦਾ ਫੈਸਲਾ ਕਰੇਗੀ।

ਜਸਟਿਸ ਜੇ ਬੀ ਪਾਰਦੀਵਾਲਾ ਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਵੱਲੋਂ ਸੁਣਾਏ ਗਏ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਆਰਟੀਕਲ 201 ਕਹਿੰਦਾ ਹੈ ਕਿ ਜਦੋਂ ਵਿਧਾਨ ਸਭਾ ਕਿਸੇ ਬਿੱਲ ਨੂੰ ਪਾਸ ਕਰ ਕੇ ਰਾਜਪਾਲ ਕੋਲ ਮਨਜ਼ੂਰੀ ਲਈ ਘੱਲੇ ਅਤੇ ਰਾਜਪਾਲ ਉਸ ਨੂੰ ਵਿਚਾਰ ਲਈ ਰਾਸ਼ਟਰਪਤੀ ਕੋਲ ਘੱਲ ਦੇਵੇ ਤਾਂ ਰਾਸ਼ਟਰਪਤੀ ਨੂੰ ਬਿੱਲ ਨੂੰ ਮਨਜ਼ੂਰੀ ਦੇਣੀ ਹੋਵੇਗੀ ਜਾਂ ਫਿਰ ਦੱਸਣਾ ਹੋਵੇਗਾ ਕਿ ਮਨਜ਼ੂਰੀ ਨਹੀਂ ਦੇ ਰਹੇ। ਬੈਂਚ

• ਬਾਕੀ ਸਫਾ 6 'ਤੇ

## ਮੰਡੀ ਨੂੰ ਕੁੱਲੂ ਨਾਲ ਜੋੜਨ ਵਾਲਾ ਪੁਲ ਡਿੱਗਿਆ

**ਸ਼ਿਮਲਾ** : ਕੌਮੀ ਮਾਰਗ 305 'ਤੇ ਮੰਡੀ ਨੂੰ ਕੁੱਲੂ ਜ਼ਿਲ੍ਹੇ ਨਾਲ ਜੋੜਨ ਵਾਲਾ 1980 'ਚ ਬਣਿਆ ਪੁਲ ਸਨਿੱਚਰਵਾਰ ਕੁੱਲੂ ਦੇ ਬੰਜਰ ਵਿਖੇ ਤੜਕੇ ਡਿੱਗ ਗਿਆ। ਪੁਲ ਤੋਂ ਲੰਘ ਰਿਹਾ ਟਰੱਕ ਨਦੀ ਵਿੱਚ ਡਿੱਗ ਗਿਆ, ਪਰ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ। ਕੁੱਲੂ ਦੇ ਡੀ ਸੀ ਪੀ ਤੋਰੁਲ ਐੱਸ ਰਵਨੀਸ਼ ਨੇ ਦੱਸਿਆ ਕਿ ਬਦਲਵੇਂ ਰੂਟਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਹਲਕੇ ਵਾਹਨਾਂ ਦੀ ਆਵਾਜਾਈ ਨੂੰ ਛੇਤੀ ਤੋਂ ਛੇਤੀ ਸ਼ੁਰੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਯਾਤਰੀਆਂ ਦੀ ਸਹੂਲਤ ਲਈ ਟਰੈਫਿਕ ਨੂੰ ਪੰਡੋਹ ਰਾਹੀਂ ਮੋੜ ਦਿੱਤਾ ਗਿਆ।

## 20 ਮਈ ਦੀ ਹੜਤਾਲ ਨੂੰ ਇਤਿਹਾਸਕ ਬਣਾਉਣ ਦਾ ਫੈਸਲਾ

**ਅੰਮ੍ਰਿਤਸਰ** : ਇੱਥੇ ਸਮੂਹ ਮਜ਼ਦੂਰ/ ਮੁਲਾਜਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕੀਤੀ ਗਈ, ਜਿਸ ਵਿੱਚ 20 ਮਈ ਨੂੰ ਦੇਸ਼-ਵਿਆਪੀ ਹੜਤਾਲ ਦੇ ਸੱਦੇ ਨੂੰ ਸਫਲ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਏਟਕ, ਸੀਟੂ, ਸੀ ਟੀ ਯੂ. ਪੰਜਾਬ ਅਤੇ ਵੱਖ-ਵੱਖ ਮੁਲਾਜਮ ਜਥੇਬੰਦੀਆਂ ਦੇ ਆਗੂਆਂ ਵੱਲੋਂ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਗਈ। ਏਟਕ ਵੱਲੋਂ ਅਮਰਜੀਤ ਸਿੰਘ ਆਸਲ, ਬ੍ਰਹਮਦੇਵ ਸ਼ਰਮਾ, ਦਸਵਿੰਦਰ ਕੌਰ, ਵਿਜੇ ਕੁਮਾਰ, ਜਸਬੀਰ ਸਿੰਘ, ਸੀਟੂ ਵੱਲੋਂ ਚਰਨਜੀਤ ਸਿੰਘ ਮਜੀਠਾ, ਪ੍ਰਤਾਪ ਸਿੰਘ ਖਾਪੜਖੇੜੀ ਅਤੇ ਕ੍ਰਿਪਾ ਰਾਮ, ਸੀ ਟੀ ਯੂ ਪੰਜਾਬ ਵੱਲੋਂ ਜਗਤਾਰ ਸਿੰਘ ਕਰਮਪੁਰਾ, ਤਲਵਿੰਦਰ ਸਿੰਘ, ਰਾਕੇਸ਼ ਕੁਮਾਰ ਯੂ ਪੀ, ਬੈਂਕ ਮੁਲਾਜ਼ਮਾਂ ਦੇ ਆਗੂ ਕਿਸ਼ੋਰ ਚੰਦ ਸਰੀਨ, ਸੁਰੇਸ਼ ਭਾਟੀਆ, ਪੰਜਾਬ ਰੋਡਵੇਜ਼ ਮੁਲਾਜਮਾਂ ਦੇ ਆਗੂ ਵਿਜੇ ਕੁਮਾਰ ਸਨੋਤਰਾ, ਪ੍ਰਾਈਵੇਟ ਟਰਾਂਸਪੋਰਟ ਵਰਕਰਾਂ ਦੇ ਆਗੂ ਬਲਦੇਵ ਸਿੰਘ ਬੱਬੂ, ਕੰਵਲਜੀਤ ਸਿੰਘ, ਬਲਬੀਰ ਸਿੰਘ, ਬਿਜਲੀ ਮੁਲਾਜ਼ਮਾਂ ਦੇ ਆਗੂ ਨਰਿੰਦਰ ਬੱਲ, ਨਗਰ ਨਿਗਮ ਮੁਲਾਜਮਾਂ ਦੇ ਆਗੂ ਸੁਰਿੰਦਰ ਕੁਮਾਰ ਟੋਨਾ, ਟੈਲੀਕਾਮ ਮੁਲਾਜ਼ਮਾਂ ਦੇ ਆਗੂ ਕੁਲਵੰਤ ਰਾਏ ਬਾਵਾ, ਵਿਰਸਾ ਸਿੰਘ, ਜਗਤਾਰ ਸਿੰਘ, ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰਾ, ਖੇਤ ਮਜ਼ਦੂਰ ਸਭਾ ਦੇ ਆਗੂ ਮੰਗਲ ਸਿੰਘ ਖਜਾਲਾ ਆਦਿ ਆਗੂ ਮੀਟਿੰਗ ਵਿੱਚ ਸ਼ਾਮਿਲ ਹੋਏ। ਆਗੂਆਂ ਨੇ ਆਪਣੇ-ਆਪਣੇ ਅਦਾਰੇ ਵਿੱਚ

• ਬਾਕੀ ਸਫਾ 6 'ਤੇ

## ਮੋਦੀ ਸਰਕਾਰ ਚੀਨ ਵਾਂਗ ਟਰੰਪ ਖਿਲਾਫ ਡਟਵਾਂ ਸਟੈਂਡ ਲਵੇ : ਬਰਾੜ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਪੰਜਾਬ ਦੀ ਭਗਵੰਤ ਮਾਨ ਸਰਕਾਰ 'ਰੰਗਲਾ ਪੰਜਾਬ' ਬਣਾਉਣ ਦੇ ਭਾਵੇਂ ਲੱਖ ਦਾਅਵੇ ਕਰਦੀ ਰਹੇ, ਪਰ ਹਕੀਕਤ ਵਿਚ ਉਸ ਦੀ ਹਰ ਫਰੰਟ 'ਤੇ ਕਾਰਗੁਜ਼ਾਰੀ ਜ਼ੀਰੋ ਹੈ। ਇਹ ਸ਼ਬਦ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਪਾਰਟੀ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਹੇ। ਉਨ੍ਹਾ ਕਿਹਾ ਕਿ ਪਿਛਲੇ ਦਿਨੀਂ ਪਟਿਆਲਾ ਵਿੱਚ ਫੌਜ ਦੇ ਉੱਚ ਅਫ਼ਸਰ ਦੀ ਪੁਲਸ ਵੱਲੋਂ ਕੁੱਟਮਾਰ ਅਤੇ ਹੁਣ ਥਾਣਾ ਗੋਇੰਦਵਾਲ ਸਾਹਿਬ ਦੇ ਸਬ-ਇੰਸਪੈਕਟਰ ਚਰਨਜੀਤ ਸਿੰਘ ਦਾ ਰਾਜ ਕਰਦੀ ਪਾਰਟੀ ਨਾਲ ਸੰਬੰਧਤ ਸਰਪੰਚ ਹੱਥੋਂ ਦੋ ਸੀਨੀਅਰ ਪੁਲਸ ਅਫਸਰਾਂ ਦੀ ਮੌਜੂਦਗੀ ਵਿੱਚ ਕਤਲ ਕਰ ਦੇਣਾ ਪੰਜਾਬ ਦੀ ਅਮਨ-ਕਾਨੂੰਨ ਦੀ ਵਿਗੜੀ ਹਾਲਤ ਨੂੰ ਬਿਆਨ ਕਰਨ ਲਈ ਕਾਫ਼ੀ ਹੈ। ਉਨ੍ਹਾ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਰਕਾਰ ਦਾ ਬੁਲਡੋਜ਼ਰ ਨਸ਼ਾ ਪੀੜਤਾਂ ਜਾਂ ਛੋਟੇ ਤਸਕਰਾਂ 'ਤੇ ਹੀ

• ਬਾਕੀ ਸਫਾ 6 'ਤੇ

## ਝੋਨੇ ਦੀ ਲੁਆਈ ਲਈ ਪੰਜਾਬ ਨੂੰ ਤਿੰਨ ਜ਼ੋਨਾਂ 'ਚ ਵੰਡਿਆ ਜਾਵੇਗਾ : ਮਾਨ



**ਲੁਧਿਆਣਾ** : ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲੀ ਜੂਨ ਤੋਂ ਝੋਨੇ ਦੀ ਜ਼ੋਨ ਵਾਰ ਕਾਸ਼ਤ ਸ਼ੁਰੂ ਕਰਨ ਦਾ ਐਲਾਨ ਕੀਤਾ।ਮੁੱਖ ਮੰਤਰੀ ਨੇ ਸ਼ਨੀਵਾਰ ਇੱਥੇ ਸਰਕਾਰ-ਕਿਸਾਨ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇਸ਼ ਦਾ ਅੰਨਦਾਤਾ ਹੈ, ਕਿਉਂਕਿ ਇਹ ਕੌਮੀ ਅਨਾਜ ਭੰਡਾਰ ਵਿੱਚ 45 ਫੀਸਦੀ ਅਨਾਜ ਦਾ ਯੋਗਦਾਨ ਪਾਉਂਦਾ ਹੈ। ਝੋਨੇ ਦੇ ਸੀਜ਼ਨ ਦੇ 70 ਦਿਨਾਂ ਵਿੱਚ ਪੰਜਾਬ ਨੌਂ ਗੋਬਿੰਦ ਸਾਗਰ ਝੀਲਾਂ ਦੇ ਬਰਾਬਰ ਪਾਣੀ ਬਾਹਰ ਕੱਢਦਾ ਹੈ, ਜੋ ਬਹੁਤ ਵੱਡੀ ਮਾਤਰਾ ਹੈ। ਏਨਾ ਜ਼ਿਆਦਾ ਪਾਣੀ ਬਾਹਰ ਕੱਢ ਕੇ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਵਾਂਝਾ ਕਰ ਦੇਵਾਂਗੇ, ਜੋ

• ਬਾਕੀ ਸਫਾ 6 'ਤੇ

## ਈ ਡੀ ਨੇ ਏ ਜੇ ਐੱਲ ਦੀਆਂ ਇਮਾਰਤਾਂ 'ਤੇ ਨੋਟਿਸ ਚਿਪਕਾਏ

**ਨਵੀਂ ਦਿੱਲੀ** : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਸਨਿੱਚਰਵਾਰ ਕਿਹਾ ਕਿ ਉਸ ਨੇ ਕਾਂਗਰਸ ਵੱਲੋਂ ਚਲਾਏ ਜਾਂਦੇ ਐਸੋਸੀਏਟਿਡ ਜਨਰਲ ਲਿਮਟਿਡ (ਏ ਜੇ ਐੱਲ) ਦੀ 661 ਕਰੋੜ ਰੁਪਏ ਦੀ ਅਚੱਲ ਜਾਇਦਾਦ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਨੋਟਿਸ ਜਾਰੀ ਕੀਤਾ ਹੈ। ਏ ਜੇ ਐੱਲ ਖਿਲਾਫ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਕਰਨ ਵਾਲੀ ਈ ਡੀ ਨੇ ਕਿਹਾ ਕਿ ਉਸ ਨੇ ਸ਼ੁੱਕਰਵਾਰ ਨੂੰ ਇਹ ਨੋਟਿਸ ਦਿੱਲੀ 'ਚ ਆਈ ਟੀ ਓ ਸਥਿਤ ਹੈਰਾਲਡ ਹਾਊਸ, ਮੁੰਬਈ ਦੇ ਬਾਂਦਰਾ ਇਲਾਕੇ 'ਚ ਸਥਿਤ

• ਬਾਕੀ ਸਫਾ 6 'ਤੇ

## ਯੂ ਪੀ ਆਈ ਸਰਵਿਸ ਦੋ ਹਫਤਿਆਂ 'ਚ ਤੀਜੀ ਵਾਰ ਠੱਪ

**ਮੁੰਬਈ** : ਦੇਸ਼ ਵਿੱਚ ਯੂਨੀਫਾਇਡ ਪੇਅਮੈਂਟਸ ਇੰਟਰਫੇਸ (ਯੂ ਪੀ ਆਈ) ਸਰਵਿਸ ਸਨਿੱਚਰਵਾਰ ਠੱਪ ਹੋਣ ਕਾਰਨ ਪੇਟੀਐੱਮ, ਫੋਨਪੇ, ਗੂਗਲ ਪੇ ਨਾਲ ਅਦਾਇਗੀ ਕਰਨ ਵਾਲੇ ਪ੍ਰੇਸ਼ਾਨ ਹੋ ਗਏ।

ਇਸ ਤੋਂ ਪਹਿਲਾਂ 26 ਮਾਰਚ ਤੇ 2 ਅਪ੍ਰੈਲ ਨੂੰ ਵੀ ਅਜਿਹੀ ਸਮੱਸਿਆ ਆਈ ਸੀ। ਜਿਨ੍ਹਾਂ ਕੋਲ ਕੈਸ਼/ ਕਾਰਡ ਨਹੀਂ ਸੀ ਤੇ ਪੈਟਰੋਲ ਪੁਆ ਬੈਠੇ ਸਨ, ਉਹ ਉੱਥੇ ਕਾਫੀ ਖੱਜਲ-ਖੁਆਰ ਹੋਏ। ਛੋਟੇ ਦੁਕਾਨਦਾਰ ਵੀ ਕਾਫੀ ਪ੍ਰੇਸ਼ਾਨ ਹੋਏ ਤੇ ਕਹਿੰਦੇ ਸੁਣੇ ਗਏ ਕਿ ਫਿਰ ਨਕਦੀ ਵੱਲ ਮੁੜਨਾ ਪੈਣਾ।

## ਕੁਲ ਹਿੰਦ ਕਿਸਾਨ ਸਭਾ ਦੀ 30ਵੀਂ ਕੌਮੀ ਕਾਨਫਰੰਸ 15, 16 ਤੇ 17 ਨੂੰ




**ਸ਼ਾਹਕੋਟ (ਗਿਆਨ ਸੈਦਪੁਰੀ)**-ਕੁਲ ਹਿੰਦ ਕਿਸਾਨ ਸਭਾ ਦੀ 30ਵੀਂ ਕੌਮੀ ਕਾਨਫਰੰਸ 15, 16 ਅਤੇ 17 ਅਪ੍ਰੈਲ ਨੂੰ ਨਾਗਾਪਟੀਨਮ (ਤਾਮਿਲਨਾਡੂ) ਵਿਖੇ ਹੋ ਰਹੀ ਹੈ। 'ਕਾਮਰੇਡ ਅਤੁਲ ਕੁਮਾਰ ਅਨਜਾਨ ਹਾਲ' ਵਿੱਚ ਕੀਤੀ ਜਾ ਰਹੀ ਇਸ ਕਾਨਫਰੰਸ ਵਿੱਚ ਪੰਜਾਬ ਤੋਂ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀਵਾਲ, ਐਡਵੋਕੇਟ ਰਜਿੰਦਰ ਸਿੰਘ ਰਾਣਾ ਤੇ ਕਸ਼ਮੀਰ ਸਿੰਘ ਮੱਖੂ ਦੀ ਅਗਵਾਈ ਵਿੱਚ ਲਗਭਗ 36 ਡੈਲੀਗੇਟ ਹਿੱਸਾ ਲੈਣਗੇ।ਡੈਲੀਗੇਟਾਂ ਦੀਆਂ ਟੋਲੀਆਂ ਪੰਜਾਬ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਤੋਂ 12 ਅਪ੍ਰੈਲ ਨੂੰ ਰਵਾਨਾ ਹੋ ਗਈਆਂ ਹਨ।

## ਅੱਜ-ਨਾਮਾ

ਕੀਤੀ ਮੀਟਿੰਗ ਇੱਕ ਧਿਰ ਅਕਾਲੀਆਂ ਦੀ,
ਮੁੜ ਕੇ ਚੁਣ ਲਿਆ ਕਹਿਣ ਪ੍ਰਧਾਨ ਬੇਲੀ।
ਪੁਰਾਣੇ ਲੀਡਰ ਕਈ ਵੱਡੇ ਨੇ ਬਾਹਰ ਧੱਕੇ,
ਆਪਣੇ ਪੱਖੋਂ ਉਹ ਕਰਨ ਵਖਿਆਨ ਬੇਲੀ।
ਧੜਿਆਂ ਦੋਵਾਂ ਦੇ ਰਾਹ ਜਦ ਵੱਖ ਹੋ ਗਏ,
ਲੱਗੇ ਆਉਣ ਫਿਰ ਸਖਤ ਬਿਆਨ ਬੇਲੀ।
ਚਿੱਕੜ ਸੁੱਟਣ ਵਿੱਚ ਰੁੱਝੀਆਂ ਧਿਰਾਂ ਦੋਵੇਂ,
ਪੁਰਾਣੀਆਂ ਸਾਂਝਾਂ ਦਾ ਨਹੀਂ ਧਿਆਨ ਬੇਲੀ।
ਜੋੜਨੀ ਭੀੜ ਨਹੀਂ ਦੋਵਾਂ ਲਈ ਖਾਸ ਔਖੀ,
ਤਕੜੇ ਹੋਣ ਦਾ ਪਾਉਣ ਲਈ ਭਰਮ ਬੇਲੀ।
ਅਕਾਲੀ ਵਰਕਰ ਨੂੰ ਕਦੇ ਜੇ ਪੁੱਛ ਲਈਏ,
ਆਖੇ ਜੜ੍ਹੀਂ ਬਹਿ ਗਏ ਮਾੜੇ ਕਰਮ ਬੇਲੀ।

-ਤੀਸ ਮਾਰ ਖਾਂ

## ਤਰਕੀਬ ਫੇਲ੍ਹ !



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਸੋਨੀਪਤ ਵਿੱਚ ਓ ਪੀ ਜਿੰਦਲ ਯੂਨੀਵਰਸਿਟੀ ਦੇ ਮੁੰਡਿਆਂ ਵਾਲੇ ਹੋਸਟਲ 'ਚ ਕਥਿਤ ਪ੍ਰੇਮਿਕਾ ਨੂੰ ਲਿਜਾਣ ਦੀ ਤਰਕੀਬ ਤਾਂ ਨਿਵੇਕਲੀ ਸੀ, ਪਰ ਠੁੱਸ ਹੋ ਗਈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਮੁਤਾਬਕ ਕੁੜੀ ਨੂੰ ਟਰਾਲੀ ਬੈਗ ਵਿੱਚ ਪਾ ਕੇ ਲਿਜਾਇਆ ਜਾ ਰਿਹਾ ਸੀ ਕਿ ਠੋਕਰ ਲੱਗਣ ਕਾਰਨ ਕੁੜੀ ਦੀ ਚੀਕ ਨਿਕਲ ਗਈ। ਇਸ ਤੋਂ ਬਾਅਦ ਸਕਿਉਰਟੀ ਵਾਲਿਆਂ ਨੇ ਸ਼ੱਕ ਦੂਰ ਕਰਨ ਲਈ ਬੈਗ ਖੁਲ੍ਹਵਾਇਆ ਤਾਂ ਅੰਦਰੋਂ ਕੁੜੀ ਨਿਕਲੀ। ਯੂਨੀਵਰਸਿਟੀ ਦੀ ਮੁੱਖ ਸੂਚਨਾ ਅਧਿਕਾਰੀ ਅੰਜੂ ਮੋਹਨ ਨੇ ਕਿਹਾ ਕਿ ਮਜ਼ਬੂਤ ਸਕਿਉਰਟੀ ਕਾਰਨ ਸਕੀਮ ਧਰੀ-ਧਰਾਈ ਰਹਿ ਗਈ।




## ਲਵਿੰਗ ਲਿਟਲ ਪਲੇਵੇ ਸਕੂਲ ਵਿਖੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ 'ਤੇ ਸਮਾਗਮ ਕਰਵਾਇਆ




**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਅਤੇ ਖਾਲਸਾ ਸਾਜਨਾ ਦਿਵਸ ਦੀ ਪੂਰਵ ਸੰਧਿਆ 'ਤੇ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਨ ਦੇ ਨਾਲ ਕੀਤੀ ਗਈ। ਇਸ ਮੌਕੇ 'ਤੇ ਨੰਨ੍ਹੇ ਮੁੰਨ੍ਹੇ ਬੱਚਿਆਂ ਨੇ ਸੱਭਿਆਚਾਰਕ ਪੇਸ਼ ਕੀਤਾ, ਜਿਸ ਵਿਚ ਬੱਚਿਆਂ ਨੇ ਭੰਗੜਾ ਅਤੇ ਗਿੱਧਾ ਆਦਿ ਦੇ ਜ਼ੌਹਰ ਦਿਖਾਏ। ਵਿਸਾਖੀ ਦੇ ਨਾਲ ਸਬੰਧਿਤ ਗੀਤ 'ਜੱਟਾਂ ਆਈ ਵਿਸਾਖੀ', 'ਮਾਰਦਾ ਦਮਾਦੇ ਜੱਟ ਮੇਲੇ ਆ ਗਿਆ' ਆਦਿ 'ਤੇ ਵੀ ਬੱਚਿਆਂ ਨੇ ਮਨਮੋਹਕ ਪੇਸ਼ਕਾਰੀ ਕੀਤੀ। ਇਸ ਮੌਕੇ 'ਤੇ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਦੇ ਬਾਰੇ ਵਿਚ ਦੱਸਦੇ ਹੋਏ ਸਕੂਲ ਦੀ ਪ੍ਰਿੰਸੀਪਲ ਮੈਡਮ ਮੀਨਾ ਅਰੋੜਾ ਨੇ ਕਿਹਾ ਕਿ ਸੰਨ 1699 ਵਿੱਚ ਦਸਮਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਖਾਲਸਾ ਪੰਥ ਸਜਾਇਆ ਸੀ। ਇਸ ਦੇ ਇਲਾਵਾ ਵੈਸਾਖ ਮਹੀਨੇ ਦੇ ਪਹਿਲੇ ਦਿਨ ਪੂਰੇ ਦੇਸ਼ ਦੇ ਕਿਸਾਨ ਹਾੜ੍ਹੀ ਦੀ ਫ਼ਸਲ ਦੀ ਕਟਾਈ ਸ਼ੁਰੂ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤਿਉਹਾਰ ਹਰ ਇੱਕ ਕਿਸਾਨ ਵਿਚ ਕਾਫ਼ੀ ਉਤਸ਼ਾਹ ਦੇਖਿਆ ਜਾਂਦਾ ਹੈ। ਇਸ ਮੌਕੇ 'ਤੇ ਫ਼ੈਸੀ ਡ੍ਰੈਸ ਮੁਕਾਬਲਿਆਂ ਵਿਚ ਬੱਚਿਆਂ ਨੇ ਪੰਜਾਬੀ ਪਹਿਨਾਵਾ ਪਾ ਕੇ ਛੱਜ, ਦਾਤੀ, ਪੱਖੀਆਂ, ਢੋਲ, ਚਰਖਾ ਆਦਿ ਦੀ ਪੇਸ਼ਕਾਰੀ ਕੀਤੀ। ਸਮਾਗਮ ਦੇ ਅੰਤ ਵਿਚ ਸਕੂਲ ਦੇ ਸਮੂਹ ਸਟਾਫ਼ ਅਤੇ ਬੱਚਿਆਂ ਵੱਲੋਂ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦ ਹੋਏ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜ਼ਲੀ ਭੇਟ ਕੀਤੀ ਗਈ। ਇਸ ਮੌਕੇ 'ਤੇ ਮੈਡਮ ਅੰਨੂੰ, ਗਗਨ, ਨਿਸ਼ਾ ਆਦਿ ਹਾਜ਼ਰ ਸਨ।

## ਕਿਸ਼ੋਰ ਸਿਹਤ ਪ੍ਰੋਗਰਾਮ ਸੰਬੰਧੀ ਮੀਟਿੰਗ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ ਬਲਵੀਰ ਸਿੰਘ ਦੇ ਹੁਕਮਾਂ ਅਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਰੰਜੀਵ ਕੁਮਾਰ ਬੈਂਸ ਤੇ ਸੀਨੀਅਰ ਮੈਡੀਕਲ ਅਫਸਰ ਇ. ਪੀ.ਐੱਚ.ਸੀ. ਫਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਦੀ ਅਗਵਾਈ ਹੇਠ ਸਿਹਤ ਕੇਂਦਰ ਕਲਿਆਣ ਵਿਖੇ ਕਿਸ਼ੋਰ ਸਿਹਤ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਮੀਟਿੰਗ ਕੀਤੀ ਗਈ।ਇਸ ਮੌਕੇ ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਤੇ ਹੈਲਥ ਇੰਸਪੈਕਟਰ ਗੁਲਜ਼ਾਰ ਖਾਨ ਨੇ ਅਡੋਲਸੈਂਸ ਹੈਲਥ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦੇ ਕਿਹਾ ਕਿ ਪੰਜਾਬ ਵਿੱਚ ਕਿਸ਼ੋਰ ਸਿਹਤ ਪ੍ਰੋਗਰਾਮ ਭਾਰਤ ਸਰਕਾਰ ਦੇ ਰਾਸ਼ਟਰੀ ਕਿਸ਼ੋਰ ਸਵੱਸਥ ਕਾਰਜਕ੍ਰਮ ਤਹਿਤ ਚਲਾਇਆ ਜਾਂਦਾ ਹੈ।ਇਸ ਦਾ ਮਕਸਦ 10 ਤੋਂ 19 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਸਮੁੱਚੀ ਸਿਹਤ ਤੇ ਵਿਕਾਸ ਨੂੰ ਸੁਨਿਸ਼ਚਤ ਕਰਨਾ ਹੈ।ਇਸ ਪ੍ਰੋਗਰਾਮ ਅਧੀਨ ਨੌਜਵਾਨਾਂ ਨੂੰ ਪ੍ਰਜਨਨ ਸਿਹਤ, ਪੋਸ਼ਣ, ਮਾਨਸਿਕ ਸਿਹਤ, ਨਸ਼ੀਲੇ ਪਦਾਰਥਾਂ ਦੀ ਲਤ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਪੰਜਾਬ ਸਰਕਾਰ ਦੁਆਰਾ ਸਿਹਤ ਕੇਂਦਰਾਂ ਵਿਖੇ ਅਡੋਲਸੈਂਟ ਫ੍ਰੈਂਡਲੀ ਹੈਲਥ ਕਲੀਨਿਕ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਮੁਫ਼ਤ ਸਲਾਹ, ਜਾਂਚ ਤੇ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ।ਇਸ ਮੌਕੇ ਡਾ. ਗੁਰਰਾਜ ਕਮਲ ਕੌਰ ਸੀ.ਐੱਚ.ਓ, ਚਮਕੌਰ ਸਿੰਘ ਮਪਹਵ (ਮ), ਰਮਨਦੀਪ ਕੌਰ ਮਪਹਵ (ਫ), ਕਿਰਨਪਾਲ ਕੌਰ ਆਸ਼ਾ, ਬਲਵਿੰਦਰ ਕੌਰ ਆਸ਼ਾ ਤੇ ਲੋਕ ਹਾਜ਼ਰ ਸਨ।

## ਆਕਸਫੋਰਡ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਉਹਾਰ




**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਖਾਲਸੇ ਦਾ ਜਨਮ ਦਿਹਾੜਾ ਭਾਵ 'ਖ਼ਾਲਸਾ-ਸਿਰਜਨਾ ਦਿਵਸ' ਤੇ ਵਿਸਾਖੀ ਦਾ ਤਿਉਹਾਰ ਬੜੀ ਹੀ ਸ਼ਰਧਾ ਤੇ ਚਾਅ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਸ਼ੁਰੂ ਹੋਏ ਰੰਗਾਰੰਗ ਪ੍ਰੋਗਰਾਮ ਦਾ ਆਗਮਨ ਸ਼ਬਦ 'ਦੇਹ ਸ਼ਿਵਾ ਵਰ ਮੋਹਿ ਇਹੈ' ਨਾਲ ਹੋਇਆ। ਇਸ ਸਮੇਂ ਸਕੂਲ ਦੇ ਚਾਰ ਹਾਊਸਾਂ ਵੱਲੋਂ ਲੋਕ-ਗੀਤ, ਗਿੱਧਾ, ਭੰਗੜਾ ਪੇਸ਼ ਕੀਤੇ ਗਏ। ਗਿੱਧਾ-ਭੰਗੜਾ ਪੇਸ਼ ਕਰਦੇ ਵਿਦਿਆਰਥੀਆਂ ਨੇ ਤਾਂ ਸਾਰਾ ਪੰਡਾਲ ਹੀ ਝੂਮਣ ਲਾ ਦਿੱਤਾ। ਪ੍ਰੋਗਰਾਮ ਉਦੋਂ ਸਿਖਰ 'ਤੇ ਪਹੁੰਚ ਗਿਆ, ਜਦੋਂ ਨਿਹੰਗ-ਸਿੰਘਾਂ ਦੀ ਪੁਸ਼ਾਕ ਵਿੱਚ ਸਜੇ ਵਿਦਿਆਰਥੀਆਂ ਨੇ ਗਤਕੇ ਦੀ ਪੇਸ਼ਕਾਰੀ ਕੀਤੀ। ਗੁਰਸਿੱਖੀ ਬਾਣੇ 'ਚ ਸਜੇ ਵਿਦਿਆਰਥੀਆਂ ਨੇ ਗਤਕੇ ਵਿੱਚ ਅਨੇਕਾਂ ਹੀ ਦਿਲ ਕੰਬਾਊ ਜੌਹਰ ਵਿਖਾਏ। ਇਸ ਮੌਕੇ ਹਾਊਸ ਡਿਸਪਲੇਅ ਬੋਰਡ ਡੈਕੋਰੇਸ਼ਨ ਮੁਕਾਬਲੇ ਵੀ ਕਰਵਾਏ ਗਏ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਇਹ ਤਿਉਹਾਰ ਸਾਨੂੰ ਵਿਰਸੇ ਵਿੱਚ ਮਿਲੇ ਹਨ ਤੇ ਅਸੀਂ ਬਹੁਤ ਭਾਗਾਂ ਵਾਲੇ ਹਾਂ ਕਿ ਅਸੀਂ ਇੱਕ ਅਮੀਰ ਵਿਰਸੇ ਦੇ ਮਾਲਕ ਹਾਂ। ਖ਼ਾਲਸਾ ਸਿਰਜਨਾ ਦਿਵਸ 'ਤੇ ਚਾਨਣਾ ਪਾਉਂਦਿਆਂ ਸ੍ਰੀ ਬਾਂਸਲ ਨੇ ਕਿਹਾ ਕਿ ਇਹ ਦਿਵਸ ਸਾਨੂੰ ਜਾਤ-ਪਾਤ ਦਾ ਖੰਡਨ ਕਰਕੇ ਇੱਕ ਹੋਣ ਦਾ ਸੁਨੇਹਾ ਦਿੰਦਾ ਹੈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਸ੍ਰ. ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ ਢਿੱਲੋਂ (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੁੜਨ ਦਾ ਸੁਨੇਹਾ ਦਿੱਤਾ।

## ਡਾ. ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਦਿੱਤਾ ਜਾਵੇਗਾ ਮੂੰਹ-ਤੋੜਵਾਂ ਜਵਾਬ : ਰਾਏ, ਹੈਪੀ ਤੇ ਲਿਬੜਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ, ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੇ ਲਿਬੜਾ ਨੇ ਬੱਚਤ ਭਵਨ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਬਿਆਨ ਨੂੰ ਲੈ ਕੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦਾ ਬਿਆਨ ਦੇਣ ਵਾਲੇ ਗੁਰਪਤਵੰਤ ਪੰਨੂ ਵਰਗੇ ਲੋਕਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।ਵਿਧਾਇਕ ਸਾਹਿਬਾਨ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਇੱਕ ਮਹਾਨ ਸ਼ਖ਼ਸੀਅਤ ਹੋਏ ਹਨ।ਉਹ ਇੱਕ ਪ੍ਰਸਿੱਧ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਤੇ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਦਲਿਤ ਬੋਧੀ ਲਹਿਰ ਨੂੰ ਪ੍ਰੇਰਿਤ ਕੀਤਾ ਤੇ (ਬਹੁਜਨ) ਨਾਲ ਹੁੰਦੇ ਸਮਾਜਿਕ ਭੇਦਭਾਵ ਖਿਲਾਫ ਪ੍ਰਚਾਰ ਕੀਤਾ, ਜਦਕਿ ਔਰਤਾਂ ਤੇ ਕਿਰਤ ਦੇ ਅਧਿਕਾਰਾਂ ਦਾ ਸਮਰਥਨ ਵੀ ਕੀਤਾ।ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਤੇ ਨਿਆਂ ਮੰਤਰੀ, ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਭਾਰਤ ਗਣਤੰਤਰ ਦੇ ਮੋਢੀ ਸਨ।ਡਾਕਟਰ ਅੰਬੇਡਕਰ ਜੀ ਸਿਰਫ਼ ਦੱਬੇ ਕੁਚਲੇ ਲੋਕਾਂ ਦੇ ਹੀ ਮਸੀਹਾ ਨਹੀਂ ਹਨ, ਬਲਕਿ ਇੱਕ ਯੁੱਗ ਪੁਰਸ਼ ਹੁੰਦੇ ਹੋਏ ਸਮੁੱਚੀ ਮਾਨਵਤਾ ਦੇ ਭਲੇ ਲਈ ਕੰਮ ਕਰਨ ਵਾਲੇ ਮਹਾਨ ਵਿਦਵਾਨ ਸਨ।ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਵਿਅਕਤੀ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਬਿਆਨ ਆਉਣਾ ਬਹੁਤ ਹੀ ਸ਼ਰਮਨਾਕ ਹੈ।ਉਨ੍ਹਾਂ ਕਿਹਾ ਕਿ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਲੈ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਤੇ ਪੰਨੂ ਵਰਗਾ ਸ਼ਰਾਰਤੀ ਅਨਸਰ ਜਾਣ-ਬੁੱਝ ਕੇ ਪੰਜਾਬ ਦੇ ਅਮਨ ਤੇ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਇਹ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਗੁਰਪਤਵੰਤ ਪੰਨੂ ਸਿੱਖ ਨਹੀਂ ਹੈ ਤੇ ਜੇਕਰ ਉਸ ਵਿੱਚ ਹਿੰਮਤ ਹੈ ਤਾਂ ਪੰਜਾਬ ਆ ਕੇ ਦਿਖਾਵੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਡਾ: ਭੀਮ ਰਾਓ ਅੰਬੇਡਕਰ ਜੀ ਦਾ ਪੂਰਾ ਮਾਣ ਸਨਮਾਨ ਕਰਦੀ ਹੈ ਤੇ ਉਨ੍ਹਾਂ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣਾ ਤਾਂ ਦੂਰ ਦੀ ਗੱਲ ਹੈ, ਜੇਕਰ ਪੰਨੂ ਵਿੱਚ ਹਿੰਮਤ ਹੈ ਤਾ ਡਾ: ਅੰਬੇਡਕਰ ਜੀ ਦੇ ਬੁੱਤ ਕੋਲ ਆ ਕੇ ਵੇਖੇ।ਉਨ੍ਹਾਂ ਕਿਹਾ ਕਿ ਪੰਨੂ ਵਰਗੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਵਿਰੁੱਧ ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਛੀਨੀਵਾਲ ਕਲਾਂ 'ਚ 'ਪੰਜਾਬ ਸੰਭਾਲ' ਰੈਲੀ ਭਲਕੇ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਛੀਨੀਵਾਲ ਕਲਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਮੌਕੇ ਜ਼ਿਲ੍ਹਾ ਪੱਧਰੀ 'ਪੰਜਾਬ ਸੰਭਾਲੋ ਰੈਲੀ' 14 ਅਪ੍ਰੈਲ ਨੂੰ ਦੁਪਹਿਰ 1 ਵਜੇ ਬਸਪਾ ਆਗੂ ਹਰਬੰਸ ਸਿੰਘ ਛੀਨੀਵਾਲ ਖੁਰਦ ਦੀ ਪ੍ਰਧਾਨਗੀ ਹੇਠ ਕਰਵਾਈ ਜਾ ਰਹੀ ਹੈ।ਇਸ ਸਬੰਧੀ ਵਿੱਤ ਸਕੱਤਰ ਕੁਲਦੀਪ ਸਿੰਘ ਛੀਨੀਵਾਲ, ਪ੍ਰਧਾਨ ਜੇਠਾ ਸਿੰਘ ਖ਼ਾਲਸਾ ਛੀਨੀਵਾਲ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਵਜੋਂ ਲੈਕਚਰਾਰ ਅਮਰਜੀਤ ਸਿੰਘ ਝਲੂਰ ਸ਼ਾਮਲ ਹੋਣਗੇ।ਮੈਡਮ ਬਲਜੀਤ ਕੌਰ ਵਿਰਕ, ਡਾ: ਸਰਬਜੀਤ ਖੇੜੀ, ਡਾ: ਸੋਮਾ ਸਿੰਘ ਗੰਡੇਵਾਲ, ਡਾ: ਜਗਜੀਵਨ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦੋਂਕਿ ਡਾ: ਦਰਸ਼ਨ ਸਿੰਘ ਝਲੂਰ, ਜਥੇ: ਜਗਰੂਪ ਸਿੰਘ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕਰਨਗੇ।

## ਟੈਗੋਰ ਵਿਦਿਆਲੇ ਸੀਨੀਅਰ ਸੈਕੰਡਰੀ ਦਾ ਨਤੀਜਾ ਸ਼ਾਨਦਾਰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਇਲਾਕੇ ਦੀ ਨਾਮਵਰ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਲੌਂਗੋਵਾਲ ਦਾ ਪੰਜਵੀਂ ਜਮਾਤ ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਸ਼ਾਨਦਾਰ ਰਿਹਾ। ਸਕੂਲ ਦੀਆਂ ਵਿਦਿਆਰਥਣਾਂ ਲਗਨਪ੍ਰੀਤ ਕੌਰ ਪੁੱਤਰੀ ਸੇਵਕ ਸਿੰਘ ਨੇ 99.8 ਫੀਸਦੀ ਅੰਕ ਪ੍ਰਾਪਤ ਅੰਕ ਪ੍ਰਾਪਤ ਕਰਕੇ ਪਹਿਲਾ, ਕਮਲਪ੍ਰੀਤ ਕੌਰ ਪੁੱਤਰੀ ਸਤਿਗੁਰ ਸਿੰਘ ਨੇ 98.8 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਸੁਮਨਪ੍ਰੀਤ ਕੌਰ ਪੁੱਤਰੀ ਸੰਦੀਪ ਸਿੰਘ ਨੇ 98.6 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਨਮਨ ਗਰਗ ਪੁੱਤਰ ਰਮਨਦੀਪ, ਸਹਿਜਪ੍ਰੀਤ ਸਿੰਘ ਪੁੱਤਰ ਗਗਨਦੀਪ ਸਿੰਘ (98%), (98.2) ਤੇ ਗੁਰਨੂਰ ਕੌਰ ਪੁੱਤਰੀ ਕੁਲਦੀਪ ਸਿੰਘ 97.8 ਨੇ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।ਸਕੂਲ ਦੀ ਇਸ ਵੱਡੀ ਸਫਲਤਾ ਤੋਂ ਪ੍ਰਸੰਨ ਹੋ ਕੇ ਸੰਸਥਾ ਦੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਚੇਅਰਮੈਨ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਵੱਲੋਂ ਸਮੂਹ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਦੀ ਵਧਾਈ ਦਿੱਤੀ ਗਈ ਤੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।

## ਖਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਤਰੱਕੀ ਦੇ ਕੀਤੇ ਨਵੇਂ ਕੀਰਤੀਮਾਨ ਸਥਾਪਤ



ਇਤਿਹਾਸਕ ਖਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਨਵੇਂ ਕੀਰਤੀਮਾਨ ਸਥਾਪਤ ਕਰਦਿਆਂ ਖ਼ਾਲਸਾ ਯੂਨੀਵਰਸਿਟੀ ਸਥਾਪਤ ਕੀਤੀ ਹੈ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਭਵਿੱਖ 'ਚ ਖਾਲਸਾ ਮੈਡੀਕਲ ਕਾਲਜ ਅਤੇ ਹਸਪਤਾਲ ਤੋਂ ਇਲਾਵਾ ਮੈਨੇਜਮੈਂਟ ਖਾਲਸਾ ਯੂਨੀਵਰਸਿਟੀ ਦੇ ਐਲਾਨ 'ਤੇ ਮਾਣ ਮਹਿਸੂਸ ਕਰਦੀ ਹੈ। ਮੈਨੇਜਮੈਂਟ ਅਤਿ-ਆਧੁਨਿਕ ਇਨਫ਼ਾਰਮੇਸ਼ਨ ਟੈਕਨਾਲੋਜੀ ਇੰਸਟੀਚਿਊਟ (ਆਈ. ਟੀ. ਇੰਸਟੀਚਿਊਟ) ਵੀ ਜਲਦ ਹੀ ਲੈ ਕੇ ਆ ਰਹੀ ਹੈ। ਕੌਂਸਲ ਅੱਜ ਦੇਸ਼ ਭਰ 'ਚ ਵਿੱਦਿਅਕ ਅਦਾਰਿਆਂ ਦਾ ਪ੍ਰਬੰਧਨ ਕਰਨ ਵਾਲੀ ਸਭ ਤੋਂ ਵੱਕਾਰੀ ਸੰਸਥਾਵਾਂ 'ਚੋਂ ਮੋਹਰੀ ਕਤਾਰ ਵਜੋਂ ਉਭਰੀ ਹੈ।'ਖਾਲਸਾ ਯੂਨੀਵਰਸਿਟੀ' ਉੱਚ ਸਿੱਖਿਆ ਅਤੇ ਖੋਜ ਦੀ ਇਕ ਸੁਤੰਤਰ ਸੰਸਥਾ ਹੋਵੇਗੀ। ਮੈਨੇਜਮੈਂਟ ਨੇ 'ਖਾਲਸਾ ਮੈਡੀਕਲ ਕਾਲਜ ਅਤੇ ਹਸਪਤਾਲ' ਦਾ ਪ੍ਰੋਜੈਕਟ ਵੀ ਉਲੀਕਿਆ ਹੈ, ਜਿਸ ਨਾਲ ਮੈਡੀਕਲ ਸਿੱਖਿਆ 'ਚ ਇਹ ਇਸ ਦਾ ਨਿਵੇਕਲਾ ਕਦਮ ਹੋਵੇਗਾ। 22 ਵਿੱਦਿਅਕ ਸੰਸਥਾਵਾਂ ਨੂੰ ਸਫ਼ਲਤਾਪੂਰਵਕ ਚਲਾ ਰਹੀ ਗਵਰਨਿੰਗ ਕੌਂਸਲ ਦੇ ਅਹੁਦੇਦਾਰ ਆਪਣੇ ਪੁਰਖਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਮਾਜ ਦੇ ਹਰ ਵਰਗ ਨੂੰ ਵਿਗਿਆਨਕ ਗਿਆਨ ਪ੍ਰਦਾਨ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਮੈਨੇਜਮੈਂਟ ਵੱਲੋਂ ਗੁਰਮਤਿ ਸਟੱਡੀ ਸੈਂਟਰ ਵੀ ਚਲਾਇਆ ਜਾ ਰਿਹਾ ਹੈ।

ਮੈਨੇਜਮੈਂਟ ਵੱਲੋਂ ਧਾਰਮਿਕ ਪ੍ਰਚਾਰ, ਪ੍ਰਸਾਰ ਅਤੇ ਵਿਦਿਆਰਥੀਆਂ ਨੂੰ ਉੱਚ ਸੰਸਕਾਰਾਂ ਨਾਲ ਗੁਣਵਾਨ ਬਣਾਉਣ ਦੇ ਮਕਸਦ ਤਹਿਤ ਹਰੇਕ ਸਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਇਕ ਦਿਨ ਪਹਿਲਾਂ ਨਗਰ ਕੀਰਤਨ ਖ਼ਾਲਸਾ ਕਾਲਜ ਸੰਸਥਾਵਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਜਾਇਆ ਜਾਂਦਾ ਹੈ।'ਵਰਸਿਟੀ ਦੇ ਚਾਂਸਲਰ ਅਤੇ ਸੋਸਾਇਟੀ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ, ਪ੍ਰੋ-ਚਾਂਸਲਰ ਅਤੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਦੀ ਅਣਥੱਕ ਮਿਹਨਤ ਅਤੇ ਅਗਾਂਹਵਧੂ ਸੋਚ ਕਾਰਨ ਸੋਸਾਇਟੀ ਨੇ ਮਿਆਰੀ ਕਾਲਜ, ਸਕੂਲ ਖੋਲ੍ਹ ਕੇ ਇਤਿਹਾਸ ਸਿਰਜਿਆ ਹੈ। ਸੋਸਾਇਟੀ ਦੇ ਚਾਂਸਲਰ ਰਾਜਮੋਹਿੰਦਰ ਸਿੰਘ ਮਜੀਠਾ, ਰੈਕਟਰ ਲਖਬੀਰ ਸਿੰਘ ਲੋਧੀਨੰਗਲ, ਮੀਤ ਪ੍ਰਧਾਨ ਸਵਿੰਦਰ ਸਿੰਘ ਕੱਥੂਨੰਗਲ, ਵਧੀਕ ਆਨਰੇਰੀ ਸਕੱਤਰ ਜਤਿੰਦਰ ਸਿੰਘ ਬਰਾੜ, ਜੁਆਇੰਟ ਸਕੱਤਰ ਗੁਨਬੀਰ ਸਿੰਘ, ਅਜਮੇਰ ਸਿੰਘ ਹੇਰ, ਪਰਮਜੀਤ ਸਿੰਘ ਬੱਲ, ਰਾਜਬੀਰ ਸਿੰਘ, ਗੁਰਪ੍ਰੀਤ ਸਿੰਘ ਗਿੱਲ, ਲਖਵਿੰਦਰ ਸਿੰਘ ਢਿੱਲੋਂ, ਸੰਤੋਖ ਸਿੰਘ ਸੇਠੀ, (ਡਾ.) ਕਰਤਾਰ ਸਿੰਘ ਗਿੱਲ ਸ਼ਾਮਲ ਹਨ, ਇਕ ਟੀਮ ਦੀ ਤਰ੍ਹਾਂ ਕੰਮ ਕਰ ਰਹੇ ਹਨ।ਖ਼ਾਲਸਾ ਯੂਨੀਵਰਸਿਟੀ ਤੇ ਖ਼ਾਲਸਾ ਕਾਲਜ ਤੋਂ ਇਲਾਵਾ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ, ਖ਼ਾਲਸਾ ਕਾਲਜ ਫ਼ਾਰ ਵੂਮੈਨ (ਖ਼ੁਦਮੁਖਤਿਆਰ ਸੰਸਥਾ), ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵੀਨਿਊ, ਖਾਲਸਾ ਕਾਲਜ ਆਫ ਨਰਸਿੰਗ, ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ, ਖਾਲਸਾ ਕਾਲਜ ਆਫ ਫਾਰਮੇਸੀ, ਖਾਲਸਾ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਜ਼, ਖਾਲਸਾ ਕਾਲਜ ਆਫ ਬਿਜ਼ਨਸ ਸਟੱਡੀਜ਼ ਐਂਡ ਟੈਕਨਾਲੋਜੀ, ਮੋਹਾਲੀ, ਖ਼ਾਲਸਾ ਕਾਲਜ ਆਫ਼ ਲਾਅ, ਖਾਲਸਾ ਕਾਲਜ ਚਵਿੰਡਾ ਦੇਵੀ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ, ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ, ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ, ਖਾਲਸਾ ਕਾਲਜ ਪਬਲਿਕ ਸਕੂਲ, ਹੇਰ, ਖਾਲਸਾ ਕਾਲਜ ਪਬਲਿਕ ਸਕੂਲ, ਘੁੱਗ (ਜਲੰਧਰ) ਵਿੱਦਿਆ ਦੇ ਖੇਤਰ 'ਚ ਮੋਹਰੀ ਸੰਸਥਾਵਾਂ ਹਨ।

**ਧਰਮਿੰਦਰ ਸਿੰਘ ਰਟੌਲ, ਡਾਇਰੈਕਟਰ ਲੋਕ ਸੰਪਰਕ ਵਿਭਾਗ,**
**ਖ਼ਾਲਸਾ ਕਾਲਜ ਗਵਰਨਿੰਗ ਕੌਂਸਲ, ਅੰਮ੍ਰਿਤਸਰ।**

## ਸਰਕਾਰ ਦੇ ਪੈਨਸ਼ਨਰਜ਼ ਵਿਰੋਧੀ ਫੈਸਲਿਆਂ ਦੀ ਐਸੋਸੀਏਸ਼ਨ ਵੱਲੋਂ ਨਿੰਦਾ

**■ ਚਰਨਜੀਤ ਕੈਂਥ ਨੂੰ ਕਾਰਜਕਾਰੀ ਪ੍ਰਧਾਨ ਥਾਪਿਆ**



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਕਾਰਜਕਾਰਨੀ ਦੀ ਇੱਕ ਅਹਿਮ ਮੀਟਿੰਗ ਸਰਪ੍ਰਸਤ ਹੇਮ ਰਾਜ ਸ਼ਰਮਾ ਤੇ ਜਨਰਲ ਸਕੱਤਰ ਡਾ. ਅਮਰਜੀਤ ਸਿੰਘ ਦੀ ਅਗਵਾਈ ਹੇਠ ਸਥਾਨਕ ਦਫ਼ਤਰ ਵਿਖੇ ਹੋਈ।ਇਸ ਮੀਟਿੰਗ ਦੌਰਾਨ ਸੀਨੀਅਰ ਆਗੂਆਂ ਰਮੇਸ਼ ਸ਼ਰਮਾ, ਹੰਸ ਰਾਜ ਗਰਗ, ਸੋਮ ਨਾਥ ਅੱਤਰੀ, ਚਰਨਜੀਤ ਸਿੰਘ ਕੈਂਥ ਜਿੱਥੇ ਪੈਨਸ਼ਨਰ ਮੰਗਾਂ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ਦੀ ਨਿੰਦਾ ਕੀਤੀ, ਉਥੇ ਹੀ ਸਮੂਹ ਪੈਨਸ਼ਨਰਾਂ ਨੂੰ ਆਪਣਾ ਏਕਾ ਵਿਸ਼ਾਲ ਕਰਦੇ ਹੋਏ ਸੰਘਰਸ਼ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ।ਸਤੀਸ਼ ਅਰੋੜਾ, ਇੰਦਰਜੀਤ ਸ਼ਰਮਾ, ਸਤੀਸ਼ ਸ਼ਰਮਾ, ਗੁਰਮੇਲ ਸਿੰਘ, ਫ਼ਕੀਰ ਸਿੰਘ, ਗੁਰਦਾਸ ਬਾਂਸਲ, ਭਜਨ ਸਿੰਘ ਰੰਗੀਆਂ ਨੇ ਸਰਕਾਰ ਤੋਂ ਪੇ ਕਮਿਸ਼ਨ ਦਾ ਬਕਾਇਆ ਇੱਕਮੁਸ਼ਤ ਤੇ ਡੀ ਏ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਅਦਾ ਕਰਨ ਦੀ ਮੰਗ ਕੀਤੀ।ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਦੇ ਸੱਟ ਲੱਗਣ ਕਾਰਨ ਸਰਬਸੰਮਤੀ ਨਾਲ ਚਰਨਜੀਤ ਸਿੰਘ ਕੈਂਥ ਨੂੰ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ।ਇੱਕ ਵੱਖਰੇ ਮਤੇ ਰਾਹੀਂ ਪੈਨਸ਼ਨ ਦਫ਼ਤਰ ਜੋ ਕਿ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਰਜਿ 1180 ਧੂਰੀ ਦੇ ਨਾਂ 'ਤੇ ਅਲਾਟ ਹੋਇਆ ਹੈ, ਉਪਰ ਨਵੇਂ ਬਣੇ ਗਰੁੱਪ ਦੇ ਕਬਜ਼ੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਹ ਨਜਾਇਜ਼ ਕਬਜ਼ਾ ਤੁਰੰਤ ਖਾਲੀ ਕਰਵਾਇਆ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਰਤਨ ਸਿੰਘ ਭੰਡਾਰੀ, ਡਾ. ਹਰਦਿਆਲ ਸਿੰਘ, ਮੂਲ ਚੰਦ ਸ਼ਰਮਾ, ਜਾਗਰ ਸਿੰਘ, ਨਿਰਮਲ ਸਿੰਘ, ਸੁਰਜੀਤ ਸਿੰਘ ਘਨੌਰੀ, ਜਸਵੰਤ ਰਾਏ ਗੁਪਤਾ, ਸ਼ਿਵ ਕੁਮਾਰ ਲੋਮਸ, ਗੁਰਮੇਲ ਸਿੰਘ ਹਸਨਪੁਰ, ਕੇ ਐੱਮ ਆਰਟਿਸਟ, ਮਾਸਟਰ ਰਾਮ ਸਰੂਪ, ਤਰਲੋਚਨ ਸਿੰਘ, ਸਰਬਜੀਤ ਸਿੰਘ, ਜੋਗਿੰਦਰ ਸਿੰਘ ਪੁੰਨਾਵਾਲ, ਤੇਜਾ ਸਿੰਘ, ਮੇਜਰ ਸਿੰਘ, ਰਲਾ ਸਿੰਘ, ਅਨਿਲ ਕੁਮਾਰ, ਅਵਤਾਰ ਸਿੰਘ, ਮੱਘਰ ਸਿੰਘ, ਬਲਵੰਤ ਸਿੰਘ ਘਨੌਰ,ਆਤਮਾ ਸਿੰਘ ਘਨੌਰ , ਰਾਮ ਲਾਲ, ਕਰਮਜੀਤ ਸਿੰਘ, ਹਰਮਿੰਦਰ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।


# .ਖਾਲਸਾ ਕਾਲਜ ਗਵਰਨਿੰਗ ਕੌਂਸਲ
## ਅੰਮ੍ਰਿਤਸਰ



ਸ: ਸੱਤਿਆਜੀਤ ਸਿੰਘ ਮਜੀਠੀਆ
ਚਾਂਸਲਰ/ਪ੍ਰਧਾਨ

22
ਵਿੱਦਿਅਕ ਅਦਾਰਿਆਂ
ਖਾਲਸਾ ਯੂਨੀਵਰਸਿਟੀ
ਖਾਲਸਾ ਕਾਲਜ




ਸ: ਰਜਿੰਦਰ ਮੋਹਨ ਸਿੰਘ ਛੀਨਾ
ਪ੍ਰੋ-ਚਾਂਸਲਰ/ਆਨਰੇਰੀ ਸਕੱਤਰ

ਅਤੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਖ਼ਾਲਸਾ ਕਾਲਜ ਫ਼ਾਰ ਵੂਮੈਨ (ਆਟੋਨੋਮਸ ਕਾਲਜ), ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵੀਨਿਊ, ਖਾਲਸਾ ਕਾਲਜ ਆਫ ਨਰਸਿੰਗ, ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਖਾਲਸਾ ਕਾਲਜ ਆਫ ਫਾਰਮੇਸੀ, ਖਾਲਸਾ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਜ਼, ਖਾਲਸਾ ਕਾਲਜ ਆਫ ਬਿਜ਼ਨਿਸ ਸਟੱਡੀਜ਼ ਐਂਡ ਟੈਕਨਾਲੋਜੀ, ਮੋਹਾਲੀ, ਖ਼ਾਲਸਾ ਕਾਲਜ ਆਫ਼ ਲਾਅ, ਖਾਲਸਾ ਕਾਲਜ ਚਵਿੰਡਾ ਦੇਵੀ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ, ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ, ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ, ਖਾਲਸਾ ਕਾਲਜ ਪਬਲਿਕ ਸਕੂਲ, ਹੇਰ, ਖਾਲਸਾ ਕਾਲਜ ਪਬਲਿਕ ਸਕੂਲ, ਘੁੱਗ, ਜਲੰਧਰ ਨੂੰ ਕੁਸ਼ਲਤਾ ਸਹਿਤ ਚਲਾ ਕੇ ਪੜ੍ਹਿਆ-ਲਿਖਿਆ ਤੇ ਸੁਹਿਰਦ ਸਮਾਜ ਸਿਰਜਣ ਅਤੇ ਨਵੀਆਂ ਪੁਲਾਂਘਾ ਪੁੱਟ ਕੇ ਅਦਾਰਿਆਂ ਦੇ ਪ੍ਰਸਾਰ ਲਈ ਹਮੇਸ਼ਾ ਵਚਨਬੱਧ

ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦਿਹਾੜੇ ਦੀ ਦੇਸ਼-ਵਿਦੇਸ਼ 'ਚ ਵੱਸਦੀ ਸਮੂੰਹ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ

ਉਲੀਕੇ ਪ੍ਰੋਜੈਕਟ :
ਖਾਲਸਾ ਮੈਡੀਕਲ ਕਾਲਜ, ਆਈ. ਟੀ. ਇੰਸਟੀਚਿਊਟ







ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK



# ਵਿਸਾਖੀ ਦੇ ਸ਼ੁੱਭ ਮੌਕੇ 'ਤੇ ਫਗਵਾੜਾ ਵਿਸ਼ੇਸ਼ ਸਪਲੀਮੈਂਟ



ਇੰਦਰਜੀਤ ਸਿੰਘ ਮਠਾੜੂ
ਪੱਤਰਕਾਰ, 84377-00000


## ਵਿਸਾਖੀ ਦੇ ਸ਼ੁੱਭ ਮੌਕੇ 'ਤੇ ਦੇਸ਼-ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

IS:458
CM/L-9700004311

SVRCC DOABA

Er. Suraj Dhiman 98555-05151
B.Tech (Civil) 85570-05151
Balwant Dhiman 75088-86000
Dheeraj Dhiman 96464-20218
svrccdoaba@gmail.com

## SHREE VISHWAKARMA RCC PIPE CO.



Mfrs. of :
- RCC Pipes & Collars 6 to 56 Inches
- (Plain end & S & S) Paver Tiles
- Checker Tiles
- Fencing Poles
- Main Hole Cover
- Cement Blocks

Village : Nangal Majha, Phagwara, 2 Kms. Distance
(Opp. Punjab Bone Mills, G.T. Road)



Balwant Rai Dhiman

## ਵਿਸਾਖੀ ਦੇ ਸ਼ੁੱਭ ਮੌਕੇ 'ਤੇ ਦੇਸ਼-ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ



Er. Kulwinder Singh MD. 95012-00083
Er. Sukhdev Singh 95013-00083
Er. Harjot Singh Kchagger@yahoo.com

## AMCO



Manufacturing of :
Milk Boiling, Khoya Making Machine, Rasgulla-Gulab Jamun Machine, Potato Peeler Machine, Water Cooler & Chapati Machine

AMAR MANUFACTURING CO.
Near Vindsor Palace, G.T. Road, Phagwara-144401 (Pb.)

## ਵਿਸਾਖੀ ਦੇ ਸ਼ੁੱਭ ਮੌਕੇ 'ਤੇ ਦੇਸ਼-ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

(Regd.)
GSTIN : 03ADDPJ7328N1ZF M. 98151-35180
Bankers : UNION BANK OF INDIA

## PUNJAB FOUNDRY & MECHANICAL WORKS

Mfrs & Supp. of : Oil Engine, Machinery, Tractor & Motor Parts
Specialists in : All Kinds of Castings
G.T. Road Phagwara. 144401 (Pb.)

## ਵਿਸਾਖੀ ਦੇ ਸ਼ੁੱਭ ਮੌਕੇ 'ਤੇ ਦੇਸ਼-ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

## RAYAT INDUSTRIES

New Vishwakarma Nagar Plahi Road Phagwara-144401
Manufacturer of all kind of Tractor and Combine parts



Varinder Singh Rayat

M. : 98884-00008, 98150-00585



13-APR-PAGE-4.qxd 4/12/2025 10:49 PM Page 1



## ਮਾਛੀਕੇ ਸੁਸਾਇਟੀ ਦੀ ਚੋਣ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਮਾਛੀਕੇ ਵਿੱਚ ਸੁਸਾਇਟੀ ਦੀ ਚੋਣ ਪਰਮਿੰਦਰ ਕੌਰ ਤੇ ਸਕੱਤਰ ਗੁਰਮੀਤ ਸਿੰਘ ਦੀ ਹਾਜ਼ਰੀ ਵਿੱਚ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਬੂਟਾ ਸਿੰਘ ਨੂੰ ਪ੍ਰਧਾਨ ਅਤੇ ਨਛੱਤਰ ਸਿੰਘ ਨੂੰ ਕੁਲਦੀਪ ਸਿੰਘ ਨੂੰ ਵਾਇਸ ਪ੍ਰਧਾਨ ਲਾਇਆ ਗਿਆ। ਇਸ ਮੌਕੇ ਸੁਸਾਇਟੀ ਮੈਂਬਰ ਹਰਦੀਪ ਸਿੰਘ, ਬਲਜਿੰਦਰ ਸਿੰਘ, ਬਲਵੀਰ ਸਿੰਘ, ਵੀਰ ਸਿੰਘ, ਕਮਲਜੀਤ ਕੌਰ, ਗੁਰਪ੍ਰੀਤ ਕੌਰ, ਸਰਪੰਚ ਜਗਮੋਹਣ ਸਿੰਘ, ਸਮਸ਼ੇਰ ਸਿੰਘ ਬਿੱਟੂ ਪੰਚਾਇਤ ਮੈਂਬਰ, ਪਰਮਿੰਦਰ ਸਿੰਘ ਕਾਲਾ ਪੰਚਾਇਤ ਮੈਂਬਰ, ਹੈਪੀ ਧਾਲੀਵਾਲ, ਜਗਸੀਰ ਧਾਲੀਵਾਲ, ਜਸਵੀਰ ਸਿੰਘ, ਅਮਰਜੀਤ ਸਿੰਘ, ਸੁੱਖੀ ਧਾਲੀਵਾਲ, ਬਿਦਰ ਬੁੱਟਰ, ਜਗਸੀਰ ਭਾਨੀ, ਜੱਗਰ ਸਿੰਘ, ਕਾਲਾ ਸਿੰਘ, ਜੱਗੀ, ਕੁਲਵੀਰ ਸਿੰਘ, ਮਲਕੀਤ ਸਿੰਘ, ਗੋਰਾ ਸਿੰਘ, ਸੀਰਾ, ਅਨਮੋਲ, ਬਿਰਰਾ ਤੇ ਆਮ ਆਦਮੀ ਪਾਰਟੀ ਦੀ ਟੀਮ ਹਾਜ਼ਰ ਰਹੀ।

## ਬੇਰੁੱਤੇ ਮੀਂਹ ਤੇ ਤੂਫ਼ਾਨ ਨੇ ਕਿਸਾਨਾਂ ਦੀਆਂ ਆਸਾਂ 'ਤੇ ਫੇਰਿਆ ਪਾਣੀ



**ਬਰੇਟਾ (ਰੀਤਵਾਲ)**-ਇਲਾਕਾ ਬਰੇਟਾ ਵਿਖੇ ਸਿਰਫ ਇੱਕ ਘੰਟੇ ਦੇ ਮੀਂਹ ਤੇ ਤੂਫਾਨ ਨੇ ਤਪਦੀ ਹੋਈ ਗਰਮੀ ਤੋਂ ਤਾਂ ਆਮ ਲੋਕਾਂ ਨੂੰ ਰਾਹਤ ਦਵਾਈ ਹੈ, ਪਰ ਕਿਸਾਨਾਂ ਦੀਆਂ ਚਿੰਤਾਵਾਂ ਵਿੱਚ ਵੀ ਵਾਧਾ ਕਰ ਦਿੱਤਾ ਹੈ।ਤੇਜ਼ ਹਨੇਰੀ ਨੇ ਖੇਤਾਂ ਵਿੱਚ ਖੜੀ ਕਣਕਾਂ ਦੀ ਫਸਲ ਨੂੰ ਵੀ ਵਿਛਾ ਦਿੱਤਾ ਤੇ ਅਨਾਜ ਮੰਡੀ ਵਿੱਚ ਪਹੁੰਚੀਆਂ ਕਣਕਾਂ ਵੀ ਮੀਂਹ ਨਾਲ ਗਿੱਲੀਆਂ ਹੋ ਗਈਆਂ ਹਨ, ਜਿਸ ਕਰਕੇ ਕਿਸਾਨ ਕਣਕਾਂ ਕੋਲ ਬੈਠਣ ਲਈ ਮਜਬੂਰ ਹੋ ਗਏ ਹਨ।ਪਿੰਡ ਧਰਮਪੁਰਾ ਦੇ ਕਿਸਾਨ ਗੁਰਦਾਸ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣੇ ਖੇਤ ਵਿੱਚ ਕਣਕ ਲਾਉਣ ਗਏ ਤਾਂ ਖੇਤਾਂ ਵਿੱਚ ਪੁੱਤਾਂ ਵਾਂਗੂ ਪਾਲੀਆਂ ਹੋਈਆਂ ਫਸਲਾਂ ਤੇਜ਼ ਤੂਫਾਨ ਕਾਰਨ ਵਿਛੀਆਂ ਪਈਆਂ ਸਨ ਅਤੇ ਮੀਂਹ ਨੇ ਵੀ ਵੱਢਣ ਯੋਗ ਹੋਈਆਂ ਕਣਕ ਦੀਆਂ ਫਸਲਾਂ ਨੂੰ ਰੋਕ ਲਾ ਦਿੱਤੀ ਹੈ।ਇਸ ਤਰ੍ਹਾਂ ਕਾਲਾ ਸਿੰਘ ਕੁਲਰੀਆਂ ਨੇ ਵੀ ਦੱਸਿਆ ਕਿ ਖੇਤਾਂ ਵਿੱਚ ਲਗਭਗ ਤਿਆਰ ਖੜੀਆਂ ਫਸਲਾਂ ਦੀ ਵਾਢੀ 'ਤੇ ਰੋਕ ਲੱਗ ਚੁੱਕੀ ਹੈ, ਪ੍ਰੰਤੂ ਕੁਦਰਤ ਦਾ ਇਹ ਕਰਮ ਜੇਕਰ ਕਾਇਮ ਰਿਹਾ ਤਾਂ ਕਿਸਾਨਾਂ ਦੀਆਂ ਮੁਸ਼ਕਲਾਂ ਜ਼ਰੂਰ ਹੋਰ ਵਧ ਜਾਣਗੀਆਂ।ਮਿੱਠੂ ਸਿੰਘ ਕਾਹਨਗੜ੍ਹ ਨੇ ਦੱਸਿਆ ਕਿ ਹਾੜ੍ਹੀ ਦੀ ਫਸਲ ਦੀ ਆਮਦ ਤੋਂ ਪਹਿਲਾਂ ਹਾਂ ਅਜਿਹੇ ਹੋਣ ਨਾਲ ਮੌਸਮ ਹਮੇਸ਼ਾ ਹੀ ਕਰਵਟ ਬਦਲਦਾ ਰਹਿੰਦਾ ਹੈ, ਜਿਸ ਦੀ ਮਾਰ ਹਮੇਸ਼ਾ ਛੋਟੇ ਵਰਗੀ ਕਿਸਾਨਾਂ ਨੂੰ ਹੀ ਝੱਲਣੀ ਪੈਂਦੀ ਹੈ।ਮਾਰਕੀਟ ਕਮੇਟੀ ਬਰੇਟਾ ਦੇ ਅਧਿਕਾਰੀ ਰੰਜਣ ਗਰਗ ਨੇ ਦੱਸਿਆ ਕਿ ਇਸ ਮੀਂਹ ਦਾ ਪ੍ਰਭਾਵ ਕੁਝ ਹੱਦ ਤੱਕ ਘੱਟ ਪਿਆ ਹੈ, ਪਰ ਜੇਕਰ ਹੋਰ ਜ਼ਿਆਦਾ ਮੀਂਹ ਜਾਂ ਹਨੇਰੀ ਆਉਂਦੀ ਹੈ ਤਾਂ ਕਣਕ ਦੀ ਫਸਲ ਜ਼ਰੂਰ ਪ੍ਰਭਾਵਿਤ ਹੋ ਜਾਵੇਗੀ।

## ਸੈਸ਼ਨ ਡਵੀਜ਼ਨ ਮੋਗਾ ਵਿਖੇ ਤਿੰਨ ਨਵੀਆਂ ਅਦਾਲਤਾਂ ਦੀ ਸ਼ੁਰੂਆਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ 11 ਅਪ੍ਰੈਲ 2025 ਨੂੰ ਸੈਸ਼ਨ ਡਵੀਜ਼ਨ ਮੋਗਾ ਵਿਖੇ 3 ਨਵੀਆਂ ਅਦਾਲਤਾਂ ਦੀ ਸ਼ੁਰੂਆਤ ਕੀਤੀ ਗਈ।ਪਿਛਲੇ ਸਾਲ ਮਿਸ ਪ੍ਰਭਜੋਤ ਕੌਰ, ਮਿਸ ਪਰਮਿੰਦਰ ਕੌਰ ਤੇ ਮਿਸ ਮਨਪ੍ਰੀਤ ਕੌਰ ਨੇ ਆਪਣੀ ਪੀ.ਸੀ.ਐੱਸ. ਜੁਡੀਸ਼ੀਅਲ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਸੈਸ਼ਨ ਡਵੀਜ਼ਨ ਮੋਗਾ ਵਿਖੇ ਆਪਣੀ ਇੱਕ ਸਾਲਾ ਟ੍ਰੇਨਿੰਗ ਦੀ ਸ਼ੁਰੂਆਤ ਕੀਤੀ ਸੀ।ਇਸ ਟ੍ਰੇਨਿੰਗ ਦੇ ਮੁਕੰਮਲ ਹੋਣ ਤੋਂ ਬਾਅਦ ਮਿਸ ਪ੍ਰਭਜੋਤ ਕੌਰ ਵੱਲੋਂ ਸਬ ਡਵੀਜ਼ਨ ਨਿਹਾਲ ਸਿੰਘ ਵਾਲਾ ਵਿਖੇ ਤੋਂ ਇਲਾਵਾ ਮਿਸ ਪਰਮਿੰਦਰ ਕੌਰ ਤੇ ਮਿਸ ਮਨਪ੍ਰੀਤ ਕੌਰ ਵੱਲੋਂ ਮੋਗਾ ਵਿਖੇ ਬਤੌਰ ਸਿਵਲ ਜੱਜ (ਜੂਨੀਅਰ ਡਵੀਜ਼ਨ)-ਕਮ-ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਵਜੋਂ ਆਪਣੀ ਡਿਊਟੀ ਦੀ ਸ਼ੁਰੂਆਤ ਕੀਤੀ ਗਈ।ਮੋਗਾ ਵਿਖੇ ਨਵੀਆਂ ਅਦਾਲਤਾਂ ਦੀ ਸ਼ੁਰੂਆਤ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਸਰਬਜੀਤ ਸਿੰਘ ਧਾਲੀਵਾਲ, ਹਰਜੀਤ ਸਿੰਘ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਬਿਸ਼ਨ ਸਰੂਪ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਤੇ ਗੁਰਿੰਦਰ ਸਿੰਘ ਮੁੱਖ ਪ੍ਰਬੰਧਕੀ ਅਫ਼ਸਰ-ਕਮ-ਸੁਪਰਡੰਟ ਗ੍ਰੇਡ-1, ਸੈਸ਼ਨ ਡਵੀਜ਼ਨ ਮੋਗਾ ਵੱਲੋਂ ਕਰਵਾਈ ਗਈ ਤੇ ਨਵੇਂ ਜੁਆਇਨ ਕੀਤੇ ਜੱਜ ਸਾਹਿਬਾਨਾਂ ਨੂੰ ਸ਼ੁੱਭ-ਕਾਮਨਾਵਾਂ ਤੇ ਵਧਾਈਆਂ ਦਿੱਤੀਆਂ ਗਈਆਂ।ਸ੍ਰੀ ਸਰਬਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਬਹੁਤ ਹੀ ਜ਼ਿੰਮੇਵਾਰ ਅਹੁਦੇ ਉੱਪਰ ਬਿਰਾਜਮਾਨ ਹੋਏ ਹਨ, ਇਸ ਲਈ ਆਮ ਲੋਕਾਂ ਨੂੰ ਵੱਧ ਤੋਂ ਵੱਧ ਪਾਰਦਰਸ਼ਤਾ ਨਾਲ ਜੁਡੀਸ਼ੀਅਲ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ।

## ਚੇਅਰਮੈਨ ਜੱਸੀ ਨੇ ਖੇਡ ਗਰਾਊਂਡ ਲਈ 3 ਲੱਖ ਦੀ ਗਰਾਂਟ ਦਿੱਤੀ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਤੇ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਨੌਜਵਾਨ ਆਗੂ ਜੱਸੀ ਸੋਹੀਆ ਵਾਲਾ ਨੇ ਖੇਡ ਗਰਾਊਂਡ ਖੂਹੀ ਸਾਹਿਬ ਪਿੰਡ ਅਲੌਹਰਾਂ ਕਲਾਂ ਦੇ ਗਰਾਊਂਡ ਦਾ ਨਵੀਨੀਕਰਨ ਕਰਨ ਲਈ 3 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਪਿੰਡ ਦੀ ਪੰਚਾਇਤ ਤੇ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਜੀ ਚੈਰੀਟੇਬਲ ਮੈਮੋਰੀਅਲ ਕਲੱਬ ਦੇ ਮੈਂਬਰਾਂ ਨੂੰ ਸੌਂਪਿਆ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਉਪਰਾਲੇ ਕਰ ਰਹੀ ਹੈ।ਉਨ੍ਹਾ ਕਿਹਾ ਕਿ ਪਿੰਡਾਂ ਵਿੱਚ ਨੌਜਵਾਨਾਂ ਦੇ ਖੇਡਾਂ ਲਈ ਵਧੀਆ ਖੇਡ ਗਰਾਊਂਡ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਖੇਡਾਂ ਵਿੱਚ ਮੋਹਰੀ ਹੋ ਕੇ ਵੱਡੀਆਂ ਮੱਲਾਂ ਮਾਰੇ।ਇਸ ਮੌਕੇ ਪਿੰਡ ਦੇ ਸਰਪੰਚ ਬਹਾਦਰ ਸਿੰਘ, ਹਰਜਿੰਦਰ ਸਿੰਘ ਸਾਬਕਾ ਸਰਪੰਚ, ਗੁਰਪ੍ਰੀਤ ਸਿੰਘ ਜੋਗਾ, ਦਲੇਰ ਸਿੰਘ ਪੰਚ, ਦਰਸ਼ਨ ਸਿੰਘ ਮਾਨ ਆਦਿ ਨੇ ਖੇਡ ਗਰਾਊਂਡ ਲਈ ਗ੍ਰਾਂਟ ਦੇਣ ਤੇ ਚੇਅਰਮੈਨ ਜੱਸੀ ਸੋਹੀਆ ਵਾਲਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਲਾਡੀ ਖਹਿਰਾ, ਅਵਤਾਰ ਸਿੰਘ ਨੰਬਰਦਾਰ, ਸ਼ਿੰਦਰਪਾਲ ਸਿੰਘ ਪੰਚ, ਗੁਰਵਿੰਦਰ ਸਿੰਘ ਖਹਿਰਾ, ਗੁਰਮੀਤ ਸਿੰਘ ਭੋਜੋਮਾਜਰੀ, ਜਸਕਰਨਵੀਰ ਸਿੰਘ ਤੇਜੇ ਤੇ ਗੁਰਸੇਵਕ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਸਕੂਲਾਂ 'ਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਰਹਿਣਗੇ : ਵਿਧਾਇਕ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰ ਵੱਲੋਂ ਕੀਤੇ ਜਾ ਰਹੇ ਸਕੂਲਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਦੀ ਲੜੀ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਕਰੀਮਨਗਰ, ਸਰਕਾਰੀ ਪ੍ਰਾਇਮਰੀ ਸਕੂਲ ਰਸੋਲੀ, ਸਰਕਾਰੀ ਹਾਈ ਸਕੂਲ ਕਰਤਾਰਪੁਰ, ਸਰਕਾਰੀ ਪ੍ਰਾਇਮਰੀ ਸਕੂਲ ਜੈਲਰ ਤੇ ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਸ਼ਾਦੀਪੁਰ ਮੋਮੀਆ ਵਿਖੇ ਹਲਕਾ ਸ਼ੁਤਰਾਣਾ ਦੇ 7 ਸਕੂਲਾਂ 'ਚ 74 ਲੱਖ ਰੁਪਏ ਦੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤੇ।ਵੱਖ-ਵੱਖ ਸਕੂਲਾਂ ਵਿੱਚ ਕੀਤੇ ਗਏ ਉਦਘਾਟਨੀ ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ 2022 ਤੋਂ ਪਹਿਲਾਂ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਨਾ ਹੀ ਬੁਨਿਆਦੀ ਸਹੂਲਤਾਂ ਸਨ ਤੇ ਨਾ ਹੀ ਪੜ੍ਹਾਉਣ ਲਈ ਅਧਿਆਪਕ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੀ ਕਮਾਨ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਸੁਧਾਰ ਲਿਆਉਣੇ ਸ਼ੁਰੂ ਕੀਤੇ, ਜੋ ਸਭ ਦੇ ਸਾਹਮਣੇ ਹਨ।ਇਸ ਮੌਕੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਤੇ ਸੱਭਿਆਚਾਰਕ ਪੇਸ਼ਕਾਰੀ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਨੂੰ ਦਿਖਾਇਆ।

## ਬਾਬਾ ਗੁਰਚਰਨ ਸਿੰਘ ਨੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਮੂੰਮ ਵਿਖੇ ਦਰਵੇਸ਼ ਆਸ਼ਰਮ ਦੇ ਮੁੱਖ ਸੇਵਾਦਾਰ ਬਾਬਾ ਗੁਰਚਰਨ ਸਿੰਘ ਦੀ ਅਗਵਾਈ ਹੇਠ ਬਾਬਾ ਤੇਜਾ ਸਿੰਘ ਤੇ ਬਾਬਾ ਗਰਜਾ ਸਿੰਘ ਦੀ ਯਾਦ ਵਿੱਚ ਸਰਕਾਰੀ ਸਕੂਲ ਵਿੱਚ ਲਗਭਗ 200 ਸਕੂਲੀ ਵਿਦਿਆਰਥੀਆਂ ਤੇ ਆਂਗਣਵਾੜੀ ਬੱਚਿਆਂ ਨੂੰ ਸਟੇਸ਼ਨਰੀ ਵੰਡਣ ਦੀ ਸੇਵਾ ਨਿਭਾਈ ਗਈ।ਮੁੱਖ ਮਹਿਮਾਨ ਵਜੋਂ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਧਰਮਪਤਨੀ ਮੈਡਮ ਰਾਜਪ੍ਰੀਤ ਕੌਰ ਢਿੱਲੋਂ, ਧਾਰਮਿਕ ਸ਼ਖਸੀਅਤ ਬਾਬਾ ਸੁਖਵਿੰਦਰ ਸਿੰਘ ਕੱਟੂ, ਸੀਨੀ: ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਵੱਖ ਵੱਖ ਆਗੂਆਂ ਨੇ ਬਾਬਾ ਗੁਰਚਰਨ ਸਿੰਘ ਮੂੰਮ ਵੱਲੋਂ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਬੱਚਿਆਂ ਨੂੰ ਸਟੇਸ਼ਨਰੀ, ਵੱਖ-ਵੱਖ ਸ਼ਖਸੀਅਤਾਂ ਨੂੰ ਸਨਮਾਨ ਤੇ ਲੋੜਵੰਦ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮ ਦੀ ਸ਼ਲਾਘਾ ਕੀਤੀ।ਸਰਪੰਚ ਲਖਬੀਰ ਸਿੰਘ, ਮਨਪ੍ਰੀਤ ਸਿੰਘ ਮਿੱਟੂ, ਬਲਜੀਤ ਸਿੰਘ ਗੋਰਾ, ਪ੍ਰਿੰਸੀਪਲ ਬਲਜੀਤ ਸਿੰਘ, ਮਾ: ਬਲਜਿੰਦਰ ਕੁਮਾਰ, ਮੁੱਖ ਅਧਿਆਪਕ ਜਸਵੀਰ ਸਿੰਘ ਦੀਵਾਨਾ, ਸੂਬੇਦਾਰ ਬੂਟਾ ਸਿੰਘ, ਨੰਬਰਦਾਰ ਜਗਦੇਵ ਸਿੰਘ ਆਦਿ ਹਾਜ਼ਰ ਸਨ।

## ਨਸ਼ੀਲੇ ਪਦਾਰਥਾਂ ਸਮੇਤ ਦੋ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ 24 ਘੰਟਿਆਂ ਦੌਰਾਨ ਦੋ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਇੱਕ ਵਿਦਿਆਰਥੀ ਸਣੇ ਦੋ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਚੁੰਨੀ ਕਲਾਂ ਚੌਕੀ ਦੀ ਇੱਕ ਪੁਲਸ ਪਾਰਟੀ ਬੀਤੀ ਦੇਰ ਸ਼ਾਮ ਚੁੰਨੀ ਕਲਾਂ ਦੀ ਰਸੂਲਪੁਰ ਰੋਡ 'ਤੇ ਗਸ਼ਤ ਕਰ ਰਹੀ ਸੀ, ਜਿਸ ਦੌਰਾਨ ਰਸੂਲਪੁਰ ਸਾਈਡ ਤੋਂ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਚੈਕਿੰਗ ਲਈ ਰੋਕਿਆ ਗਿਆ, ਜਿਸ ਨੇ ਪੁਲਸ ਕਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਆਪਣੀ ਪਹਿਚਾਣ ਮੰਗਲ ਸਿੰਘ ਵਾਸੀ ਪਿੰਡ ਬੀਬੀਪੁਰ ਵਜੋਂ ਦੱਸੀ।ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 240 ਗੋਲੀਆਂ ਲੋਮੋਟਿਲ ਤੇ 1100 ਰੁਪਏ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕਰਵਾਏ ਮੁਕੱਦਮੇ 'ਚ ਮੰਗਲ ਸਿੰਘ ਨੂੰ ਗ੍ਰਿਫਤਾਰ ਕਰਕੇ ਚੁੰਨੀ ਕਲਾਂ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਹਰਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਹੋਰ ਵੱਖਰੇ ਮਾਮਲੇ 'ਚ ਫ਼ਤਹਿਗੜ੍ਹ ਸਾਹਿਬ ਨਜ਼ਦੀਕ ਚੈਕਿੰਗ ਲਈ ਮੌਜੂਦ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਨੂੰ ਦੇਖ ਕੇ ਇੱਕ ਨੌਜਵਾਨ ਨੇ ਆਪਣੀ ਜੇਬ 'ਚੋਂ ਇੱਕ ਲਿਫਾਫਾ ਕੱਢ ਕੇ ਪਾਸੇ ਝਾੜੀਆਂ 'ਚ ਸੁੱਟ ਦਿੱਤਾ ਤੇ ਉੱਥੋਂ ਖਿਸਕਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੁਲਸ ਕਰਮਚਾਰੀਆਂ ਵੱਲੋਂ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਨਾਮ ਪਤਾ ਪੁੱਛੇ ਜਾਣ 'ਤੇ ਉਕਤ ਨੌਜਵਾਨ ਵਿਦਿਆਰਥੀ ਨੇ ਆਪਣੀ ਪਹਿਚਾਣ ਅਜੈ ਸਿੰਘ ਵਾਸੀ ਪਿੰਡ ਖੇੜੀ ਗਿੱਲਾਂ (ਸੰਗਰੂਰ) ਵਜੋਂ ਦੱਸੀ।ਉਕਤ ਨੌਜਵਾਨ ਵੱਲੋਂ ਸੁੱਟੇ ਗਏ ਲਿਫਾਫੇ ਨੂੰ ਚੁਕਵਾ ਕੇ ਚੈੱਕ ਕਰਨ 'ਤੇ ਉਸ ਵਿੱਚੋਂ 6.04 ਗ੍ਰਾਮ ਚਿੱਟਾ ਤੇ 1000 ਰੁਪਏ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕਰਵਾਏ ਮੁਕੱਦਮੇ 'ਚ ਅਜੈ ਸਿੰਘ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਰਘਬੀਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਚੁਹਾਣਕੇ ਕਲਾਂ 'ਚ ਮੁਸਲਮ ਭਾਈਚਾਰੇ ਵੱਲੋਂ ਰੋਸ ਪ੍ਰਦਰਸ਼ਨ

### ■ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਚੁਹਾਣਕੇ ਕਲਾਂ ਵਿਖੇ ਮਜਲਸ ਅਹਰਾਰ ਇਸਲਾਮ ਹਿੰਦ ਤੇ ਨੂਰ ਮਸਜਿਦ ਕਮੇਟੀ ਵੱਲੋਂ ਵਾਕਫ ਸੋਧ ਬਿਲ ਦੇ ਵਿਰੋਧ 'ਚ ਕੇਂਦਰ ਸਰਕਾਰ ਖਿਲਾਫ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਆਗੂ ਹਮੀਦ ਮੁਹੰਮਦ ਚੁਹਾਣਕੇ ਨੇ ਕਿਹਾ ਕਿ ਵਾਕਫ ਬੋਰਡ ਦੀਆਂ ਜਾਇਦਾਦਾਂ ਮੁਸਲਮਾਨ ਭਾਈਚਾਰੇ ਦੇ ਹੱਕ ਵਿੱਚ ਰਹਿਣਗੀਆਂ ਜ਼ਰੂਰੀ ਹਨ, ਪਰ ਕੇਂਦਰ ਸਰਕਾਰ ਉਨ੍ਹਾਂ 'ਤੇ ਹੱਕ ਜਤਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਲਿਆਂਦਾ ਇਹ ਨਵਾਂ ਕਾਨੂੰਨ ਮੂਲ ਰੂਪ ਵਿੱਚ ਮੁਸਲਮ ਭਾਈਚਾਰੇ ਖਿਲਾਫ਼ ਹੈ।ਭਾਰਤ ਵਿੱਚ ਹਰ ਧਰਮ ਦੇ ਆਪਣੇ ਵਿਸ਼ੇਸ਼ ਬੋਰਡ ਹਨ, ਜਿਨ੍ਹਾਂ 'ਚ ਸਿਰਫ ਉਸ ਧਰਮ ਦੇ ਮੈਂਬਰ ਹੀ ਸ਼ਾਮਲ ਹੁੰਦੇ ਹਨ, ਪਰ ਵਾਕਫ ਬੋਰਡ ਵਿੱਚ ਦੋ ਗੈਰ-ਮੁਸਲਮ ਮੈਂਬਰ ਸ਼ਾਮਲ ਕਰਨ ਦੀ ਸ਼ਰਤ ਰੱਖਣ ਨਾਲ ਸਰਕਾਰ ਨੇ ਇਹ ਸਾਫ ਕਰ ਦਿੱਤਾ ਹੈ ਕਿ ਮੁਸਲਮ ਭਾਈਚਾਰੇ ਦੀ ਇੱਛਾ ਬੋਰਡ ਵਿੱਚ ਨਹੀਂ ਚੱਲਣੀ। ਉਨ੍ਹਾਂ ਦੱਸਿਆ ਕਿ ਇਸ ਬਿਲ ਰਾਹੀਂ ਵਾਕਫ ਬੋਰਡ ਦੀ ਜਾਇਦਾਦ 'ਤੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਸਿੱਧੀ ਦਖਲਅੰਦਾਜ਼ੀ ਹੋਵੇਗੀ।ਆਗੂ ਹਮੀਦ ਮੁਹੰਮਦ ਨੇ ਭਾਰਤ ਦੇ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਤੋਂ ਅਪੀਲ ਕੀਤੀ ਕਿ ਇਹ ਕਾਨੂੰਨ ਤਤਕਾਲ ਰੱਦ ਕੀਤਾ ਜਾਵੇ।ਇਸ ਮਾਮਲੇ ਸਬੰਧੀ ਮੁਸਲਮ ਆਗੂਆਂ ਦੀ ਅਗਵਾਈ ਹੇਠ ਐੱਸ ਡੀ ਐੱਮ ਮਹਿਲ ਕਲਾਂ ਹਰਕੰਵਲਜੀਤ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ। ਉਨ੍ਹਾਂ ਇਸ ਮੰਗ ਪੱਤਰ ਨੂੰ ਛੇਤੀ ਕੇਂਦਰ ਸਰਕਾਰ ਕੋਲ ਪਹੁੰਚਾਉਣ ਦਾ ਭਰੋਸਾ ਦਿਵਾਇਆ।

ਇਸ ਸਮੇਂ ਕਰਮਦੀਨ, ਰਹਿਮਦੀਨ, ਫਕੀਰ ਮੁਹੰਮਦ, ਰਸ਼ੀਦ ਮੁਹੰਮਦ, ਡਾ: ਕੇਸਰ ਖਾਨ, ਸਿਕੰਦਰ ਖਾਨ, ਰਮਜਾਨ ਮੁਹੰਮਦ, ਹੁਸੈਨ ਗਫੂਰ ਖਾਨ, ਇਕਬਾਲ ਖਾਨ, ਮੰਗਾ ਖਾਨ, ਡਾ. ਨਜ਼ੀਰ, ਸਲੀਮ ਖਾਨ, ਅਬੂਜਰ, ਹਾਫਿਜ਼ ਆਕਿਲ ਸਾਹਿਬ, ਕਾਰੀ ਇਮਾਮ ਨਦੀਮ ਸਾਹਿਬ, ਬੂਟਾ ਖਾਨ, ਅਜੂਬ ਇਮਾਮ, ਰੇਸ਼ਮ ਖਾਨ ਠੀਕਰੀਵਾਲਾ ਆਦਿ ਹਾਜ਼ਰ ਸਨ।

## ਮੀਂਹ ਤੇ ਝੱਖੜ ਕਾਰਨ ਸ਼ੈੱਡ ਡਿੱਗਣ ਨਾਲ 14 ਗਊਆਂ ਦੀ ਮੌਤ



**ਬੋਹਾ (ਨਿਰੰਜਣ ਬੋਹਾ)** ਤੇਜ਼ ਮੀਂਹ ਤੇ ਝੱਖੜ ਆਉਣ ਨਾਲ ਜਿੱਥੇ ਬੀਤੀ ਰਾਤ ਕਿਸਾਨਾਂ ਦੀਆਂ ਪੱਕਣ 'ਤੇ ਆਈਆਂ ਫਸਲਾਂ ਦਾ ਬਹੁਤ ਨੁਕਸਾਨ ਹੋਇਆ ਹੈ, ਉੱਥੇ ਬੋਹਾ ਗਊਸ਼ਾਲਾ ਵਿੱਚ ਦੋ ਜੁੜਵੇਂ ਸ਼ੈੱਡ ਡਿੱਗਣ ਨਾਲ 14 ਗਊਆਂ ਦੀ ਮੌਤ ਹੋ ਗਈ ਤੇ 4 ਗਊਆਂ ਜ਼ਖ਼ਮੀ ਹੋ ਗਈਆਂ।ਪ੍ਰਾਪਤ ਜਾਣਕਾਰੀ ਮੁਤਾਬਕ ਕੱਲ੍ਹ ਦੇਰ ਸ਼ਾਮ ਆਏ ਝੱਖੜ ਨਾਲ ਇੱਕ ਸ਼ੈੱਡ ਦੀ ਛੱਤ ਦੂਜੇ ਸ਼ੈੱਡ 'ਤੇ ਡਿੱਗ ਪਈ ਤਾਂ ਦੋਵਾਂ ਸ਼ੈੱਡਾਂ ਦੇ ਮਲਬੇ ਹੇਠ ਬਹੁਤ ਸਾਰੀਆਂ ਗਊਆਂ ਦੱਬ ਗਈਆਂ, ਜਿਉਂ ਹੀ ਇਹ ਸ਼ੈੱਡ ਡਿੱਗਣ ਦੀ ਅਨਾਊਂਸਮੈਂਟ ਗੁਰਦੁਆਰਾ ਸਾਹਿਬ ਤੋਂ ਕੀਤੀ ਗਈ ਤਾਂ ਸ਼ਹਿਰ ਦੇ ਲੋਕ ਵੱਡੀ ਤਦਾਦ ਵਿੱਚ ਗਊਸ਼ਾਲਾ ਪਹੁੰਚ ਗਏ ਤੇ ਗਊਆਂ ਨੂੰ ਬਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ।ਸ਼ਹਿਰ ਵਾਸੀਆਂ ਦੇ ਯਤਨਾਂ ਨਾਲ ਬਹੁਤ ਸਾਰੀਆਂ ਗਊਆਂ ਦੀ ਜਾਨ ਬਚਾ ਵੀ ਲਈ ਗਈ।ਦਮ ਤੋੜ ਗਈਆਂ ਗਊਆਂ ਨੂੰ ਗਊਸ਼ਾਲਾ ਵਿੱਚ ਹੀ ਟੋਏ ਪੁੱਟ ਕੇ ਦਫ਼ਨ ਕਰ ਦਿੱਤਾ ਗਿਆ ਹੈ।ਸ਼ੈੱਡ ਡਿੱਗਣ ਨਾਲ 20 ਲੱਖ ਰੁਪਏ ਦਾ ਮਾਲੀ ਨੁਕਸਾਨ ਹੋਣ ਦਾ ਵੀ ਅਨੁਮਾਨ ਹੈ।ਇਸ ਮੌਕੇ ਵੈਟਨਰੀ ਹਸਪਤਾਲ ਦੇ ਸਟਾਫ ਤੇ ਪੁਲਸ ਪ੍ਰਸ਼ਾਸਨ ਨੇ ਵੀ ਬਚਾਓ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਇਆ।

## ਮੈਰੀਟੋਰੀਅਸ ਸਕੂਲ ਪਟਿਆਲਾ ਵਿਖੇ ਕਨਵੋਕੇਸ਼ਨ ਸਮਾਰੋਹ

### ਹੋਣਹਾਰ ਬੱਚਿਆਂ ਨੂੰ ਡਿਗਰੀਆਂ ਤੇ ਮੈਡਲਾਂ ਨਾਲ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਮੈਰੀਟੋਰੀਅਸ ਸਕੂਲ ਪਟਿਆਲਾ ਦੇ ਪਹਿਲੇ ਕਨਵੋਕੇਸ਼ਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ।ਇਸ ਮੌਕੇ ਉਨ੍ਹਾਂ ਮੈਰਿਟ ਵਾਲੇ 21 ਬੱਚਿਆਂ ਨੂੰ ਡਿਗਰੀਆਂ ਵੰਡੀਆਂ ਤੇ 26 ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ।ਡਾ. ਪ੍ਰੀਤੀ ਯਾਦਵ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਮਿਹਨਤ ਕਰਕੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਿੰਸੀਪਲ ਮੈਡਮ ਦੀਪਮਾਲਾ ਨੇ ਕੀਤੀ।ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਸਕੂਲ ਸਿੱਖਿਆ ਦੇ ਨਾਲ ਨਾਲ ਖੇਡਾਂ ਤੇ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ।ਇਸ ਮੌਕੇ ਸਕੂਲ ਦੀ ਅਲੂਮਨੀ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ ਤੇ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰਪਾਲ ਸਿੰਘ ਨੇ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹੋਰ ਵਧੀਆ ਨਤੀਜੇ ਲਿਆਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ, ਸੈਕਸ਼ਨ ਅਫਸਰ ਹਰਮਨਦੀਪ ਕੌਰ, ਸਕੂਲ ਦਾ ਸਮੁੱਚਾ ਸਟਾਫ ਤੇ ਹੋਰ ਪੱਤਵੰਤੇ ਹਾਜ਼ਰ ਸਨ।

# ਵਕਫ ਸੋਧ ਬਿੱਲ ਦਾ ਮੁਸਲਮ ਭਾਈਚਾਰੇ ਵੱਲੋਂ ਜ਼ਬਰਦਸਤ ਵਿਰੋਧ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਮਾਲੇਰਕੋਟਲਾ ਦੇ ਸਰਹਿੰਦੀ ਗੇਟ ਵਿਖੇ ਵਕਫ ਸੋਧ ਬਿੱਲ ਜੋ ਹੁਣ ਕਾਨੂੰਨ ਬਣ ਚੁੱਕਾ ਹੈ ਦੇ ਖਿਲਾਫ ਮੁਹੰਮਦ ਸ਼ਮਸ਼ਾਦ ਝੋਕ ਦੀ ਸਰਪ੍ਰਸਤੀ 'ਚ ਸਮੂਹ ਮੁਸਲਮ ਭਾਈਚਾਰੇ ਵੱਲੋਂ ਆਪਣੇ ਕਾਰੋਬਾਰ ਬੰਦ ਕਰਕੇ ਸਥਾਨਕ ਸਰਹੰਦੀ ਗੇਟ ਵਿਖੇ ਵਿਸ਼ਾਲ ਰੋਸ ਰੈਲੀ ਕਰਕੇ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਕਾਲੀਆਂ ਪੱਟੀਆਂ ਬੰਨ੍ਹ ਕੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਮਰਦਾਂ ਤੇ ਔਰਤਾਂ ਦੇ ਕਾਫਲਿਆਂ ਨੇ ਕੇਂਦਰ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ।ਇਸ ਰੋਸ ਪ੍ਰਦਰਸ਼ਨ ਵਿੱਚ ਸੁੰਨੀ, ਸ਼ੀਆ ਮੁਸਲਮ ਸਮੇਤ ਸਾਰੇ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਕੇਂਦਰ ਸਰਕਾਰ ਵੱਲੋਂ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਖਿਲਾਫ ਲਾਮਬੰਦ ਹੋਣ ਦੀ ਅਪੀਲ ਕੀਤੀ।ਇਸ ਮੌਕੇ ਸਮੂਹ ਮੁਸਲਮ ਭਾਈਚਾਰੇ ਵੱਲੋਂ ਵਕਫ ਸੋਧ ਬਿਲ 2025 ਰੱਦ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਜਿੱਥੇ ਮਾਨਯੋਗ ਸੁਪਰੀਮ ਕੋਰਟ 'ਚ ਰਿੱਟ ਪਟੀਸ਼ਨ ਦਾਇਰ ਕਰਨ ਦਾ ਐਲਾਨ ਕੀਤਾ ਗਿਆ, ਉਥੇ ਹੀ ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ ਅਤੇ ਨਾਲ ਹੀ ਮੁੱਖ ਮੰਤਰੀ ਪੰਜਾਬ ਦੇ ਨਾਂ ਵੱਖ-ਵੱਖ ਦੋ ਮੰਗ ਪੱਤਰ ਇੱਕ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਤੇ ਦੂਜਾ ਮੰਗ ਪੱਤਰ ਪੰਜਾਬ ਵਕਫ ਬੋਰਡ ਦੇ ਚੇਅਰਮੈਨ ਮੁਹੰਮਦ ਉਵੈਸ ਨੂੰ ਮੁੱਖ ਮੰਤਰੀ ਪੰਜਾਬ ਨੂੰ ਵਿਧਾਨ ਸਭਾ ਵਿੱਚ ਗੈਰ-ਸੰਵਿਧਾਨਕ ਤੇ ਧਾਰਮਿਕ ਸੁਤੰਤਰਤਾ ਵਿਰੁੱਧ ਬਣੇ ਵਕਫ ਸੋਧ ਐਕਟ 2025 ਵਿਰੁੱਧ ਮਤਾ ਪਾਸ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ।ਮੰਗ ਪੱਤਰ ਰਾਹੀਂ ਸਪੱਸ਼ਟ ਕੀਤਾ ਗਿਆ ਕਿ ਵਕਫ ਬੋਰਡ ਵਿੱਚ ਗੈਰ-ਮੁਸਲਮ ਮੈਂਬਰਾਂ ਨੂੰ ਸ਼ਾਮਲ ਕਰਨਾ ਅਨੁਛੇਦ 14, 15, 26 ਤੇ 29 ਦੀ ਉਲੰਘਣਾ ਹੈ।ਬੁਲਾਰਿਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਮੁਸਲਮਾਨਾਂ ਦਾ ਸਬਰ ਚੈੱਕ ਨਾ ਕਰੇ, ਜੇਕਰ ਮੁਸਲਮ ਲੋਕ ਸੜਕਾਂ 'ਤੇ ਆ ਗਏ ਤਾਂ ਦੇਸ਼ ਦੇ ਹਾਲਾਤ ਸੰਭਾਲਣੇ ਮੁਸ਼ਕਲ ਹੋ ਜਾਣਗੇ।ਇਸ ਮੌਕੇ ਡਾ. ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਲੇਰਕੋਟਲਾ, ਜਸਵੰਤ ਸਿੰਘ ਗੱਜਣਮਾਜਰਾ ਵਿਧਾਇਕ ਅਮਰਗੜ੍ਹ, ਮੁਹੰਮਦ ਉਵੈਸ ਚੇਅਰਮੈਨ ਪੰਜਾਬ ਵਕਫ ਬੋਰਡ, ਸ਼ੇਖ ਆਜ਼ਮ ਸ਼ੀਆ ਸਕਾਲਰ, ਹਜ਼ਰਤ ਮੌਲਾਨਾ ਮੁਫਤੀ ਦਿਲਸ਼ਾਦ ਅਲੀ, ਬੀਬਾ ਨਿਸ਼ਾਤ ਅਖਤਰ, ਸਾਹਿਬਜ਼ਾਦਾ ਨਦੀਮ ਅਨਵਾਰ ਖਾਂ ਨੇ ਸੰਬੋਧਨ ਕੀਤਾ ਤੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਮੁਸਲਮ ਭਾਈਚਾਰੇ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ।ਐਡਵੋਕੇਟ ਮੁਬੀਨ ਫਾਰੂਕੀ ਨੇ ਹਾਜ਼ਰੀਨ ਨੂੰ ਵਕਫ ਸੋਧ ਐਕਟ ਸਬੰਧੀ ਕਾਨੂੰਨੀ ਜਾਣਕਾਰੀ ਦਿੱਤੀ ਤੇ ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਸਬੰਧੀ ਵੀ ਲੋਕਾਂ ਨੂੰ ਜਾਗਰੂਕ ਕੀਤਾ। ਹਜ਼ਰਤ ਮੌਲਾਨਾ ਮੁਫਤੀ ਇਰਤਕਾ ਉੱਲ ਹਸਨ ਕਾਂਧਲਵੀ ਨੇ ਵਿਸ਼ੇਸ਼ ਦੁਆ ਕਰਵਾਈ।ਸਟੇਜ ਦਾ ਸੰਚਾਲਨ ਮੁਨਸ਼ੀ ਫਾਰੂਕ ਨੇ ਕੀਤਾ।

# ਪੱਤਰਕਾਰ ਬਾਜੇਵਾਲਾ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਪਿਛਲੇ ਦਿਨੀਂ ਦਿਲ ਦੀ ਗੰਭੀਰ ਬਿਮਾਰੀ ਤੋਂ ਪੀੜਤ ਸ੍ਰ. ਗੁਰਜੰਟ ਸਿੰਘ ਬਾਜੇਵਾਲਾ ਪੱਤਰਕਾਰ (55) ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਮਿੱਤਰ ਦੋਸਤਾਂ ਨੂੰ ਵਿਲਕਦਿਆਂ ਛੱਡ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ।ਉਨ੍ਹਾਂ ਨਮਿਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਪਰਿਵਾਰ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਗਈ।ਇਸ ਸਮੇਂ ਵੱਖ ਵੱਖ ਆਗੂਆਂ ਵੱਲੋਂ ਸ੍ਰ. ਗੁਰਜੰਟ ਸਿੰਘ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਵੀ ਅਰਪਿਤ ਕੀਤੀਆਂ ਗਈਆਂ।ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਡੇਰਾ ਬਾਬਾ ਹੱਤਕਾਲਾ ਦੇ ਮੁੱਖ ਸੇਵਾਦਾਰ ਕੇਵਲ ਦਾਸ ਤੇ ਮਾਨਸਾ ਉੱਘੇ ਸਮਾਜ ਸੇਵੀ ਡਾ. ਜਨਕ ਰਾਜ ਸਿੰਗਲਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਗੁਰਜੰਟ ਸਿੰਘ ਜਿੱਥੇ ਇੱਕ ਨਿਰਪੱਖ ਪੱਤਰਕਾਰ ਸਨ ਉੱਥੇ ਇੱਕ ਵਧੀਆ ਮਨੁੱਖ ਵੀ ਸਨ।ਨਿਮਰ ਸੁਭਾਅ ਦੇ ਮਾਲਕ ਬਾਜੇਵਾਲਾ ਮਿਲਾਪੜੇ, ਖੁਸ਼ਮਿਜਾਜ਼ ਤੇ ਹਰ ਸਮੇਂ ਹਸੂੰ ਹਸੂੰ ਕਰਦੇ ਚਿਹਰੇ ਵਾਲੇ ਇਨਸਾਨ ਸਨ।ਬੁਲਾਰਿਆਂ ਨੇ ਮਿਲ ਰਹੀਆਂ ਮੌਜੂਦਾ ਸਿਹਤ ਸਹੂਲਤਾਂ ਦੀ ਅਣਹੋਂਦ ਤੇ ਸਰਕਾਰ ਦੀ ਸੁਹਿਰਦਤਾ ਤੋਂ ਇਲਾਵਾ ਗੰਭੀਰ ਰੋਗਾਂ ਦੇ ਸਹੀ ਇਲਾਜ ਨੂੰ ਅਣਗੌਲਿਆ ਕਰਨ ਲਈ ਸਰਕਾਰ ਦੀ ਆਲੋਚਨਾ ਵੀ ਕੀਤੀ।ਇਸ ਸਮੇਂ ਆਗੂਆਂ ਨੇ ਪ੍ਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਤੇ ਗੁਰਜੰਟ ਸਿੰਘ ਆਪਣੇ ਚਰਨਾਂ 'ਚ ਜਗ੍ਹਾ ਦੇਣ ਦੀ ਪ੍ਰਾਰਥਨਾ ਵੀ ਕੀਤੀ।ਇਸ ਸਮੇਂ ਉਨ੍ਹਾਂ ਦੇ ਛੋਟੇ ਭਰਾ ਪੱਤਰਕਾਰ ਗੁਰਜੀਤ ਸਿੰਘ ਸੀਂਹ ਨੇ ਹਾਜ਼ਰੀਨ ਰਿਸ਼ਤੇਦਾਰਾਂ, ਮਿੱਤਰਾਂ-ਦੋਸਤਾਂ ਤੇ ਪੱਤਰਕਾਰ ਭਾਈਚਾਰੇ ਦਾ ਇਸ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਖੜਨ ਲਈ ਧੰਨਵਾਦ ਵੀ ਕੀਤਾ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਸੋਢੀ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਦੇ 85 ਮੈਂਬਰ ਤੇ ਹਮੀਰ ਸਿੰਘ, ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ, ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ, ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਕਾਂਗਰਸ ਪਾਰਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ, ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਮਾਖਾ, ਗਮਾਡਾ ਪੰਜਾਬ ਦੇ ਡਾਇਰੈਕਟਰ ਸੁਖਵਿੰਦਰ ਸਿੰਘ ਭੋਲਾ ਮਾਨ, ਆਮ ਆਦਮੀ ਪਾਰਟੀ ਦਫਤਰ ਮਾਨਸਾ ਦੇ ਇੰਚਾਰਜ ਗੁਰਮੀਤ ਸਿੰਘ ਖੁਰਮੀ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਜੌੜਕੀਆਂ, ਬੀਕੇਯੂ ਉਗਰਾਹਾਂ ਦੇ ਸੀਨੀਅਰ ਆਗੂ ਉੱਤਮ ਸਿੰਘ ਰਾਮਾਨੰਦੀ, ਬੀਜੇਪੀ ਹਲਕਾ ਮੌੜ ਅਮਨਦੀਪ ਸਿੰਘ ਸਿੱਧੂ, ਜੈ ਜਵਾਨ ਜੈ ਕਿਸਾਨ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਦਲੀਏਵਾਲੀ, ਜਲ ਸਪਲਾਈ ਸੈਨੀਟੇਸ਼ਨ ਵਿਭਾਗ ਸੂਬਾ ਆਗੂ ਬਾਬੂ ਸਿੰਘ ਫਤਿਹਪੁਰ, ਸਾਬਕਾ ਸਰਪੰਚ ਜਸ ਭੱਲਣਵਾੜਾ, ਪੱਤਰਕਾਰ ਭਾਈਚਾਰਾ, ਰਿਸ਼ਤੇਦਾਰ ਤੇ ਮਿੱਤਰ-ਦੋਸਤਾਂ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

## ਸਾਈਬਰ ਠੱਗਾਂ ਨੇ ਗ੍ਰਿਫਤਾਰੀ ਦਾ ਡਰਾਵਾ ਦੇ ਕੇ 30 ਲੱਖ ਠੱਗੇ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਕੁਝ ਸਮੇਂ ਤੋਂ ਵੱਖ-ਵੱਖ ਥਾਵਾਂ ਤੋਂ ਸਾਈਬਰ ਠੱਗਾਂ ਵੱਲੋਂ ਡਿਜੀਟਲ ਅਰੈਸਟ ਕਰਨ ਦਾ ਡਰਾਵਾ ਦੇ ਕੇ ਭੋਲੇ ਭਾਲੇ ਲੋਕਾਂ ਤੋਂ ਮੋਟੀਆਂ ਰਕਮਾਂ ਵਸੂਲੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ।ਅਜਿਹੇ ਹੀ ਇੱਕ ਕਥਿਤ ਮਾਮਲੇ 'ਚ ਬਸੀ ਪਠਾਣਾਂ ਨੇੜਲੇ ਇੱਕ ਪਿੰਡ ਦੇ ਰਹਿਣ ਵਾਲੇ ਵਿਅਕਤੀ ਨੂੰ ਗ੍ਰਿਫਤਾਰੀ ਦਾ ਡਰਾਵਾ ਦੇ ਸਾਈਬਰ ਠੱਗਾਂ ਵੱਲੋਂ ਉਸ ਤੋਂ 30 ਲੱਖ ਰੁਪਏ ਠੱਗੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਰਪਾਲ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੇ ਫੋਨ 'ਤੇ ਵਟਸਐਪ ਕਾਲ ਕਰਨ ਵਾਲੇ ਨਾਮਾਲੂਮ ਵਿਅਕਤੀ ਵੱਲੋਂ ਉਸ ਨੂੰ ਕਿਸੇ ਮੁਕੱਦਮੇ 'ਚ ਗ੍ਰਿਫਤਾਰ ਕਰਨ ਦਾ ਡਰਾਵਾ ਦਿੱਤਾ ਗਿਆ, ਜਿਸ ਦੇ ਝਾਂਸੇ 'ਚ ਆ ਕੇ ਉਸ ਨੇ ਉਸ ਵੱਲੋਂ ਦੱਸੇ ਗਏ ਖਾਤੇ 'ਚ 30 ਲੱਖ ਰੁਪਏ ਪਾ ਦਿੱਤੇ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਅਧਿਆਪਕ ਜਥੇਬੰਦੀਆਂ ਵੱਲੋਂ ਮਸਲੇ ਹੱਲ ਨਾ ਹੋਣ 'ਤੇ ਸਿੱਖਿਆ ਮੰਤਰੀ ਖਿਲਾਫ ਸੰਘਰਸ਼ ਦੀ ਚਿਤਾਵਨੀ

### ਜ਼ਿਲ੍ਹਾ ਸਿੱਖਿਆ ਅ.ਫਸਰਾਂ ਰਾਹੀਂ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲ ਮੰਗ ਪੱਤਰ ਭੇਜੇ



**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਅਧਿਆਪਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ-ਮਸਲਿਆਂ ਦਾ ਵਾਜਿਬ ਹੱਲ ਨਾ ਕਰਨ ਦੇ ਨਾਲ-ਨਾਲ ਰੀਕਾਸਟ ਸੂਚੀਆਂ ਦੇ ਨਾਂ ਹੇਠ ਨਵੀਂ ਮੈਰਿਟ ਵਿੱਚੋਂ 3704 ਮਾਸਟਰ ਤੇ 6635 ਈਟੀਟੀ ਭਰਤੀਆਂ ਦੇ ਸੈਂਕੜੇ ਅਧਿਆਪਕਾਂ ਨੂੰ ਬਾਹਰ ਕਰਕੇ ਗਹਿਰੀ ਪ੍ਰੇਸ਼ਾਨੀ ਵਿੱਚ ਧੱਕ ਦਿੱਤਾ ਗਿਆ ਹੈ।ਇੱਕ ਜੁੱਟ ਹੋ ਕੇ ਸੰਘਰਸ਼ ਕਰਨ ਦੇ ਫੈਸਲੇ ਤਹਿਤ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.), 6635 ਈ.ਟੀ.ਟੀ. ਟੀਚਰ ਯੂਨੀਅਨ, 4161 ਮਾਸਟਰ ਕਾਡਰ ਯੂਨੀਅਨ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਕੈਂਡਰੀ ਸਿੱਖਿਆ ਲੁਧਿਆਣਾ ਰਾਹੀਂ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲ ਮੰਗ ਪੱਤਰ ਭੇਜੇ ਗਏ ਹਨ।ਮੰਗਾਂ ਦਾ ਵਾਜਿਬ ਹੱਲ ਨਾ ਹੋਣ 'ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ 'ਚੇਤਾਵਨੀ ਮਾਰਚ' ਕੱਢਣ ਤੇ 10 ਮਈ ਨੂੰ ਲੁਧਿਆਣਾ (ਪੱਛਮੀ) ਹਲਕੇ ਵਿੱਚ ਅਧਿਆਪਕਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨ ਦੀ ਚੇਤਾਵਨੀ ਦਿੱਤੀ ਹੈ।ਇਸ ਮੌਕੇ ਗੱਲਬਾਤ ਕਰਦਿਆਂ ਡੀ.ਟੀ.ਐੱਫ. ਦੇ ਰੁਪਿੰਦਰ ਪਾਲ ਸਿੰਘ ਗਿੱਲ, ਈ.ਟੀ.ਟੀ. ਯੂਨੀਅਨ ਦੇ ਪਰਮਿੰਦਰ ਸਿੰਘ ਮਲੌਦ, ਮਾਸਟਰ ਯੂਨੀਅਨ ਦੇ ਗੁਰਮੀਤ ਸਿੰਘ ਹਠੂਰ ਤੇ ਜਸਵਿੰਦਰ ਸਿੰਘ ਐਤੀਆਣਾ ਨੇ ਮੰਗ ਕੀਤੀ ਕਿ ਨਿਯੁਕਤੀ ਸੂਚੀਆਂ ਰਿਕਾਸਟ ਹੋਣ ਕਾਰਨ ਸੂਚੀ ਵਿੱਚੋਂ ਬਾਹਰ ਕੀਤੇ ਵੱਖ-ਵੱਖ ਕਾਡਰਾਂ ਦੇ ਸੈਂਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ।ਇਸ ਮਾਮਲੇ ਵਿੱਚ 3704 ਕਾਡਰ ਨੂੰ ਜਾਰੀ ਨੋਟਿਸ ਮੁੱਢੋਂ ਰਦ ਕੀਤੇ ਜਾਣ ਦੀ ਵੀ ਪੁਰਜ਼ੋਰ ਮੰਗ ਕੀਤੀ ਹੈ।ਆਗੂਆਂ ਨੇ ਕਿਹਾ ਕਿ ਰੀਕਾਸਟ ਸੂਚੀਆਂ ਦੇ ਨਾਂ ਹੇਠ ਜੇਕਰ ਕਿਸੇ ਵੀ ਅਧਿਆਪਕ ਦੀ ਨੌਕਰੀ 'ਤੇ ਕੋਈ ਖਤਰਾ ਖੜਾ ਕੀਤਾ ਗਿਆ ਤਾਂ ਅਧਿਆਪਕਾਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ ਨੂੰ ਆਮ ਬਦਲੀਆਂ ਦੌਰਾਨ ਬਦਲੀ ਦਾ ਮੌਕਾ ਦਿੱਤਾ ਜਾਵੇ।ਅਧਿਆਪਕਾਂ ਦੇ ਸਾਰੇ ਕਾਡਰਾਂ ਦੀਆਂ ਰਹਿੰਦੀਆਂ ਤਰੱਕੀਆਂ ਬਿਨਾਂ ਕਿਸੇ ਪੱਖਪਾਤ ਸਾਰੇ ਖਾਲੀ ਸਟੇਸ਼ਨਾਂ ਲਈ ਮੁਕੰਮਲ ਕੀਤੀਆਂ ਜਾਣ।ਅਧਿਆਪਕਾਂ ਦੀ ਚਾਰ ਸਾਲ ਦੀ ਮੁੱਢਲੀ ਸਰਵਿਸ ਨੂੰ ਬਹਾਲ ਕਰਕੇ ਪੁਰਾਣੇ ਤਨਖਾਹ ਸਕੇਲ ਮੁੜ ਲਾਗੂ ਕੀਤੇ ਜਾਣ।ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਸਮੂਹ ਕੱਚੇ ਅਧਿਆਪਕਾਂ ਤੇ ਸਮੱਗਰਾ ਅਧੀਨ ਨਾਨ-ਟੀਚਿੰਗ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ।ਇਸ ਮੌਕੇ ਬਲਬੀਰ ਸਿੰਘ ਬਾਸੀਆਂ, ਜੰਗਪਾਲ ਸਿੰਘ ਰਾਏਕੋਟ, ਅਮਨਦੀਪ ਵਰਮਾ, ਅਵਤਾਰ ਸਿੰਘ ਖ਼ਾਲਸਾ, ਰਜਿੰਦਰ ਜੰਡਿਆਲੀ, ਬਲਜਿੰਦਰ ਸਿੰਘ, ਕਰਮਜੀਤ ਸਿੰਘ, ਖੇਮਰਾਜ, ਪ੍ਰਿੰਸ ਕੁਮਾਰ, ਪ੍ਰਿੰਸ ਵਧਵਾ, ਗੁਲਸ਼ਨਦੀਪ ਸਿੰਘ, ਸੁਰਿੰਦਰਪਾਲ ਸਿੰਘ ਆਦਿ ਆਗੂ ਹਾਜ਼ਰ ਸਨ ।

## ਵਿਧਾਇਕ ਲਾਡੀ ਢੋਸ ਨੇ ਦੋ ਸਕੂਲਾਂ 'ਚ ਵਿਕਾਸ ਕਾਰਜ ਸ਼ੁਰੂ ਕਰਵਾਏ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਵਿਧਾਨ ਸਭਾ ਹਲਕਾ ਧਰਮਕੋਟ ਵਿਖੇ ਦੋ ਸਕੂਲਾਂ ਲਈ ਪੰਜਾਬ ਸਰਕਾਰ ਵੱਲੋਂ 41.09 ਲੱਖ ਰੁਪਏ ਜਾਰੀ ਕੀਤੇ ਗਏ ਹਨ।ਇਸ ਪੈਸੇ ਨਾਲ ਇਨ੍ਹਾਂ ਸਕੂਲਾਂ ਨੂੰ ਹੋਰ ਆਧੁਨਿਕ ਕੀਤਾ ਜਾਵੇਗਾ।ਇਨ੍ਹਾਂ ਦੋ ਸਕੂਲਾਂ ਦੀ ਸੂਚੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਅਗਵਾੜ ਕਾਲੂਕਾ, ਸਰਕਾਰੀ ਪ੍ਰਾਇਮਰੀ ਸਕੂਲ ਨੂਰਪੁਰ ਹਕੀਮਾਂ ਸ਼ਾਮਲ ਹਨ।ਇਨ੍ਹਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਕੀਤੀ ਗਈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਸੂਬੇ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰੇਕ ਉਸ ਦਿਸ਼ਾ ਵਿੱਚ ਮਿਸਾਲੀ ਕੰਮ ਕੀਤੇ ਜਾ ਰਹੇ ਹਨ, ਜਿਨ੍ਹਾਂ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ।ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਤੋਂ ਪਹਿਲਾਂ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀ ਦਾਖਲਾ ਲੈਣ ਲਈ ਯਤਨ ਕਰਦੇ ਸਨ ਤਾਂ ਕਿ ਉਨ੍ਹਾਂ ਨੂੰ ਉੱਚ ਮਿਆਰ ਦੀ ਸਿੱਖਿਆ ਹਾਸਲ ਹੋ ਸਕੇ, ਪ੍ਰੰਤੂ ਹੁਣ ਸਰਕਾਰ ਦੀ ਸੁਚੱਜੀ ਸੋਚ ਸਦਕਾ ਉੱਚ ਪੱਧਰੀ ਪੜ੍ਹਾਈ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਅੱਜ ਸਿੱਖਿਆ ਦਾ ਖੇਤਰ ਬੁਲੰਦੀਆਂ ਨੂੰ ਛੂਹ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹੁਣ ਜਦੋਂ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਲਈ ਕਰੋੜਾਂ ਦੇ ਫੰਡ ਜਾਰੀ ਕੀਤੇ ਜਾ ਰਹੇ ਹਨ ਤਾਂ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਹੈ।ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਾ ਕੇ ਮਾਣ ਮਹਿਸੂਸ ਕਰ ਰਹੇ ਹਨ।

## ਡਰੱਗ ਮਾਫੀਆ ਖਿਲਾਫ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ : ਡੀ ਐੱਸ ਪੀ



**ਨਾਭਾ (ਵਰਿੰਦਰ ਵਰਮਾ)**-ਡੀ ਜੀ ਪੀ ਪੰਜਾਬ ਗੌਰਵ ਯਾਦਵ ਤੇ ਐੱਸ ਐੱਸ ਪੀ ਪਟਿਆਲਾ ਦੇ ਨਿਰਦੇਸ਼ਾਂ 'ਤੇ ਆਉਣ ਵਾਲੇ ਦਿਨਾਂ 'ਚ ਹਲਕੇ ਦੇ ਸਮੂਹ ਥਾਣੇ 'ਚ ਡਰੱਗ ਮਾਫੀਆ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਦੋਂਕਿ ਨਸ਼ਿਆਂ ਦੇ ਕਾਲੇ ਧਨ ਨਾਲ ਆਲੀਸ਼ਾਨ ਘਰ ਬਣਾਉਣ ਵਾਲੇ ਨਸ਼ਾ ਤਸਕਰਾਂ ਵਿਰੁੱਧ ਬੁਲਡੋਜ਼ਰ ਐਕਸ਼ਨ ਜਾਰੀ ਰੱਖਿਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੀਐੱਸਪੀ ਓਲੰਪੀਅਨ ਮਨਦੀਪ ਕੌਰ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਐੱਸ ਐੱਸ ਪੀ ਦੇ ਹੁਕਮਾਂ 'ਤੇ ਜ਼ਿਲ੍ਹੇ ਭਰ 'ਚ ਡਰੱਗ ਮਾਫੀਆ ਵਿਰੁੱਧ ਇੱਕ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ।ਡਰੱਗ ਮਾਫੀਆ ਦੇਸ਼ ਤੇ ਸਮਾਜ ਦਾ ਸਭ ਤੋਂ ਵੱਡਾ ਦੁਸ਼ਮਣ ਹਨ।ਇਸ ਲਈ ਨੌਜਵਾਨਾਂ ਦੇ ਭਵਿੱਖ ਨਾਲ ਖੇਡਣ ਵਾਲੇ ਨਸ਼ਾ ਸਮਗਲਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਤੋਂ ਕਰੋੜਾਂ ਰੁਪਏ ਦੀ ਜਾਇਦਾਦ ਬਣਾਉਣ ਵਾਲੇ ਨਸ਼ਾ ਸਮਗਲਰਾਂ ਦੀ ਜਾਇਦਾਦ ਨੂੰ ਸਰਕਾਰੀ ਤੌਰ 'ਤੇ ਅਟੈਚ ਕਰਵਾਉਣ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ 'ਚ ਅਜਿਹੇ ਨਸ਼ਾ ਸਮਗਲਰਾਂ ਦੀਆਂ ਨਜਾਇਜ਼ ਤੌਰ 'ਤੇ ਬਣਾਈਆਂ ਗਈਆਂ ਜਾਇਦਾਦਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਅਧਿਕਾਰਤ ਤੌਰ 'ਤੇ ਜਬਤ ਕੀਤਾ ਜਾਵੇਗਾ।ਡੀਐੱਸਪੀ ਮਨਦੀਪ ਕੌਰ ਨੇ ਇਹ ਵੀ ਕਿਹਾ ਕਿ ਭੋਲੇ ਭਾਲੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਝੂਠੇ ਵਾਅਦੇ ਕਰਕੇ ਕਰੋੜਾਂ ਰੁਪਏ ਠੱਗਣ ਵਾਲੇ ਕਬੂਤਰ ਬਾਜ਼ਾਂ ਖਿਲਾਫ ਵੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸਰਕਾਰੀ ਸਕੂਲ ਮਾਛੀਕੇ ਵਿਖੇ ਵਿਧਾਇਕ ਵੱਲੋਂ ਕਲਾਸਰੂਮਾਂ ਦਾ ਉਦਘਾਟਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸ਼ਹੀਦ ਸੂਬੇਦਾਰ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਕੇ ਵਿਖੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨਿਹਾਲ ਸਿੰਘ ਵਾਲਾ ਨੇ ਨਵੇਂ ਬਣੇ ਐਡੀਸ਼ਨਲ ਕਲਾਸਰੂਮਾਂ ਦਾ ਉਦਘਾਟਨ ਕੀਤਾ। ਇਸ ਸਮੇਂ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ, ਜਿਸ ਵਿੱਚ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਚਲਾਈ ਗਈ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਕੂਲਾਂ ਵਿੱਚ ਦਿੱਤੇ ਗਏ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਸਮੇਂ ਦੌਰਾਨ ਇੰਚਾਰਜ ਪ੍ਰਿੰਸੀਪਲ ਗੁਰਜੀਤ ਸਿੰਘ ਨੇ ਸਿੱਖਿਆ ਖੇਤਰ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਸਮਾਗਮ ਵਿੱਚ ਸ੍ਰੀ ਬਰਿੰਦਰ ਸ਼ਰਮਾ ਮਾਰਕੀਟ ਕਮੇਟੀ ਨਿਹਾਲ ਸਿੰਘ ਵਾਲਾ, ਪਰਮਜੀਤ ਸਿੰਘ ਭੁੱਲਰ ਚੇਅਰਮੈਨ ਮਾਰਕੀਟ ਕਮੇਟੀ ਬੱਧਨੀ ਕਲਾਂ, ਪ੍ਰਿੰਸੀਪਲ ਭਰਿੰਦਰ ਸਿੰਘ, ਬਲਵਿੰਦਰ ਸਿੰਘ ਬੈਂਸ, ਨਵਦੀਪ ਸਿੰਘ ਬਾਜਵਾ, ਜਸਦੀਪ ਸਿੰਘ (ਸਿੱਖਿਆ ਕੋਆਰਡੀਨੇਟਰ), ਗੁਰਸਮਿੰਦਰ ਸਿੰਘ ਬਿਲਾਸਪੁਰ, ਸੁੰਤਤਰ ਰਾਏ, ਸਰਪੰਚ ਜਗਮੋਹਣ ਸਿੰਘ, ਪਰਵਿੰਦਰ ਸਿੰਘ ਕਾਲਾ ਪੰਚ, ਬਿੱਟੂ ਆੜ੍ਹਤੀਆ ਪੰਚ, ਕੁਲਦੀਪ ਸਿੰਘ ਪੰਚ, ਹਾਕਮ ਸਿੰਘ ਪੰਚ, ਡਾਕਟਰ ਬੱਬੂ ਮਾਛੀਕੇ, ਐੱਸ ਐੱਮ ਸੀ ਮੈਂਬਰ ਸਾਹਿਬਾਨ ਤੋਂ ਇਲਾਵਾ ਸਕੂਲ ਸਟਾਫ਼ ਹਾਜ਼ਰ ਸੀ।

## ਜੌੜਾਮਾਜਰਾ ਨੇ 4 ਸਕੂਲਾਂ 'ਚ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਕੀਤੇ ਸਮਰਪਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਮਾਣਾ ਹਲਕੇ ਦੇ 4 ਸਕੂਲਾਂ 'ਚ 35 ਲੱਖ ਰੁਪਏ ਦੀ ਲਾਗਤ ਨਾਲ ਵਿਕਸਤ ਕੀਤੇ ਗਏ ਨਵੇਂ ਕਮਰੇ, ਚਾਰਦੀਵਾਰੀ, ਸਾਇੰਸ ਲੈਬ ਤੇ ਲਾਇਬ੍ਰੇਰੀਆਂ ਦੇ ਕਾਰਜ ਵਿਦਿਆਰਥੀਆਂ ਨੂੰ ਸਮਰਪਤ ਕੀਤੇ।ਪਿੰਡ ਆਲਮਪੁਰ, ਤਲਵੰਡੀ, ਭਗਵਾਨਪੁਰ ਤੇ ਫ਼ਤਹਿਗੜ੍ਹ ਛੰਨਾ ਵਿਖੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਨੂੰ ਦੇਸ਼ ਦੇ ਬਿਹਤਰੀਨ ਸਕੂਲ ਬਣਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਰਾਜ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਕੂਲਾਂ ਦੇ ਪ੍ਰਿੰਸੀਪਲ ਮੱਖਣ ਸਿੰਘ, ਬਬਲੀ ਰਾਣੀ, ਗੁਰਸ਼ਰਨ ਕੌਰ, ਹਰਵਿੰਦਰ ਸਿੰਘ ਤੇ ਅਮਰਜੀਤ ਸਿੰਘ ਸਮੇਤ ਫਤਹਿਗੜ੍ਹ ਛੰਨਾ ਦੇ ਸਰਪੰਚ ਗੁਰਨਾਇਬ ਸਿੰਘ, ਕੁਲਦੀਪ ਸਿੰਘ, ਤਲਵੰਡੀ ਮਲਿਕ ਦੇ ਸਰਪੰਚ ਬਲਵਿੰਦਰ ਸਿੰਘ, ਖੱਤਰੀਵਾਲ ਦੇ ਸਰਪੰਚ ਗੁਰਵੀਰ ਸਿੰਘ, ਹਰਦੀਪ ਚੀਮਾ, ਹੈਪੀ ਧੀਮਾਨ, ਪਰਮਿੰਦਰ ਸਿੰਘ, ਆਲਮਪੁਰ ਦੇ ਸਰਪੰਚ ਸੁਰਿੰਦਰ ਸ਼ਰਮਾ ਤੇ ਹਰਮੇਸ਼ ਖੱਤਰੀਵਾਲ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਦਸਮੇਸ਼ ਪਬਲਿਕ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਕਰਵਾਏ ਸਮਾਗਮ ਵਿੱਚ ਯੂ ਕੇ ਜੀ ਦੇ ਵਿਦਿਆਰਥੀ ਸਾਹਿਲ ਧੀਰ ਵੱਲੋਂ ਵਿਸਾਖੀ ਦੀ ਮਹੱਤਤਾ ਬਾਰੇ ਇੱਕ ਕਵਿਤਾ ਰਾਹੀਂ ਦੱਸਿਆ ਗਿਆ।ਯੂ ਕੇ ਜੀ ਤੇ ਐੱਲ ਕੇ ਜੀ ਦੇ ਬੱਚਿਆਂ ਨੇ ਡਾਂਸ ਦੀ ਆਈਟਮ ਪੇਸ਼ ਕੀਤੀ।ਛੇਵੀਂ ਜਮਾਤ ਦੇ ਵਿਦਿਆਰਥੀ ਸੁਖਲਾਲ ਸਿੰਘ ਨੇ ਕਵਿਤਾ ਤੇ ਪੰਜਵੀਂ ਤੇ ਛੇਵੀਂ ਜਮਾਤ ਦੀਆਂ ਕੁੜੀਆਂ ਨੇ 'ਆਈ ਵਿਸਾਖੀ' ਗਾਣੇ 'ਤੇ ਡਾਂਸ ਪੇਸ਼ ਕੀਤਾ।ਪੰਜਾਬੀ ਅਧਿਆਪਕਾ ਸ੍ਰੀਮਤੀ ਸੁਖਪਾਲ ਕੌਰ ਤੇ ਯੂ ਕੇ ਜੀ ਦੇ ਅਧਿਆਪਕ ਸ੍ਰੀਮਤੀ ਰਮਨਦੀਪ ਕੌਰ ਨੇ ਕਵਿਤਾਵਾਂ ਰਾਹੀਂ ਵਿਸਾਖੀ ਦੇ ਤਿਉਹਾਰ ਨੂੰ ਆਪਣੇ ਲਫ਼ਜ਼ਾਂ 'ਚ ਬਿਆਨ ਕੀਤਾ।ਚੌਥੀ, ਪੰਜਵੀਂ ਤੇ ਛੇਵੀਂ ਦੇ ਵਿਦਿਆਰਥੀਆਂ ਨੇ ਸੁਖਪਾਲ ਕੌਰ ਤੇ ਬਲਜੀਤ ਕੌਰ ਦੀ ਨਿਗਰਾਨੀ ਹੇਠ ਜਲ੍ਹਿਆਂਵਾਲਾਂ ਬਾਗ ਨਾਲ ਸੰਬੰਧਤ ਨਾਟਕ ਪੇਸ਼ ਕੀਤਾ।ਸਕੂਲ ਦੇ ਐੱਮ. ਡੀ. ਸ੍ਰ. ਬਲਜੀਤ ਸਿੰਘ ਤੇ ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਬੱਚਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਤੇ ਨਾਲ ਹੀ ਖਾਲ਼ਸਾ ਪੰਥ ਦੀ ਸਥਾਪਨਾ ਬਾਰੇ ਦੱਸਿਆ।ਸਕੂਲ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਬੱਚਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਤੇ ਜਲ੍ਹਿਆਂਵਾਲਾ ਬਾਗ ਵਿੱਚ ਹੋਏ ਹੱਤਿਆ ਕਾਂਡ ਬਾਰੇ ਜਾਣੂ ਕਰਵਾਇਆ।

## ਡੀ ਏ ਵੀ ਸਕੂਲ 'ਚ ਵਿਸਾਖੀ ਤੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ.ਏ.ਵੀ. ਐਡਵਰਡ ਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਨੇ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਤੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਧੂਮ ਧਾਮ ਨਾਲ ਮਨਾਇਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਵਿਸਾਖੀ ਦਾ ਤਿਉਹਾਰ ਫਸਲਾਂ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ। ਇਸ ਮੌਕੇ ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਇਸ ਖੁਸ਼ੀ ਵਿੱਚ ਇਹ ਤਿਉਹਾਰ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਇਸ ਪਵਿੱਤਰ ਦਿਨ ਨੂੰ ਵਾਢੀ ਦੇ ਦਿਨ ਤੇ ਖਾਲਸਾ ਪੰਥ ਦੇ ਸਿਰਜਣਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ 14 ਅਪ੍ਰੈਲ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾਂਦਾ ਹੈ ਤੇ ਅੰਬੇਡਕਰ ਨੇ ਸੰਵਿਧਾਨ ਦੇ ਨਿਰਮਾਣ ਵਿੱਚ ਇੱਕ ਬੇਮਿਸਾਲ ਭੂਮਿਕਾ ਨਿਭਾਈ। ਇਸ ਲਈ ਉਨ੍ਹਾਂ ਦੇ ਜਨਮ ਦਿਨ ਨੂੰ ਗਿਆਨ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਸਾਨੂੰ ਹਰ ਤਿਉਹਾਰ ਪਿਆਰ ਤੇ ਭਾਈਚਾਰੇ ਨਾਲ ਮਨਾਉਣਾ ਚਾਹੀਦਾ ਹੈ। ਇਸ ਮੌਕੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਰੰਗਾਰੰਗ ਪੇਸ਼ਕਾਰੀ ਦਿੱਤੀ। ਛੋਟੇ ਬੱਚੇ ਆਪਣੇ ਪਿਆਰੇ ਪਹਿਰਾਵੇ ਵਿੱਚ ਬਹੁਤ ਸੁੰਦਰ ਲੱਗ ਰਹੇ ਸਨ।

# 'ਅਪਰੇਸ਼ਨ ਸਤਰਕ' ਦੀ ਸ਼ੁਰੂਆਤ, ਡੀ ਆਈ ਜੀ ਤੇ ਐੱਸ ਐੱਸ ਪੀ ਰਾਤ ਨੂੰ ਨਿਕਲੇ ਸੜਕਾਂ 'ਤੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਰਾਤ ਦੇ ਸਮੇਂ ਅਮਨ ਤੇ ਕਾਨੂੰਨ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਦੀ ਰਣਨੀਤੀ ਤਹਿਤ, ਜ਼ਿਲ੍ਹਾ ਪੁਲਸ ਮੋਗਾ ਨੇ 'ਓਪਰੇਸ਼ਨ ਸਤਰਕ' ਦੀ ਸ਼ੁਰੂਆਤ ਕੀਤੀ ਹੈ।ਇਹ ਓਪਰੇਸ਼ਨ ਫ਼ਰੀਦਕੋਟ ਪੁਲਸ ਰੇਂਜ ਦੇ ਡਿਪਟੀ ਇਨਸਪੈਕਟਰ ਜਰਨਲ ਅਸ਼ਵਨੀ ਕਪੂਰ ਤੇ ਸੀਨੀਅਰ ਸੁਪਰਡੈਂਟ ਆਫ਼ ਪੁਲਸ ਅਜੈ ਗਾਂਧੀ ਦੀ ਸਿੱਧੀ ਨਿਗਰਾਨੀ ਹੇਠ ਕੀਤਾ ਗਿਆ।ਇਸ ਓਪਰੇਸ਼ਨ ਤਹਿਤ ਜ਼ਿਲ੍ਹੇ ਦੇ ਮਹੱਤਵਪੂਰਕ ਮੋੜਾਂ 'ਤੇ ਲਗਭਗ 22 ਨਾਕੇ ਲਗਾਏ ਗਏ, ਜਿੱਥੇ ਰਾਤ ਦੌਰਾਨ ਆਉਣ-ਜਾਣ ਦੀ ਸਖ਼ਤ ਨਿਗਰਾਨੀ ਕੀਤੀ ਗਈ।ਇਹ ਓਪਰੇਸ਼ਨ ਸਿਰਫ਼ ਆਮ ਕਾਨੂੰਨ-ਵਿਵਸਥਾ ਨੂੰ ਯਕੀਨੀ ਬਣਾਉਣ ਲਈ ਹੀ ਨਹੀਂ, ਸਗੋਂ ਨਸ਼ਿਆਂ ਦੀ ਗੈਰਕਾਨੂੰਨੀ ਤਸਕਰੀ ਤੇ ਹੋਰ ਗੈਰਕਾਨੂੰਨੀ ਸਮੱਗਰੀ ਦੀ ਆਵਾਜਾਈ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਗਿਆ।ਇਹ ਕੋਸ਼ਿਸ਼ਾਂ ਰਾਜ ਦੇ ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਦੇ ਅੰਗ ਵਜੋਂ ਵੀ ਜੁੜੀਆਂ ਹੋਈਆਂ ਹਨ, ਜਿਸ ਦਾ ਮਕਸਦ ਨੌਜਵਾਨੀ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣਾ ਹੈ।ਰਾਤ ਦੇ ਹਨੇਰੇ ਸਮੇਂ ਵਾਹਨਾਂ ਦੀ ਸਖ਼ਤ ਜਾਂਚ ਕੀਤੀ ਜਾਂਦੀ ਹੈ, ਤਾਂ ਜੋ ਕਿਸੇ ਵੀ ਸ਼ੱਕੀ ਹਲਚਲ ਜਾਂ ਨਸ਼ਿਆਂ ਨਾਲ ਸੰਬੰਧਤ ਗਤੀਵਿਧੀ ਨੂੰ ਰੋਕਿਆ ਜਾ ਸਕੇ।

ਡੀ.ਆਈ.ਜੀ. ਅਸ਼ਵਨੀ ਕਪੂਰ ਨੇ ਕਿਹਾ ਕਿ ਅਸੀਂ ਇੱਕ ਨਸ਼ਾ-ਮੁਕਤ ਤੇ ਸੁਰੱਖਿਅਤ ਸਮਾਜ ਵੱਲ ਵਧ ਰਹੇ ਹਾਂ।ਓਪਰੇਸ਼ਨ ਸਤਰਕ ਇਸ ਦਿਸ਼ਾ ਵਿੱਚ ਇਕ ਉੱਚਤਮ ਕਦਮ ਹੈ, ਜਿਸ ਦਾ ਉਦੇਸ਼ ਗੈਰਕਾਨੂੰਨੀ ਤਸਕਰੀ ਨੂੰ ਰੋਕਣਾ ਤੇ ਨਾਗਰਿਕਾਂ ਲਈ ਸੁਖਮਈ ਰਾਤਾਂ ਯਕੀਨੀ ਬਣਾਉਣਾ ਹੈ।ਐੱਸ.ਐੱਸ.ਪੀ. ਅਜੈ ਗਾਂਧੀ ਨੇ ਨਿਵਾਸੀਆਂ ਤੇ ਰਾਹਗੀਰਾਂ ਨੂੰ ਪੁਲਸ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਤੇ ਕਿਸੇ ਵੀ ਸ਼ੱਕੀ ਹਲਚਲ ਦੀ ਤੁਰੰਤ ਰਿਪੋਰਟ ਕਰਨ ਨੂੰ ਕਿਹਾ।ਉਨ੍ਹਾਂ ਦੱਸਿਆ ਕਿ ਓਪਰੇਸ਼ਨ ਸਤਰਕ ਸਵੇਰੇ ਤਕ ਜਾਰੀ ਰਹੇਗਾ ਅਤੇ ਵਾਹਨਾਂ ਦੀ ਨਿਗਰਾਨੀ ਦੇ ਨਾਲ-ਨਾਲ, ਬਸ ਅੱਡਾ, ਰੇਲਵੇ ਸਟੇਸ਼ਨ ਤੇ ਹੋਰ ਰੌਲੇ ਵਾਲੀਆਂ ਥਾਵਾਂ 'ਤੇ ਖਾਸ ਤਲਾਸ਼ੀ ਮੁਹਿੰਮ ਚਲਾਈ ਜਾਵੇਗੀ।

# ਜਬਰ ਵਿਰੋਧੀ ਰੈਲੀ 'ਚ ਉਮੜਿਆ ਜਨ ਸੈਲਾਬ

## ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰਹੇਗਾ, 15 ਨੂੰ ਕੀਤਾ ਜਾਵੇਗਾ ਅਗਲੇ ਐਕਸ਼ਨ ਦਾ ਐਲਾਨ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਤੇ ਉਨ੍ਹਾਂ ਦੀਆਂ ਹਮਾਇਤੀ ਜਥੇਬੰਦੀਆਂ ਦੇ ਆਗੂਆਂ/ਵਰਕਰਾਂ ਨੂੰ ਬਠਿੰਡਾ ਪੁਲਸ ਵੱਲੋਂ ਗ੍ਰਿਫ਼ਤਾਰ ਕਰਕੇ ਤਸ਼ੱਦਦ ਢਾਹੁਣ ਵਿਰੁੱਧ ਤੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਾਉਣ ਲਈ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ, ਮਾਪਿਆਂ ਤੇ ਜਨਤਕ ਜਥੇਬੰਦੀਆਂ ਵੱਲੋਂ ਰਾਮਪੁਰਾ ਦੀ ਦਾਣਾ ਮੰਡੀ 'ਚ ਕੀਤੀ ਜਬਰ ਵਿਰੋਧੀ ਰੈਲੀ 'ਚ ਹਜ਼ਾਰਾਂ ਔਰਤਾਂ ਸਮੇਤ ਜਨ ਸੈਲਾਬ ਉਮੜ ਆਇਆ।ਇਸ ਵਿਸ਼ਾਲ ਰੈਲੀ ਉਪਰੰਤ ਰਾਮਪੁਰੇ ਦੀਆਂ ਸੜਕਾਂ 'ਤੇ ਭਗਵੰਤ ਮਾਨ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੀ ਧੱਕੇਸ਼ਾਹੀ ਖ਼ਿਲਾਫ਼ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।



ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਜ ਅਪ੍ਰੈਲ ਦੇ ਧਰਨੇ ਦੌਰਾਨ ਗ੍ਰਿਫ਼ਤਾਰ ਕੀਤੀਆਂ ਅਧਿਆਪਕਾਂ, ਕਿਸਾਨਾਂ ਤੇ ਔਰਤਾਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ, ਜਿਸ ਕਾਰਨ ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਅਜੇ ਵੀ ਹਸਪਤਾਲ 'ਚ ਜ਼ੇਰੇ ਇਲਾਜ ਹਨ।ਬੁਲਾਰਿਆਂ ਨੇ ਆਖਿਆ ਕਿ ਡਿਪਟੀ ਕਮਿਸ਼ਨਰ ਬਠਿੰਡਾ ਦੀ ਲਿਖਤੀ ਪੜਤਾਲੀਆ ਰਿਪੋਰਟ 'ਚ ਆਦਰਸ਼ ਸਕੂਲ ਚਾਉਕੇ ਦੀ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਤੋਂ ਵਾਧੂ ਫੀਸਾਂ ਵਸੂਲਣ, ਕਿਤਾਬਾਂ ਤੇ ਵਰਦੀਆਂ ਨਾ ਦੇਣ ਤੇ ਅਧਿਆਪਕਾਂ ਨੂੰ ਬਣਦੀਆਂ ਤਨਖ਼ਾਹਾਂ ਨਾ ਦੇਣ ਵਰਗੇ ਗੰਭੀਰ ਦੋਸ਼ਾਂ ਦੀ ਪੁਸ਼ਟੀ ਹੋਣ ਦੇ ਬਾਵਜੂਦ ਭ੍ਰਿਸ਼ਟ ਮੈਨੇਜਮੈਂਟ ਨੂੰ ਕੇਸ ਦਰਜ ਗ੍ਰਿਫ਼ਤਾਰ ਕਰਨ ਦੀ ਥਾਂ ਅਧਿਆਪਕਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ 13 ਮਹੀਨਿਆਂ ਦੀ ਬੱਚੀ ਸਮੇਤ ਜੇਲ੍ਹ 'ਚ ਡੱਕ ਦਿੱਤਾ ਗਿਆ।ਉਨ੍ਹਾਂ ਦੋਸ਼ ਲਾਇਆ ਕਿ ਬਠਿੰਡਾ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਸਾਰੇ ਲੋਕਾਂ ਨੂੰ ਰਿਹਾਅ ਕਰਨ ਦੇ ਵਾਅਦੇ ਦੇ ਬਾਵਜੂਦ 27 ਦੇ ਕਰੀਬ ਅਧਿਆਪਕਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਬਠਿੰਡਾ ਦੀ ਜੇਲ੍ਹ 'ਚ ਡੱਕਿਆ ਹੋਇਆ ਹੈ।ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਅਧਿਆਪਕਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਮਹਿਲਾਵਾਂ ਤੇ ਅਧਿਆਪਕਾਂ ਸਮੇਤ ਕਿਸਾਨਾਂ, ਮਜ਼ਦੂਰਾਂ 'ਤੇ ਜਬਰ ਢਾਹੁਣ ਵਾਲੇ ਡੀ ਐੱਸ ਪੀ ਫੂਲ, ਐੱਸ ਐੱਚ ਓ ਤੇ ਮਹਿਲਾ ਸਬ ਇੰਸਪੈਕਟਰ ਸਮੇਤ ਸਭਨਾਂ ਦੋਸ਼ੀਆਂ 'ਤੇ ਢੁੱਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ, ਚਾਉਕੇ ਸਕੂਲ ਦੀ ਭ੍ਰਿਸ਼ਟ ਮੈਨੇਜਮੈਂਟ ਦੇ ਮੁਖੀ ਗੁਰਮੇਲ ਸਿੰਘ ਸਮੇਤ ਸਭਨਾਂ ਦੋਸ਼ੀਆਂ ਨੂੰ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਨੌਕਰੀ ਤੋਂ ਕੱਢੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਬਹਾਲ ਕੀਤਾ ਜਾਵੇ ਅਤੇ ਚਾਉਕੇ ਦੇ ਆਦਰਸ਼ ਸਕੂਲ ਨੂੰ ਸਰਕਾਰੀ ਹੱਥਾਂ 'ਚ ਲਿਆ ਜਾਵੇ ਤੇ ਅਧਿਆਪਕਾਂ ਦੀ ਪੱਕੀ ਭਰਤੀ ਕਰਕੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ।ਉਨ੍ਹਾਂ ਐਲਾਨ ਕੀਤਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ਤੇ ਇਸ ਸਬੰਧੀ ਜਥੇਬੰਦੀਆਂ ਦੀ 15 ਅਪ੍ਰੈਲ ਨੂੰ ਰਾਮਪੁਰਾ ਵਿਖੇ ਸਾਂਝੀ ਮੀਟਿੰਗ ਕਰਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

ਅੱਜ ਦੇ ਇਕੱਠ ਨੂੰ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕ ਆਗੂ ਪਵਨਦੀਪ ਕੌਰ, ਬਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ ਧਨੇਰ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪ੍ਰਧਾਨ ਦਿਗਵਿਜੈ ਪਾਲ ਸ਼ਰਮਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਡਾਕਟਰ ਪਰਮਿੰਦਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਵਰਨ ਸਿੰਘ ਪੂਹਲੀ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਸੂਬਾ ਜਨਰਲ ਸਕੱਤਰ ਸੁਖਵਿੰਦਰ ਕੌਰ, ਮਹਿਲਾ ਕਿਸਾਨ ਆਗੂ ਹਰਪ੍ਰੀਤ ਕੌਰ ਜੇਠੂਕੇ, ਬੀਕੇਯੂ ਡਕੌਂਦਾ ਧਨੇਰ ਦੇ ਆਗੂ ਗੁਰਦੀਪ ਸਿੰਘ ਰਾਮਪੁਰਾ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਪੰਜਾਬ ਦੇ ਆਗੂ ਪ੍ਰਗਟ ਸਿੰਘ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗ ਗੁਰਵਿੰਦਰ ਪੰਨੂ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਮਹਿੰਦਰ ਸਿੰਘ ਕੌੜਿਆਂਵਾਲੀ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਜੀਵਨ ਸਿੰਘ ਬਿਲਾਸਪੁਰ, ਪੀ ਐੱਸ ਯੂ ਸ਼ਹੀਦ ਰੰਧਾਵਾ ਦੇ ਆਗੂ ਬਿੰਦਰ ਸਿੰਘ, ਪੰਜਾਬ ਕਿਸਾਨ ਯੂਨੀਅਨ ਦੇ ਗੁਰਤੇਜ ਸਿੰਘ ਮਹਿਰਾਜ, ਟੀ ਐੱਸ ਯੂ ਦੇ ਆਗੂ ਚੰਦਰ ਸ਼ਰਮਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਬਲਵਿੰਦਰ ਸਿੰਘ ਧੌਲਾ, ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ, ਪੀ ਐੱਸ ਯੂ ਦੇ ਆਗੂ ਧੀਰਜ ਕੁਮਾਰ ਆਦਰਸ਼ ਸਕੂਲ ਯੂਨੀਅਨ ਪੰਜਾਬ ਦੇ ਆਗੂ ਜਸਵੀਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਤੂਫਾਨ ਨੇ ਗਊਸ਼ਾਲਾ ਦੇ ਸ਼ੈੱਡ ਨੂੰ ਮਿੰਟਾਂ ਸਕਿੰਟਾਂ 'ਚ ਕੀਤਾ ਢੇਰੀ



**ਮੂਣਕ (ਰਾਜਪਾਲ ਸਿੰਗਲਾ)**-ਬੀਤੀ ਸ਼ਾਮ ਆਏ ਭਿਆਨਕ ਤੂਫਾਨ ਨਾਲ ਸ਼ਹਿਰ ਦੀ ਗਊਸ਼ਾਲਾ ਦੇ ਬਣ ਰਹੇ 24 ਹਜ਼ਾਰ ਸਕੇਅਰ ਫੁੱਟ ਦੇ ਸ਼ੈੱਡ ਨੂੰ ਮਿੰਟਾਂ ਸਕਿੰਟਾਂ ਵਿੱਚ ਹੀ ਮਲਬੇ ਅੰਦਰ ਤਬਦੀਲ ਕਰ ਦਿੱਤਾ, ਜਦੋਂਕਿ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਹੈ।ਇਸ ਸਬੰਧੀ ਗਊਸ਼ਾਲਾ ਦੇ ਪ੍ਰਧਾਨ ਸੁਭਾਸ਼ ਚੰਦ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਡਿੱਗੇ ਸ਼ੈੱਡ ਦੇ ਨਾਲ ਜਿੱਥੇ ਲੱਖਾਂ ਦਾ ਨੁਕਸਾਨ ਹੋਇਆ, ਉੱਥੇ ਹੀ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਹੈ। ਇਸ ਸ਼ੈੱਡ ਦੇ ਡਿੱਗਣ ਤੋਂ ਕੁੱਝ ਸਮਾਂ ਪਹਿਲਾਂ ਹੀ ਹਨੇਰਾ ਹੋ ਗਿਆ ਸੀ, ਜਿਸ ਦੇ ਕਾਰਨ ਸ਼ੈੱਡ ਅੰਦਰ ਕੰਮ ਕਰ ਰਹੇ ਲੋਕ ਆਪਣਾ ਕੰਮ ਛੱਡ ਕੇ ਬਾਹਰ ਆ ਗਏ ਸਨ।ਇਸ ਤੋਂ ਕੁੱਝ ਮਿੰਟਾਂ ਬਾਅਦ ਹੀ ਆਏ ਭਿਆਨਕ ਤੂਫਾਨ ਨੇ ਸ਼ੈੱਡ ਦੀਆਂ ਬਣੀਆਂ ਲੰਬੀਆਂ ਤੇ ਉੱਚੀਆਂ ਕੰਧਾਂ ਨੂੰ ਮਿੰਟਾਂ ਸਕਿੰਟਾਂ ਵਿੱਚ ਸੀਮਿੰਟ ਤੇ ਲੋਹੇ ਦਿਆਂ ਰਾਡਾਂ ਨਾਲ ਬਣੇ ਪਿੱਲਰਾਂ ਸਮੇਤ ਮਲਬੇ ਅੰਦਰ ਤਬਦੀਲ ਕਰ ਦਿੱਤਾ।ਜੇਕਰ ਲੋਕ ਸ਼ੈੱਡ ਦੇ ਅੰਦਰ ਕੰਮ ਕਰ ਰਹੇ ਹੁੰਦੇ ਤਾਂ ਭਾਰੀ ਜਾਨੀ ਨੁਕਸਾਨ ਹੋ ਜਾਣਾ ਸੀ।ਇਸ ਮੌਕੇ ਹੋਏ ਨੁਕਸਾਨ ਨੂੰ ਲੈ ਪੰਜਾਬ ਸਰਕਾਰ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

# ਆਕਸਫੋਰਡ ਪਬਲਿਕ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਚੀਮਾਂ ਮੰਡੀ (ਰਵਿੰਦਰ ਚੀਮਾ)**- ਇਲਾਕੇ ਦੀ ਨਾਮਵਰ ਸੰਸਥਾ ਦੀ ਆਕਸਫੋਰਡ ਪਬਲਿਕ ਸਕੂਲ, ਜੋ ਆਈ.ਸੀ.ਐੱਸ. ਈ. ਬੋਰਡ ਵੱਲੋਂ ਮਾਨਤਾ ਪ੍ਰਾਪਤ ਹੈ, ਵਿਖੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਜੂਨੀਅਰ ਵਿੰਗ ਦੇ ਵਿਦਿਆਰਥੀਆਂ ਦੁਆਰਾ ਦਿਲਕਸ਼ ਅੰਦਾਜ਼ ਵਿੱਚ ਸ਼ੁਰੂ ਹੋਈ।ਵਿਸਾਖੀ ਦੇ ਤਿਉਹਾਰ ਨਾਲ ਸੰਬੰਧਤ ਜੂਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਵਿਸਾਖੀ ਦੇ ਮੇਲੇ ਦੀ ਝਾਕੀ ਪੇਸ਼ ਕੀਤੀ ਅਤੇ ਪੰਜਾਬੀ ਗੀਤ, ਡਾਂਸ ਤੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਵੀ ਕੀਤੀ।ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਵਿਸਾਖੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਵਿਸਾਖੀ ਨਾਲ ਸੰਬੰਧਿਤ ਗੀਤ, ਭਾਸ਼ਣ, ਪੰਜਾਬੀ ਲੋਕ-ਨਾਚ ਭੰਗੜਾ, ਡਾਂਸ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਅਤੇ ਪ੍ਰੋਗਰਾਮ ਦੀ ਸਮਾਪਤੀ ਮੌਕੇ ਸਕੂਲ ਦੇ ਪ੍ਰਿੰਸੀਪਲ ਮਿ. ਸੰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਸੱਭਿਆਚਾਰਕ ਤੇ ਇਤਿਹਾਸਕ ਮਹੱਤਤਾ 'ਤੇ ਚਾਨਣਾ ਪਾਇਆ।ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ. ਚਮਕੌਰ ਸਿੰਘ, ਮੈਨੇਜਿੰਗ ਡਾਇਰੈਕਟਰ ਸ੍ਰ. ਗੁਰਧਿਆਨ ਸਿੰਘ ਚਹਿਲ ਹਾਜ਼ਰ ਸਨ।

# ਭਾਰਤ ਗਰੁੱਪ ਆਫ਼ ਕਾਲਜਿਜ਼ ਵਿਖੇ ਵਿਸਾਖੀ ਧੂਮਧਾਮ ਨਾਲ ਮਨਾਈ




**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਰਤ ਗਰੁੱਪ ਆਫ਼ ਕਾਲਜਿਜ਼ ਸਰਦੂਲਗੜ੍ਹ ਦੇ ਕੈਂਪਸ ਵਿਖੇ ਇੰਜੀਨੀਅਰਿੰਗ, ਫਾਰਮੇਸੀ, ਮੈਨੇਜਮੈਂਟ, ਐਜੂਕੇਸ਼ਨ ਤੇ ਕੰਪਿਊਟਰ ਦੇ ਵਿਦਿਆਰਥੀਆਂ ਦੇ ਨਾਲ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ।ਇਸ ਪ੍ਰੋਗਰਾਮ ਦਾ ਸੰਚਾਲਨ ਲਲਿਤ ਚਾਵਲਾ (ਇਲੈਕਟ੍ਰੀਕਲ), ਪ੍ਰਨੀਤ ਕੌਰ (ਮੈਨੇਜਮੈਂਟ) ਨੇ ਡਾ. ਗੀਤੇਸ਼ ਗੋਗਾ, ਡਾਇਰੈਕਟਰ ਪ੍ਰਿੰਸੀਪਲ ਭਾਰਤ ਗਰੁੱਪ ਦੀ ਦੇਖ ਰੇਖ 'ਚ ਕੀਤਾ।ਭਾਰਤ ਗਰੁੱਪ ਦੇ ਵਿਦਿਆਰਥੀਆਂ ਤੇ ਫੈਕਲਟੀ ਨੇ ਉਤਸ਼ਾਹੀ ਲੋਕ ਨਾਚ ਗਿੱਧੇ ਤੇ ਭੰਗੜੇ ਦਾ ਆਨੰਦ ਲਿਆ।ਰੰਗ-ਬਿਰੰਗੇ ਪੰਜਾਬੀ ਪ੍ਰੰਪਰਾਗਤ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੂੰ ਦੇਖਣਾ ਇੱਕ ਖੁਸ਼ੀ ਦੀ ਗੱਲ ਸੀ।ਸ਼੍ਰੀਮਤੀ ਪ੍ਰਭਜੀਤ ਕੌਰ, ਪ੍ਰਿੰਸੀਪਲ ਐਜੂਕੇਸ਼ਨ ਕਾਲਜ ਤੇ ਡਾ. ਗੀਤੇਸ਼ ਗੋਗਾ, ਡਾਇਰੈਕਟਰ ਪ੍ਰਿੰਸੀਪਲ ਇੰਜੀਨੀਅਰਿੰਗ ਕਾਲਜ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀਆਂ ਖੁਸ਼ੀਆਂ ਦੇ ਅਮੀਰ ਸੱਭਿਆਚਾਰ ਤੇ ਵਿਰਸੇ ਤੋਂ ਜਾਣੂ ਕਰਵਾਇਆ।ਮੁੱਖ ਮਹਿਮਾਨ ਰਾਜੇਸ਼ ਗਰਗ, ਸੀਈਓ ਤੇ ਮੋਹਿਤ ਜੈਨ ਐਡਮਿਸ਼ਨ ਡਾਇਰੈਕਟਰ ਭਾਰਤ ਗਰੁੱਪ ਨੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈਣ ਤੇ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਸਾਰਿਆਂ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।ਭਾਰਤ ਕੈਂਪਸ ਦੇ ਨੇੜੇ ਸੁਨਹਿਰੀ ਖੇਤਾਂ ਵਿੱਚ ਵਿਦਿਆਰਥੀਆਂ ਨੇ ਵਾਢੀ ਦੇ ਮੌਸਮ ਦਾ ਸਵਾਗਤ ਕਰਨ ਲਈ ਰੰਗੀਨ ਰਵਾਇਤੀ ਪਹਿਰਾਵੇ ਵਿੱਚ ਗਿੱਧਾ ਤੇ ਭੰਗੜਾ ਪੇਸ਼ ਕੀਤਾ।

# ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ, ਇੱਕ ਭਗੌੜਾ ਗ੍ਰਿਫ਼ਤਾਰ

**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਵਿੱਢੀ ਮੁਹਿੰਮ ਤਹਿਤ ਸ੍ਰ: ਸਰਤਾਜ ਸਿੰਘ ਚਾਹਲ ਆਈ.ਪੀ.ਐੱਸ. ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਤੇ ਸ੍ਰੀ ਦਮਨਬੀਰ ਸਿੰਘ ਪੀ.ਪੀ.ਐੱਸ, ਉਪ ਕਪਤਾਨ ਪੁਲਸ ਸਬ ਡਵੀਜ਼ਨ ਧੂਰੀ ਦੀਆਂ ਹਦਾਇਤਾਂ ਅਨੁਸਾਰ ਅਤੇ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਦੀ ਅਗਵਾਈ ਹੇਠ ਪੁਲਸ ਨੇ ਇੱਕ ਹੋਰ ਸਫਲਤਾ ਦਰਜ ਕੀਤੀ ਹੈ। ਸਬ ਇੰਸ. ਗੁਰਪਾਲ ਸਿੰਘ ਮੁਖ ਥਾਣਾ ਅਫ਼ਸਰ ਨੇ ਪ੍ਰੈੱਸ ਨੋਟ ਜਾਰੀ ਕਰਕੇ ਦੱਸਿਆ ਕਿ ਸ:ਥ: ਗੁਰਪਾਲ ਸਿੰਘ ਥਾਣਾ ਸ਼ੇਰਪੁਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਮੁਖਬਰ ਖਾਸ ਪਾਸੋਂ ਮਿਲੀ ਇਤਲਾਹ ਅਨੁਸਾਰ ਦੋਸ਼ੀਆਨ ਦਸਮੇਸ਼ ਸਿੰਘ ਉਰਫ ਜੱਸਾ ਪੁੱਤਰ ਰਾਮ ਸਿੰਘ ਵਾਸੀ ਰਾਮਨਗਰ ਛੰਨਾਂ ਤੇ ਟੋਨੀ ਸਿੰਘ ਉਰਫ ਟੋਨਾ ਪੁੱਤਰ ਦਰਸਨ ਸਿੰਘ ਵਾਸੀ ਪੱਤੀ ਖਲੀਲ ਸ਼ੇਰਪੁਰ ਨੂੰ ਰਾਮਨਗਰ ਛੰਨਾਂ ਰੋਡ ਸ਼ੇਰਪੁਰ ਤੋਂ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮੁਕੱਦਮਾ ਥਾਣਾ ਸ਼ੇਰਪੁਰ ਦਰਜ ਕਰਵਾਇਆ ਗਿਆ ।ਇਸੇ ਦੌਰਾਨ ਸ: ਥ: ਕਰਮਜੀਤ ਸਿੰਘ ਵੱਲੋਂ ਮੁਕੱਦਮਾ ਨੰਬਰ 40 ਮਿਤੀ 13.04.2025 ਅ/ਧ 61/1/14 ਅਕਸਾਇਜ਼ ਐਕਟ ਥਾਣਾ ਸ਼ੇਰਪੁਰ ਦੇ ਸਰਾਬ ਕੇਸ ਵਿੱਚ ਭਗੌੜਾ ਐਲਾਨੇ ਜਸਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਖੇੜੀ ਕਲਾਂ ਨੂੰ ਵੀ ਕਾਬੂ ਕਰਕੇ ਮੁਕੱਦਮਾ ਉਕਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

# ਵਿਧਾਇਕ ਸੇਖੋਂ ਨੇ ਸਰਕਾਰੀ ਹਾਈ ਸਕੂਲ ਸਾਦਿਕ ਵਿਖੇ ਲਗਾਇਆ ਬੂਟਾ

## ਵਾਤਾਵਰਨ ਦੀ ਸੰਭਾਲ ਲਈ ਈਕੋ ਕਲੱਬਾਂ ਦਾ ਮਹੱਤਵਪੂਰਨ ਯੋਗਦਾਨ : ਸੇਖੋਂ



**ਕੋਟਕਪੂਰਾ (ਸ਼ਾਮ ਲਾਲ ਚਾਵਲਾ, ਰਛਪਾਲ ਭੁੱਲਰ)**-ਸਰਕਰੀ ਹਾਈ ਸਕੂਲ (ਲੜਕੇ) ਸਾਦਿਕ ਵਿਖੇ ਈਕੋ ਕਲੱਬ ਵੱਲੋਂ ਬੂਟੇ ਲਾਉਣ ਦੀ ਸ਼ੁਰੂਆਤ ਵਿਧਾਇਕ ਫ਼ਰੀਦਕੋਟ ਸ੍ਰ. ਗੁਰਦਿੱਤ ਸਿੰਘ ਸੇਖੋਂ ਤੇ ਸ਼੍ਰੀਮਤੀ ਰੁਬੀਨਾ ਮੁੱਖ ਅਧਿਆਪਕਾਂ ਵੱਲੋਂ ਸਾਂਝੇ ਤੌਰ 'ਤੇ ਸਕੂਲ ਵਿਖੇ ਬੂਟਾ ਲਗਾ ਕੇ ਕੀਤੀ।ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਵਾਤਾਵਰਨ ਦੀ ਸੰਭਾਲ ਲਈ ਈਕੋ ਕਲੱਬਾਂ ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਦਿਆਰਥੀ ਇੱਕ ਦੋ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ ਤੇ ਹੋਰ ਲੋਕਾਂ ਨੂੰ ਵੀ ਇਸ ਲਈ ਪ੍ਰੇਰਿਤ ਕਰੇ।ਸ਼੍ਰੀਮਤੀ ਡਿੰਪਲ ਸ਼ਰਮਾ ਸਾਇੰਸ ਅਧਿਅਪਕਾ ਤੇ ਇੰਚਾਰਜ ਈਕੋ ਕਲੱਬ ਵੱਲੋਂ ਸਕੂਲ ਵਿੱਚ ਵਾਤਾਵਰਣ ਪ੍ਰਤੀ ਸਕੂਲੀ ਵਿਦਿਆਰਥੀਆਂ ਵਿੱਚ ਪੈਦਾ ਕੀਤੀ ਜਾਗਰੂਕਤਾ ਦੀ ਸ਼ਲਾਘਾ ਕਰਦਿਆਂ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ, ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਅਮਰਜੀਤ ਸਿੰਘ ਪਰਮਾਰ ਸਿੱਖਿਆ ਕੁਆਰਡੀਨੇਟਰ, ਜਗਦੀਸ ਸਿੰਘ ਦੀਸਾ ਸਰਪੰਚ ਸਾਦਿਕ, ਨਵਦੀਪ ਸ਼ਰਮਾ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਜਨੇਰੀਆ, ਰਾਜਿੰਦਰ ਦਾਸ ਰਿੰਕੂ, ਕੁਲਵਿੰਦਰ ਸਿੰਘ ਧਾਲੀਵਾਲ ਤੋਂ ਇਲਾਵਾ ਪਿੰਡ ਵਾਸੀ ਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।


# ਸਨਮਤੀ ਵਿਮਲ ਜੈਨ ਸਕੂਲ ਵਿਖੇ ਵਿਸਾਖੀ ਦਾ ਤਿਓਹਾਰ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀ. ਸੈ. ਪਬਲਿਕ ਸਕੂਲ ਜਗਰਾਉਂ ਵਿਖੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਦੀ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਤੇ ਧੂਮ-ਧਾਮ ਨਾਲ ਮਨਾਇਆ ਗਿਆ।ਵਿਸਾਖੀ ਦੇ ਤਿਉਹਾਰ ਤੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ ਤੇ ਵਿਦਿਆਰਥੀਆਂ ਨੇ ਤਿਉਹਾਰ ਦੀ ਪ੍ਰੰਪਰਾ ਨੂੰ ਪੇਸ਼ ਕੀਤਾ। ਇਸ ਪ੍ਰੋਗਰਾਮ ਵਿੱਚ ਤੀਸਰੀ, ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਰੰਗ ਬਰੰਗੇ ਪਹਿਰਾਵੇ ਵਿੱਚ ਗਿੱਧਾ ਤੇ ਭੰਗੜਾ ਪਾ ਕੇ ਇਸ ਪ੍ਰੋਗਰਾਮ ਨੂੰ ਚਾਰ ਚੰਦ ਲਗਾਏ। ਇਸ ਮੌਕੇ ਸਕੂਲ ਅਧਿਆਪਕਾਂ ਨੇ ਵਿਸਾਖੀ ਦੇ ਤਿਓਹਾਰ ਦੇ ਮਹੱਤਵ ਬਾਰੇ ਬੱਚਿਆਂ ਨੂੰ ਦੱਸਿਆ। ਸਕੂਲ ਦੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਦੱਸਿਆ ਕਿ ਸਾਨੂੰ ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ। ਸਕੂਲ ਦੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਉਦੇਸ਼ ਬੱਚਿਆਂ ਨੂੰ ਆਪਣੇ ਵਿਰਾਸਤ ਨਾਲ ਜੋੜਨਾ ਹੈ।ਇਸ ਦੇ ਨਾਲ ਹੀ ਉਨ੍ਹਾਂ ਨੇ ਬੱਚਿਆਂ ਦੁਆਰਾ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਮੈਡਮ ਅਵਨੀਤ ਕੌਰ, ਕੁਲਦੀਪ ਕੌਰ ਸਿੱਧੂ, ਨਵੀਨ ਗੁਪਤਾ, ਪਾਇਲ ਗਰਗ, ਮਨਦੀਪ ਕੌਰ, ਸੁਨੀਤਾ ਰਾਣੀ, ਆਰਤੀ ਗੁਪਤਾ, ਨਿਰਮਲਜੀਤ ਕੌਰ, ਇੰਦਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਪੰਜਾਬ ਭਵਨ ਉਸਾਰੀ ਵਰਕਰ ਫੈਡਰੇਸ਼ਨ ਦੀ ਅਹਿਮ ਮੀਟਿੰਗ

## ਗੈਰ-ਵਿਅਕਤੀਆਂ ਨੂੰ ਯੂਨੀਅਨ ਮੈਂਬਰ ਫੰਡ ਨਾ ਦੇਣ : ਸਾਧੂ ਸਿੰਘ



**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਭਵਨ ਉਸਾਰੀ ਫੈਡਰੇਸ਼ਨ ਜ਼ੀਰਾ ਦੀ ਅਹਿਮ ਮੀਟਿੰਗ ਪ੍ਰਧਾਨ ਸਾਧੂ ਸਿੰਘ ਦੀ ਪ੍ਰਧਾਨਗੀ ਹੇਠ ਯੂਨੀਅਨ ਦਫਤਰ ਸ਼ਾਹ ਵਾਲਾ ਰੋਡ ਜ਼ੀਰਾ ਵਿਖੇ ਹੋਈ।ਮੀਟਿੰਗ ਦੌਰਾਨ ਵਰਕਰਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸਾਧੂ ਸਿੰਘ ਸਿੱਧੂ ਨੇ ਕਿਹਾ ਕਿ ਮਜ਼ਦੂਰਾਂ ਨੂੰ ਆਉਂਦੀਆਂ ਮੁਸ਼ਕਲਾਂ ਦੇ ਹੱਲ ਲਈ ਪ੍ਰਸ਼ਾਸਨ ਨਾਲ ਮੀਟਿੰਗ ਦਾ ਸਮਾਂ ਲੈ ਕੇ ਗੱਲਬਾਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕੁੱਝ ਬਾਹਰ ਦੇ ਅਣਪਛਾਤੇ ਵਿਅਕਤੀਆਂ ਵੱਲੋਂ ਮੈਂਬਰਾਂ ਤੋਂ ਫੰਡ ਇਕੱਠਾ ਕਰ ਰਹੇ ਹਨ, ਪਰ ਉਨ੍ਹਾਂ ਦਾ ਯੂਨੀਅਨ ਨਾਲ ਕੋਈ ਸਬੰਧ ਨਹੀਂ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਵਰਕਰ ਬਾਹਰੀ ਬੰਦਿਆਂ ਨੂੰ ਫੰਡ ਨਾ ਦੇਣ।ਉਨ੍ਹਾਂ ਫੰਡ ਇਕੱਠਾ ਕਰ ਰਹੇ ਅਣਪਛਾਤੇ ਵਿਅਕਤੀਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ, ਨਹੀਂ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਅਹੁਦੇਦਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਹੇਮਕੁੰਟ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਮ ਮਨਾਇਆ



**ਕੋਟ ਈਸੇ ਖਾਂ (ਅਰੋੜਾ)**- ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸਕੂਲ ਵਿਖੇ ਵਿਸਾਖੀ ਦੇ ਦਿਹਾੜੇ 'ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਵਿਦਿਆਰਥੀ ਜਿਹੜੇ ਕਿ ਪੰਜਾਬੀ ਪਹਿਰਾਵੇ ਵਿੱਚ ਬੇਹੱਦ ਖ਼ੂਬਸੂਰਤ ਲੱਗ ਰਹੇ ਸਨ।ਮੁੰਡਿਆਂ ਨੇ ਢੋਲ ਦੀ ਤਾਲ 'ਤੇ ਭੰਗੜਾ ਤੇ ਕੁੜੀਆਂ ਨੇ ਗਿੱਧਾ ਪਾਇਆ।ਸੋਹਣੇ ਪੰਜਾਬ ਦੀ ਧਰਤੀ 'ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਸੰਧੂ ਨੇ ਕਿਸਾਨਾਂ ਦੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਬੱਚਿਆਂ ਨੂੰ ਦੱਸਿਆ ਕਿ ਕਿਵੇਂ ਕਿਸਾਨ ਆਪਣੀ ਪੱਕੀ ਫਸਲ ਨੂੰ ਦੇਖ ਕੇ ਖੁਸ਼ ਹੁੰਦੇ ਹਨ ਤੇ ਇਸ ਦਿਨ ਵਾਢੀ ਦਾ ਸ਼ਗਨ ਕਰਦੇ ਹਨ।ਉਨ੍ਹਾਂ ਤੋਂ ਆਪਣੀ ਖੁਸ਼ੀ ਸੰਭਾਲੀ ਨਹੀਂ ਜਾਂਦੀ ਤੇ ਆਪਣੀਆਂ ਕਣਕਾਂ ਦੇ ਖੇਤ ਲਹਿਰਾਉਂਦੇ ਵੇਖ ਸਭ ਨੱਚ-ਟੱਪ ਵਿਸਾਖੀ ਮਨਾਉਂਦੇ ਹਨ।ਐੱਮ. ਡੀ. ਰਣਜੀਤ ਕੌਰ ਸੰਧੂ ਨੇ ਇਸ ਦਿਨ ਦੀ ਇਤਿਹਾਸਕ, ਸੱਭਿਆਚਾਰਕ ਤੇ ਧਾਰਮਿਕ ਮਹੱਤਤਾ ਦਰਸਾਉਂਦੇ ਹੋਏ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਅੱਜ ਦੇ ਦਿਨ ਹੀ ਅਨੰਦਪੁਰ ਵਿਖੇ ਭਾਰੀ ਦੀਵਾਨ ਲਗਾਇਆ ਤੇ ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦਾ ਨਾਂਅ ਦਿੱਤਾ ਤੇ ਖੁਦ ਉਨ੍ਹਾਂ ਕੋਲੋ ਅੰਮ੍ਰਿਤ ਛਕਿਆ ਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ।ਇਸ ਦਿਨ ਬ੍ਰਿਟਿਸ਼ ਫੌਜਾਂ ਨੇ ਪੰਜਾਬ ਦੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਖੇ ਨਿਹੱਥੇ ਭਾਰਤੀਆਂ ਦੇ ਇੱਕ ਵੱਡੇ ਇਕੱਠ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਹਜ਼ਾਰਾਂ ਲੋਕਾਂ ਦੀ ਹੱਤਿਆ ਕੀਤੀ।ਇਸ ਮੌਕੇ ਉਨ੍ਹਾਂ ਸ਼ਹੀਦਾਂ ਨੂੰ ਯਾਦ ਕੀਤਾ ਗਿਆ।ਪ੍ਰਿੰਸੀਪਲ ਰਮਨਜੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਵਿਰਾਸਤੀ ਦਿਹਾੜਿਆਂ ਨਾਲ ਜੋੜਨਾ ਸਾਡਾ ਫਰਜ਼ ਬਣਦਾ ਹੈ। ਉਨ੍ਹਾ ਵਿਦਿਆਰਥੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

# ਪ੍ਰਿੰਸੀਪਲ ਕੁਲਵੰਤ ਸਿੰਘ ਧਾਲੀਵਾਲ ਨੂੰ ਨਿੱਘੀ ਵਿਦਾਇਗੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ ਸ ਸ ਸਕੂਲ ਸਿੰਘਾਂਵਾਲਾ ਤੋਂ ਸੇਵਾ ਮੁਕਤ ਹੋਏ ਪ੍ਰਿੰ. ਕੁਲਵੰਤ ਸਿੰਘ ਧਾਲੀਵਾਲ ਦੀ ਨਿੱਘੀ ਵਿਦਾਇਗੀ ਸਬੰਧੀ ਐੱਸ ਐੱਮ ਸੀ, ਸਮੂਹ ਗ੍ਰਾਮ ਪੰਚਾਇਤ ਤੇ ਸਕੂਲ ਸਟਾਫ ਵੱਲੋਂ ਇੱਕ ਸ਼ਾਨਦਾਰ ਸਮਾਰੋਹ ਕੀਤਾ ਗਿਆ।ਖ਼ੂਬਸੂਰਤ ਸਵਾਗਤੀ ਸਮਾਰੋਹ ਉਪਰੰਤ ਮੁੱਖ ਮਹਿਮਾਨ ਤੇ ਹਾਜ਼ਰ ਪਤਵੰਤਿਆਂ ਨੂੰ ਪ੍ਰਿੰਸੀਪਲ (ਇੰ) ਰਣਜੀਤ ਸਿੰਘ ਵੱਲੋਂ 'ਜੀ ਆਇਆਂ' ਕਹਿਣ ਉਪਰੰਤ ਸਮਾਗਮ ਦੀ ਸ਼ੁਰੂਆਤ ਕਰਦਿਆਂ ਡਾ. ਸੁਰਜੀਤ ਦੌਧਰ ਨੇ ਕਿਹਾ ਕਿ ਕੁਲਵੰਤ ਸਿੰਘ ਇੱਕ ਹੋਣਹਾਰ ਅਧਿਆਪਕ, ਨਿਧੜਕ ਆਗੂ, ਸੁਚੱਜੇ ਸ਼ਾਇਰ, ਸੁਰੀਲੇ ਕੀਰਤਨੀਏ, ਅੱਛੇ ਗਾਇਕ ਤੇ ਸੁਹਿਰਦ ਵਕਤਾ ਵੀ ਹਨ।ਉਨ੍ਹਾਂ ਕੁਲਵੰਤ ਸਿੰਘ ਵੱਲੋਂ ਧਾਰਮਿਕ ਜਗਤ ਨੂੰ ਦੇਣ 'ਤੂ ਦਰੀਆਉ' ਗੁਰਬਾਣੀ ਸ਼ਬਦਾਂ ਦੀ ਵੀਡੀਓ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁਲਵੰਤ ਸਿੰਘ ਵੱਲੋਂ ਰਚਿਤ ਪੁਸਤਕ 'ਰਤਨਮਾਲ਼ਾ' ਪੰਜਾਬੀ ਸਾਹਿਤ ਵਿੱਚ ਇੱਕ ਖ਼ੂਬਸੂਰਤ ਗੁਲਦਸਤਾ ਹੈ, ਸੋ ਸੰਜੋਗ ਵੱਸ ਹੀ ਅਜਿਹਾ ਅਧਿਆਪਕ ਕਿਸੇ ਸੰਸਥਾ ਦੇ ਹਿੱਸੇ ਆਉਂਦਾ ਹੈ।ਲੈਕ. ਅੰਮ੍ਰਿਤਪਾਲ ਕੌਰ (ਬਠਿੰਡਾ) ਨੇ ਉਨ੍ਹਾਂ ਦੀ ਗੁਰਬਾਣੀ ਪ੍ਰਤੀ ਪਹੁੰਚ, ਸੇਵਾ-ਭਾਵਨਾ, ਦੂਸਰਿਆਂ ਨਾਲ ਵੰਡ ਕੇ ਛਕਣ ਤੇ ਮੌਤੋਂ ਬੇਪ੍ਰਵਾਹ ਹੋ ਕੇ ਮਾਨਵਤਾ ਦੀ ਸੇਵਾ ਨੂੰ ਸਮਰਪਤ ਹੋਣ ਵਰਗੇ ਚੰਗੇ ਗੁਣਾਂ ਦੀ ਭਰਪੂਰ ਸ਼ਲਾਘਾ ਕੀਤੀ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਨਿਸ਼ਾਨ ਸਿੰਘ ਨੇ ਵੀ ਉਨ੍ਹਾਂ ਨੂੰ ਦਿਆਲੂ, ਬੇਪ੍ਰਵਾਹ, ਮਿਲਣਸਾਰ ਤੇ ਦਿਲਦਾਰ ਸ਼ਖਸੀਅਤ ਦੇ ਮਾਲਕ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ।ਸਰਪੰਚ ਤੀਰਥ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਕੂਲ ਭਲਾਈ ਲਈ ਕੀਤੇ ਸਿਰਤੋੜ ਯਤਨ ਸਾਨੂੰ ਹਮੇਸ਼ਾ ਯਾਦ ਰਹਿਣਗੇ।ਗੁਰਜੀਤ ਸਿੰਘ ਬਰਾੜ ਵੱਲੋਂ ਕੁਲਵੰਤ ਸਿੰਘ ਦੀ ਸਿਫਤ ਵਿੱਚ ਲਿਖਿਆ ਰੇਖਾ ਚਿੱਤਰ ਪੜ੍ਹ ਕੇ ਸੁਣਾਇਆ ਗਿਆ।

ਸੁਖਦੀਪ ਸਿੰਘ ਚੇਅਰਮੈਨ ਕੋਆਪ੍ਰੇਟਿਵ ਸੁਸਾਇਟੀ ਮੋਗਾ, ਪਿਆਰਾ ਸਿੰਘ ਮੈਂਬਰ ਇੰਪਰੂਵਮੈਂਟ ਟਰੱਸਟ ਮੋਗਾ, ਪ੍ਰਕਾਸ਼ ਬਿਸਵਾਸ਼ ਸਾਬਕਾ ਜੀ. ਐੱਮ. ਪਾਵਰ ਗਰਿੱਡ ਚੰਡੀਗੜ੍ਹ, ਅਸਿਸਟੈਂਟ ਡਾਇਰੈਕਟਰ ਮੱਛੀ ਪਾਲਣ ਡਾ. ਜਗਮਿੰਦਰ ਸਿੰਘ, ਸਰਪੰਚ ਗੁਰਜੰਟ ਸਿੰਘ ਤਲਵੰਡੀ ਭੰਗੇਰੀਆਂ, ਜਸਪ੍ਰੀਤ ਸਿੰਘ ਏ ਐੱਸ ਐੱਮ ਪੰਜਾਬ, ਦਰਸ਼ਨ ਸਿੰਘ ਸੀਨੀ. ਐਡੀਟਰ ਮੋਹਾਲੀ, ਧਰਮਿੰਦਰ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਫਰੀਦਕੋਟ, ਗਿਆਨੀ ਛਿੰਦਰ ਸਿੰਘ ਦੋਸਾਂਝ, ਮਦਨ ਲਾਲ ਜੀ ਐੱਮ ਸ੍ਰੀ ਗੰਗਾਨਗਰ, ਜਥੇਦਾਰ ਸੁਖਦੀਪ ਸਿੰਘ ਤੇ ਸਾਥੀ, ਕਮੋਦ ਕੁਮਾਰ ਜੇ ਈ, ਨਰਿੰਦਰ ਸਿੰਘ ਪਾਵਰ ਗਰਿੱਡ ਸਿੰਘਾਂਵਾਲਾ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਸਟੇਜ ਦੀ ਭੂਮਿਕਾ ਸ੍ਰੀਮਤੀ ਬਬਿਤਾ ਤੇ ਸਾਕਸ਼ੀ ਨੇ ਬਾਖ਼ੂਬੀ ਨਿਭਾਈ।ਆਖੀਰ ਵਿੱਚ ਪ੍ਰਿੰਸੀਪਲ (ਇੰ) ਰਣਜੀਤ ਸਿੰਘ ਵੱਲੋਂ ਕੁਲਵੰਤ ਸਿੰਘ, ਉਨ੍ਹਾਂ ਦੇ ਜੀਵਨ ਸਾਥੀ ਲੈਕ. ਹਰਵਿੰਦਰ ਕੌਰ, ਬੇਟਾ ਅਮਿਤੋਜ ਸਿੰਘ ਧਾਲੀਵਾਲ ਤੇ ਬੇਟੀ ਰਵਿਨੰਦਨ ਕੌਰ ਨੂੰ ਮੁਬਾਰਕਬਾਦ ਦਿੰਦੇ ਹੋਏ ਚੜ੍ਹਦੀ ਕਲਾ, ਤੰਦਰੁਸਤੀ ਤੇ ਲੰਬੀ ਉਮਰ ਦੀ ਕਾਮਨਾ ਕੀਤੀ।

## ਭਰਤੀ ਉਪਰੰਤ ਸ਼੍ਰੋਮਣੀ ਅਕਾਲੀ ਦਲ ਨਵੀਂ ਊਰਜਾ ਨਾਲ ਲੋਕਾਂ ਦੇ ਸਨਮੁੱਖ ਹੋਵੇਗਾ : ਹਰਪ੍ਰੀਤ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਬਣਾਈ ਪੰਜ ਮੈਂਬਰੀ ਭਰਤੀ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਚੱਲ ਰਹੀ ਭਰਤੀ ਮੁਹਿੰਮ ਦੀ ਲੜੀ ਵਜੋਂ ਸੀਨੀਅਰ ਅਕਾਲੀ ਆਗੂ ਬੀਬੀ ਹਰਪ੍ਰੀਤ ਕੌਰ ਬਰਨਾਲਾ ਦੀ ਅਗਵਾਈ ਹੇਠ ਧੂਰੀ ਹਲਕੇ ਦੇ ਪਿੰਡ ਬੇਨੜਾ, ਲੱਡਾ, ਪੁੰਨਾਂਵਾਲ, ਕਿਲ੍ਹਾ ਹਕੀਮਾਂ ਤੇ ਨੱਤ ਵਿਖੇ ਵਰਕਰ ਮੀਟਿੰਗਾਂ ਕਰਕੇ ਭਰਤੀ ਦਾ ਆਗਾਜ਼ ਕੀਤਾ ਗਿਆ, ਜਿੱਥੇ ਲੋਕਾਂ ਨੇ ਭਰਤੀ ਮੁਹਿੰਮ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ।ਇਨ੍ਹਾਂ ਮੀਟਿੰਗਾਂ ਵਿੱਚ ਬੋਲਦਿਆਂ ਬੀਬੀ ਬਰਨਾਲਾ ਨੇ ਕਿਹਾ ਕਿ ਲੋਕ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਬਹਾਲ ਰੱਖਣ ਲਈ ਪੂਰੀ ਤਰਾਂ ਵਚਨਬੱਧ ਹਨ।ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੋਏ ਅਦੇਸ਼ਾਂ 'ਤੇ ਕੀਤੀ ਜਾ ਰਹੀ ਭਰਤੀ ਮੁਹਿੰਮ ਵਿੱਚ ਲੋਕ ਆਪ ਮੁਹਾਰੇ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਭਰਤੀ ਉਪਰੰਤ ਸ਼੍ਰੋਮਣੀ ਅਕਾਲੀ ਦਲ ਨਵੀਂ ਊਰਜਾ ਨਾਲ ਲੋਕਾਂ ਦੇ ਸਨਮੁੱਖ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਅਧਿਆਪਕ ਆਗੂ ਮਾਸਟਰ ਹਰਦੇਵ ਸਿੰਘ ਜਵੰਦਾ, ਯੂਥ ਆਗੂ ਗੁਰਵਿੰਦਰ ਸਿੰਘ ਗੋਗੀ ਪੁੰਨਾਂਵਾਲ, ਚਮਕੌਰ ਸਿੰਘ ਬੇਨੜਾ, ਕੁਲਦੀਪ ਸਿੰਘ ਬਟੂਆ, ਅਮਰੀਕ ਸਿੰਘ ਕਿਲਾ ਹਕੀਮਾਂ, ਦਰਸ਼ਨ ਸਿੰਘ ਬੇਨੜਾ, ਜਗਰੂਪ ਸਿੰਘ ਬੇਨੜਾ, ਸਰੂਪ ਮਹੰਤ ਜੀ ਹਾਜ਼ਰ ਸਨ।

# ਸ਼ਰਾਬ ਦਾ ਠੇਕਾ ਚੁਕਵਾਉਣ ਲਈ ਲੋਹਗੜ੍ਹ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ

## ਮਾਮਲਾ ਛੇਤੀ ਹੱਲ ਕੀਤਾ ਜਾਵੇਗਾ : ਐੱਸ ਐੱਚ ਓ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਲੋਹਗੜ੍ਹ ਵਿਖੇ ਰਿਹਾਇਸ਼ੀ ਖੇਤਰ 'ਚ ਚੱਲ ਰਹੇ ਸ਼ਰਾਬ ਦੇ ਠੇਕੇ ਨੂੰ ਚੁਕਵਾਉਣ ਲਈ ਪਿੰਡ ਵਾਸੀਆਂ ਨੇ ਰੋਸ ਪ੍ਰਦਰਸ਼ਨ ਕਰਕੇ ਠੇਕਾ ਤੁਰੰਤ ਚੁਕਵਾਉਣ ਦੀ ਮੰਗ ਕੀਤੀ।ਇਸ ਮੌਕੇ ਸਰਪੰਚ ਬੀਬੀ ਹਰਜਿੰਦਰ ਕੌਰ ਲੋਹਗੜ੍ਹ ਸਮੂਹ ਗ੍ਰਾਮ ਪੰਚਾਇਤ ਨੇ ਵਾਸੀਆਂ ਨੂੰ ਹਮਾਇਤ ਦਿੰਦਿਆਂ ਕਿਹਾ ਕਿ ਉਨ੍ਹਾਂ ਅਹੁਦੇ ਦਾ ਚਾਰਜ ਸੰਭਾਲਣ ਉਪਰੰਤ ਹੀ ਸਰਬਸੰਮਤੀ ਨਾਲ ਇਸ ਪਿੰਡ ਵਿੱਚ ਬਿਲਕੁਲ ਹੀ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਬਾਰੇ ਲਿਖਤੀ ਮਤਾ ਪਾਇਆ ਸੀ, ਪਰ ਫਿਰ ਵੀ ਠੇਕਦਾਰ ਵੱਲੋਂ ਧੱਕੇ ਨਾਲ ਠੇਕਾ ਚਲਾਇਆ ਜਾ ਰਿਹਾ ਹੈ।ਪੰਚ ਬੇਅੰਤ ਸਿੰਘ ਲੋਹਗੜ੍ਹ ਨੇ ਦੱਸਿਆ ਕਿ ਇਹ ਠੇਕਾ ਰਿਹਾਇਸ਼ੀ ਘਰਾਂ ਤੇ ਛਾਪਾ ਲਿੰਕ ਰੋਡ ਉਪਰ ਹੋਣ ਕਰਕੇ ਇਥੋਂ ਲੰਘਣ ਵਾਲੇ ਲੋਕਾਂ, ਖਾਸਕਰ ਔਰਤਾਂ ਤੇ ਸਵੇਰੇ, ਸ਼ਾਮ ਛਾਪਾ ਸਕੂਲ ਆਉਣ-ਜਾਣ ਵਾਲੇ ਵਿਦਿਆਰਥੀਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ।ਗ੍ਰਾਮ ਪੰਚਾਇਤ ਨੇ ਇਸ ਸਬੰਧੀ ਡਿਪਟੀ ਕਮਿਸ਼ਨ ਬਰਨਾਲਾ, ਸਬੰਧਤ ਅਧਿਕਾਰੀਆਂ ਨੂੰ ਪੱਤਰ ਸੌਂਪ ਕੇ ਮੰਗ ਕੀਤੀ ਸੀ ਕਿ 31 ਮਾਰਚ ਤੋਂ ਬਾਅਦ ਨਵੇਂ ਠੇਕਿਆਂ ਦੀ ਨਿਲਾਮੀ ਉਪਰੰਤ ਇਸ ਪਿੰਡ ਵਿੱਚ ਮੁੜ ਸ਼ਰਾਬ ਦਾ ਠੇਕਾ ਨਾ ਖੋਲ੍ਹਿਆ ਜਾਵੇ, ਪਰ ਇਸ ਦੇ ਬਾਵਜੂਦ ਸਬੰਧਤ ਠੇਕੇਦਾਰ ਨੇ ਮੁੜ ਠੇਕਾ ਖੋਲ੍ਹ ਦਿੱਤਾ ਹੈ, ਜਿਸ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਲੋਕਾਂ ਵੱਲੋਂ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ ਹੈ।ਉਨ੍ਹਾਂ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਡਿਪਟੀ ਕਮਿਸ਼ਨਰ ਬਰਨਾਲਾ ਪਾਸੋਂ ਸ਼ਰਾਬ ਦਾ ਠੇਕਾ ਇਥੋਂ ਚੁਕਵਾਉਣ ਦੀ ਮੰਗ ਕੀਤੀ ਹੈ।ਇਸ ਮੌਕੇ ਪੰਚ ਬੰਤ ਸਿੰਘ, ਜਸਪਾਲ ਸਿੰਘ ਪਾਲੀ, ਗੁਰਵਿੰਦਰ ਸਿੰਘ ਰਿੰਕੂ, ਮਨਜੀਤ ਸਿੰਘ ਧਨੇਸਰ, ਸੁਖਜਿੰਦਰ ਸਿੰਘ ਕਾਲਾ, ਹਰਦੀਪ ਸਿੰਘ ਦੀਪਾ, ਮਨਦੀਪ ਸਿੰਘ ਮਨੀ, ਗੁਰਜੀਤ ਸਿੰਘ ਗੱਗੀ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।ਪਤਾ ਲੱਗਦਿਆਂ ਹੀ ਮੌਕੇ 'ਤੇ ਪਹੁੰਚੇ ਐੱਸ ਐੱਚ ਓ ਮਹਿਲ ਕਲਾਂ ਜਗਜੀਤ ਸਿੰਘ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦੁਆਇਆ ਕਿ ਸਬੰਧਤ ਅਧਿਕਾਰੀਆਂ, ਠੇਕੇਦਾਰਾਂ ਨਾਲ ਗੱਲਬਾਤ ਕਰਕੇ ਇਸ ਮਾਮਲੇ ਦਾ ਛੇਤੀ ਹੱਲ ਕਰਵਾਇਆ ਜਾਵੇਗਾ।

# ਪੁਲਸ ਵੱਲੋਂ 'ਅਪ੍ਰੇਸ਼ਨ ਸਤਰਕ' ਤਹਿਤ ਰਾਤ ਸਮੇਂ ਨਾਈਟ ਡਿਊਟੀ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)**-ਜ਼ਿਲ੍ਹੇ ਅੰਦਰ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਤੇ ਸ਼ਰਾਰਤੀ ਤੱਤਾਂ ਉੱਤੇ ਨਜ਼ਰ ਰੱਖਣ ਅਤੇ ਨਸ਼ਾ ਤਸਕਰੀ ਵਰਗੀਆਂ ਗਤੀਵਿਧੀਆਂ ਨੂੰ ਰੋਕਣ ਦੇ ਉਦੇਸ਼ ਨਾਲ ਅਪ੍ਰੇਸ਼ਨ ਸਤਰਕ ਤਹਿਤ ਰਾਤ ਨੂੰ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਇਹ ਮੁਹਿੰਮ ਸ੍ਰੀ ਬਾਬੂ ਲਾਲ ਮੀਨਾ ਆਈ. ਜੀ. ਇੰਟੈਲੀਜੈਂਸ ਪੰਜਾਬ ਤੇ ਡਾ. ਅਖਿਲ ਚੌਧਰੀ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਚਲਾਈ ਗਈ, ਜਿਨ੍ਹਾਂ ਨੇ ਖੁਦ ਜ਼ਿਲ੍ਹੇ ਦੇ ਥਾਣਿਆਂ, ਨਾਕਿਆਂ, ਚੌਕੀਆਂ, ਬੱਸ ਸਟੈਂਡਾਂ, ਪੀ.ਸੀ.ਆਰ. ਮੋਟਰਸਾਈਕਲਾਂ ਆਦਿ ਥਾਵਾਂ ਦਾ ਨਿਰੀਖਣ ਕੀਤਾ।ਉਨ੍ਹਾਂ ਵੱਲੋਂ ਥਾਂ-ਥਾਂ ਡਿਊਟੀ ਉੱਤੇ ਤਾਇਨਾਤ ਮੁਲਾਜ਼ਮਾਂ ਨੂੰ ਸੂਚਨਾ ਤੇ ਸਾਵਧਾਨੀ ਨਾਲ ਡਿਊਟੀ ਨਿਭਾਉਣ ਲਈ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ।ਨਾਈਟ ਡਿਊਟੀ ਮੁਹਿੰਮ ਹੇਠ ਜ਼ਿਲ੍ਹੇ ਦੇ ਅੰਦਰ ਕੁੱਲ 260 ਪੁਲਸ ਅਧਿਕਾਰੀ ਤੇ ਕਰਮਚਾਰੀ ਤਾਇਨਾਤ ਕੀਤੇ ਗਏ।ਚੈਕਿੰਗ ਦੌਰਾਨ ਰੇਲਵੇ ਸਟੇਸ਼ਨਾਂ ਤੇ ਬੱਸ ਸਟੈਂਡਾਂ ਦੀ ਸਖ਼ਤ ਚੈਕਿੰਗ ਕੀਤੀ ਗਈ। ਇਸ ਦੌਰਾਨ ਨਾਕਿਆਂ 'ਤੇ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ।ਪੁਲਸ ਨੇ ਉਨ੍ਹਾਂ ਦੇ ਬੈਗ, ਸਾਮਾਨ ਤੇ ਦਸਤਾਵੇਜ਼ਾਂ ਦੀ ਵੀ ਤਲਾਸ਼ੀ ਲਈ।ਇਸ ਚੈਕਿੰਗ ਦੌਰਾਨ ਸ੍ਰੀ ਅਵਤਾਰ ਸਿੰਘ ਡੀ ਐੱਸ ਪੀ ਗਿੱਦੜਬਾਹ, ਸ੍ਰੀ ਜਸਪਾਲ ਸਿੰਘ ਡੀ ਐੱਸ ਪੀ ਲੰਬੀ, ਅਮਨਦੀਪ ਸਿੰਘ ਡੀ ਐੱਸ ਪੀ, ਸਤਨਾਮ ਸਿੰਘ ਡੀ ਐੱਸ ਪੀ ਮੁਕਤਸਰ, ਰਛਪਾਲ ਸਿੰਘ ਡੀ ਐੱਸ ਪੀ, ਸ੍ਰੀ ਨਵੀਨ ਕੁਮਾਰ ਡੀ ਐੱਸ ਪੀ, ਰਮਨਪ੍ਰੀਤ ਸਿੰਘ ਗਿੱਲ ਡੀ ਐੱਸ ਪੀ ਡੀ ਸਮੇਤ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ 15 ਨੂੰ ਦੇਣਗੇ ਮੈਨੇਜਮੈਂਟ ਨੂੰ ਮੰਗ ਪੱਤਰ : ਬਰਮੀ, ਮਸੀਤਾਂ

## ਮੰਗਾਂ ਨੂੰ ਜਲਦ ਲਾਗੂ ਨਾ ਕੀਤਾ ਤਾਂ 1 ਮਈ ਨੂੰ ਹੋਵੇਗਾ ਸੰਘਰਸ਼ ਦਾ ਐਲਾਨ : ਬਨਵੈਤ, ਬਰਨਾਲਾ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਬੀਤੇ ਦਿਨੀਂ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਦੀ ਮੀਟਿੰਗ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬਰਮੀ ਦੀ ਪ੍ਰਧਾਨਗੀ ਹੇਠ ਹੋਈ।ਪਿਛਲੇ ਰੀਵਿਊ ਸਬੰਧੀ ਮੋਹਾਲੀ ਦੇ ਧਰਨਿਆਂ ਦੀ ਪੜਚੋਲ ਕਰਦਿਆਂ ਕੁੰਭਕਰਨੀ ਨੀਂਦ ਸੁੱਤੀ ਪਈ ਪਾਵਰਕਾਮ ਦੀ ਮੈਨੇਜਮੈਂਟ ਤੇ ਵਾਅਦਿਆਂ ਤੋਂ ਮੁਕਰਨ ਵਾਲੀ ਸਰਕਾਰ ਨੂੰ ਹਲੂਣਾ ਦੇਣ ਲਈ ਸਰਬ ਸੰਮਤੀ ਨਾਲ ਮਸਲਿਆਂ ਬਾਰੇ ਮੰਗ ਪੱਤਰ ਤਿਆਰ ਕਰਕੇ 15 ਅਪ੍ਰੈਲ ਨੂੰ ਚੇਅਰਮੈਨ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ। 1-1-16 ਤੋਂ ਬਣਦੇ ਬਕਾਇਆ ਸਮੇਤ ਕੈਸ਼ਲੈੱਸ ਸਕੀਮ, ਪੇ-ਬੈਂਡ, ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਲਾਗੂ ਕਰਨ ਵਾਲੇ, ਬਣਦੇ ਮਹਿੰਗਾਈ ਭੱਤੇ ਦੇ ਬਕਾਇਆ ਸਮੇਤ ਸਾਰੇ ਬਕਾਏ ਇੱਕੋ ਵਾਰ ਵਿੱਚ ਦੇਣ ਲਈ, ਪੈਨਸ਼ਨਰਾਂ ਦੇ ਬੱਚਿਆਂ ਨੂੰ ਨਵੀਂ ਭਰਤੀ ਸਮੇਂ 15% ਕੋਟਾ ਜਾਰੀ ਕਰਕੇ, 200 ਯੂਨਿਟ ਦੀ ਬਿਜਲੀ ਰਿਆਇਤ ਬਹਾਲ ਕਰਨ ਵਾਰੇ, ਐੱਲ ਟੀ ਸੀ ਵਧੇ ਹੋਏ ਭੱਤਿਆਂ ਸਮੇਤ ਲਾਗੂ ਕਰਨ ਸਬੰਧੀ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ ਮੰਗ ਤਿਆਰ ਕਰਕੇ ਮੈਨੇਜਮੈਂਟ ਨੂੰ ਦੇ ਪਹਿਲ ਦੇ ਆਧਾਰ 'ਤੇ ਮੰਨ ਕੇ ਲਾਗੂ ਕਰਵਾਉਣ ਲਈ ਦਬਾਅ ਬਣਾਇਆ ਜਾਵੇਗਾ।ਇਸ ਸਮੇਂ 21 ਜੁਲਾਈ 25 ਨੂੰ ਸਾਲਾਨਾ ਕਾਨਫਰੰਸ ਤੇ ਸਾਥੀ ਪਰਮਾਰ ਦੀ ਬਰਸੀ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ।ਇਸ ਮੌਕੇ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਵਿੱਤ ਸਕੱਤਰ ਸੁੱਖਜੰਟ ਸਿੰਘ ਬਰਨਾਲਾ, ਕੇਵਲ ਕ੍ਰਿਸ਼ਨ, ਰਾਮ ਆਸਰਾ, ਅਜਮੀਲ ਖ਼ਾਨ, ਰਾਜਿੰਦਰ ਸਿੰਘ ਰਾਜਪੁਰਾ, ਚਰਨ ਸਿੰਘ, ਚਰਨ ਦਾਸ, ਐੱਸ ਪੀ ਸਿੰਘ, ਸੁਰਿੰਦਰ ਸਿੰਘ, ਬਲਬੀਰ ਸਿੰਘ ਮਾਨ, ਨਾਹਰ ਸਿੰਘ ਆਦਿ ਨੇ ਸਹਿਮਤੀ ਦਿੰਦਿਆਂ ਮੰਗ ਪੱਤਰ ਦੇ ਕੇ 15 ਦਿਨ ਦੇ ਸਮੇਂ ਵਿੱਚ ਚੇਅਰਮੈਨ ਪਾਵਰਕਾਮ ਤੋਂ ਮੀਟਿੰਗ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਮੀਟਿੰਗ ਦੇ ਕੇ ਮਸਲੇ ਹੱਲ ਨਾ ਕੀਤੇ ਤਾਂ ਜੂਨ ਮਹੀਨੇ ਪਿਛਲੇ ਸਾਲ ਦੀ ਤਰ੍ਹਾਂ ਤਿੰਨੇ ਗੇਟ ਮੁੱਖ ਦਫਤਰ ਪਟਿਆਲਾ ਦੇ ਬੰਦ ਕਰਕੇ ਮੈਨੇਜਮੈਂਟ ਦੇ ਨੱਕ ਵਿੱਚ ਦਮ ਕਰਕੇ ਜਾਇਜ਼ ਮੰਗਾਂ ਦੀ ਪੂਰਤੀ ਕਾਰਵਾਈ ਜਾਵੇਗੀ।

# ਸੀ ਜੀ ਐੱਮ ਕਾਲਜ ਦੀ ਵਿਦਾਇਗੀ ਪਾਰਟੀ 'ਚ ਮਿਸ ਅਰਪਣ ਕੌਰ ਤੇ ਮਿਸਟਰ ਅਵਤਾਰ ਸਿੰਘ ਫੇਅਰਵੈੱਲ ਬਣੇ



**ਮਲੋਟ (ਗੁਰਮੀਤ ਸਿੰਘ ਮੱਕੜ)**

ਸੀ ਜੀ ਐੱਮ ਕਾਲਜ ਮੋਹਲਾ ਵਿੱਚ ਬੀਤੇ ਦਿਨੀਂ ਵਿਦਾਇਗੀ ਸਮਾਰੋਹ ਹੋਇਆ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਕਾਲਜ ਦੇ ਚੇਅਰਮੈਨ ਸਤਪਾਲ ਮੋਹਲਾਂ ਰਹੇ। ਬੀ.ਏ. ਭਾਗ ਦੂਜੇ ਦੇ ਵਿਦਿਆਰਥੀਆਂ ਨੇ ਬੀ.ਏ. ਭਾਗ ਤੀਜੇ ਤੇ ਐੱਮ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੇ ਐੱਮ.ਏ. ਫਾਈਨਲ ਦੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸ਼ੁੱਭ-ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਤੁਸੀਂ ਜ਼ਿੰਦਗੀ ਵਿੱਚ ਵੱਡੇ ਮੁਕਾਮ 'ਤੇ ਪਹੁੰਚੋ। ਇਸ ਮੌਕੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਸੋਲੋ ਡਾਂਸ, ਭੰਗੜਾ, ਗਿੱਧਾ, ਗਰੁਪ ਡਾਂਸ, ਗੀਤ ਤੇ ਮੋਨੋ ਐਕਟਿੰਗ ਵਰਗੀਆਂ ਸਟੇਜ ਗਤੀਵਿਧੀਆਂ ਕੀਤੀਆਂ। ਅਧਿਆਪਕਾਂ ਦੀ ਸ਼ਖ਼ਸੀਅਤ ਦੇ ਮੁਤਾਬਕ ਵਿਦਿਆਰਥੀਆਂ ਨੇ ਹਾਸੇ ਠੱਠੇ ਵਜੋਂ ਵਿਅੰਗ ਵੀ ਕੱਸੇ। 'ਮਹਿਕ' ਨਾਮ ਦੀ ਲੜਕੀ ਨੇ ਵਿਛੋੜੇ ਦੇ ਦਰਦ ਨੂੰ ਆਪਣੇ ਗੀਤ ਵਿੱਚ ਅਜਿਹਾ ਰੰਗ ਦਿੱਤਾ ਕਿ ਵਿਦਿਆਰਥੀ ਤੇ ਪ੍ਰੋਫੈਸਰ ਸਾਹਿਬਾਨਾਂ ਦੇ ਅੱਖਾਂ ਵਿੱਚ ਹੰਝੂ ਆ ਗਏ। ਵਿਦਿਆਰਥੀਆਂ ਨੇ ਕਾਲਜ ਸਬੰਧੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਕਾਲਜ ਨਾਲ ਸਾਡਾ ਲਗਾਓ ਇੰਨਾ ਵਧ ਚੁੱਕਿਆ ਹੈ ਕਿ ਜੀਵਨ ਜਾਂਚ ਦੇ ਬਹੁਤੇ ਪਹਿਲੂ ਇਸੇ ਕਾਲਜ ਵਿੱਚ ਸਿੱਖਣ ਨੂੰ ਮਿਲੇ, ਜਿਸ ਕਰਕੇ ਅੱਜ ਸਾਡਾ ਕਾਲਜ ਛੱਡ ਕੇ ਜਾਣ ਨੂੰ ਦਿਲ ਨਹੀਂ ਕਰਦਾ। ਹਨੀ, ਗੁਰਬਖਸ਼ ਸਿੰਘ, ਰਮਨੀਕ ਕੌਰ, ਰਮਨਦੀਪ ਸਿੰਘ ਤੇ ਆਸ਼ੀਸ਼ਦੀਪ ਸਿੰਘ ਵਿਦਿਆਰਥੀਆਂ ਨੇ ਸਟੇਜ 'ਤੇ ਅਜਿਹਾ ਰੰਗ ਬੰਨ੍ਹਿਆ ਕਿ ਵਿਦਿਆਰਥੀਆਂ ਨੂੰ ਕੀਲ ਕੇ ਰੱਖ ਦਿੱਤਾ। ਇਸ ਵਿਦਾਇਗੀ ਪਾਰਟੀ ਵਿੱਚ ਅਰਪਣ ਕੌਰ ਤੇ ਅਵਤਾਰ ਸਿੰਘ ਕ੍ਰਮਵਾਰ ਮਿਸ ਤੇ ਮਿਸਟਰ ਫੇਅਰਵੈੱਲ ਚੁਣੇ ਗਏ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਜਿਵੇਂ-ਜਿਵੇਂ ਤੁਸੀਂ ਤਰੱਕੀ ਦੀਆਂ ਬੁਲੰਦੀਆਂ ਤੇ ਜਾਵੋਗੇ, ਉਸੇ ਤਰ੍ਹਾਂ ਪਿਛਲੇ ਸਮੇਂ ਦੀਆਂ ਯਾਦਾਂ ਇੱਕ ਵਿਰਾਸਤ ਦੇ ਰੂਪ ਵਿੱਚ ਵੇਖੋਗੇ। ਇਸ ਮੌਕੇ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਜਗਤਾਰ ਸਿੰਘ ਬਰਾੜ, ਨਵਜੀਤ ਸਿੰਘ ਮੋਹਲਾਂ ਤੇ ਰਾਜ ਕੁਮਾਰ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਇਸ ਪਾਰਟੀ ਦੀ ਕਨਵੀਅਰ ਪ੍ਰੋਫੈਸਰ ਸੁਮਨ ਗਾਂਧੀ ਨੇ ਵਿਦਿਆਰਥੀਆਂ ਨੂੰ ਡਿਸਪਲਿਨ ਦਾ ਪਾਠ ਪੜ੍ਹਾਉਂਦਿਆਂ ਕਿਹਾ ਕਿ ਤੁਸੀਂ ਜੀਵਨ ਵਿੱਚ ਡਿਸਪਲਿਨ ਨਾਲ ਕਿਵੇਂ ਅੱਗੇ ਵਧ ਸਕਦੇ ਹੋ। ਇਸ ਮੌਕੇ ਪ੍ਰੋ. ਗਗਨਦੀਪ ਸਿੰਘ, ਪ੍ਰੋ. ਪਵਨਪ੍ਰੀਤ ਸਿੰਘ, ਪ੍ਰੋ. ਨਿਰਮਲ ਕੌਰ, ਪ੍ਰੋ. ਪ੍ਰਿਅੰਕਾ ਰਾਣੀ, ਪ੍ਰੋ. ਪਵਨਦੀਪ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਜਰਮਨਬੀਰ ਸਿੰਘ, ਪ੍ਰੋ. ਗੁਰਨੇਕ ਸਿੰਘ, ਪ੍ਰੋ. ਡਿੰਕੀਪਾਲ ਸਿੰਘ, ਪ੍ਰੋ. ਸਤਵੀਰ ਕੌਰ, ਪ੍ਰੋ. ਈਸ਼ਾ, ਪ੍ਰੋ. ਸਿੰਮੀਪ੍ਰੀਤ ਕੌਰ, ਪ੍ਰੋ. ਵੀਰਪਾਲ ਕੌਰ, ਪ੍ਰੋ. ਸਰਬਜੀਤ ਕੌਰ, ਲਾਇਬਰੇਰੀਅਨ ਗੁਰਜੀਤ ਕੌਰ, ਪ੍ਰੋ. ਅਮਨਜੋਤ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਹਰਪ੍ਰੀਤ ਕੌਰ, ਸੁਪਰਡੈਂਟ ਅਵਤਾਰ ਸਿੰਘ, ਕੈਸ਼ੀਅਰ ਸੁਰਿੰਦਰ ਪਾਲ ਸਿੰਘ, ਬਾਲਚੰਦ ਕਲਰਕ, ਰਨਜੋਧਨ ਸਿੰਘ ਸੀਨੀਅਰ ਕਲਰਕ ਤੋਂ ਇਲਾਵਾ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਾਬਕਾ ਵਿਧਾਇਕ ਦਲਵੀਰ ਗੋਲਡੀ ਨੇ ਕੀਤੀ ਘਰ ਵਾਪਸੀ

## ਪਾਰਟੀ ਛੱਡਣਾ ਮੇਰੀ ਪਹਿਲੀ ਤੇ ਆਖ਼ਰੀ ਸਿਆਸੀ ਗਲਤੀ ਸੀ : ਗੋਲਡੀ ਖੰਗੂੜਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਅੱਜ ਘਰ ਵਾਪਸੀ ਕਰਦਿਆਂ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ। ਦੱਸਣਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਦਲਬੀਰ ਸਿੰਘ ਗੋਲਡੀ ਦੀਆਂ ਘਰ ਵਾਪਸੀ ਹੋਣ ਦੀਆਂ ਚਰਚਾਵਾਂ ਸਨ ਤੇ ਅੱਜ ਦਲਵੀਰ ਸਿੰਘ ਗੋਲਡੀ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਸਿੰਘ ਦੀ ਅਗਵਾਈ ਅਤੇ ਸੂਬਾ ਕਾਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਮੌਜੂਦਗੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ।ਚੇਤੇ ਰਹੇ ਕਿ ਲੰਘੀਆਂ ਪਾਰਲੀਮੈਂਟ ਚੋਣਾਂ ਵੇਲੇ ਦਲਬੀਰ ਸਿੰਘ ਗੋਲਡੀ ਨੇ ਸੰਗਰੂਰ ਹਲਕੇ ਤੋਂ ਟਿਕਟ ਨਾ ਮਿਲਣ ਕਾਰਨ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਸੀ ਅਤੇ ਫ਼ਿਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ, ਪਰ ਕੁੱਝ ਸਮੇਂ ਬਾਅਦ ਹੀ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਘੁਟਣ ਮਹਿਸੂਸ ਕਰਦਿਆਂ ਪਾਰਟੀ ਤੋਂ ਕਿਨਾਰਾ ਕਰ ਲਿਆ ਸੀ ਅਤੇ ਉਦੋਂ ਤੋਂ ਹੀ ਉਨ੍ਹਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀਆਂ ਚਰਚਾਵਾਂ ਸਨ।ਇਸ ਪ੍ਰਤੀਨਿਧ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਛੱਡਣਾ ਉਸ ਦੀ ਪਹਿਲੀ ਤੇ ਆਖਰੀ ਸਿਆਸੀ ਗਲਤੀ ਸੀ ਅਤੇ ਇਹ ਸਮਾਂ ਉਨ੍ਹਾਂ ਲਈ ਬਹੁਤ ਔਖਾ ਸੀ, ਪਰ ਹੁਣ ਉਹ ਅਤੀਤ ਨੂੰ ਭੁਲਾ ਕੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਾਂਗਰਸੀ ਵਰਕਰਾਂ ਨੂੰ ਨਾਲ ਲੈ ਕੇ ਪੂਰੀ ਮਿਹਨਤ ਕਰਨਗੇ।ਉਨ੍ਹਾਂ ਪ੍ਰਤਾਪ ਸਿੰਘ ਬਾਜਵਾ ਦੀ ਨਰਾਜ਼ਗੀ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਬੱਚਿਆਂ ਤੋਂ ਕਦੇ ਕਦਾਈ ਗਲ਼ਤੀਆਂ ਹੋ ਜਾਂਦੀਆਂ ਹਨ, ਪਰ ਮੈਂ ਕਦੇ ਵੀ ਸੰਗਠਨ ਤੋੜਨ ਬਾਰੇ ਨਹੀਂ ਸੋਚਿਆ।ਉਨ੍ਹਾਂ ਕਿਹਾ ਕਿ ਉਹ ਆਪਣੇ ਪ੍ਰੇਰਣਾਸ੍ਰੋਤ ਤੇ ਲੀਡਰ ਰਾਹੁਲ ਗਾਂਧੀ ਦੀ ਅਗਵਾਈ ਹੇਠ ਕੰਮ ਕਰਨਗੇ ਅਤੇ ਜਿੱਥੇ ਕਿਤੇ ਵੀ ਪਾਰਟੀ ਉਨ੍ਹਾਂ ਦੀ ਡਿਊਟੀ ਲਗਾਏਗੀ, ਉਸ ਨੂੰ ਜੀ ਜਾਨ ਨਾਲ ਨਿਭਾਉਣਗੇ।

# ਈ ਕੇ ਵਾਈ ਸੀ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਦੇ ਦੂਜੇ ਦਿਨ 1448 ਕਿਸਾਨ ਹੋਏ ਸ਼ਾਮਲ : ਮੁੱਖ ਖੇਤੀਬਾੜੀ ਅਫ਼ਸਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਜ਼ਿਲ੍ਹਾ ਗੁਰਦਾਸਪੁਰ ਅੰਦਰ ਇਕ ਲੱਖ ਸੋਲਾਂ ਹਜ਼ਾਰ ਲਾਭਪਾਤਰੀ ਕਿਸਾਨ ਹਨ ਜਿਨ੍ਹਾਂ ਦੇ ਖਾਤਿਆਂ ਵਿਚ ਹਰ ਸਾਲ 6000 ਤਿੰਨ ਬਰਾਬਰ ਕਿਸ਼ਤਾਂ ਵਿਚ ਆ ਰਹੇ ਹਨ। ਇਨਾਂ ਵਿਚੋਂ ਤਕਰੀਬਨ 36000 ਲਾਭਪਾਤਰੀ ਅਜਿਹੇ ਹਨ ਜੋਂ ਈ ਕੇ ਵਾਈ ਸੀ ਜਾਂ ਹੋਰਨਾਂ ਕਾਰਨਾਂ ਕਰਕੇ 2000 ਦੀ ਕਿਸ਼ਤ ਲੈਣ ਤੋਂ ਵਾਂਝੇ ਰਹਿ ਰਹੇ ਹਨ, ਇਨ੍ਹਾਂ ਕਿਸਾਨਾਂ ਦੀ ਕਿਸ਼ਤ ਚਾਲੂ ਕਰਨ ਲਈ ਸਾਂਝੇ ਸੇਵਾ ਕੇਂਦਰਾਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਮੁਹਿੰਮ ਦੇ ਪਹਿਲੇ ਦਿਨ 94 ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਗਾਏ ਗਏ ਜਿਸ ਵਿਚ ਉਹ ਲਾਭਪਾਤਰੀ ਕਿਸਾਨ ਜਿਨ੍ਹਾਂ ਦੀਆਂ ਕਿਸ਼ਤਾਂ ਰੁਕ ਗਈਆਂ ਹਨ ਉਨਾਂ ਦੀ ਈ ਕੇ ਵਾਈ ਸੀ ਕਰਨ ਤੋਂ ਕਿਸਾਨਾਂ ਨੂੰ ਮੱਕੀ ਦੀ ਕਾਸ਼ਤ, ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਬਾਰੇ, ਝੋਨੇ ਦੀਆਂ ਸਿਫਾਰਸ਼ਸ਼ੁਦਾ ਕਿਸਮਾਂ ਦੀ ਕਾਸ਼ਤ ਕਰਨ ਬਾਰੇ ਜਾਣਕਾਰੀ ਦਿੱਤੀ ਗਈ।ਇਸ ਬਾਰੇ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਹਰੇਕ ਲਾਭਪਾਤਰੀ ਕਿਸਾਨ ਦੀ ਈ ਕੇ ਵਾਈ ਸੀ ਕਰਨੀ ਜ਼ਰੂਰੀ ਕਰ ਦਿੱਤੀ ਹੈ ਤਾਂ ਜੋ ਅਯੋਗ ਲਾਭਪਾਤਰੀਆਂ ਦੀ ਛਾਂਟੀ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਕਈ ਯੋਗ ਲਾਭਪਾਤਰੀਆਂ ਦੀਆਂ ਕਿਸ਼ਤਾਂ ਬੰਦ ਹੋ ਗਈਆਂ ਹਨ ਜਿਸ ਦਾ ਮੁੱਖ ਕਾਰਨ ਈ ਕੇ ਵਾਈ ਸੀ,ਲੈਂਡ ਸੀਡਿੰਗ ਅਤੇ ਅਧਾਰ ਸੀਦਿੰਗ ਦਾ ਨਾ ਹੋਣਾ ਹੈ। ਉਨਾਂ ਦੱਸਿਆ ਕਿ ਇਸ ਸਕੀਮ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਕਿਸਾਨਾਂ ਦੀ ਈ ਕੇ ਵਾਈ ਸੀ,ਅਧਾਰ ਸੀਡਿੰਗ ਅਤੇ ਲੈਂਡ ਸੀਡਿੰਗ ਕਰਨ ਲਈ 15 ਦਿਨਾਂ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਮੁਹਿੰਮ ਦੇ ਦੂਜੇ ਦਿਨ 94 ਪਿੰਡਾਂ ਵਿਚ ਖ਼ੇਤੀਬਾੜੀ ਵਿਭਾਗ ਦੇ ਅਧਿਕਾਰੀ / ਕਰਮਚਾਰੀ ਵੱਲੋਂ ਈ ਕੇ ਵਾਈ ਸੀ ਕੀਤੀ ਗਈ ਜਿਸ ਵਿੱਚ ਸਾਂਝੇ ਸੇਵਾ ਕੇਂਦਰ ਦੇ



ਮੁਲਾਜ਼ਮਾਂ ਨੇ ਵੀ ਹਿੱਸਾ ਲਿਆ। ਉਨਾਂ ਦੱਸਿਆ ਕਿ ਪਹਿਲੇ ਦਿਨ ਕੁੱਲ 1448 ਕਿਸਾਨ ਅਤੇ ਕਿਸਾਨ ਬੀਬੀਆਂ ਦੀ ਪਹਿਚਾਣ ਕੀਤੀ ਗਈ। ਉਨਾਂ ਦੱਸਿਆ ਇਨਾਂ ਪਹਿਚਾਣ ਕੀਤੇ ਲਾਭਪਾਤਰੀਆਂ ਵਿਚੋਂ 443 ਲਾਭਪਾਤਰੀਆਂ ਦੀ ਈ ਕੇ ਵਾਈ ਸੀ ਮੌਕੇ 'ਤੇ ਕੀਤੀ ਗਈ। ਉਨਾਂ ਦੱਸਿਆ ਕਿ ਇਸ ਕੈਂਪ ਦੌਰਾਨ ਪਾਏ ਗਏ ਅਯੋਗ ਲਾਭਪਾਤਰੀ ਜਿਵੇਂ ਕਿ ਜਿਨਾਂ ਦੀ ਮੌਤ ਹੋ ਚੁੱਕੀ ਹੈ, ਜੋ ਭਾਰਤ ਦੇਸ਼ ਤੋਂ ਬਾਹਰ ਰਹਿੰਦੇ ਹਨ ਜਾਂ ਜੋ ਇਸ ਸਕੀਮ ਦੀਆਂ ਗਾਈਡਲਾਈਨਾ ਅਨੁਸਾਰ ਆਯੋਗ ਹਨ ਉਹਨਾਂ ਦੇ ਖਾਤੇ ਬੰਦ ਕੀਤੇ ਜਾਣਗੇ । ਉਨਾਂ ਕਿਹਾ ਕਿ ਜਿੰਨਾ ਲਾਭਪਾਤਰੀਆਂ ਦੀ ਮੌਤ ਹੋ ਚੁੱਕੀ ਹੈ ਉਹਨਾਂ ਦੇ ਵਾਰਸਾਂ ਨੂੰ ਚਾਹੀਦਾ ਹੈ ਕਿ ਮ੍ਰਿਤਕ ਦਾ ਮੌਤ ਦਾ ਸਰਟੀਫਿਕੇਟ ਜਾਂ ਸਰਪੰਚ /ਨੰਬਰਦਾਰ ਦੁਆਰਾ ਲਿਖਿਆ ਪੱਤਰ ਅਤੇ ਖਾਤਾ ਬੰਦ ਕਰਨ ਲਈ ਬਿਨੇਪਤਰ ਸਬੰਧਤ ਅਧਿਕਾਰੀ/ਕਰਮਚਾਰੀ ਕੋਲ ਜਮਾਂ ਕਰਵਾ ਦੇਣ ਤਾਂ ਜੋਂ ਮ੍ਰਿਤਕ ਜਾਂ ਅਯੋਗ ਲਾਭਪਾਤਰੀ ਦਾ ਖਾਤਾ ਬੰਦ ਕਰਨ ਲਈ ਕਾਰਵਾਈ ਕੀਤੀ ਜਾ ਸਕੇ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਮੰਡਲ ਪ੍ਰਧਾਨ ਸਾਥੀ ਸਾਹਿਬ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਿਜਲੀ ਕਾਮਿਆਂ ਨੂੰ ਫੀਲਡ ਅਤੇ ਦਫਤਰਾਂ ਵਿਚ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸਰਕਲ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ



ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਬਿਜਲੀ ਕਾਮਿਆਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ ਹੈ, ਸੀ ਆਰ ਏ 295.268 ਅਧੀਨ ਭਰਤੀ ਕੀਤੇ ਸਹਾਇਕ ਲਾਈਨਮੈਨ ਨੂੰ ਮਹਿਕਮੇ ਦੀਆਂ ਹਦਾਇਤਾਂ ਮੁਤਾਬਿਕ 5 ਸਾਲ ਦੀ ਸੇਵਾ ਪੂਰੀ ਕਰਨ ਦੇ ਬਾਵਜੂਦ ਲਾਈਨਮੈਨ ਨਹੀਂ ਬਣਾਇਆ ਜਾ ਰਿਹਾ, ਜਦ ਕਿ ਪੰਜਾਬ ਅੰਦਰ ਹਜ਼ਾਰਾਂ ਅਸਾਮੀਆਂ ਲਾਈਨਮੈਨ ਦੀਆਂ ਖਾਲੀ ਪਈਆਂ ਹਨ। ਫੀਲਡ ਵਿੱਚ ਕੰਮ ਦਾ ਵਰਕ ਲੋਡ ਦਿਨੋ ਦਿਨ ਵਧ ਰਿਹਾ ਹੈ, ਜਦਕਿ ਭਰਤੀ ਨਾ ਦੇ ਬਰਾਬਰ ਹੈ ਦੂਸਰੇ ਪਾਸੇ ਪਾਵਰਕੌਮ ਦੀ ਮੈਨੇਜਮੈਂਟ ਫੀਲਡ ਵਿੱਚ ਪ੍ਰਾਈਵੇਟ ਗੈਂਗ ਬਣਾ ਕੇ ਰੱਖਣ ਦੇ ਹੁਕਮ ਜਾਰੀ ਕਰਕੇ ਪੱਕੇ ਰੁਜ਼ਗਾਰ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ ਅਤੇ ਮਹਿਕਮੇ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਲਈ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ । ਮੁਲਾਜ਼ਮਾਂ ਦੇ ਆਗੂ ਸਾਥੀ ਉਦੀਪੁਰ ਨੇ ਦੱਸਿਆ ਕਿ ਮੰਡਲ ਦਫ਼ਤਰ ਗੁਰਦਾਸਪੁਰ ਵਿਖੇ ਮੁਲਾਜ਼ਮ ਮਸਲਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ। ਸੇਵਾ ਮੁਕਤ ਕਰਮਚਾਰੀਆਂ ਨੂੰ ਵਧੇ ਹੋਏ ਲੋਡ ਦਾ ਬਕਾਇਆ ਏਰੀਅਰ ਦੇਣ ਲਈ ਟਾਲ ਮਟੋਲ ਦੀ ਨੀਤੀ ਅਪਨਾਈ ਜਾ ਰਹੀ ਹੈ । ਮੁਲਾਜ਼ਮ ਆਗੂਆਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਮੁਲਾਜ਼ਮ ਮਸਲਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਮੈਨੇਜਮੈਂਟ ਵਿਰੁੱਧ ਸੰਘਰਸ਼ ਕਰਨ ਨੂੰ ਮਜਬੂਰ ਹੋਵੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਰਣਜੀਤ ਸਿੰਘ ਦੋਰਾਂਗਲਾ, ਸਤਪਾਲ ਸਿੰਘ, ਗੌਰਵ, ਮਲਕੀਤ ਸਿੰਘ, ਲਖਵਿੰਦਰ ਸਿੰਘ ਟਾਂਡਾ ਆਦਿ ਆਗੂ ਹਾਜ਼ਰ ਸਨ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਦਸਤਾਰ ਮਾਰਚ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਿੱਖ ਵੈਲਫੇਅਰ ਫਾਊਂਡੇਸ਼ਨ ਧਾਰੀਵਾਲ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਦਸਤਾਰ ਮਾਰਚ ਸਜਾਇਆ ਗਿਆ। ਜਿਸ ਦੀ ਸ਼ੁਰੂਆਤ ਗੁਰਦੁਆਰਾ ਨਾਨਕਪੁਰੀ ਸਾਹਿਬ ਤੋਂ ਅਰਦਾਸ ਬੇਨਤੀ ਕਰਕੇ ਕੀਤੀ ਗਈ। ਇਸ ਦਸਤਾਰ ਮਾਰਚ



ਵਿੱਚ ਸਮੂਹ ਇਲਾਕੇ ਦੀਆਂ ਸਿੱਖ ਸੰਸਥਾਵਾਂ ਤੇ ਸੋਸਾਇਟੀਆਂ ਨੇ ਭਾਗ ਲਿਆ। ਜਿਸ ਵਿੱਚ ਸੁਖਮਨੀ ਸਾਹਿਬ ਸੇਵਾ ਸੋਸਾਇਟੀ, ਕਲਗੀਧਰ ਸੇਵਾ ਸੋਸਾਇਟੀ, ਗੁਰਮਤਿ ਪ੍ਰਚਾਰ ਲਹਿਰ ਗਤਕਾ ਜਥਾ, ਗੁ. ਨਾਨਕਪੁਰੀ ਕਮੇਟੀ, ਭਗਤ ਰਵੀਦਾਸ ਸਭਾ ਦੇ ਸਹਿਯੋਗ ਨਾਲ ਇਹ ਦਸਤਾਰ ਮਾਰਚ ਸਜਾਇਆ ਗਿਆ।

ਇਸ ਮਾਰਚ ਵਿੱਚ ਬੀਬੀਆਂ ਨੇ ਭਾਗ ਲਿਆ। ਸਿੱਖ ਆਗੂਆਂ ਤੇ ਫਾਊਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਦਸਤਾਰ ਮਾਰਚ ਦਾ ਮੁੱਖ ਉਦੇਸ਼ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਜੇਕਰ ਇਨਸਾਨ ਨੇ ਨਸ਼ਾ ਕਰਨਾ ਹੈ ਤਾਂ ਉਹ ਗੁਰਬਾਣੀ ਦਾ ਨਾਮ ਰੂਪੀ ਨਸ਼ਾ ਕਰੇ ਜਿਸ ਨਾਲ ਤਨ ਮਨ ਸਵਾਰਿਆ ਜਾ ਸਕੇ। ਇਹ ਮਾਰਚ ਗੁਰਦੁਆਰਾ ਸਿੰਘ ਸਭਾ ਰਣੀਆਂ ਤੋਂ ਵਾਪਸ ਗੁਰਦੁਆਰਾ ਬੇਬੇ ਨਾਨਕੀ ਧਾਰੀਵਾਲ ਵਿਖੇ ਸਮਾਪਤ ਹੋਇਆ ਅਤੇ ਸਮਾਪਤੀ ਉਪਰੰਤ ਲੰਗਰ ਵਰਤਾਇਆ ਗਿਆ।

ਇਸ ਸਮੇਂ ਡਾ ਗੁਰਜਿੰਦਰ ਸਿੰਘ, ਗੁਰਮੀਤ ਸਿੰਘ, ਸੁਖਵੰਤ ਸਿੰਘ, ਜਸਪਾਲ ਸਿੰਘ, ਕੁਲਦੀਪ ਸਿੰਘ, ਅਨਮੋਲਕ ਸਿੰਘ, ਦਲਬੀਰ ਸਿੰਘ, ਪ੍ਰਦੀਪ ਸਿੰਘ ਸੇਵਕ, ਗੁਰਜੀਤ ਸਿੰਘ ਮੌੜ, ਰਾਮ ਸਿੰਘ, ਸਕੱਤਰ ਸਿੰਘ, ਕੁਲਵਿੰਦਰ ਸਿੰਘ ਅਨਮੋਲ, ਜਗਰੂਪ ਸਿੰਘ ਕਲਿਆਣਪੁਰ, ਗੁਰਸਾਹਿਬ ਸਿੰਘ ਜਫ਼ਰਵਾਲ, ਰਜਿੰਦਰ ਸਿੰਘ ਜਫ਼ਰਵਾਲ, ਮਲਕੀਤ ਸਿੰਘ, ਸ਼ਮਸ਼ੇਰ ਸਿੰਘ, ਡਾ ਕੇ ਜੇ ਸਿੰਘ, ਸ਼ਮਸ਼ੇਰ ਸਿੰਘ, ਪੰਕਜਦੀਪ ਸਿੰਘ ਲੇਹਲ, ਨਵਨੀਤ ਸਿੰਘ ਭੁੰਬਲੀ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਅਧਿਕਾਰੀਆਂ ਨਾਲ ਅਹਿਮ ਮੀਟਿੰਗ

ਗੁਰਦਾਸਪੁਰ (ਜਨਕ ਮਹਾਜਨ)-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਪੰਜਾਬ ਟਰਾਂਸਪੈਰੈਂਸੀ ਅਤੇ ਅਕਾਉਂਟੀਬਿਲਟੀ ਇਨ ਡਲੀਵਰੀ ਆਫ ਪਬਲਿਕ ਸਰਵਿਸ ਐਕਟ, 2018 ਅਧੀਨ ਨੋਟੀਫਾਈਡ ਸੇਵਾਵਾਂ ਸਬੰਧੀ ਪ੍ਰਾਪਤ ਅਰਜ਼ੀਆਂ ਦੇ ਨਿਪਟਾਰੇ ਸਬੰਧੀ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਪੈਡੈਂਸੀ ਜਲਦੀ ਤੋਂ ਜਲਦੀ ਕਲੀਅਰ ਕਰਨ। ਉਨ੍ਹਾਂ ਕਿਹਾ ਕਿ ਆਪਣੀ ਪੈਡੈਂਸੀ ਕਲੀਅਰ ਨਾ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੰਜਾਬ ਟਰਾਂਸਪੈਰੈਂਸੀ ਅਤੇ ਅਕਾਉਂਟੀਬਿਲਟੀ ਐਕਟ ਤਹਿਤ ਜੁਰਮਾਨਾ ਲਗਾਇਆ ਜਾਵੇਗਾ, ਜਿਸ ਦੀ ਅਦਾਇਗੀ ਅਧਿਕਾਰੀ/ਕਰਮਚਾਰੀ ਨੂੰ ਆਪਣੀ ਤਨਖਾਹ ਵਿੱਚੋਂ ਕਰਨੀ ਪਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਹਿਲਾਂ ਵੀ ਆਰ.ਟੀ.ਓ. ਗੁਰਦਾਸਪੁਰ, ਈ.ਓ.ਐਮ.ਸੀ ਦੀਨਾਨਗਰ, ਈ.ਓ.ਐਮ.ਸੀ ਕਾਦੀਆਂ ਅਤੇ ਐਕਸੀਅਨ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ-1 ਨੂੰ ਜੁਰਮਾਨਾ ਲਗਾਇਆ ਜਾ ਚੁੱਕਾ ਹੈ।

ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਇਹ ਸਖਤ ਹਦਾਇਤਾਂ ਹਨ ਕਿ ਜਨਤਾ ਨੂੰ ਸਰਕਾਰੀ ਸੇਵਾਵਾਂ ਤੈਅ ਸਮੇਂ ਅੰਦਰ ਬਿਨ੍ਹਾਂ ਕਿਸੇ ਖੱਜਲ-ਖੁਆਰੀ ਦੇ ਦਿੱਤੀਆਂ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਦੇਣ ਅਤੇ ਉਨ੍ਹਾਂ ਵੱਲ ਕੋਈ ਵੀ ਪੈਡੈਂਸੀ ਨਹੀਂ ਹੋਣੀ ਚਾਹੀਦੀ। ਮੀਟਿੰਗ ਦੌਰਾਨ ਸੰਜੀਵ ਕੁਮਾਰ, ਸੁਪਰਡੈਂਟ ਨਹਿਰ-9 ਅਤੇ ਚਰਨ ਦਾਸ ਸੀਨੀਅਰ ਸਹਾਇਕ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਚੌਕ ਦਾ ਉਦਘਾਟਨ ਤੇ ਮੂਰਤੀ ਸਥਾਪਨਾ ਭਲਕੇ

ਮਹਿਤਪੁਰ (ਰਾਜਾ) ਭਾਰਤ ਰਤਨ ਡਾ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਚੌਕ ਦਾ ਉਦਘਾਟਨ ਅਤੇ ਮੂਰਤੀ ਸਥਾਪਨਾ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਚੌਕ ਮਹਿਤਪੁਰ ਵਿਖੇ ਕੀਤਾ ਜਾਵੇਗਾ।

ਇਸ ਸੰਬੰਧੀ ਜਾਣਕਾਰੀ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਨੇ ਦਿੱਤੀ।

ਉਨ੍ਹਾਂ ਕਿਹਾ ਕਿ ਸਵੇਰੇ ਪਹਿਲਾਂ 9 ਵਜੇ ਡਾਕਟਰ ਅੰਬੇਡਕਰ ਭਵਨ ਇਸਮਾਈਲਪੁਰ ਰੋਡ ਮਹਿਤਪੁਰ ਤੋਂ ਚੇਤਨਾ ਮਾਰਚ ਕੱਢਿਆ ਜਾਵੇਗਾ ਜੋ ਮਹਿਤਪੁਰ ਦੇ ਮੁਹੱਲਿਆਂ ਵਿੱਚ ਦੀ ਹੁੰਦਾ ਹੋਇਆ ਡਾਕਟਰ ਅੰਬੇਡਕਰ ਚੌਕ ਵਿਖੇ ਸਮਾਪਤ ਹੋਵੇਗਾ।

ਇਸ ਮੌਕੇ ਬਾਲਜੋਗੀ ਬਾਬਾ ਪ੍ਰਗਟ ਨਾਥ ਰਹੀਮਪੁਰ ਵਾਲੇ ਅਤੇ ਸੰਤ ਗੁਰਦਿੱਤਾ ਗਿਰ, ਸੰਤ ਤਲਾਸ਼ ਗਿਰ ਮਹਿਤਪੁਰ ਵਾਲੇ ਸੰਤ ਮਹਾਂਪੁਰਸ਼ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਪੰਜਾਬ ਦੇ ਸਿਰਮੌਰ ਬੁਲਾਰਿਆਂ ਵਲੋਂ ਡਾ. ਅੰਬੇਡਕਰ ਦੇ ਜੀਵਨ ਸਬੰਧੀ ਚਾਨਣਾ ਪਾਇਆ ਜਾਵੇਗਾ।

## ਧਾਮੀ ਵੱਲੋਂ ਵਧਾਈ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ/ ਕੰਵਲਜੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਉਨ੍ਹਾ ਕਿਹਾ ਕਿ ਪੰਜਾਬ ਅਤੇ ਪੰਥ ਦੀ ਤਰਜਮਾਨ ਰਾਜਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਸਿੱਖ ਕੌਮ ਦੇ ਮਸਲਿਆਂ ਅਤੇ ਪੰਜਾਬ ਦੇ ਲੋਕਾਂ ਦੀ ਤਰਜਮਾਨੀ ਕੀਤੀ ਹੈ ਅਤੇ ਆਸ ਹੈ ਕਿ ਸੁਖਬੀਰ ਸਿੰਘ ਬਾਦਲ ਇਸੇ ਸੇਧ ਵਿਚ ਭਵਿੱਖੀ ਤਰਜੀਹਾਂ ਨਿਰਧਾਰਤ ਕਰਕੇ ਲੋਕਾਂ ਦੀ ਅਵਾਜ਼ ਬਣਨਗੇ।


### ਸਰਕਾਰੀ ਹਾਈ ਸਕੂਲ ਮਸੀਤਪਲ ਕੋਟ

**ਨਿਲਾਮੀ ਨੋਟਿਸ**

ਸਰਕਾਰੀ ਹਾਈ ਸਕੂਲ ਮਸੀਤਪਲ ਕੋਟ, ਬਲਾਕ ਟਾਂਡਾ 2 , ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹਰੇ/ਖੜੇ ਰੁੱਖਾਂ 6 ਪਾਪੂਲਰ ਅਤੇ 12 ਡੇਕਾਂ ਕੁੱਲ 18 ਰੁੱਖਾਂ ਦੀ ਨਿਲਾਮੀ ਸਰਕਾਰੀ ਹਾਈ ਸਕੂਲ ਮਸੀਤਪਲ ਕੋਟ ਵਿਖੇ 17/04/2025 ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ। ਨਿਲਾਮੀ ਤੋਂ ਪਹਿਲਾਂ ਹਰ ਬੋਲੀਕਾਰ ਤੋਂ 5 ਹਜ਼ਾਰ ਰੁਪਏ ਸਕਿਉਰਟੀ ਲਈ ਜਾਵੇਗੀ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਚੇਅਰਮੈਨ/ਸਕੱਤਰ,
ਸਕੂਲ ਮੈਨੇਜਮੈਂਟ ਕਮੇਟੀ, ਸਰਕਾਰੀ ਹਾਈ ਸਕੂਲ ਮਸੀਤਪਲ ਕੋਟ, ਜ਼ਿਲ੍ਹਾ ਹੁਸ਼ਿਆਰਪੁਰ।
ਮੋਬਾਇਲ: 99144-95980



### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ.ਏ.ਪੀ-136 ਹੈ ਜੋ ਕਿ ਹਰਨੇਕ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਕਿਸ਼ਨਗੜ੍ਹ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਗੁਰਪਿਆਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਕਿਸ਼ਨਗੜ੍ਹ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬਰੇਟਾ।

ਪਿਆਰਾ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਗੋਬਿੰਦ ਗੜ੍ਹ, ਜ਼ਿਲ੍ਹਾ ਕਪੂਰਥਲਾ, ਦੇ ਨਾਂਅ 'ਤੇ ਚਲਦਾ 20 ਹਾਰਸ ਪਾਵਰ ਦਾ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ. ਪੀ. 19/ 0477 ਕੇ. ਜੋ ਹੁਣ ਪਵਿੱਤਰ ਸਿੰਘ ਕੁਲਾਰੀਆ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਕੁਲਾਰ ਤਹਿਸੀਲ ਸ਼ਾਹਕੋਟ, ਜਿਲ੍ਹਾ ਜਲੰਧਰ ਨੇ ਆਪਣੇ ਨਾਂਅ ਕਰਵਾਉਣ ਲਈ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰਕਾਮ ਖੈੜਾ ਦੋਨਾਂ ਪਾਸ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਇਸ ਦਫਤਰ ਨਾਲ ਸੰਪਰਕ ਕਰ ਸਕਦਾ ਹੈ।

ਸਰਵਣ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਗੋਬਿੰਦਗੜ੍ਹ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚਲਦਾ 15 ਹਾਰਸ ਪਾਵਰ ਦਾ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ. ਪੀ. 01/ 0557 ਐਫ਼, ਜੋ ਹੁਣ ਪਵਿੱਤਰ ਸਿੰਘ ਕੁਲਾਰੀਆ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਕੁਲਾਰ ਤਹਿਸੀਲ ਸ਼ਾਹਕੋਟ, ਜਿਲ੍ਹਾ ਜਲੰਧਰ ਨੇ ਆਪਣੇ ਨਾਂਅ ਕਰਵਾਉਣ ਲਈ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰਕਾਮ ਖੈੜਾ ਦੋਨਾਂ ਪਾਸ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਇਸ ਦਫਤਰ ਨਾਲ ਸੰਪਰਕ ਕਰ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ ਐੱਨ/253, ਜੋ ਮਦਨ ਲਾਲ ਪੁੱਤਰ ਹਵੇਲੀ ਰਾਮ ਵਾਸੀ ਪਿੰਡ ਬੱਸੀ ਕਿੱਕਰਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਮੰਜੂ ਗੁਪਤਾ ਪਤਨੀ ਵਿਪਨ ਗੁਪਤਾ ਵਾਸੀ ਬੀ-1/482 ਸਾਹਮਣੇ ਯੂ ਇਨਕਲੇਵ ਬਹਾਦੁਰਪੁਰ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਨਾਂਅ ਕਰਵਾਉਣਾ ਚਾਹੁੰਦੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 30 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਹੁਸ਼ਿਆਰਪੁਰ ਨਾਲ ਸੰਪਰਕ ਕਰੇ।



ੴ ਵਾਹਿਗੁਰੂ ਜੀ ਕੀ ਫ਼ਤਹ॥

**ਦੇਸ਼ ਵਿਦੇਸ਼ ਵਿਚ ਵਸਦੀ ਸਮੂਹ ਸੰਗਤ ਨੂੰ**

**ਖ਼ਾਲਸਾ ਸਾਜਨਾ ਦਿਵਸ ਦੀਆਂ ਹਾਰਦਿਕ ਵਧਾਈਆਂ**

ਇਸ ਸ਼ੁੱਭ ਦਿਹਾੜੇ 'ਤੇ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਆਓ, ਖ਼ਾਲਸਾ ਸਾਜਨਾ ਦੇ ਮੂਲ ਮਨੋਰਥ ਅਨੁਸਾਰ ਬਾਣੀ ਤੇ ਬਾਣੇ ਦੇ ਧਾਰਨੀ ਹੋ ਕੇ ਗੁਰੂ ਬਖ਼ਸ਼ਿਸ਼ਾਂ ਦੇ ਪਾਤਰ ਬਣੀਏ।

-ਗੁਰੂ ਪੰਥ ਦਾ ਦਾਸ-

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


## ਕਲਾਸੀਫਾਈਡ ਇਸ਼ਤਿਹਾਰ


### ਆਮ ਸੂਚਨਾ

ਤਿੰਨ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਸੀ-775, ਸੀ-0641, ਸੀ-8 ਬਲਦੇਵ ਸਿੰਘ ਪੁੱਤਰ ਭਗਤ ਸਿੰਘ ਦੇ ਨਾਂਅ 'ਤੇ ਪਿੰਡ ਕਾਲਾ ਅਫਗਾਨਾ ਵਿਖੇ ਚੱਲ ਰਹੇ ਹਨ। ਹੁਣ ਪਰਦੀਪ ਸਿੰਘ ਪੁੱਤਰ ਬਲਦੇਵ ਸਿੰਘ ਨੇ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਹੈ। ਇਤਰਾਜ਼ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ, ਅਰਧ ਸ਼ਹਿਰੀ ਸ/ਡ ਪਾਵਰਕਾਮ ਅਲੀਵਾਲ ਨਾਲ ਸੰਪਰਕ ਕਰਨ। ਇਸ ਤੋਂ ਬਾਅਦ ਇਤਰਾਜ਼ ਨਹੀਂ ਮੰਨਿਆ ਜਾਵੇਗਾ।

### ਬੇਦਖਲੀ ਨੋਟਿਸ

ਮੈਂ ਸਤਪਾਲ ਸਿੰਘ ਪੁੱਤਰ ਖੁਸ਼ੀ ਰਾਮ ਵਾਸੀ ਪਿੰਡ ਦਾਰਾਪੁਰ ਡਾਕਖਾਨਾ ਸਲਾਲਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਸੰਦੀਪ ਕੌਰ ਪਤਨੀ ਤਜਿੰਦਰ ਸਿੰਘ ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਹਰਪਾਲ ਸਿੰਘ ਪੁੱਤਰ ਧੰਨਾ ਸਿੰਘ ਅਤੇ ਰਾਜ ਰਾਣੀ ਪਤਨੀ ਹਰਪਾਲ ਸਿੰਘ ਵਾਸੀ ਪਿੰਡ ਆਲੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਭੁਪਿੰਦਰ ਸਿੰਘ ਉਰਫ਼ ਟਿੰਕੂ ਸਾਡੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ ਪ੍ਰੇਮ ਚੰਦ ਪੁੱਤਰ ਲੇਟ ਗੁਰਦਿਆਲ ਚੰਦ ਵਾਸੀ ਮਕਾਨ ਨੰ. 33, ਵਾਰਡ ਨੰ. 42 ਨੇੜੇ ਪਾਰਕ, ਬਸਤੀ ਪੀਰ ਦਾਦ, ਓਲਡ ਗਰੀਨ ਐਵੇਨਿਊ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਾਹਿਲ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਾਜਾ ਪੁੱਤਰ ਕਲਪਾ ਵਾਸੀ ਮਕਾਨ ਨੰ. 49-ਬੀ, ਕੋਟਲਾ ਰੋਡ, ਸ਼ੇਖੇ, ਗੁਰੂ ਨਾਨਕ ਐਵੇਨਿਊ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਿਕ ਉਰਫ ਕਰਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਗੀਰ ਕੌਰ ਪਤਨੀ ਦਰਸ਼ਨ ਰਾਮ ਵਾਸੀ ਪਿੰਡ ਦੌਲਤਪੁਰ, ਡਾਕਖਾਨਾ ਭੂੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਿਕਰਮ ਸਿੰਘ ਅਤੇ ਉਸ ਦੀ ਪਤਨੀ ਜਸਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਪ੍ਰੇਮ ਚੰਦ ਪੁੱਤਰ ਲੇਟ ਸ੍ਰੀ ਕ੍ਰਿਸ਼ਨ ਲਾਲ ਵਾ ਸੁਸ਼ੀਲ ਰਾਣੀ ਪਤਨੀ ਪ੍ਰੇਮ ਚੰਦ ਵਾਸੀਆਨ ਪਿੰਡ ਤੇ ਡਾਕਖਾਨਾ ਰੌਣੀ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਜੇ ਵਰਮਾ ਅਤੇ ਉਸ ਦੀ ਪਤਨੀ ਪ੍ਰਿਆ ਵਰਮਾ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸੰਬੰਧਤ ਨੋਟ ਕਰਨ।

ਮੈਂ ਸਵਿੰਦਰ ਸਿੰਘ ਪੁੱਤਰ ਲੇਟ ਸ੍ਰ. ਹਰਬੰਸ ਸਿੰਘ ਵਾਸੀ 2017/1,3087 ਪੁਰਾਣਾ, ਡੀਪੂ ਵਾਲੀ ਗਲੀ, ਨਵੀਂ ਅਬਾਦੀ, ਫੈਜਪੁਰਾ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਅਮਰਜੀਤ ਕੌਰ ਅਤੇ ਲੜਕੀ ਕਰਮਜੀਤ ਕੌਰ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਮੇਰੀ ਕੋਈ ਗੱਲ ਨਹੀਂ ਮੰਨਦੀਆਂ ਅਤੇ ਬਹੁਤ ਤੰਗ ਪਰੇਸ਼ਾਨ ਕਰਦੀਆਂ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਣਗੀਆਂ । ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ।

ਅਸੀਂ, ਰਾਜ ਕੁਮਾਰ ਪੁੱਤਰ ਪ੍ਰੇਮ ਲਾਲ ਅਤੇ ਸ੍ਰੀਮਤੀ ਸ਼ਸ਼ੀ ਪਤਨੀ ਰਾਜ ਕੁਮਾਰ ਵਾਸੀਆਨ ਮਕਾਨ ਨੰ. 141/2, ਗਲੀ ਨੰ. 2, ਜੋਧ ਨਗਰ, ਮੇਨ ਬਜ਼ਾਰ, ਸੁੱਕਾ ਤਲਾਅ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਅਜੇ ਕੁਮਾਰ ਅਤੇ ਉਸ ਦੀ ਪਤਨੀ ਤਨੂ ਅਤੇ ਪੋਤਰਾ ਆਰਵ ਅਤੇ ਪੋਤਰੀ ਸਾਕਸ਼ੀ, ਜੋ ਕਿ ਸਾਡੇ ਕਹਿਣੇ ਵਿੱਚ ਨਹੀਂ ਹਨ, ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਜਿੰਦਰ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਪਿੰਡ ਰੋਸੇ, ਡਾਕ. ਖਾਂ ਪਕੀਵਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਮੁਖ ਸਿੰਘ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ, ਰਾਮ ਪ੍ਰਤਾਪ ਸ਼ੁਕਲਾ ਪੁੱਤਰ ਰਾਜਾ ਰਾਮ ਸ਼ੁਕਲਾ ਵਾਸੀ ਮਕਾਨ ਨੰ: 11, ਪ੍ਰਕਾਸ਼ ਇਨਕਲੇਵ, ਨੇੜੇ ਸਾਈ ਮੰਦਿਰ, ਖੁਰਲਾ ਕਿੰਗਰਾ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਪੰਕਜ ਸ਼ੁਕਲਾ ਅਤੇ ਉਸਦੀ ਪਤਨੀ ਈਸ਼ੀਤਾ ਸ਼ੁਕਲਾ (ਨਿਸ਼ਾ ਕੌਂਡਲ) ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਪਰਮਜੀਤ ਕੌਰ ਪਤਨੀ ਲੇਟ ਗੁਰਮੀਤ ਸਿੰਘ ਵਾਸੀ ਪਿੰਡ ਖੈੜਾ ਬੇਟ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਸ਼ਮਸ਼ੇਰ ਸਿੰਘ ਅਤੇ ਨੂੰਹ ਪੂਜਾ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਜਸਵੰਤ ਸਿੰਘ ਪੁੱਤਰ ਮੀਦਾ ਸਿੰਘ ਵਾਸੀ ਚਵਿੰਡਾ ਦੇਵੀ ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਲਵਪ੍ਰੀਤ ਸਿੰਘ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਸੰਬੰਧਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਲੇਟ ਸ੍ਰ. ਕੁਲਦੀਪ ਸਿੰਘ ਵਾਸੀ ਗਲੀ ਨੰ. 18, ਮੋਹਕਮਪੁਰਾ ਚੌਕ, ਜੌੜਾ ਫਾਟਕ, ਨਿਊ ਦਸਮੇਸ਼ ਨਗਰ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸੋਨੀਆ ਅਤੇ ਉਸ ਦਾ ਪਤੀ ਗੌਰਵ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਗਿਆਨ ਸਿੰਘ ਪੁੱਤਰ ਚੰਦ ਸਿੰਘ ਵਾਸੀ ਪਿੰਡ ਖੜਿਆਲ, ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਗੁਰਸੇਵਕ ਸਿੰਘ ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ, ਅੱਜ ਤੋਂ ਬਾਅਦ ਇਸ ਦਾ ਮੇਰੇ ਅਤੇ ਮੇਰੇ ਪਰਿਵਾਰ ਦੀ ਜਾਇਦਾਦ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਪ੍ਰੀਤ ਸਿੰਘ ਪੁੱਤਰ ਦੇਵ ਸਿੰਘ ਵਾਸੀ ਸੁੰਦਰ ਬਸਤੀ ਪਾਤੜਾਂ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਪਿੰਕੀ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹਰਦੀਪ ਸਿੰਘ ਪੁੱਤਰ ਜੀਤ ਸਿੰਘ ਵਾਸੀ ਮਕਾਨ ਨੰ. 59, ਅਮਰੀਕ ਨਗਰ, ਕਿਸ਼ਨਪੁਰਾ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਲਵਿੰਦਰ ਸਿੰਘ ਅਤੇ ਮੇਰੀ ਨੂੰਹ ਪੂਜਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਮਲਾ ਦੇਵੀ ਪਤਨੀ ਲੇਟ ਸ੍ਰੀ ਤਿਲਕ ਰਾਜ ਵਾਸੀ ਥ੍ਰੀ ਸਟਾਰ ਕਾਲੋਨੀ, ਕੋਟਲਾ ਰੋਡ, ਪੀਰਾਂ ਦੀ ਜਗ੍ਹਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸ਼ਕੁੰਤਲਾ ਦੇਵੀ ਅਤੇ ਉਸ ਦਾ ਪਤੀ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਦਵਿੰਦਰ ਕੌਰ ਪਤਨੀ ਹਰਜਿੰਦਰ ਪਾਲ ਸਿੰਘ ਵਾਸੀ 250, ਸੁੰਦਰ ਨਗਰ, ਨੂਰਪੁਰ ਕਾਲੋਨੀ, ਰੇਰੂ, ਜਲੰਧਰ ਨੇ ਆਪਣੀ ਛੋਟੀ ਪੁੱਤਰੀ ਅੰਚਲ ਦਾ ਨਾਂਅ ਬਦਲ ਕੇ ਅੰਚਲ ਪ੍ਰੀਤ ਕੌਰ ਰੱਖ ਲਿਆ ਹੈ।

ਮੈਂ, ਗੌਰਵ ਪੁੱਤਰ ਸ੍ਰੀ ਮੋਹਨ ਲਾਲ ਵਾਸੀ ਪਿੰਡ ਢੱਡਾ ਹਜ਼ਾਰਾ, ਜਲੰਧਰ ਨੇ ਆਪਣਾ ਨਾਂਅ ਗੌਰਵ ਤੋਂ ਬਦਲ ਕੇ ਗੌਰਵ ਕਾਲਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਗੁਰਚਰਨ ਸਿੰਘ ਪੁੱਤਰ ਤਗਵੀਰ ਸਿੰਘ ਵਾਸੀ ਤਰਗੜ੍ਹ ਰਾਮਪੁਰਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣੀ ਨਬਾਲਗ ਲੜਕੀ ਦਾ ਨਾਂਅ ਦਮਨਪ੍ਰੀਤ ਕੌਰ ਤੋਂ ਬਦਲ ਕੇ ਹਰਲੀਨ ਕੌਰ ਰੱਖ ਲਿਆ ਹੈ।

### ਪਬਲਿਕ ਨੋਟਿਸ

ਅਸੀਂ, ਨਰੇਸ਼ ਕੁਮਾਰ ਪੁੱਤਰ ਜੋਗਿੰਦਰਪਾਲ ਵਾਸੀ ਮਕਾਨ ਨੰ. 635/6, ਓਂਕਾਰ ਨਗਰ, ਏ ਜੀ ਐੱਮ ਪੈਲੇਸ ਵਾਲੀ ਗਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਹਾਲ ਵਾਸੀ ਨੰਗਲ ਕੋਟਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਅਤੇ ਨਿਸ਼ਾ ਪੁੱਤਰੀ ਜੋਗਿੰਦਰ ਪਾਲ, ਹਾਲ ਪਤਨੀ ਰਿੰਕੂ ਵਾਸੀ ਮਕਾਨ ਨੰਬਰ ਐੱਨ ਐੱਮ 288, ਮੁਹੱਲਾ ਕਰਾਰ ਖਾਂ, ਕੂਚਾ ਸ਼ੇਖ ਪਿਆਰਾ, ਜਲੰਧਰ, ਤਹਿਸੀਲ/ਜ਼ਿਲ੍ਹਾ ਜਲੰਧਰ ਸਾਡਾ ਭਰਾ ਅਸ਼ਵਨੀ ਕੁਮਾਰ ਅਤੇ ਉਸ ਦੀ ਪਤਨੀ ਪ੍ਰਿਆ, ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਸਾਡਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

### Change of Name

I, Baljit Singh S/o Lakhwinder Singh Residence of Vill Pandori Araian PO Jhinger Kalan Tehsil Dasuya Distt Hoshiarpur 144205 change my name to Baljit Singh to Singh (Surname) to Baljit (Given name).

I,Subhash Chand/ Subash Chand Aggarwal/ Subash Chander S/O Ram Murti R/O H.No,571/ J-15, Plot No.227, Jalandhar Road,Darshan Avenue,Amritsar,Punjab have changed my name to Subhash Chander.Concerned note.

I, Soniya Aggarwal W/O Rohit Aggarwal R/O 227,Darshan Avenue, Sultanwind Road, Amritsar, Punjab have changed my name from Soniya Aggarwal to Soniya.Concerned note

I, Kiranjeet W/o Narinder Singh R/o Village Sitalpur, P.O. Kala Bakra, Jalandhar, Punjab, India have changed my name from Kiranjeet to Kiranjit. Please note.

I Gurmit Singh S/O Dharam Singh R/O Vill.Khan Chhabri Distt. Tarn Taran Have Changed Name Of My Minor Son From Harnak Singh To Jambar Singh

I, Jagjot Singh S/o Bhupinder Singh R/o L12/1535, Gali No.6, Guru Nanak Pura, Sultanwind Road, Amritsar have declare that Jagjot is my Given name and Singh is my Surname

I, Renu Bala Bajaj Alias Raman Bala Arora W/o Surinder Kumar Bajaj R/o H.No.129 Gandhi Nagar City Ferozepur District Ferozepur have changed my name from Renu Bala Bajaj Alias Raman Bala Arora to Renu Bajaj

I, Gulshan Kumar s/o Inderjit Khullar R/o H.no.1, Friends Colony, College Road, Batala, Distt. Gurdaspur-143505 (pb) have changed my from Gulshan Kumar to Gulshan Kumar Khullar, plz note

I, Romi S/o Amarjit Singh R/o V.P.O. Nathupur, Tehsil Tanda (Hoshiarpur), Punjab, have changed my name to Romi Bhatti. All concerned please note. (Behl)

I, Deepak Gill S/o Ramesh Chander R/o 928/35, Rameshwar Colony, Near New Model Town, Jalandhar have changed the name of my minor son from Vansh Gill to Vanshdeep Gill. All concerned please note.


## ...ਸਫ਼ਾ 1 ਦੇ ਬਾਕੀ

### ਬਾਦਲਾਂ ਦਾ ਬਦਲ...

ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਔਖੇ ਵੇਲੇ ਪਾਰਟੀ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।ਉਹਨਾ ਐਲਾਨ ਕੀਤਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ 25 ਅਪ੍ਰੈਲ ਨੂੰ ਲੰਬੀ ਵਿਚ ਮਨਾਈ ਜਾਵੇਗੀ।ਇਸ ਮੌਕੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਅਜਿਹੇ ਹੀ ਪ੍ਰੋਗਰਾਮ ਹਰਿਆਣਾ ਤੇ ਦਿੱਲੀ ਵਿਚ ਹੋਣਗੇ।

ਇਸ ਮੌਕੇ ਡੈਲੀਗੇਟ ਸੈਸ਼ਨ ਵਿਚ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਹੋਰ ਸੀਨੀਅਰ ਆਗੂਆਂ ਵੱਲੋਂ 18 ਮਤੇ ਪੇਸ਼ ਕੀਤੇ ਗਏ, ਜੋ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਗਏ।ਅਕਾਲੀ ਦਲ ਨੇ ਪੰਜਾਬ ਸਰਕਾਰ ਵੱਲੋਂ ਸੰਵਿਧਾਨਕ ਤਾਕਤਾਂ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਉਹਨਾ ਦੀ ਟੀਮ ਨੂੰ ਸੌਂਪਣ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਜ਼ਮਾਨਤ 'ਤੇ ਬਾਹਰ ਆਏ ਇਹ ਲੋਕ ਸਰਕਾਰੀ ਫਾਈਲਾਂ ਵੇਖ ਰਹੇ ਹਨ।ਪਾਰਟੀ ਨੇ ਸੂਬੇ ਵਿਚ ਕਾਨੂੰਨ ਵਿਵਸਥਾ ਢਹਿ-ਢੇਰੀ ਹੋਣ ਦੀ ਵੀ ਨਿਖੇਧੀ ਕੀਤੀ ਅਤੇ ਪੁਲਸ ਸਟੇਸ਼ਨਾਂ 'ਤੇ ਗ੍ਰਨੇਡ ਹਮਲਿਆਂ ਅਤੇ ਬਾਬਾ ਸਾਹਿਬ ਬੀ ਆਰ ਅੰਬੇਡਕਰ ਦੇ ਬੁੱਤਾਂ ਤੇ ਮੰਦਰਾਂ ਦੀ ਬੇਅਦਬੀ ਕੀਤੇ ਜਾਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ।ਅਕਾਲੀ ਦਲ ਨੇ ਕੇਂਦਰ ਸਰਕਾਰ ਵੱਲੋਂ ਕੀਤੇ ਇਕਰਾਰ ਮੁਤਾਬਕ ਬੰਦੀ ਸਿੰਘਾਂ ਦੀ ਰਿਹਾਈ ਵੀ ਮੰਗੀ ਅਤੇ ਇਹ ਵੀ ਮੰਗ ਕੀਤੀ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤੁਰੰਤ ਉਮਰ ਕੈਦ ਵਿਚ ਬਦਲੀ ਜਾਵੇ।ਪਾਰਟੀ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਹੀ ਸੰਘੀ ਢਾਂਚਾ ਸਥਾਪਤ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਵਾਸਤੇ ਹੱਥ ਸਾਂਝੇ ਕਰਨ ਤੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਨਿਯਮਿਤ ਤੌਰ 'ਤੇ ਰਾਜਾਂ ਦੀਆਂ ਤਾਕਤਾਂ ਹੜੱਪ ਕਰ ਰਹੀ ਹੈ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ। ਪਾਰਟੀ ਨੇ ਚੰਡੀਗੜ੍ਹ ਨੂੰ ਸਥਾਈ ਤੌਰ 'ਤੇ ਯੂ ਟੀ ਬਣਾਉਣ ਦੇ ਯਤਨਾਂ ਦੀ ਨਿਖੇਧੀ ਕੀਤੀ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਹੋਰ ਇਲਾਕੇ ਜਿਥੇ ਪੰਜਾਬੀ ਬੋਲਣ ਵਾਲੇ ਲੋਕ ਰਹਿੰਦੇ ਹਨ, ਉਥੇ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇ।ਪਾਰਟੀ ਨੇ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਦੀ ਨਿਖੇਧੀ ਕੀਤੀ ਤੇ ਹਰਿਆਣਾ ਵਿਚ ਵੱਖਰੀ ਕਮੇਟੀ ਦੇ ਗਠਨ ਵਾਸਤੇ ਭਾਜਪਾ, ਕਾਂਗਰਸ ਤੇ ਆਪ ਨੂੰ ਜ਼ਿੰਮੇਵਾਰ ਠਹਿਰਾਇਆ।ਅਕਾਲੀ ਦਲ ਨੇ ਵਕਫ ਬੋਰਡ ਐਕਟ ਵਿਚ ਕੀਤੀਆਂ ਸੋਧਾਂ ਦੀ ਵੀ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਇਹ ਸੋਧਾਂ ਤੁਰੰਤ ਖਾਰਜ ਕੀਤੀਆਂ ਜਾਣ।

### ਰਾਸ਼ਟਰਪਤੀ ਲਈ ਵੀ ...

ਨੇ ਕਿਹਾ ਕਿ ਆਰਟੀਕਲ 201 ਤਹਿਤ ਰਾਸ਼ਟਰਪਤੀ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ। ਜੇ ਬਿੱਲ ਵਿੱਚ ਕੇਂਦਰ ਸਰਕਾਰ ਦੇ ਫੈਸਲੇ ਨੂੰ ਤਰਜੀਹ ਦਿੱਤੀ ਗਈ ਤਾਂ ਕੋਰਟ ਮਨਮਾਨੀ ਜਾਂ ਦੁਰਭਾਵਨਾ ਦੇ ਆਧਾਰ 'ਤੇ ਬਿੱਲ ਦੀ ਸਮੀਖਿਆ ਕਰੇਗਾ। ਬੈਂਚ ਨੇ ਕਿਹਾ ਕਿ ਬਿੱਲ ਵਿੱਚ ਰਾਜ ਦੀ ਕੈਬਨਿਟ ਨੂੰ ਤਰਜੀਹ ਦਿੱਤੀ ਗਈ ਹੋਵੇ ਅਤੇ ਰਾਜਪਾਲ ਨੇ ਬਿੱਲ ਨੂੰ ਕੈਬਨਿਟ ਦੀ ਸਹਾਇਤਾ ਤੇ ਸਲਾਹ ਦੇ ਉਲਟ ਜਾ ਕੇ ਫੈਸਲਾ ਲਿਆ ਤਾਂ ਕੋਰਟ ਕੋਲ ਬਿੱਲ ਦੀ ਕਾਨੂੰਨੀ ਤੌਰ 'ਤੇ ਜਾਂਚ ਦਾ ਹੱਕ ਹੋਵੇਗਾ। ਬੈਂਚ ਨੇ ਸਪੱਸ਼ਟ ਕੀਤਾ ਕਿ ਜਦ ਕੋਈ ਡੈੱਡਲਾਈਨ ਤੈਅ ਹੋਵੇ ਤਾਂ ਵਾਜਬ ਟਾਈਮ ਲਾਈਨ ਦੇ ਅੰਦਰ ਫੈਸਲਾ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਲਈ ਬਿੱਲ ਮਿਲਣ ਦੇ ਤਿੰਨ ਮਹੀਨਿਆਂ ਦੇ ਅੰਦਰ ਫੈਸਲਾ ਲੈਣਾ ਲਾਜ਼ਮੀ ਹੋਵੇਗਾ। ਜੇ ਦੇਰੀ ਹੁੰਦੀ ਹੈ ਤਾਂ ਦੇਰੀ ਦੇ ਕਾਰਨ ਦੱਸਣੇ ਹੋਣਗੇ। ਸੂਬਾ ਸਰਕਾਰ ਨੂੰ ਵੀ ਕੇਂਦਰ ਸਰਕਾਰ ਵੱਲੋਂ ਰਾਸ਼ਟਰਪਤੀ ਰਾਹੀਂ ਮੰਗੇ ਗਏ ਸਪੱਸ਼ਟੀਕਰਨ ਵਕਤ ਸਿਰ ਦੇਣੇ ਪੈਣਗੇ, ਤਾਂ ਕਿ ਫੈਸਲੇ ਵਿੱਚ ਦੇਰੀ ਨਾ ਹੋਵੇ। ਕੋਰਟ ਨੇ ਕਿਹਾ ਹੈ ਕਿ ਰਾਸ਼ਟਰਪਤੀ ਕਿਸੇ ਬਿੱਲ ਨੂੰ ਰਾਜ ਵਿਧਾਨ ਸਭਾ ਨੂੰ ਸੋਧਣ ਜਾਂ ਮੁੜ ਵਿਚਾਰਨ ਲਈ ਵਾਪਸ ਘੱਲਦੇ ਹਨ। ਵਿਧਾਨ ਸਭਾ ਉਸ ਨੂੰ ਮੁੜ ਪਾਸ ਕਰਦੀ ਹੈ ਤਾਂ ਰਾਸ਼ਟਰਪਤੀ ਨੂੰ ਉਸ ਬਿੱਲ 'ਤੇ ਅੰਤਮ ਫੈਸਲਾ ਕਰਨਾ ਪਵੇਗਾ ਅਤੇ ਵਾਰ-ਵਾਰ ਬਿੱਲ ਵਾਪਸ ਕਰਨ ਦੀ ਪ੍ਰਕਿਰਿਆ ਰੋਕਣੀ ਹੋਵੇਗੀ। ਸੁਪਰੀਮ ਕੋਰਟ ਨੇ ਆਪਣੇ 8 ਅਪ੍ਰੈਲ ਦੇ ਫੈਸਲੇ ਵਿੱਚ ਤਾਮਿਲਨਾਡੂ ਦੇ ਰਾਜਪਾਲ ਆਰ ਐੱਨ ਰਵੀ ਦੇ ਹੱਕ ਦੀ 'ਹੱਦ' ਤੈਅ ਕਰ ਦਿੱਤੀ ਸੀ। ਬੈਂਚ ਨੇ ਕਿਹਾ ਸੀ ਕਿ ਰਾਜਪਾਲ ਕੋਲ ਕੋਈ ਵੀਟੋ ਪਾਵਰ ਨਹੀਂ ਹੈ। ਸੁਪਰੀਮ ਕੋਰਟ ਨੇ ਸਰਕਾਰ ਦੇ 10 ਬਿੱਲਾਂ ਨੂੰ ਰਾਜਪਾਲ ਵੱਲੋਂ ਰੋਕੇ ਜਾਣ ਨੂੰ ਗੈਰਕਾਨੂੰਨੀ ਦੱਸਦਿਆਂ ਕਿਹਾ ਸੀ ਕਿ ਇਹ ਮਨਮਾਨੀ ਹੈ। ਰਾਜਪਾਲ ਨੂੰ ਇੱਕ ਮਹੀਨੇ ਵਿੱਚ ਬਿੱਲਾਂ ਬਾਰੇ ਫੈਸਲਾ ਕਰਨਾ ਪੈਣਾ।

### 20 ਮਈ ਦੀ ਹੜਤਾਲ ਨੂੰ ...

ਹੜਤਾਲ ਨੂੰ ਸਫਲ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ। ਫੈਸਲਾ ਕੀਤਾ ਗਿਆ ਕਿ 20 ਮਈ ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਹੜਤਾਲ ਤੋਂ ਬਾਅਦ ਬੱਸ ਸਟੈਂਡ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਬੁਲਾਰਿਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ/ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਬੁਲਾਰਿਆਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਸਾਰੇ ਲੇਬਰ ਕਾਨੂੰਨਾਂ ਨੂੰ ਖਤਮ ਕਰਕੇ 4 ਲੇਬਰ ਕੋਡ ਲਾਗੂ ਕਰ ਰਹੀ ਹੈ। ਉਥੇ ਪੰਜਾਬ ਸਰਕਾਰ ਮਜ਼ਦੂਰਾਂ/ਮੁਲਾਜਮਾਂ ਦੀਆਂ ਘੱਟੋ-ਘੱਟ ਤਨਖਾਹਾਂ ਵਿੱਚ ਵਾਧਾ ਨਹੀਂ ਕਰ ਰਹੀ ਹੈ। ਭਾਰੀ ਮੁਨਾਫਿਆਂ ਵਾਲੇ ਖੁਸ਼ਹਾਲ ਸਰਕਾਰੀ ਅਦਾਰੇ ਕੌਡੀਆਂ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚੇ ਜਾ ਰਹੇ ਹਨ। ਸੇਵਾ ਸੈਕਟਰ, ਵਿੱਦਿਆ ਅਤੇ ਸਿਹਤ ਸੇਵਾਵਾਂ ਆਦਿ ਨੂੰ ਖਤਮ ਕੀਤਾ ਜਾ ਰਿਹਾ ਹੈ। ਦੇਸ਼ ਦਾ ਸਾਰਾ ਕਾਰੋਬਾਰ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ ਉਪਰ ਛੱਡਿਆ ਜਾ ਰਿਹਾ ਹੈ। ਬੁਲਾਰਿਆਂ ਜ਼ੋਰ ਦੇ ਕੇ ਕਿਹਾ ਕਿ ਹੜਤਾਲ ਇਤਿਹਾਸਕ ਹੋਵੇਗੀ, ਜੋ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਆਪਣੀਆਂ ਮਜ਼ਦੂਰ, ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਬਦਲਣ ਲਈ ਮਜਬੂਰ ਕਰ ਦੇਵੇਗੀ।

### ਮੋਦੀ ਸਰਕਾਰ ਚੀਨ ਵਾਂਗ...

ਚਲਾਇਆ ਗਿਆ ਹੈ, ਜਦਕਿ ਵੱਡੇ ਮਗਰਮੱਛਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਉਨ੍ਹਾ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਨਵੇਂ ਵਕਫ ਕਾਨੂੰਨ ਨੂੰ ਘੱਟ ਗਿਣਤੀਆਂ 'ਤੇ ਹਮਲਾ ਕਰਾਰ ਦਿੰਦੇ ਹੋਏ ਇਸ ਦੀ ਨਿੰਦਾ ਕੀਤੀ। ਉਨ੍ਹਾ ਕਿਹਾ ਕਿ ਟਰੰਪ ਵੱਲੋਂ ਸ਼ੁਰੂ ਕੀਤੀ ਗਈ 'ਵਪਾਰ ਜੰਗ' ਤਹਿਤ ਭਾਰਤ ਸਰਕਾਰ ਦੀ ਬਾਂਹ ਮਰੋੜ ਕੇ ਜੋ ਵਪਾਰ ਨੀਤੀ ਲਾਗੂ ਕਰਵਾਈ ਜਾ ਰਹੀ ਹੈ, ਮੋਦੀ ਸਰਕਾਰ ਨੂੰ ਵੀ ਚੀਨ ਵਾਂਗ ਡਟ ਕੇ ਦੇਸ਼ ਦੇ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ।ਮਾਸਟਰ ਗੁਰਚਰਨ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਹੋਈ ਮੀਟਿੰਗ ਨੂੰ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਗੋਰਾ ਪਿਪਲੀ, ਪ੍ਰਦੀਪ ਸਿੰਘ ਬਰਾੜ, ਸੁਖਜਿੰਦਰ ਸਿੰਘ ਤੁੰਬੜਭੰਨ, ਹਰਪਾਲ ਸਿੰਘ ਮਚਾਕੀ, ਇੰਦਰਜੀਤ ਸਿੰਘ ਗਿੱਲ ਤੇ ਸ਼ਸ਼ੀ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਆਉਣ ਵਾਲੇ ਦਿਨਾਂ ਵਿੱਚ ਮਜ਼ਦੂਰ ਜਮਾਤ ਦਾ ਕੌਮਾਂਤਰੀ ਦਿਹਾੜਾ 'ਮਈ ਦਿਵਸ' ਸਾਂਝੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਦੀ ਸਥਾਪਨਾ ਦੇ 100ਵੇਂ ਸਾਲ ਦੌਰਾਨ ਸਤੰਬਰ ਦੇ ਮਹੀਨੇ ਚੰਡੀਗੜ੍ਹ ਵਿੱਚ ਹੋਣ ਜਾ ਰਹੀ 25ਵੀਂ ਪਾਰਟੀ ਕਾਂਗਰਸ ਦੀ ਤਿਆਰੀ ਹੁਣ ਤੋਂ ਹੀ ਸ਼ੁਰੂ ਕਰ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਇੱਕ ਮਤੇ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮਜ਼ਦੂਰਾਂ ਦੀਆਂ ਘੱਟ ਤੋਂ ਘੱਟ ਉਜਰਤਾਂ ਵਿੱਚ ਸੋਧ ਕਰਕੇ 35,000 ਰੁਪਏ ਮਹੀਨਾ ਕੀਤੀ ਜਾਵੇ, ਕਿਸਾਨ ਅਤੇ ਖੇਤ ਮਜ਼ਦੂਰ ਆਗੂਆਂ ਨਾਲ ਟਕਰਾਅ ਦੀ ਨੀਤੀ ਬੰਦ ਕਰਕੇ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ।ਇਸ ਮੌਕੇ ਮਹਿੰਦਰ ਸਿੰਘ ਚੰਡੀਗੜ੍ਹ, ਜਗਤਾਰ ਸਿੰਘ ਭਾਣਾ, ਮਨਜੀਤ ਕੌਰ, ਸ਼ਾਮ ਸੁੰਦਰ, ਸੁਖਦਰਸ਼ਨ ਰਾਮ ਸ਼ਰਮਾ, ਬੋਹੜ ਸਿੰਘ ਔਲਖ, ਉਤਮ ਸਿੰਘ ਸਾਦਿਕ, ਜਗਤਾਰ ਸਿੰਘ ਰਾਜੋਵਾਲਾ, ਪੱਪੀ ਢਿਲਵਾਂ, ਗੁਰਦੀਪ ਸਿੰਘ ਅਤੇ ਜਸਵਿੰਦਰ ਸਿੰਘ ਦੀਪ ਸਿੰਘ ਵਾਲਾ, ਮੁਖਤਿਆਰ ਸਿੰਘ ਭਾਣਾ ਤੋਂ ਇਲਾਵਾ ਭਰਾਤਰੀ ਜਥੇਬੰਦੀ ਏਟਕ ਨਾਲ ਸੰਬੰਧਤ ਆਗੂ ਪ੍ਰੇਮ ਚਾਵਲਾ, ਸੋਮ ਨਾਥ ਅਰੋੜਾ, ਗੁਰਦੀਪ ਕੌਰ, ਸੁਖਚਰਨ ਸਿੰਘ, ਲਾਭ ਸਿੰਘ, ਗੁਰਦੀਪ ਭੋਲਾ, ਹਰਮੀਤ ਸਿੰਘ ਅਤੇ ਬੈਂਕ ਮੁਲਾਜ਼ਮ ਆਗੂ ਸ਼ਵਿੰਦਰ ਸਿੰਘ ਸੰਧੂ ਵੀ ਮੌਜੂਦ ਸਨ।

### ਝੋਨੇ ਦੀ ਲੁਆਈ ਲਈ...

ਸਾਡੀ ਹੋਂਦ ਦਾ ਮੂਲ ਸਰੋਤ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਲਈ ਸੂਬੇ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਉਨ੍ਹਾ ਕਿਹਾ ਕਿ ਫਰੀਦਕੋਟ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ ਪਹਿਲੀ ਜੂਨ ਤੋਂ ਸ਼ੁਰੂ ਹੋਵੇਗੀ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਰੂਪਨਗਰ, ਐੱਸ ਏ ਐੱਸ ਨਗਰ (ਮੋਹਾਲੀ), ਸ੍ਰੀ ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ 5 ਜੂਨ ਤੋਂ ਲੁਆਈ ਸ਼ੁਰੂ ਹੋਵੇਗੀ। ਮਾਨ ਨੇ ਕਿਹਾ ਕਿ ਬਾਕੀ ਜ਼ਿਲ੍ਹਿਆਂ ਲੁਧਿਆਣਾ, ਮੋਗਾ, ਜਲੰਧਰ, ਮਾਨਸਾ, ਮਾਲੇਰਕੋਟਲਾ, ਸੰਗਰੂਰ, ਪਟਿਆਲਾ, ਬਰਨਾਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ ਵਿੱਚ ਲੁਆਈ 9 ਜੂਨ ਤੋਂ ਸ਼ੁਰੂ ਹੋਵੇਗੀ।

### ਈ ਡੀ ਨੇ ਏ ਜੇ ਐੱਲ...

ਇਮਾਰਤ ਅਤੇ ਲਖਨਊ ਦੇ ਬਿਸ਼ੇਸ਼ਵਰ ਨਾਥ ਰੋਡ 'ਤੇ ਸਥਿਤ ਏ ਜੇ ਐੱਲ ਇਮਾਰਤ 'ਤੇ ਚਿਪਕਾਏ ਹਨ। ਨੋਟਿਸਾਂ ਵਿੱਚ ਇਮਾਰਤ ਖਾਲੀ ਕਰਨ ਜਾਂ ਈ ਡੀ ਨੂੰ ਕਿਰਾਏ (ਮੁੰਬਈ ਸੰਪਤੀ ਦੇ ਮਾਮਲੇ ਵਿੱਚ) ਟਰਾਂਸਫਰ ਕਰਨ ਦੀ ਮੰਗ ਕੀਤੀ ਗਈ ਹੈ। ਇਹ ਕਾਰਵਾਈ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਦੀ ਧਾਰਾ (8) ਅਤੇ ਨਿਯਮ 5 (1) ਦੇ ਤਹਿਤ ਕੀਤੀ ਗਈ ਹੈ। ਇਹ ਅਚੱਲ ਜਾਇਦਾਦ ਈ ਡੀ ਨੇ ਨਵੰਬਰ 2023 ਵਿੱਚ ਕੁਰਕ ਕੀਤੀ ਸੀ। ਮਨੀ ਲਾਂਡਰਿੰਗ ਦਾ ਇਹ ਮਾਮਲਾ ਏ ਜੇ ਐੱਲ ਅਤੇ ਯੰਗ ਇੰਡੀਅਨ ਖਿਲਾਫ ਹੈ। ਜ਼ਿਕਰਯੋਗ ਹੈ ਕਿ ਏ ਜੇ ਐੱਲ ਹੀ ਅਖਬਾਰ 'ਨੈਸ਼ਨਲ ਹੈਰਾਲਡ' ਨੂੰ ਪ੍ਰਕਾਸ਼ਤ ਕਰਦੀ ਹੈ ਤੇ ਇਸ ਦੀ ਮਾਲਕੀ ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ ਕੋਲ ਹੈ। ਕਾਂਗਰਸ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਯੰਗ ਇੰਡੀਅਨ ਵਿੱਚ ਵੱਡੇ ਸ਼ੇਅਰਧਾਰਕ ਹਨ, ਜਿਨ੍ਹਾਂ ਕੋਲ 38-38 ਫੀਸਦੀ ਦੀ ਹਿੱਸੇਦਾਰੀ ਹੈ। ਈ ਡੀ ਨੇ ਕਿਹਾ ਕਿ ਇਹ ਸੰਪਤੀ ਦਿੱਲੀ, ਮੁੰਬਈ ਤੇ ਲਖਨਊ ਸਮੇਤ ਕਈ ਸ਼ਹਿਰਾਂ ਵਿੱਚ ਹੈ। ਇਸ ਕੇਸ 'ਚ ਏਜੰਸੀ ਪਹਿਲਾਂ ਰਾਹੁਲ ਤੇ ਸੋਨੀਆ ਗਾਂਧੀ, ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਆਗੂਆਂ ਪਵਨ ਬਾਂਸਲ, ਡੀ ਕੇ ਸ਼ਿਵਕੁਮਾਰ ਦੇ ਬਿਆਨ ਦਰਜ ਕਰ ਚੁੱਕੀ ਹੈ। ਮਨੀ ਲਾਂਡਰਿੰਗ ਦਾ ਇਹ ਕੇਸ ਦਿੱਲੀ ਦੇ ਮੈਟਰੋਪੋਲੀਟਨ ਮੈਜਿਸਟਰੇਟ ਦੇ ਇੱਕ ਹੁਕਮ ਨਾਲ ਸੰਬੰਧਤ ਹੈ, ਜਿਸ ਨੇ ਨੈਸ਼ਨਲ ਹੈਰਾਲਡ ਵਿੱਚ ਕਥਿਤ ਬੇਨਿਯਮੀਆਂ ਸੰਬੰਧੀ ਇਕ ਪ੍ਰਾਈਵੇਟ ਸ਼ਿਕਾਇਤ ਦਾ ਨੋਟਿਸ ਲਿਆ ਸੀ। ਇਹ ਸ਼ਿਕਾਇਤ 2014 ਵਿਚ ਆਈ ਸੀ।


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 31-01-2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਮੈਸ. ਪ੍ਰਾਸ਼ਰ ਬ੍ਰਦਰਜ਼, ਗ੍ਰੇਨ ਮਾਰਕਿਟ, ਕਰਤਾਰਪੁਰ, ਜ਼ਿਲ੍ਹਾ ਜਲੰਧਰ, ਰਾਹੀਂ ਇਸ ਦੇ ਮਾਲਕ ਸ੍ਰੀ ਅਜੇ ਪ੍ਰਾਸ਼ਰ (2) ਸ੍ਰੀ ਅਜੇ ਪ੍ਰਾਸ਼ਰ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਪ੍ਰਾਸ਼ਰ, ਵਾਸੀ ਮਕਾਨ ਨੰ. 3982, ਮੁਹੱਲਾ ਇਮਲੀ ਵਾਲਾ, ਕਰਤਾਰਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (3) ਸ੍ਰੀਮਤੀ ਰੰਜਨਾ ਪ੍ਰਾਸ਼ਰ ਪਤਨੀ ਸ੍ਰੀ ਕ੍ਰਿਸ਼ਨ ਲਾਲ ਪ੍ਰਾਸ਼ਰ, ਵਾਸੀ ਮਕਾਨ ਨੰ. 3982, ਮੁਹੱਲਾ ਇਮਲੀ ਵਾਲਾ, ਕਰਤਾਰਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (4) ਸ੍ਰੀਮਤੀ ਪੂਜਾ ਮਲਕ ਪਤਨੀ ਸ੍ਰੀ ਹਰੀਸ਼ ਮਲਕ ਵਾਸੀ ਮਕਾਨ ਨੰ. 4383, ਵਾਰਡ ਨੰ. 9, ਬਾਰਾਂਦਰੀ ਬਜ਼ਾਰ, ਕਰਤਾਰਪੁਰ, ਜਲੰਧਰ (ਬਾਅਦ ਵਿੱਚ ਸੀ ਸੀ ਲਿਮਟ 'ਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਸੀ ਸੀ/033300000004 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁ. 52,95,670.80 ਡਬਲਯੂ ਸੀ ਟੀ ਐੱਲ- ਈ ਸੀ ਐੱਲ ਜੀ ਐੱਸ-1/033612000034 'ਚ ਰੁ. 1,67,845,17 ਅਤੇ ਡਬਲਯੂ ਸੀ ਟੀ ਐੱਲ-ਈ ਸੀ ਐੱਲ ਜੀ ਐਸ 2/033612000077 ਰੁ . 4,90,472.60 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ [illegible]

ਮਿਤੀ : 11-04-2025, ਸਥਾਨ : ਕਰਤਾਰਪੁਰ (ਅਧਿਕਾਰਤ ਅਫਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

[illegible]

ਮਿਤੀ : 11-04-2025, ਸਥਾਨ : ਢੰਡਾ (ਅਧਿਕਾਰਤ ਅਫਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਗਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 29-01-2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਪ੍ਰਮਜੀਤ ਸਿੰਘ ਪੁੱਤਰ ਸ੍ਰੀ ਰਾਜੂ, ਵਾਸੀ ਢੇਸੀਆਂ, ਢੇਸੀਆਂ ਸੰਗ, ਜਲੰਧਰ, ਪੰਜਾਬ-144409 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ 2. ਸ੍ਰੀਮਤੀ ਰੀਨਾ ਰਾਣੀ ਪਤਨੀ ਪ੍ਰਮਜੀਤ ਸਿੰਘ, ਵਾਸੀ ਸੰਗ ਢੇਸੀਆਂ, ਢੇਸੀਆਂ ਸੰਗ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144409 3. ਸ੍ਰੀ ਜਗੀਰ ਸਿੰਘ ਕੈਲੇ ਪੁੱਤਰ ਸ੍ਰੀ ਗੁਰਮੇਜ਼ ਸਿੰਘ, ਵਾਸੀ ਪਿੰਡ ਚੱਕ ਧੋਥੜ, ਡਾਕਖਾਨਾ ਸਰਗੁੰਡੀ, ਫਿਲੌਰ, ਜਲੰਧਰ-144409 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ ਐੱਲ ਏ ਪੀ/117602000019 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁ. 33,70,035.70 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/117602000019 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 33,70,035.70 ਰੁਪਏ ਮਿਤੀ 01.01.2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1164 ਮਿਤੀ 02-12-2009 ਅਨੁਸਾਰ ਸ੍ਰੀ ਪ੍ਰਮਜੀਤ ਸਿੰਘ ਪੁੱਤਰ ਸ੍ਰੀ ਰਾਜੂ ਦੀ ਮਲਕੀਅਤ ਜਾਇਦਾਦ ਰਕਬਾ 19 ਮਰਲੇ 6 ਸਰਸਾਹੀ, ਪਿੰਡ ਸੰਗ ਢੇਸੀਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ।

ਮਿਤੀ : 11-04-2025, ਸਥਾਨ : ਢੰਡਾ (ਅਧਿਕਾਰਤ ਅਫਸਰ)

# ਪੁਲਸ ਨੇ ਅਪਰੇਸ਼ਨ 'ਸਤਰਕ' ਦੌਰਾਨ ਸੰਵੇਦਨਸ਼ੀਲ ਥਾਵਾਂ 'ਤੇ ਕੀਤੀ ਜਾਂਚ



**ਗੁਰਦਾਸਪੁਰ (ਵਿਨੋਦ ਕੁਮਾਰ)** - ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦਾਸਪੁਰ ਪੁਲਸ ਵੱਲੋਂ ਬੀਤੀ ਰਾਤ ਨੂੰ ਆਪਰੇਸ਼ਨ ਸਤਰਕ ਚਲਾਇਆ ਗਿਆ। ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਤੇ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ ਦੀ ਅਗਵਾਈ ਵਿੱਚ ਚੱਲੇ ਇਸ ਓਪਰੇਸ਼ਨ ਦੇ ਤਹਿਤ ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਸੰਵੇਦਨਸ਼ੀਲ ਥਾਵਾਂ ਅਤੇ ਪੁਲਸ ਨਾਕਿਆਂ 'ਤੇ ਸੀਨੀਅਰ ਅਧਿਕਾਰੀਆਂ ਵੱਲੋਂ ਚੈਕਿੰਗ ਕਰਨ ਦੇ ਨਾਲ ਨਾਲ ਸ਼ੱਕੀ ਵਾਹਨਾਂ ਵਿਅਕਤੀਆਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਸੀਨੀਅਰ ਅਧਿਕਾਰੀਆਂ ਨੇ ਵੱਖ-ਵੱਖ ਨਾਕਿਆਂ 'ਤੇ ਜਾ ਕੇ ਰਾਤ ਨੂੰ ਡਿਊਟੀ ਨਿਭਾ ਰਹੇ ਪੁਲਸ ਦੇ ਜਵਾਨਾਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ ਅਤੇ ਇਹਨਾਂ ਨਾਕਿਆਂ ਦੀ ਪੜਤਾਲ ਵੀ ਕੀਤੀ।ਇਸ ਮੌਕੇ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਪੁਲਸ ਪੇਸ਼ੇਵਰਾਨਾ ਤਰੀਕੇ ਨਾਲ ਮਾੜੇ ਅਨਸਰਾਂ ਨੂੰ ਨਕੇਲ ਕਸਣ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਜਿੱਥੇ ਸਾਰੇ ਸੰਵੇਦਨਸ਼ੀਲ ਥਾਵਾਂ ਉਪਰ ਨਾਕੇ ਲਗਾਏ ਗਏ ਹਨ ਉਥੇ ਭਾਰਤ-ਪਾਕਿ ਅੰਤਰ-ਰਾਸ਼ਟਰੀ ਸਰਹੱਦ ਨਾਲ ਸੈਕਿੰਡ ਡੀਫੈਂਸ ਲਾਈਨ ਨੂੰ ਵੀ ਮਜ਼ਬੂਤ ਕਰਦੇ ਹੋਏ 10 ਵਿਸ਼ੇਸ਼ ਨਾਕੇ ਲਗਾਏ ਗਏ ਹਨ। ਉਮਰਾਨੰਗਲ ਨੇ ਕਿਹਾ ਕਿ ਰਾਜ ਵਿੱਚੋਂ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਇਆ ਜਾਵੇਗਾ ਅਤੇ ਇਸ ਬੁਰਾਈ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਦੀ ਜਾਨ-ਮਾਲ ਦੀ ਰਾਖੀ ਅਤੇ ਸੁਰੱਖਿਅਤ ਮਾਹੌਲ ਦੇਣ ਲਈ ਵਚਨਬੱਧ ਹੈ। ਜ਼ਿਲ੍ਹੇ ਦੇ ਐੱਸ.ਐੱਸ.ਪੀ. ਸ੍ਰੀ ਆਦਿੱਤਯ ਨੇ ਦੱਸਿਆ ਕਿ ਪੁਲਸ ਵੱਲੋਂ ਕੌਮਾਂਤਰੀ ਸਰਹੱਦ ਦੇ ਨਾਲ ਦੂਜੀ ਸੁਰੱਖਿਆ ਕਤਾਰ ਦੀ ਮਜ਼ਬੂਤੀ ਦੇ ਨਾਲ-ਨਾਲ ਇਸ ਓਪਰੇਸ਼ਨ ਸਤਰਕ ਦੇ ਦੌਰਾਨ ਅੰਤਰ ਜ਼ਿਲ੍ਹਾ ਨਾਕਿਆਂ ਦੀ ਚੈਕਿੰਗ ਵੀ ਕੀਤੀ ਗਈ ਹੈ ਅਤੇ ਇੱਥੇ ਸੁਰੱਖਿਆ ਹੋਰ ਮਜ਼ਬੂਤ ਕੀਤੀ ਗਈ। ਇਸ ਤੋਂ ਬਿਨਾਂ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਦੀ ਜਾਂਚ ਤੋਂ ਇਲਾਵਾ ਹੋਰ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਵੀ ਜਾਂਚ ਪੜਤਾਲ ਕੀਤੀ ਗਈ। ਪੁਲਸ ਵੱਲੋਂ ਸ਼ੱਕੀ ਵਿਅਕਤੀਆਂ ਦੇ ਟਿਕਾਣਿਆਂ ਦੀ ਵੀ ਜਾਂਚ ਕੀਤੀ ਗਈ ਅਤੇ ਆਵਾਜਾਈ ਦੌਰਾਨ ਸ਼ੱਕੀ ਵਾਹਨਾਂ ਦੀ ਵੀ ਪੜਤਾਲ ਕੀਤੀ ਗਈ। ਇਸ ਦੌਰਾਨ ਜ਼ਿਲ੍ਹੇ ਦੇ ਸਾਰੇ ਥਾਣਿਆਂ ਦੀ ਪੁਲਸ ਵੱਲੋਂ ਵੱਖ-ਵੱਖ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਆਪਰੇਸ਼ਨ ਸਤਰਕ ਚਲਾਇਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸ.ਪੀ. ਜੁਗਰਾਜ ਸਿੰਘ ਤੇ ਹੋਰ ਪੁਲਸ ਅਧਿਕਾਰੀ ਵੀ ਮੌਜੂਦ ਸਨ।

# ਸੇਖਵਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬਿਹਤਰੀਨ ਬਣਾਉਣ ਵਾਸਤੇ ਵਿੱਢੀ ਗਈ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਮਿਸਾਲੀ ਕਾਰਜ ਕੀਤੇ ਗਏ ਹਨ ਤੇ ਕਰਵਾਏ ਜਾ ਰਹੇ ਹਨ, ਜਿਸ ਨਾਲ ਸੂਬਾ ਦੇਸ਼ ਭਰ ਲਈ ਮਿਸਾਲ ਬਣਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਪੰਜਾਬ ਸਰਕਾਰ ਵੱਲੋਂ 72 ਲੱਖ ਰੁਪਏ ਤੋਂ ਵੱਧ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਚੇਅਰਮੈਨ ਸੇਖਵਾਂ ਨੇ ਦੱਸਿਆ ਕਿ 'ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ 72 ਲੱਖ ਰੁਪਏ ਦੀ ਲਾਗਤ ਨਾਲ 9 ਨਵੇਂ ਸਮਾਰਟ ਕਲਾਸ ਰੂਮ, 7 ਕਲਾਸ ਰੂਮਾਂ ਦੀ ਮੁਰੰਮਤ ਅਤੇ ਸਕੂਲ ਦੀ ਚਾਰਦੀਵਾਰੀ ਦੀ ਮੁਰੰਮਤ ਕੀਤੀ ਗਈ ਹੈ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਦੇਸ਼ ਵਿੱਚੋਂ ਸਭ ਤੋਂ ਬਿਹਤਰੀਨ ਸਿੱਖਿਆ ਪ੍ਰਬੰਧ ਦੇਣ ਦਾ ਟੀਚਾ ਲੈ ਕੇ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਸਰਕਾਰ ਵਲੋਂ ਕੀਤੇ ਯਤਨਾਂ ਦੇ ਸਾਰਥਕ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ 20 ਹਜ਼ਾਰ ਸਰਕਾਰੀ ਸਕੂਲਾਂ ਵਿੱਚ ਲਗਭਗ 28 ਲੱਖ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਹਨਾਂ ਵਿੱਚੋਂ ਕਰੀਬ 17 ਹਜ਼ਾਰ ਸਕੂਲਾਂ ਨੂੰ ਵਾਈ-ਫਾਈ ਦੀ ਸਹੂਲਤ ਨਾਲ ਲੈਸ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਸਕੂਲ ਆਫ਼ ਐਮੀਨੈਂਸ ਦੇ ਰੂਪ ਵਿੱਚ ਪੰਜਾਬ ਦੇ ਵਿਦਿਆਰਥੀਆਂ ਨੂੰ ਇੱਕ ਵੱਖਰੀ ਸੌਗਾਤ ਦਿੱਤੀ ਗਈ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡੀ.ਈ.ਓ. ਡਾ. ਅਨਿਲ ਸ਼ਰਮਾ, ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਤੋਂ ਇਲਾਵਾ ਸਕੂਲ ਵਿਦਿਆਰਥੀਆਂ ਦੇ ਮਾਪੇ, ਪੀ.ਟੀ.ਏ. ਦੇ ਮੈਂਬਰ ਅਤੇ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਨੇ ਧੂਮਧਾਮ ਨਾਲ ਮਨਾਇਆ ਵਿਸਾਖੀ ਦਾ ਤਿਉਹਾਰ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਅੱਜ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਿਸਾਖੀ ਦਾ ਤਿਉਹਾਰ ਬੜੇ ਚਾਵਾਂ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਸਕੂਲ ਦੇ ਸ਼ਾਨਦਾਰ ਆਡੀਟੋਰੀਅਮ ਵਿਚ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਕਿੰਡਰਗਾਰਟਨ ਦੇ ਛੋਟੇ ਛੋਟੇ ਬੱਚਿਆਂ ਨੇ ਆਪਣੀਆਂ ਡਾਂਸ ਪ੍ਰਫੋਮੈਂਸ ਨਾਲ ਸਭ ਦਾ ਮਨ ਮੋਹ ਲਿਆ।ਛੋਟੇ ਛੋਟੇ ਬੱਚੇ ਰਵਾਇਤੀ ਪੰਜਾਬੀ ਡਰੈੱਸ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ। ਇਸੇ ਤਰ੍ਹਾਂ ਸਕੂਲ ਦੇ ਪੰਜਾਬੀ ਡਿਪਾਰਟਮੈਂਟ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਵੀਜੂਅਲ ਵਿਧੀ ਰਾਹੀਂ ਵਿਸਾਖੀ ਦੇ ਇਤਿਹਾਸ ਬਾਰੇ ਬਹੁਤ ਸੁੰਦਰ ਤਰੀਕੇ ਨਾਲ ਦੱਸਿਆ। ਸਕੂਲ ਦੀਆਂ ਵਿਦਿਆਰਥਣਾਂ ਇਬਾਦਤ ਕੌਰ ਅਤੇ ਸੁਖਮਨਪ੍ਰੀਤ ਕੌਰ ਨੇ ਲੋਕ ਗੀਤਾਂ 'ਤੇ ਸ਼ਾਨਦਾਰ ਡਾਂਸ ਕੀਤਾ। ਬੱਚਿਆਂ ਨੇ ਵਿਸਾਖੀ ਨਾਲ ਸੰਬੰਧਤ ਮਨਮੋਹਕ ਗਰੁੱਪ ਗੀਤ ਪੇਸ਼ ਕੀਤਾ। ਉਪਰੰਤ ਸਕੂਲ ਦੇ ਬੱਚਿਆਂ ਨੇ ਕਿਸਾਨੀ ਨਾਲ ਸੰਬੰਧਤ ਅਤੇ ਨਸ਼ਿਆਂ ਨਾਲ ਸੰਬੰਧਤ ਇੱਕ ਸ਼ਾਨਦਾਰ ਨਾਟਕ ਪੇਸ਼ ਕਰਕੇ ਖੂਬ ਵਾਹ ਵਾਹ ਲੁੱਟੀ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਸਭ ਨੂੰ ਵਿਸਾਖੀ ਦੀ ਵਧਾਈ ਦਿੱਤੀ । ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਦੀ ਪ੍ਰਫੋਮੈਂਸ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਬਿਲਾਸ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਆਰ ਡੀ ਖੋਸਲਾ ਸਕੂਲ 'ਚ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ



**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ )**- ਵਿਸਾਖੀ ਦੇ ਸ਼ੁੱਭ ਮੌਕੇ ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਇੱਕ ਵਿਸ਼ੇਸ਼ ਸਵੇਰ ਦੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਹਿੱਸਾ ਲਿਆ। ਇਸ ਮੌਕੇ ਮੀਟਿੰਗ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ।ਵਿਦਿਆਰਥੀਆਂ ਨੇ ਵਿਸਾਖੀ ਦੀ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਭਾਸ਼ਣ ਦਿੱਤੇ ਅਤੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਪੰਜਾਬ ਦੇ ਲੋਕ ਨਾਚ ਭੰਗੜਾ ਅਤੇ ਲੋਕ ਗੀਤਾਂ ਦੀਆਂ ਆਕਰਸ਼ਕ ਅਤੇ ਸੁੰਦਰ ਪੇਸ਼ਕਾਰੀਆਂ ਦਿੱਤੀਆਂ। ਵਿਦਿਆਰਥੀਆਂ ਨੇ ਲੋਕ ਬੋਲੀਆਂ ਅਤੇ ਕਵਿਤਾਵਾਂ ਰਾਹੀਂ ਵਿਸਾਖੀ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।ਅਸੈਂਬਲੀ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸਾਰਿਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਤਿਉਹਾਰ ਦੀ ਭਾਵਨਾ ਨੂੰ ਗ੍ਰਹਿਣ ਕਰਨ ਅਤੇ ਨਵੀਂ ਊਰਜਾ ਅਤੇ ਸਕਾਰਾਤਮਕਤਾ ਨਾਲ ਆਪਣੇ ਜੀਵਨ ਵਿੱਚ ਅੱਗੇ ਵਧਣ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਵੀ ਸਾਰਿਆਂ ਨੂੰ ਵਿਸਾਖੀ ਦੇ ਸ਼ੁੱਭ ਤਿਉਹਾਰ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਖੁਸ਼ੀ ਅਤੇ ਖੁਸ਼ਹਾਲੀ ਦਾ ਤਿਉਹਾਰ ਹੈ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।



# ਸੰਗਤਾਂ ਨੂੰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ ਟਰੱਕ ਹੋਇਆ ਰਵਾਨਾ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪਿੰਡ ਮਾਨ ਸੈਂਡਵਾਲ ਤੋਂ ਸੰਗਤਾਂ ਨੂੰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਵਾਉਣ ਲਈ ਟਰੱਕ ਰਵਾਨਾ ਹੋਇਆ। ਇਸ ਬਾਰੇ ਬਾਬਾ ਬਲਵੰਤ ਸਿੰਘ ਨੇ ਦੱਸਿਆ ਕੇ ਇਹ ਟਰੱਕ ਸੰਗਤਾਂ ਨੂੰ ਲੈ ਕੇ ਵਿਸਾਖੀ ਦਾ ਪਵਿੱਤਰ ਪੁਰਬ ਖਾਲਸਾ ਸਾਜਨਾ ਦਿਵਸ ਮਨਾਉਣ ਲਈ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ, ਚਮਕੌਰ ਸਾਹਿਬ, ਭੱਠਾ ਸਾਹਿਬ, ਕੀਰਤਪੁਰ ਸਾਹਿਬ ਆਦਿ ਇਤਿਹਾਸਕ ਸਥਾਨਾਂ ਦੀ ਯਾਤਰਾ ਕਰੇਗਾ। ਪਿੰਡ ਮਾਨ ਸੈਂਡਵਾਲ ਦੇ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਨ ਉਪਰੰਤ ਸੰਗਤਾਂ ਨੂੰ ਲੈ ਕੇ ਇਹ ਟਰੱਕ ਰਵਾਨਾ ਹੋਇਆ ਹੈ। ਇਸ ਮੌਕੇ ਬਲਵੰਤ ਸਿੰਘ ਬਾਬਾ ਲਾਡਾ, ਬਾਬਾ ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਮਾਨ, ਪ੍ਰਧਾਨ ਸੁਖਜਿੰਦਰ ਸਿੰਘ, ਬਾਬਾ ਬਲਦੇਵ ਸਿੰਘ, ਮਨਜੀਤ ਸਿੰਘ ਝੰਜੀਆਂ ਕਲਾਂ, ਹਰਜੀਤ ਸਿੰਘ ਝੰਜੀਆਂ ਕਲਾਂ, ਜਸਪਾਲ ਸਿੰਘ, ਬੀਰ ਸਿੰਘ ਝੰਜੀਆਂ ਕਲਾਂ, ਗੁਰਮੀਤ ਸਿੰਘ ਸੰਧੂ, ਬੂਟਾ ਸਿੰਘ, ਹਰਦੇਵ ਸਿੰਘ, ਦਲੀਪ ਸਿੰਘ ਤੇ ਪਰਮਜੀਤ ਸਿੰਘ ਆਦਿ ਮੌਜੂਦ ਸਨ।

# 15 ਨੂੰ ਵਿਸ਼ਾਲ ਇਕੱਠ ਕਰਕੇ ਡਿਪਟੀ ਕਮਿਸ਼ਨਰ ਨੂੰ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਮਜਬੂਰ ਕੀਤਾ ਜਾਵੇਗਾ : ਜਾਮਾਰਾਏ, ਪੰਡੋਰੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਜਮਹੂਰੀ ਕਿਸਾਨ ਸਭਾ ਦੀ ਮੀਟਿੰਗ ਪਿੰਡ ਮਾਣੋਚਾਹਲ ਕਲਾਂ 'ਚ ਕੁਲਦੀਪ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਕੇਂਦਰ ਦੀ ਬੀ ਜੇ ਪੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਲਗਾਤਾਰ ਕਿਸਾਨ ਵਿਰੋਧੀ ਫੈਸਲੇ ਲੈ ਰਹੀ ਹੈ ਅਤੇ ਕਿਸਾਨ ਮਜ਼ਦੂਰ ਵਿਰੋਧੀ ਹੀ ਸਾਬਤ ਹੋਈ ਹੈ । ਉਨ੍ਹਾਂ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜਨ ਦੀ ਥਾਂ ਪਟਰੋਲ, ਡੀਜ਼ਲ, ਰਸੋਈ ਗੈਸ, ਖਾਦਾਂ, ਕੀਟਨਾਸ਼ਕ ਦਵਾਈਆਂ 'ਚ ਭਾਰੀ ਵਾਧਾ ਕਰਕੇ ਆਮ ਲੋਕਾਂ 'ਤੇ ਭਾਰੀ ਬੋਝ ਪਾਇਆ ਹੈ । ਜਾਮਾਰਾਏ ਨੇ ਕਿਹਾ ਕਿ ਮੰਡੀਕਰਨ ਦੀ ਵਿਵਸਥਾ ਦਿਨੋ ਦਿਨ ਵਿਗੜਦੀ ਜਾ ਰਹੀ ਹੈ । ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਤੋਂ ਸ਼ੈਲਰ ਮਾਲਕਾਂ ਨੂੰ ਦੇਣ ਦੇ ਨਾਂ 'ਤੇ ਆੜ੍ਹਤੀਆਂ ਨੇ ਲੱਖਾਂ ਰੁਪਏ ਨਜਾਇਜ਼ ਕੱਟੇ ਹਨ। । ਜਿਸ ਵਿਰੁੱਧ ਆੜ੍ਹਤੀਆ ਵੱਲੋਂ ਕੱਟੇ ਪੈਸੇ ਵਾਪਸ ਲੈਣ ਲਈ ਤਰਨ ਤਾਰਨ ਦੇ ਦਫ਼ਤਰ ਅੱਗੇ ਜਮਹੂਰੀ ਕਿਸਾਨ ਸਭਾ ਦੀ ਅਗਵਾਈ 'ਚ ਧਰਨਾ ਲੈ ਕੇ ਬੈਠੇ ਹਨ। ਪ੍ਰਸ਼ਾਸਨਿਕ ਅਧਿਕਾਰੀ ਧਰਨੇ 'ਤੇ ਬੈਠੇ ਕਿਸਾਨਾਂ ਦੀ ਸਾਰ ਲੈਣ ਨੂੰ ਤਿਆਰ ਨਹੀ । ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕਿਸਾਨਾਂ ਦੇ ਲੱਗੇ ਧਰਨੇ ਨੂੰ ਪ੍ਰਚੰਡ ਕਰਨ ਅਤੇ ਜ਼ਿਲ੍ਹੇ ਦੇ ਅਧਿਕਾਰੀਆਂ ਦੇ ਬੋਲੇ ਕੰਨਾਂ ਤੱਕ ਅਵਾਜ਼ ਪਚਾਉਣ ਲਈ 15 ਅਪ੍ਰੈਲ ਨੂੰ ਕਿਸਾਨਾਂ ਮਜ਼ਦੂਰਾਂ ਦਾ ਵਿਸ਼ਾਲ ਇਕੱਠ ਕਰਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾਵੇਗਾ। ਇਸ ਮੌਕੇ ਕਰਮ ਸਿੰਘ ਪੰਡੋਰੀ, ਕੁਲਦੀਪ ਸਿੰਘ, ਸਕੱਤਰ ਸਿੰਘ, ਡਾਕਟਰ ਦਿਲਬਾਗ ਸਿੰਘ, ਵੀਰ ਸਿੰਘ, ਦਰਸ਼ਨ ਸਿੰਘ, ਮਨਜੀਤ ਸਿੰਘ, ਰਾਜਪਾਲ ਸਿੰਘ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਡਿਡ ਸਟੱਡੀਜ਼ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਡਿਡ ਸਟੱਡੀਜ਼ ਫਤਿਹਾਬਾਦ ਵਿਸਾਖੀ ਦਾ ਤਿਉਹਾਰ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆ ਨੇ ਵਿਸਾਖੀ ਨਾਲ ਸਬੰਧਤ ਗੀਤ ਅਤੇ ਕਵਿਤਾਵਾਂ ਗਾ ਕੇ ਅਤੇ ਗਿੱਧੇ ਅਤੇ ਭੰਗੜੇ ਨਾਲ ਇਸ ਸਮਾਗਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ।ਇਸ ਮੌਕੇ ਸਕੂਲ ਪ੍ਰਿੰਸੀਪਲ ਅਨੀਤਾ ਚਤਰਥ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ , ਚੇਅਰਮੈਨ ਰਵਿੰਦਰ ਕੁਮਾਰ, ਸ੍ਰੀਮਤੀ ਸੰਤੋਸ਼ ਕੁਮਾਰੀ, ਮਮਤਾ ਮੈਡਮ, ਤੇਜਿੰਦਰ ਸਿੰਘ, ਜਸਬੀਰ ਸਿੰਘ, ਨਵਨੀਤ ਕੌਰ, ਕਿਰਨਦੀਪ ਮੈਡਮ , ਕੰਵਲਪ੍ਰੀਤ ਕੌਰ, ਬਲਜੀਤ ਕੌਰ, ਰਮਨਦੀਪ ਕੌਰ, ਕੁਲਵਿੰਦਰ ਕੌਰ, ਰਜਨੀਸ਼ ਮੈਡਮ, ਅੰਤਰਪ੍ਰੀਤ ਕੌਰ, ਨਵਜੋਤ ਕੌਰ,,ਮਨਜਿੰਦਰ ਕੌਰ, ਇੰਦੀਪ ਕੌਰ, ਡੌਲੀ ਮੈਡਮ, ਜਸਬੀਰ ਸਿੰਘ, ਹਰਪ੍ਰੀਤ ਮੈਡਮ ਆਦਿ ਹਾਜ਼ਰ ਸਨ ।

# ਨਹਿਰ ਪੁਲ ਭਾਮੜੀ ਵਿਖੇ ਖਾਲਸਾ ਸਾਜਨਾ ਦਿਵਸ ਦੀ ਤਿਆਰੀ ਸੰਬੰਧੀ ਮੀਟਿੰਗ



**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਖਾਲਸਾ ਪੰਥ ਸਾਜਨਾ ਦਿਵਸ ਕਮੇਟੀ ਨਹਿਰ ਪੁਲ ਭਾਮੜੀ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 14 ਅਪਰੈਲ ਨੂੰ ਨਹਿਰ ਪੁਲ, ਭਾਮੜੀ ਵਿਖੇ ਮਨਾਏ ਜਾ ਰਹੇ ਖਾਲਸਾ ਪੰਥ ਸਾਜਨਾ ਦਿਵਸ ਦੀਆਂ ਤਿਆਰੀਆਂ ਅਤੇ ਹੋਰ ਸਮਾਜਸੇਵੀ ਕੰਮਾਂ ਸਬੰਧੀ ਕਮੇਟੀ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਖਾਲਸਾ ਪੰਥ ਸਾਜਨਾ ਦਿਵਸ ਮਨਾਉਣ ਸਬੰਧੀ 14 ਅਪਰੈਲ ਨੂੰ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮ, ਕਬੱਡੀ ਟੂਰਨਾਮੈਂਟ ਅਤੇ ਹੋਰ ਪ੍ਰੋਗਰਾਮ ਸਬੰਧੀ ਵਿਚਾਰਾਂ ਕੀਤੀਆਂ ਅਤੇ ਰੂਪ ਰੇਖਾ ਤਿਆਰ ਕੀਤੀ ਗਈ। ਇਸ ਮੌਕੇ ਕਮੇਟੀ ਮੈਂਬਰਾਂ ਦਿਲਬਾਗ ਸਿੰਘ ਬਸਰਾਵਾ, ਬਾਬਾ ਨਰਿੰਦਰ ਸਿੰਘ, ਸਰਪੰਚ ਬਚਨ ਸਿੰਘ, ਹਰਜੀਤ ਸਿੰਘ ਰਿਆੜ ਨੇ ਸਾਂਝੇ ਤੌਰ 'ਤੇ ਦੱਸਿਆ ਕਿ 14 ਅਪਰੈਲ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਬੱਚਿਆਂ ਦੇ ਕਵਿਤਾਵਾਂ, ਗੀਤ ,ਦਸਤਾਰ ਅਤੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ। ਉਪਰੰਤ ਢਾਡੀ ਜਥਾ ਖਾਲਸਾ ਪੰਥ ਸਾਜਨਾ ਦਿਵਸ ਦਾ ਇਤਿਹਾਸ ਸੰਗਤਾਂ ਨੂੰ ਸੁਣਾਉਣਗੇ। ਬਾਅਦ ਦੁਪਹਿਰ ਕਬੱਡੀ ਟੂਰਨਾਮੈਂਟ ਹੋਵੇਗਾ। ਇਸ ਦੌਰਾਨ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਗਤਕੇ ਦੇ ਆਕਰਸ਼ਕ ਜੌਹਰ ਵਿਖਾਉਣਗੇ। ਪ੍ਰੋਗਰਾਮ ਦੇ ਸੁਚਾਰੂ ਪ੍ਰਬੰਧਾਂ ਲਈ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਖਾਲਸਾ ਪੰਥ ਸਾਜਨਾ ਦਿਵਸ ਦੇ ਸਬੰਧ ਵਿੱਚ ਕਮੇਟੀ ਵਲੋਂ ਇਹ ਪ੍ਰੋਗਰਾਮ ਪਿਛਲੇ 9 ਸਾਲਾਂ ਤੋਂ ਵੱਡੇ ਪੱਧਰ 'ਤੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਸਵ. ਗੁਰਨਾਮ ਸਿੰਘ ਦਾ ਰਿਆੜ ਦੇ ਪਰਵਾਰ ਦੇ ਚੰਡੀਗੜ੍ਹ ਅਤੇ ਅਮਰੀਕਾ ਰਹਿੰਦੇ ਪਰਵਾਰਕ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਮੀਟਿੰਗ ਵਿੱਚ ਉਪਰੋਕਤ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸੁੱਚਾ ਸਿੰਘ ਫੌਜੀ, ਹਰਭਜਨ ਲਾਲ, ਜਗਤਾਰ ਸਿੰਘ ਖਾਲਸਾ, ਬਲਵਿੰਦਰ ਸਿੰਘ ਬਿੱਲੂ, ਦਿਲਬਾਗ ਸਿੰਘ ਠਾਣੇਦਾਰ, ਡਾ. ਨੀਟਾ, ਬਲਜਿੰਦਰ ਸਿੰਘ ਬਿੱਲਾ, ਹਰਬੀਰ ਸਿੰਘ, ਗੁਰਮੁਖ ਲਾਲ, ਜਸਪਾਲ ਸਿੰਘ ਫੌਜੀ, ਬੀਰਾ ਸਿੰਘ, ਰਮੇਸ਼ ਸਿੰਘ, ਅਜੀਤ ਸਿੰਘ ਮੋਹਣੀ, ਪ੍ਰਭ, ਕੁਲਜੀਤ ਸਿੰਘ, ਜਰਨੈਲ ਸਿੰਘ ਆਦਿ ਕਮੇਟੀ ਮੈਂਬਰ ਹਾਜ਼ਰ ਸਨ।

# ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ 75 ਸਾਲਾਂ ਤੋਂ ਉੱਪਰ ਵਾਲੇ ਪੈਨਸ਼ਨਰਾਂ ਦਾ ਵਿਸ਼ੇਸ਼ ਸਨਮਾਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਸਰਕਲ ਗੁਰਦਾਸਪੁਰ ਵੱਲੋਂ 75 ਸਾਲਾਂ ਤੋਂ ਉੱਪਰ ਉਮਰ ਵਾਲੇ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਨਰਜ਼ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਸਨਮਾਨ ਸਮਾਰੋਹ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਨੇੜੇ ਇਕ ਪੈਲਸ ਵਿੱਚ ਕੀਤਾ ਗਿਆ। ਯੂਨੀਅਨ ਦੇ ਸਕਰਲ ਪ੍ਰਧਾਨ ਹਜਾਰਾ ਸਿੰਘ ਗਿੱਲ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਵਿੱਚ ਮੰਡਲ ਧਾਰੀਵਾਲ, ਮੰਡਲ ਕਾਦੀਆਂ, ਮੰਡਲ ਗੁਰਦਾਸਪੁਰ ਅਤੇ ਸਿਟੀ ਮੰਡਲ ਬਟਾਲਾ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ 75 ਸਾਲਾਂ ਤੋਂ ਵੱਧ ਉਮਰ ਵਾਲੇ ਪੈਨਸ਼ਨਰਾਂ ਨੂੰ ਜਥੇਬੰਦੀ ਵਲੋਂ ਯੂਨੀਅਨ ਦੇ ਲੋਗੋ ਵਾਲਾ ਯਾਦਗਾਰੀ ਮੋਮੈਂਟੋ ਅਤੇ ਗਰਮ ਲੋਈ ਦੇ ਕੇ ਸਨਮਾਨਿਤ ਕੀਤਾ, ਜਦਕਿ ਫੈਮਿਲੀ ਪੈਨਸ਼ਨਰਜ਼ ਬੀਬੀਆਂ ਨੂੰ ਯਾਦਗਾਰੀ ਮੋਮੈਂਟੋ ਅਤੇ ਗਰਮ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਜਥੇਬੰਦੀ ਦੇ ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਵਿਸ਼ੇਸ਼ ਤੌਰ 'ਤੇ ਸਾਥੀਆਂ ਸਮੇਤ ਪਹੁੰਚੇ। ਇਸ ਮੌਕੇ ਸਰਕਲ ਸਕੱਤਰ ਦਵਿੰਦਰ ਸਿੰਘ ਸੈਣੀ, ਵਿੱਤ ਸਕੱਤਰ ਮਹਿੰਦਰ ਪਾਲ ਸਿੰਘ, ਬਲਵਿੰਦਰ ਸਿੰਘ ਉਦੀਪੁਰ ਸੀਨੀ. ਮੀਤ ਪ੍ਰਧਾਨ ਫੈਡਰੇਸ਼ਨ ਏਟਕ ਪੰਜਾਬ, ਹਰਕਿਰਪਾਲ ਸਿੰਘ, ਬਾਵਾ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ ਬਸਰਾ, ਕੁਲਵੰਤ ਸਿੰਘ ਕਲੇਰ, ਹਰਦੀਪ ਸਿੰਘ ਖੈਹਿਰਾ, ਜਰਨੈਲ ਸਿੰਘ ਸੰਧੂ ਆਦਿ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਕਿਸਾਨ ਸਭਾ ਦੀ 90ਵੀਂ ਵਰ੍ਹੇਗੰਢ 'ਤੇ ਕਿਸਾਨ ਇਕੱਤਰਤਾ



**ਝਬਾਲ (ਮੱਖਣ ਮਨੋਜ)**- ਕੁੱਲ ਹਿੰਦ ਕਿਸਾਨ ਸਭਾ ਦਾ 90ਵਾਂ ਸਥਾਪਨਾ ਦਿਵਸ ਮਨਾਉਣ ਲਈ ਇੱਥੋਂ ਨੇੜਲੇ ਪਿੰਡ ਸੋਹਲ ਵਿਖੇ ਕਿਸਾਨਾਂ ਦੀ ਇੱਕ ਭਰਵੀਂ ਮੀਟਿੰਗ ਬਲਾਕ ਪ੍ਰਧਾਨ ਮੋਤਾ ਸਿੰਘ ਸੋਹਲ ਦੇ ਗ੍ਰਹਿ ਵਿਖੇ ਗੁਰਦੇਵ ਸਿੰਘ ਡਾਕਟਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਮੀਟਿੰਗ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ ਅਤੇ ਜਥੇਬੰਦਕ ਸਕੱਤਰ ਦਵਿੰਦਰ ਸੋਹਲ ਨੇ ਕਿਹਾ ਕਿ ਅੱਜ ਕਾਰਪੋਰੇਟ ਜਗਤ ਖੇਤੀ 'ਤੇ ਪੂਰੀ ਤਰ੍ਹਾਂ ਕੰਟਰੋਲ ਕਰਨ ਲਈ ਕਾਹਲਾ ਹੈ। ਜਦੋਂ 11 ਅਪ੍ਰੈਲ 1936 ਨੂੰ ਲਖਨਊ ਵਿਖੇ ਸਵਾਮੀ ਸਹਿਜਾਨੰਦ, ਐਨ ਕੇ ਰੰਗਾ ਤੇ ਪੰਜਾਬ ਤੋਂ ਸੋਹਣ ਸਿੰਘ ਜੋਸ਼ ਤੇ ਏ ਕੇ ਅਹਿਮਦ ਵਰਗੇ ਦੇਸ਼ ਭਗਤਾਂ ਨੇ ਵੱਖ ਵੱਖ ਕਿਸਾਨ ਨੂੰ ਇਕੱਤਰ ਕਰਕੇ ਇੱਕੋ ਕਿਸਾਨ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਦਾ ਗਠਨ ਕੀਤਾ ਤਾਂ ਉਸ ਸਮੇਂ ਭਾਰਤ ਵਿੱਚ ਅੰਗਰੇਜ਼ ਸਾਮਰਾਜ ਦੀ ਹਕੂਮਤ ਸੀ। ਇਸ ਸਾਮਰਾਜ ਅਧੀਨ ਰਾਜੇ ਰਜਵਾੜੇ ਜ਼ਮੀਨਾਂ ਦੇ ਮਾਲਕ ਸਨ। ਬਾਕੀ ਵਾਹੀਯੋਗ ਜ਼ਮੀਨ 'ਤੇ ਵੀ ਅੰਗਰੇਜ਼ੀ ਸਰਕਾਰ ਬਹੁਤ ਭਾਰੀ ਟੈਕਸ ਲਾਉਂਦੀ ਸੀ। ਇਸੇ ਸਮੇਂ ਹੀ ਪੰਜਾਬ ਵਿੱਚ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਇਨਕਲਾਬੀ ਦੇਸ਼ ਭਗਤ ਕੁੱਲ ਹਿੰਦ ਕਿਸਾਨ ਸਭਾ ਦਾ ਝੰਡਾ ਚੁੱਕ ਅਜ਼ਾਦੀ ਦੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦ ਪਏ। ਪੰਜਾਬ ਤੋਂ ਬਾਬਾ ਸੋਹਣ ਸਿੰਘ ਭਕਨਾ ਤੇ ਕਿਸਾਨਾਂ ਦੇ ਜੁਝਾਰੂ ਯੋਧੇ ਤੇਜਾ ਸਿੰਘ ਸੁਤੰਤਰ ਵੀ ਸਮੇਂ ਕੌਮੀ ਪ੍ਰਧਾਨ ਰਹੇ। ਕੁੱਲ ਹਿੰਦ ਕਿਸਾਨ ਸਭਾ ਵੱਲੋਂ ਅਜ਼ਾਦੀ ਤੋਂ ਬਾਅਦ ਮੁਜ਼ਾਰਾ ਲਹਿਰ ਰਾਹੀਂ ਲੱਖਾਂ ਏਕੜ ਜ਼ਮੀਨ ਕਿਸਾਨਾਂ ਨੂੰ ਦਿਵਾਈ। ਉਸ ਤੋਂ ਬਾਅਦ ਖੁਸ਼ਹੈਸੀਅਤ ਟੈਕਸ ਤੇ ਫਿਰ ਜ਼ਮੀਨੀ ਹੱਦਬੰਦੀ ਕਾਨੂੰਨ ਲਾਗੂ ਕਰਾ ਕੇ ਹਜ਼ਾਰਾਂ ਏਕੜ ਵਾਧੂ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਦਿਵਾਈ। ਅੱਜ ਛੋਟਾ ਤੇ ਦਰਮਿਆਨਾ ਕਿਸਾਨ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਕਰਜ਼ੇ ਹੇਠ ਹੈ। ਅੱਜ ਮੁੜ ਜ਼ਮੀਨੀ ਹੱਦਬੰਦੀ ਕਾਨੂੰਨ ਬਣਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ ਕਿਸਾਨ ਸਭਾ ਮੰਗ ਕਰਦੀ ਹੈ ਕਿ ਕੌਮੀ ਖੇਤੀ ਮੰਡੀ ਖਰੜਾ ਵਾਪਸ ਲਿਆ ਜਾਵੇ। ਸਾਰੀਆਂ ਫਸਲਾਂ 'ਤੇ ਐਮ ਐਸ ਪੀ ਦਿੱਤੀ ਜਾਵੇ। ਜ਼ਮੀਨ 'ਤੇ ਪਾਣੀ ਦਾ ਹੱਕ ਦਿੱਤਾ ਜਾਵੇ। ਸਮੁੱਚੇ ਕਿਸਾਨੀ ਕਰਜ਼ੇ 'ਤੇ ਲੀਕ ਮਾਰੀ ਜਾਵੇ। ਖੇਤੀ ਅਧਾਰਿਤ ਸਨਅਤਾਂ ਲਾਈਆਂ ਜਾਣ । ਕਿਸਾਨਾਂ ਮਜ਼ਦੂਰਾਂ ਨੂੰ 10000 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ, ਹਰਜਿੰਦਰ ਸਿੰਘ, ਦਲਬੀਰ ਸਿੰਘ, ਬਚਨ ਸਿੰਘ, ਮੇਜਰ ਸਿੰਘ, ਲਵਪ੍ਰੀਤ ਸਿੰਘ ਲਵਲੀ, ਮਨਪ੍ਰੀਤ ਸਿੰਘ ਮੰਨਾ, ਇੰਦਰ ਸਿੰਘ, ਅਵਤਾਰ ਸਿੰਘ, ਮੁਖਤਿਆਰ ਸਿੰਘ, ਸੁਰਜੀਤ ਸਿੰਘ, ਤਰਸੇਮ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- 13 ਅਪ੍ਰੈਲ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ 'ਦੀ ਸਥਾਪਨਾ ਕਰਕੇ ਸਿੱਖਾਂ ਨੂੰ ਨਿਆਰਾ ਰੂਪ ਦਿੱਤਾ ਅਤੇ ਜਾਤ -ਪਾਤ ਦੇ ਵਹਿਮਾਂ ਭਰਮਾਂ ਵਿੱਚੋਂ ਲੋਕਾਂ ਨੂੰ ਕੱਢਿਆ।ਪਦਮਸ਼੍ਰੀ ਐਵਾਰਡ ਨਾਲ ਸਨਮਾਨਤ ਆਰਿਆ ਰਤਨ ਡਾਕਟਰ ਪੂਨਮ ਸੂਰੀ, ਚੇਅਰਮੈਨ ਮਹੇਸ਼ ਚੋਪੜਾ, ਡਾਇਰੈਕਟਰ ਵੀ ਕੇ ਚੋਪੜਾ, ਆਰ ਓ ਮੈਡਮ ਡਾਕਟਰ ਅੰਜਨਾ ਗੁਪਤਾ, ਮੈਨੇਜਰ ਮੈਡਮ ਡਾਕਟਰ ਨੀਰਾ ਸ਼ਰਮਾ ਅਤੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੇ ਅਸ਼ੀਰਵਾਦ ਸਦਕਾ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ, ਝਬਾਲ ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਜਿਸ ਵਿੱਚ ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਮੈਡਮ ਤਪੱਸਿਆ ਦੀ ਅਗਵਾਈ ਵਿੱਚ ਗੀਤ ਪੇਸ਼ ਕੀਤਾ।ਪੰਜਾਬੀ ਅਧਿਆਪਕਾ ਮੈਡਮ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੇ ਸੱਭਿਆਚਾਰਕ, ਇਤਿਹਾਸਕ ਅਤੇ ਧਾਰਮਿਕ ਮਹੱਤਵ ਤੋਂ ਜਾਣੂ ਕਰਵਾਇਆ। ਸਕੂਲ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਦੇ ਨਾਲ ਹੀ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਵੀ ਮਨਾਇਆ ਗਿਆ। ਅੱਠਵੀਂ ਜਮਾਤ ਦੀ ਵਿਦਿਆਰਥਣ ਜਸਮੀਤ ਕੌਰ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ 'ਤੇ ਚਾਨਣਾ ਪਾਇਆ।

# ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ ਪਲੇਸਮੈਂਟ ਕੈਂਪ 15 ਨੂੰ

**ਗੁਰਦਾਸਪੁਰ (ਜਨਕ ਮਹਾਜਨ)**- ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ 15 ਅਪ੍ਰੈਲ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਇਕ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਪਲੇਸਮੈਂਟ ਕੈਂਪ ਵਿੱਚ ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰ ਲਿਮਟਿਡ ਅਤੇ ਵਰਧਮਾਨ ਮਿੱਲ ਪ੍ਰਾਈਵੇਟ ਕੰਪਨੀਆਂ ਵਲੋਂ ਵੱਖ-ਵੱਖ ਅਸਾਮੀਆਂ ਵਾਸਤੇ ਰੈਗੂਲਰ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਭਰਤੀ ਕੀਤੀ ਜਾਵੇਗੀ ਅਤੇ ਮੌਕੇ 'ਤੇ ਇੰਟਰਵਿਊ ਕੀਤੀ ਜਾਵੇਗੀ। ਇਹਨਾਂ ਅਸਾਮੀਆਂ ਦੀ ਇੰਟਰਵਿਊ ਲਈ ਯੋਗਤਾ 8ਵੀਂ, 10ਵੀਂ ਅਤੇ 12ਵੀਂ ਪਾਸ ਕਰ ਚੁੱਕੇ ਪ੍ਰਾਰਥੀ ਜਿਨ੍ਹਾਂ ਦੀ ਉਮਰ 18 ਤੋਂ 45 ਸਾਲ ਹੈ, ਰੋਜ਼ਗਾਰ ਮੇਲੇ ਵਿੱਚ ਸ਼ਾਮਲ ਹੋ ਸਕਦੇ ਹਨ। ਇੰਟਰਵਿਊ ਹੋਣ ਉਪਰੰਤ ਕੰਪਨੀਆਂ ਵੱਲੋਂ ਯੋਗਤਾ ਅਤੇ ਅਸਾਮੀਆਂ ਅਨੁਸਾਰ ਸੈਲਰੀ ਦਾ ਪੈਕੇਜ ਦਿੱਤਾ ਜਾਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ 15 ਅਪ੍ਰੈਲ ਨੂੰ ਆਪਣੇ ਅਸਲ ਦਸਤਾਵੇਜ਼ ਦੀਆਂ ਕਾਪੀਆਂ, ਰੀਜ਼ੂਮ (ਸੀ.ਵੀ) ਅਤੇ 2 ਫ਼ੋਟੋਆਂ ਸਮੇਤ ਕਮਰਾ ਨੰਬਰ 217 ਬੀ-ਬਲਾਕ ਡੀ.ਏ.ਸੀ ਕੰਪਲੈਕਸ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਸਵੇਰੇ 10 ਵਜੇ ਤੱਕ ਪਹੁੰਚਣ।

# ਡਾ. ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਐੱਸ ਐੱਸ ਐੱਮ ਕਾਲਜ 'ਚ ਜ਼ਿਲ੍ਹਾ ਪੱਧਰੀ ਸਮਾਗਮ



**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ 14 ਅਪ੍ਰੈਲ ਨੂੰ ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਡੀ.ਡੀ.ਪੀ.ਓ. ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸੁਖਵਿੰਦਰ ਸਿੰਘ, ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਦੇ ਪ੍ਰਿੰਸੀਪਲ ਡਾ. ਆਰ.ਕੇ. ਤੁਲੀ, ਪ੍ਰੋ. ਪ੍ਰਬੋਧ ਗਰੋਵਰ, ਡੀਨ ਵਿਦਿਆਰਥੀ ਭਲਾਈ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਬੇਡਕਰ ਜੈਅੰਤੀ ਪੂਰੇ ਉਤਸ਼ਾਹ ਨਾਲ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਸੂਬੇ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।ਵਧੀਕ ਡਿਪਟੀ ਕਮਿਸ਼ਨਰ ਡਾ. ਬੇਦੀ ਨੇ ਕਿਹਾ ਕਿ ਅੰਬੇਡਕਰ ਜੈਅੰਤੀ ਸਬੰਧੀ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹਨ ਅਤੇ ਇਸ ਸਮਾਗਮ ਵਿੱਚ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਜ਼ਿਲ੍ਹਾ ਵਾਸੀ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਬੁਲਾਰਿਆਂ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਸਮਾਜ ਤੇ ਦੇਸ਼ ਨੂੰ ਦੇਣ ਬਾਰੇ ਚਾਨਣਾ ਪਾਇਆ ਜਾ ਸਕੇ।

# 26 ਲੱਖ ਦੀ ਠੱਗੀ ਮਾਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਕੀਤੀ ਇਨਕੁਆਰੀ ਵਿਚ ਐਸ. ਪੀ ਇਨਵੈਸਟੀਗੇਸ਼ਨ ਗੁਰਦਾਸਪੁਰ ਨੇ ਪਾਇਆ ਕਿ ਅਮਨਦੀਪ ਸਿੰਘ ਗਾਗਰ ਵਾਸੀ ਚਲਾਂਗ ਤਹਿ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਾਜਨ ਸ਼ਰਮਾ ਪੁੱਤਰ ਵੀਸਵਾ ਨਾਥ ਪਿੰਡ ਕੁਰਾਲ ਨੇ ਕੰਨਸੋ ਪਤਨੀ ਫਰਮਾਨ ਵਾਸੀ ਕਰਾਲ ਦੇ ਲੜਕੇ ਸੰਦੀਪ ਨੂੰ ਯੂ.ਐਸ. ਏ ਭੇਜਣ ਦੇ ਨਾਂਅ 'ਤੇ 26 ਲੱਖ ਰੁਪਏ ਦੀ ਠੱਗੀ ਮਾਰ ਕੇ ਧੋਖਾਧੜੀ ਕੀਤੀ ਹੈ। ਪੁਲਸ ਉਕਤ ਦੋਵਾਂ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕਰਨਬੀਰ ਸਿੰਘ ਬੁਰਜ ਨੇ ਝਾਮਕਾ ਖ਼ੁਰਦ ਵਿਖੇ ਕਾਂਗਰਸੀ ਵਰਕਰਾਂ ਨਾਲ ਕੀਤੀ ਮੀਟਿੰਗ



**ਝਬਾਲ (ਮੱਖਣ ਮਨੋਜ)**- ਕੇਂਦਰ ਤੇ ਸੂਬਾ ਸਰਕਾਰ ਮਿਲ ਕੇ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਕਿਸਾਨਾਂ ਦੇ ਹੱਕਾਂ ਨੂੰ ਦੱਬ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਪਿੰਡ ਝਾਮਕਾ ਖ਼ੁਰਦ ਦੇ ਰਣਜੀਤ ਸਿੰਘ ਰਾਣਾ ਦੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਦੌਰਾਨ ਗੱਲਬਾਤ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਇਕ ਹੀ ਮੰਗ ਹੈ ਕਿ ਸੁਆਮੀਨਾਥਨ ਦੀ ਰਿਪੋਰਟ ਲਾਗੂ ਕੀਤੀ ਜਾਵੇ ਤੇ ਕਿਸਾਨਾਂ ਦੀਆਂ ਫਸਲਾਂ 'ਤੇ ਘੱਟ ਤੋਂ ਘੱਟ ਮੁੱਲ ਤੈਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਤਾ ਤੇ ਲੋਕਾਂ ਨੂੰ ਗੁੰਮਰਾਹ ਕਰ ਕੇ ਰਾਜ ਕਰਨ ਵਾਲੀ ਇਸ ਪਾਰਟੀ ਨੇ ਬੀਬੀਆਂ ਦੇ ਇਕ ਇਕ ਹਜ਼ਾਰ ਰੁਪਏ ਵੀ ਨਹੀਂ ਦਿੱਤੇ ਤੇ ਬੁਢੇਪਾ ਪੈਨਸ਼ਨਾਂ ਵਿਚ ਵਾਧਾ ਕਰਨ ਦੇ ਲਾਰੇ ਜਿਉਂ ਦੇ ਤਿਉਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਆਉਣ 'ਤੇ ਹਰ ਵਰਗ ਦੇ ਵਿਅਕਤੀ ਮੌਲਿਕ ਅਧਿਕਾਰਾਂ 'ਤੇ ਪਹਿਰਾ ਦਿੱਤਾ ਜਾਵੇਗਾ। ਇਸ ਮੌਕੇ ਰਣਜੀਤ ਸਿੰਘ ਰਾਣਾ, ਬਲਜਿੰਦਰ ਸਿੰਘ, ਸਾਬਕਾ ਸਰਪੰਚ ਸੁੱਚਾ ਸਿੰਘ, ਪਹਿਲਵਾਨ ਬਹਾਲ ਸਿੰਘ, ਕਿਰਪਾਲ ਸਿੰਘ ਰਾਧਾ ਸੁਆਮੀ, ਸਾਬਕਾ ਸਰਪੰਚ ਧਿਆਨ ਸਿੰਘ, ਬਲਦੇਵ ਸਿੰਘ, ਗੁਰਲਾਲ ਸਿੰਘ, ਕਰਨਜੀਤ ਸਿੰਘ, ਹੀਰਾ ਸਿੰਘ, ਰਾਜ ਸਿੰਘ, ਦਲੇਰ ਸਿੰਘ, ਸੁਰਜੀਤ ਸਿੰਘ ਸਰਪੰਚ, ਨਿਸ਼ਾਨ ਸਿੰਘ, ਅਮਰੀਕ ਸਿੰਘ, ਹਰਜੀਤ ਸਿੰਘ, ਹਰਦੇਵ ਸਿੰਘ, ਆਦਿ ਹਾਜ਼ਰ ਸਨ।

# ਜੇਟਾਈ ਦੀ ਪ੍ਰਸਤਾਵਿਤ ਪੁਨਰਗਠਨ ਸਕੀਮ ਨੂੰ ਲੈਣਦਾਰਾਂ ਵੱਲੋਂ ਢੁਕਵਾਂ ਹੁੰਗਾਰਾ

**ਲੁਧਿਆਣਾ** : ਜੇਟਾਈ ਪ੍ਰਾਈਵੇਟ ਲਿਮਟਿਡ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਇਸ ਦੀ ਪ੍ਰਸਤਾਵਿਤ ਪ੍ਰਬੰਧ ਦੀ ਸਕੀਮ ਨੂੰ ਲੈਣਦਾਰਾਂ ਵੱਲੋਂ ਸਮਾਪਤ ਹੋਈ ਪਿਛਲੀ ਵੋਟਿੰਗ ਪ੍ਰਕਿਰਿਆ ਵਿੱਚ ਬਹੁਤ ਜ਼ਿਆਦਾ ਸਮਰਥਨ ਮਿਲਿਆ ਹੈ। ਵਜ਼ੀਰਐਕਸ ਪਲੇਟਮਫਾਰਮ ਤੇ ਕ੍ਰਿਪਟੋ ਬੈਲੇਂਸ ਵਾਲਾ ਹਰੇਕ ਲੈਣਦਾਰ, ਸਿੰਗਾਪੁਰ ਦੀ ਹਾਈ ਕੋਰਟ ਵਿੱਚ ਦਾਇਰ ਪ੍ਰਸਤਾਵਿਤ ਪੁਨਰਗਠਨ ਵਿੱਚ ਵੋਟ ਕਰਨ ਲਈ ਯੋਗ ਸੀ। ਵੋਟਿੰਗ ਪ੍ਰਕਿਰਿਆ ਕਰੋਲ ਇਸ਼ੂਅਰ ਸਰਵਿਸਜ਼ ਪਲੇਟਫਾਰਮ 'ਤੇ ਮਾਰਚ 19 ਤੋਂ ਮਾਰਚ 28 ਤੱਕ ਚਲਾਈ ਗਈ। ਕੁੱਲ ਮਿਲਾ ਕੇ, ਪ੍ਰਵਾਨ ਦਾਅਵਿਆਂ ਵਿੱਚ ਯੂ ਐਸ ਡੀ 195,650,529.03 ਦੀ ਨੁਮਾਇੰਦਗੀ ਕਰ ਰਹੇ 141,476 ਸਕੀਮ ਲੈਣਦਾਰਾਂ ਨੇ ਵੋਟ ਪਾਈ। ਸਕੀਮ ਲੈਣਦਾਰ ਜਿਨ੍ਹਾਂ ਨੇ ਵੋਟ ਪਾਈ ਵਿੱਚੋਂ ਪ੍ਰਵਾਨ ਦਾਅਵਿਆਂ ਵਿੱਚ ਯੂ ਐਸ ਡੀ 184,997,156.31 ਦੀ ਨੁਮਾਇੰਦਗੀ ਕਰ ਰਹੇ 131,659 ਸਕੀਮ ਲੈਣਦਾਰਾਂ ਨੇ ਸਕੀਮ ਲਈ 'ਹਾਂ' ਲਈ ਸਕੀਮ ਵੋਟ ਪਾਈ। ਵਜ਼ੀਰ ਐਕਸ ਦੇ ਸੰਸਥਾਪਕ ਨਿਸ਼ਚਲ ਸ਼ੈਟੀ ਨੇ ਕਿਹਾ, 'ਅਸੀਂ ਵਿਸ਼ਵਾਸ ਦੀ ਮਜ਼ਬੂਤ ਵੋਟ ਲਈ ਤੁਹਾਡੇ ਸ਼ੁਕਰਗੁਜ਼ਾਰ ਹਾਂ। ਸਾਡੇ ਪੂਰੇ ਆਧਾਰ ਵਿੱਚ ਇਸ ਲਗਾਤਾਰ ਸਮਰਥਨ ਨੇ ਸਾਡੇ ਪੁਨਰਗਠਨ ਪਹੁੰਚ ਅਤੇ ਰਿਕਵਰੀ ਪਲਾਨ ਵਿੱਚ ਸਾਂਝਾ ਯਕੀਨ ਦਰਸਾਇਆ ਹੈ।'

# ਈ ਟੀ ਓ ਨੇ ਨਵੀਂ ਲਿੰਕ ਸੜਕ ਦਾ ਕੀਤਾ ਉਦਘਾਟਨ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)** ਪਿੰਡ ਗੱਗੜਭਾਣਾ ਜੀ ਟੀ ਰੋਡ ਤੋਂ ਵਾਇਆ ਪੱਲ੍ਹਾ, ਰਈਆ-ਨਾਥ ਦੀ ਖੂਹੀ ਸੜਕ ਉੱਪਰ ਪਿੰਡ ਵਡਾਲਾ ਕਲਾਂ ਤੱਕ ਇੱਕ ਕਰੋੜ ਇਕਤਾਲੀ ਲੱਖ ਰੁਪਏ ਦੀ ਲਾਗਤ ਨਾਲ ਪੰਜ ਕਿਲੋਮੀਟਰ ਲੰਬੀ ਨਵੀਂ ਲਿੰਕ ਸੜਕ ਦਾ ਉਦਘਾਟਨ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਤੁਸੀਨ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ, ਅਸੀਂ ਵਾਅਦਾ ਕਰਦੇ ਹਾਂ ਕਿ ਹਲਕੇ ਦੀ ਕੋਈ ਵੀ ਸੜਕ ਕੱਚੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਹਰੇਕ ਵਰਗ ਦੀਆਂ ਸਹੂਲਤਾਂ ਦਾ ਖਾਸ ਖਿਆਲ ਰੱਖਿਆ ਜਾਵੇਗਾ।ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਖੱਬੇ, ਅਜੇ ਗਾਂਧੀ ਸਰਪੰਚ ਮਹਿਤਾ, ਸਰਪੰਚ ਜਗਦੀਸ਼ ਕੌਰ ਪੱਲ੍ਹਾ, ਬਲਜੀਤ ਕੌਰ ਪੱਲ੍ਹਾ, ਦਿਲਬਾਗ ਸਿੰਘ ਦਿਆਲਗੜ੍ਹ, ਸੋਨੀ ਧਰਦਿਓ, ਪ੍ਰਗਟ ਸਿੰਘ ਬੁੱਟਰ, ਗੁਰਮੁੱਖ ਸਿੰਘ ਸਰਜਾ, ਅਮਰਿੰਦਰ ਸਿੰਘ ਕੁਹਾਟਵਿੰਡ, ਬਲਜੀਤ ਸਿੰਘ ਸੈਦੋਕੇ, ਗੁਰਵੇਲ ਸਿੰਘ ਜਲਾਲ, ਮਾ: ਬਲਜਿੰਦਰ ਸਿੰਘ ਵਡਾਲਾ (ਸਾਰੇ ਸਰਪੰਚ),ਪ੍ਰਧਾਨ ਹਰਜਿੰਦਰ ਸਿੰਘ ਉਸਮਾਂ, ਜਰਮਨ ਉਦੋ ਨੰਗਲ, ਦਇਆ ਸਿੰਘ ਮਹਿਤਾ, ਬੂਟਾ ਸਿੰਘ ਜਲਾਲ ਮੀਡੀਆ ਇੰਚਾਰਜ, ਬਿਸ਼ਰਾਮ ਸਿੰਘ, ਰਣਧੀਰ ਸਿੰਘ, ਮਨਦੀਪ ਪੱਲ੍ਹਾ, ਗੁਰਮੇਜ ਸਿੰਘ, ਰਣਜੋਧ ਸਿੰਘ, ਰਣਜੀਤ ਸਿੰਘ, ਹਰਵਿੰਦਰ ਸਿੰਘ ਸਾਹਬਾ (ਸਾਰੇ ਮੈਂਬਰ ਪੰਚਾਇਤ), ਹੈੱਡਮਾਸਟਰ ਸੁਖਰਾਜ ਸਿੰਘ ਪੱਲ੍ਹਾ, ਮਾਸਟਰ ਅਮਰੀਕ ਸਿੰਘ, ਬਖਸ਼ੀਸ਼ ਸਿੰਘ, ਕੁਲਬੀਰ ਸਿੰਘ, ਪਰਮਜੀਤ ਸਿੰਘ,ਰਾਜਵਿੰਦਰ ਸਿੰਘ, ਸੁਖਬੀਰ ਸਿੰਘ ਸਾਹਬਾ ਆਦਿ ਮੌਜੂਦ ਸਨ।

# ਰੰਧਾਵਾ ਨੇ ਹਲਕੇ ਦੇ 4 ਸਕੂਲਾਂ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ ਹੈ,ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਾਹੇਵੰਦ ਸਾਬਤ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਸਰਕਾਰੀ ਮਿਡਲ ਸਕੂਲ ਸਰਫ਼ ਕੋਟ, ਸਰਕਾਰੀ ਪ੍ਰਾਇਮਰੀ ਸਕੂਲ ਸਰਫ਼ ਕੋਟ, ਸਰਕਾਰੀ ਪ੍ਰਾਇਮਰੀ ਸਕੂਲ ਸਮਰਾਏ ਅਤੇ ਸਰਕਾਰੀ ਮਿਡਲ ਸਕੂਲ ਮਾਲੇਵਾਲ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਹੀ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਨੂੰ ਤਰਜੀਹੀ ਖੇਤਰਾਂ ਵਜੋਂ ਰੱਖਿਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਚ 12 ਫ਼ੀਸਦੀ ਵਾਧਾ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਦੱਸਿਆ ਕਿ ਮੌਜੂਦਾ ਵਰ੍ਹੇ ਸਰਕਾਰੀ ਸਕੂਲਾਂ ਦੇ ਲਗਭਗ 200 ਵਿਦਿਆਰਥੀਆਂ ਨੇ ਜੇ ਈ ਈ ਦਾ ਟੈਸਟ ਪਾਸ ਕਰਕੇ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਪੱਛੜ ਗਏ ਸਨ ਜਿਸ ਨੂੰ ਸੂਬਾ ਸਰਕਾਰ ਵੱਲੋਂ ਮੁੜ ਲੀਹਾਂ 'ਤੇ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜ਼ੀਹ ਦੇਣ। ਇਸ ਮੌਕੇ ਮਾਰਕਿਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੇਤ ਸਿੰਘ ਬਾਠ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ,ਡੇਰਾ ਬਾਬਾ ਨਾਨਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਰਤ ਰਤਨ, ਸੁਖਦੀਪ ਸਿੰਘ ਮੱਲੀ ਸਮੇਤ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਮੋਹਤਬਰ ਤੇ ਆਪ ਦੇ ਵਲੰਟੀਅਰ ਹਾਜ਼ਰ ਸਨ ।

# ਸਕੂਲਾਂ ਅੰਦਰ ਸਿੱਖਿਆ ਕ੍ਰਾਂਤੀ ਅਧੀਨ ਵੱਖ-ਵੱਖ ਪ੍ਰੋਜੈਕਟਾਂ ਦੇ ਉਦਘਾਟਨ



**ਪਠਾਨਕੋਟ (ਦਵਿੰਦਰ ਸਿੰਘ)** ਪੂਰੇ ਪੰਜਾਬ ਅੰਦਰ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਅਧੀਨ ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਅੰਦਰ ਉਦਘਾਟਨ ਸਮਾਰੋਹ ਆਯੋਜਿਤ ਕੀਤੇ ਗਏ। ਜਿਕਰਯੋਗ ਹੈ ਕਿ ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਸਰਕਾਰੀ ਸਕੂਲਾਂ ਅੰਦਰ ਵਿਸੇਸ ਪ੍ਰੋਗਰਾਮ ਆਯੋਜਿਤ ਕੀਤੇ ਗਏ ਅਤੇ ਸਕੂਲਾਂ ਅੰਦਰ ਮੁਕੰਮਲ ਪ੍ਰੋਜਕਟਾਂ ਦਾ ਉਦਘਾਟਨ ਕੀਤਾ ਗਿਆ।ਵਿਭੂਤੀ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਪਠਾਨਕੋਟ ਵੱਲੋਂ ਵਿਧਾਨ ਸਭਾ ਹਲਕਾ ਪਠਾਨਕੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਨਰਾਇਣੀ ਵਿਖੇ ਪਹੁੰਚ ਕੇ 3.36 ਲੱਖ ਰੁਪਏ ਨਾਲ ਸਕੂਲ ਦੀ ਕੀਤੀ ਚਾਰਦੀਵਾਰੀ ਅਤੇ 1.40 ਲੱਖ ਰੁਪਏ ਨਾਲ ਪਖਾਨਿਆਂ ਦੀ ਕੀਤੀ ਰਿਪੇਅਰ, ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਗੂੜਾ ਕਲ੍ਹਾ ਵਿਖੇ 9.65 ਲੱਖ ਰੁਪਏ ਦੀ ਲਾਗਤ ਨਾਲ ਲਾਇਬ੍ਰੇਰੀ ਅਤੇ 7.51 ਲੱਖ ਰੁਪਏ ਨਾਲ ਕੀਤੇ ਗਏ ਕਮਰੇ ਦਾ ਉਦਘਾਟਟ ਕੀਤਾ ਗਿਆ। ਇਸੇ ਹੀ ਤਰ੍ਹਾਂ ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ ਅਤੇ ਜਿਲ੍ਹਾ ਪ੍ਰਧਾਨ ਪਠਾਨਕੋਟ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਮਿਰਜਾਪੁਰ ਵਿਖੇ ਪਹੁੰਚੇ ਅਤੇ 3.70 ਲੱਖ ਰੁਪਏ ਨਾਲ ਕੀਤੀ ਚਾਰਦੀਵਾਰੀ , ਸਰਕਾਰੀ ਪ੍ਰਾਇਮਰੀ ਸਕੂਲ ਸੌਲੀ ਭੋਲੀ ਵਿਖੇ 3.04 ਲੱਖ ਰੁਪਏ ਨਾਲ ਚਾਰਦੀਵਾਰੀ, ਸਰਕਾਰੀ ਹਾਈ ਸਕੂਲ ਆਜੀਜਪੁਰ ਖਦਾਵਰ ਵਿਖੇ 4.70 ਲੱਖ ਰੁਪਏ ਨਾਲ ਚਾਰਦੀਵਾਰੀ ਅਤੇ 9.65 ਲੱਖ ਰੁਪਏ ਨਾਲ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ।

13 Apr Page-8.qxd 4/12/2025 11:01 PM Page 1



# ਕਿਸਾਨਾਂ ਨੇ ਵਕਫ ਕਾਨੂੰਨ ਦੀ ਨਿੰਦਾ ਤੇ ਪ੍ਰਾਈਵੇਟ ਸਕੂਲਾਂ ਵੱਲੋਂ ਕੀਤੀ ਜਾਂਦੀ ਲੁੱਟ ਵਿਰੁੱਧ ਮਤੇ ਪਾਏ



**ਖਰੜ (ਹਰਨਾਮ ਸਿੰਘ ਡੱਲਾ)** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਜ਼ਿਲ੍ਹਾ ਮੋਹਾਲੀ ਦੀ ਇੱਕ ਮੀਟਿੰਗ ਦਵਿੰਦਰ ਸਿੰਘ ਦੇਹ ਕਲਾਂ ਦੀ ਪ੍ਰਧਾਨਗੀ ਹੇਠ ਇਤਿਹਾਸਕ ਗੁਰਦੁਆਰਾ ਚਪੜਚਿੜੀ ਵਿਖੇ ਹੋਈ। ਜਿਸ ਵਿੱਚ ਜਸਪਾਲ ਸਿੰਘ ਨਿਆਮੀਆਂ ਜਨਰਲ ਸਕੱਤਰ ਜ਼ਿਲ੍ਹਾ ਮੋਹਾਲੀ,ਚਰਨਜੀਤ ਸਿੰਘ ਸਿਬਲ ਮਾਜਰਾ,ਸਿਕੰਦਰ ਸਿੰਘ ਘੜੂੰਆਂ,ਲਾਭ ਸਿੰਘ ਕੰਬਾਲੀ,ਜਗਜੀਤ ਸਿੰਘ ਚੱਪੜਚਿੜੀ,ਅਜੈਬ ਸਿੰਘ ਹਸਨਪੁਰ,ਰਮੇਲ ਸਿੰਘ ਸਹੌੜਾਂ,ਹਰਜਿੰਦਰ ਸਿੰਘ,ਬਹਾਦਰ ਸਿੰਘ ਬਜਹੇੜੀ,ਮਨਜਿੰਦਰ ਸਿੰਘ ਭੜਜੌਂਆਂ,ਅਮਨਦੀਪ ਮਾਨ,ਕੁਲਵੰਤ ਸਿੰਘ ਰੁੜਕੀ,ਜਸਪਾਲ ਸਿੰਘ ਲਾਂਡਰਾਂ,ਮਹਿੰਦਰ ਸਿੰਘ ਖੂਨੀ ਮਾਜਰਾ,ਸ਼ੇਰ ਸਿੰਘ ਚੋਲਟਾ ਖੁਰਦ,ਰਾਜਿੰਦਰ ਸਿੰਘ,ਸੁਖਪ੍ਰੀਤ ਸਿੰਘ,ਜਗਦੀਸ਼ ਸਿੰਘ ਮਦਨਹੇੜੀ, ਕੁਲਦੀਪ ਸਿੰਘ ਦੁਰਾਲੀ, ਜਸਮੇਰ ਸਿੰਘ,ਸੁਖਦੀਪ ਸਿੰਘ ਦੁਰਾਲੀ ਅਤੇ ਭਜਨ ਸਿੰਘ ਨੇ ਭਾਗ ਲਿਆ।ਜਿਸ ਵਿੱਚ ਕੇਂਦਰ ਸਰਕਾਰ ਵਲੋਂ ਮੁਸਲਮਾਨ ਭਾਈਚਾਰੇ ਦੀਆਂ ਜਾਇਦਾਦਾਂ ਵਿਰੁੱਧ ਪਾਸ ਕੀਤੇ ਵਕਫ ਕਾਨੂੰਨ ਬਣਾਏ ਜਾਣ ਲਈ ਵਿਰੋਧ ਜਤਾਇਆ ਗਿਆ। ਇੱਕ ਹੋਰ ਮਤੇ ਰਾਹੀਂ ਅਮਰੀਕਾ ਵਲੋਂ ਭਾਰਤ ਨਾਲ ਵਿਉਪਾਰ ਲਈ ਲਗਾਏ 26% ਟੈਰਿਫ ਦੀ ਨੀਤੀ ਦੀ ਵੀ ਨਿੰਦਾ ਕੀਤੀ ਗਈ। ਇਸ ਤੋਂ ਬਿਨਾਂ ਮੀਟਿੰਗ ਵਿੱਚ ਪ੍ਰਾਈਵੇਟ ਸਕੂਲਾਂ ਵਲੋਂ ਬੱਚਿਆਂ ਉੱਤੇ ਫੀਸਾਂ ਅਤੇ ਸਕੂਲੀ ਕਿਤਾਬਾਂ ਵਿੱਚ ਮਾਪਿਆਂ ਦੀ ਕੀਤੀ ਜਾਂਦੀ ਲੁੱਟ ਖਤਮ ਕਰਵਾਉਣ ਲਈ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ। ਮਿਟਿੰਗ ਨੇ ਇਹ ਵੀ ਮੰਗ ਕੀਤੀ ਕਿ ਜੰਗਲਾਤ ਵਿਭਾਗ ਵਲੋਂ ਸੜਕਾਂ ਕਿਨਾਰੇ ਲਗਾਏ ਗਏ ਦਰਖਤਾਂ ਤੋਂ ਹੋ ਰਹੀ ਆਮਦਨ ਦਾ 60% ਮਾਲਕ ਕਿਸਾਨ ਨੂੰ ਦੇਣ ਲਈ ਕਾਨੂੰਨ ਬਣਾਵੇ ਅਤੇ ਦੂਜੇ ਸੂਬਿਆਂ ਵਾਂਗ ਹਰ ਕਿਸਾਨ ਨੂੰ 500/- ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਲਾਭ ਵੀ ਦਿੱਤਾ ਜਾਵੇ।

# ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਤਿਮਾਹੀ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਿਮਾਹੀ ਮੀਟਿੰਗ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨਗੀ ਮੰਡਲ 'ਚ ਜਥੇਬੰਦੀ ਦੇ ਸਰਪ੍ਰਸਤ ਕਿਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਆਨੰਦ, ਸ਼ਮਸ਼ੇਰ ਸਿੰਘ ਧਾਮੀ ਹੁਸ਼ਿਆਰਪੁਰ, ਅਜੀਤ ਸਿੰਘ ਗੁਰਾਇਆ ਟਾਂਡਾ, ਦਲਬੀਰ ਸਿੰਘ ਭੁੱਲਰ ਦਸੂਹਾ, ਸੁਰਿੰਦਰ ਕੁਮਾਰ ਮੁਕੇਰੀਆਂ, ਜੁਗਰਾਜ ਸਿੰਘ ਤਲਵਾੜਾ, ਮਲਕੀਤ ਸਿੰਘ ਮਾਹਲਪੁਰ, ਸਰੂਪ ਚੰਦ ਗੜ੍ਹਸ਼ੰਕਰ ਅਤੇ ਮਿਉਂਸਪਲ ਕਮੇਟੀ ਪੈਨਸ਼ਨਰ ਯੂਨੀਅਨ ਦੇ ਪ੍ਰਧਾਨ ਲਾਲ ਸਿੰਘ ਸ਼ਾਮਲ ਹੋਏ। ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀ ਹਾਜ਼ਰ ਹੋਏ।ਮੀਟਿੰਗ ਦੇ ਸ਼ੁਰੂ ਵਿੱਚ ਸੀਨੀਅਰ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਨੇ ਚੱਲ ਰਹੇ ਕੋਰਟ ਕੇਸਾਂ ਦੇ ਸਬੰਧੀ ਅਤੇ ਪੈਨਸ਼ਨਰਜ਼ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ।ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਿਲੀਜ਼ ਕਰਦਿਆਂ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਕਰਨ ਦੀ ਬਜਾਏ ਧਾਰੀ ਮੁਕੰਮਲ ਚੁੱਪ ਅਤੇ ਕਿਸ਼ਤਾਂ ਵਿੱਚ ਬਕਾਏ ਦੇਣ ਦੀ ਪਾਲਿਸੀ ਨਵੀਂ ਘਟੀਆ ਐਲਾਨ ਤੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਮੂਹ ਬੁਲਾਰਿਆਂ ਨੇ ਪੰਜਾਬ ਪੈਨਸ਼ਨ ਸਾਂਝਾ ਫਰੰਟ ਅਤੇ ਮੁਲਾਜ਼ਮ/ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੰਘਰਸ਼ਾਂ ਨੂੰ ਸਫਲ ਬਣਾਉਣ ਲਈ ਜ਼ੋਰ ਦਿੱਤਾ। ਅੰਤ ਵਿੱਚ ਸੂਬਾ ਪ੍ਰਧਾਨ ਕੁਲਵਰਨ ਸਿੰਘ ਨੇ ਮੀਟਿੰਗ ਦੌਰਾਨ ਪੈਨਸ਼ਨਰਾਂ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦਿੱਤਾ ਅਤੇ ਭਵਿੱਖ ਵਿੱਚ ਮੰਗਾਂ ਪ੍ਰਤੀ ਵਿੱਢੇ ਸੰਘਰਸ਼ਾਂ ਤੇ ਪਹਿਲਾਂ ਦੀ ਤਰ੍ਹਾਂ ਸਹਿਯੋਗ ਦੇਣ ਦੀ ਅਪੀਲ ਕੀਤੀ।ਮੀਟਿੰਗ ਦੀ ਕਾਰਵਾਈ ਜਿਲਾ ਜਨਰਲ ਸਕੱਤਰ ਮਨਜੀਤ ਸਿੰਘ ਸੈਣੀ ਨੇ ਬਖੂਬੀ ਨਿਭਾਈ।

# ਹਰਭਜਨ ਸਿੰਘ ਲਾਲੀ ਨੂੰ ਸੇਵਾ-ਮੁਕਤ ਹੋਣ 'ਤੇ ਵਿਦਾਇਗੀ ਪਾਰਟੀ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ)** ਸਿੱਖਿਆ ਵਿਭਾਗ 'ਚ ਲਗਭਗ 17 ਸਾਲ ਦੀ ਸੇਵਾ ਕਰਨ ਉਪਰੰਤ ਮੁੱਖ ਅਧਿਆਪਕ ਹਰਭਜਨ ਸਿੰਘ ਲਾਲੀ ਸੇਵਾ ਮੁਕਤ ਹੋਏ। ਉਨ੍ਹਾਂ ਦੀ ਸੇਵਾ ਮੁਕਤੀ 'ਤੇ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ, ਸੈਂਟਰ ਸਕੂਲ ਸ੍ਰੀ ਚਮਕੌਰ ਸਾਹਿਬ-1 ਅਤੇ ਸਿੱਖਿਆ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਅਧਿਆਪਕਾਂ, ਸਪੈਸ਼ਲ ਰਿਸੋਰਸ ਸੈਂਟਰ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਸਟਾਫ਼ ਅਤੇ ਬਲਾਕ ਸਿੱਖਿਆ ਦਫ਼ਤਰ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਕਰਮਚਾਰੀਆਂ ਅਤੇ ਸਕੂਲ ਮੈਨੇਜਮੈਂਟ ਮੈਂਬਰਾਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਮੌਕੇ ਬੋਲਦਿਆਂ ਦਵਿੰਦਰਪਾਲ ਸਿੰਘ ਬੇਦੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਚਮਕੌਰ ਸਾਹਿਬ ਨੇ ਕਿਹਾ ਕਿ ਜੋ ਵਿਅਕਤੀ ਸਿੱਖਿਆ ਦੇ ਨਾਲ-ਨਾਲ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਦਿੰਦਾ ਹੈ ਉਸ ਨੂੰ ਸਮਾਜ ਹਮੇਸ਼ਾ ਯਾਦ ਰੱਖਦਾ ਹੈ।ਸਕੂਲ ਸਿੱਖਿਆ ਵਿਭਾਗ ਤੋਂ ਸੇਵਾ ਮੁਕਤ ਹੋਏ ਮੁੱਖ ਅਧਿਆਪਕ ਹਰਭਜਨ ਸਿੰਘ ਲਾਲੀ ਨੇ ਜ਼ਰੂਰਤਮੰਦ ਬੱਚਿਆਂ ਦੀ ਸਮੇਂ-ਸਮੇਂ 'ਤੇ ਮਦਦ ਕੀਤੀ ਹੈ, ਇਸ ਲਈ ਉਹ ਵਧਾਈ ਦੇ ਪਾਤਰ ਹਨ।ਇਸ ਮੌਕੇ ਸੈਂਟਰ ਹੈੱਡ ਟੀਚਰ ਗੁਰਚਰਨ ਸਿੰਘ ਆਲੋਵਾਲ ਨੇ ਹਰਭਜਨ ਸਿੰਘ ਦੀਆਂ ਅਧਿਆਪਨ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਗਈ। ਅੱਜ ਸਾਨੂੰ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਲਈ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਅਧਿਆਪਕ ਰਾਜਵੀਰ ਸਿੰਘ ਚੌਤਾ ਨੇ ਸੇਵਾ ਮੁਕਤ ਹੋਏ ਅਧਿਆਪਕ ਹਰਭਜਨ ਸਿੰਘ ਦੇ ਅਕਾਦਮਿਕ ਸਫ਼ਰ 'ਤੇ ਝਾਤ ਪਾਉਂਦਿਆਂ ਉਹਨਾਂ ਦੇ ਜੀਵਨ ਬਿਉਰੇ ਦੀ ਜਾਣਕਾਰੀ ਸਭ ਨਾਲ ਸਾਂਝੀ ਕੀਤੀ। ਇਸ ਦੌਰਾਨ ਮਹਿੰਦਰਪਾਲ ਸਿੰਘ ਖੰਗੀ ਨੇ ਕਿਹਾ ਕਿ ਸਾਥੀ ਅਧਿਆਪਕ ਨੇ ਆਪਣੇ ਕਾਰਜ ਕਾਲ ਦੌਰਾਨ ਬੱਚਿਆਂ ਨੂੰ ਵਧੀਆ ਗਿਆਨ ਦਿੱਤਾ ਹੈ ਅਤੇ ਹਰ ਵਕਤ ਬੱਚਿਆਂ ਦੀ ਭਲਾਈ ਵਾਸਤੇ ਸੋਚਣਾ ਇਹਨਾਂ ਦੀ ਖਾਸੀਅਤ ਸੀ। ਇਸ ਮੌਕੇ ਮੁੱਖ ਅਧਿਆਪਕ ਹਰਭਜਨ ਸਿੰਘ ਵੱਲੋਂ ਬਲਾਕ ਦੇ ਸਮੂਹ ਅਧਿਆਪਕਾਂ ਦਾ ਮਾਣ ਸਨਮਾਨ ਕਰਨ ਲਈ ਧੰਨਵਾਦ ਕੀਤਾ। ਇਸ ਦੌਰਾਨ ਸਨਮਾਨ ਕਮੇਟੀ ਵੱਲੋਂ ਸੇਵਾ ਮੁਕਤ ਹੋਏ ਮੁੱਖ ਅਧਿਆਪਕ ਹਰਭਜਨ ਸਿੰਘ ਲਾਲੀ ਨੂੰ ਸਨਮਾਨ ਚਿੰਨ ਅਤੇ ਮੁੰਦਰੀ ਪਾ ਕੇ ਸਨਮਾਨਿਤ ਕੀਤਾ ਗਿਆ।

# ਲੇਖ ਰਚਨਾ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਥਾਨਕ ਪੀ. ਟੀ .ਐਮ ਆਰੀਆ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਨੇ ਭਾਰਤੀ ਸੰਵਿਧਾਨ ਦੇ ਸਿਰਜਨ ਵਿੱਚ ਯਾਦਗਾਰੀ ਭੂਮਿਕਾ ਨਿਭਾਉਣ ਵਾਲੇ ਅਤੇ ਕ੍ਰਾਂਤੀ ਕਾਰੀ ਸਮਾਜ ਸੁਧਾਰਕ ਡਾ.ਭੀਮ ਰਾਓ ਅੰਬੇਡਕਰ ਜੀ ਨੂੰ ਲੇਖ ਰਚਨਾ ਅਤੇ ਪੋਸਟਰ ਮੈਕਿੰਗ ਮੁਕਾਬਲੇ ਕਰਵਾ ਕੇ ਸ਼ਰਧਾਂਜਲੀ ਅਰਪਿਤ ਕੀਤੀ।ਇਸ ਵਿਭਾਗ ਦੇ ਮੁੱਖੀ ਡਾ. ਇੰਦਰਜੀਤ ਕੌਰ ਨੇ ਇਹ ਦੋਵੇਂ ਮੁਕਾਬਲੇ ਆਪਣੀ ਅਗਵਾਈ ਹੇਠ ਕਰਵਾਏ।ਲੇਖ ਰਚਨਾ ਮੁਕਾਬਲੇ ਵਿੱਚ ਹਰਮਿੰਦਰ ਪਹਿਲੇ, ਸਾਹਿਲ ਦੂਸਰੇ ਅਤੇ ਰਾਜਦੀਪ ਤੀਜੇ ਸਥਾਨ 'ਤੇ ਰਹੇ। ਪੋਸਟਰ ਮੈਕਿੰਗ ਮੁਕਾਬਲੇ ਵਿੱਚ ਅੰਮ੍ਰਿਤਾ ਪਹਿਲੇ, ਗੁਰਸਿਮਰਨ ਦੂਸਰੇ ਅਤੇ ਹਰਜੀਤ ਤੀਸਰੇ ਸਥਾਨ 'ਤੇ ਰਹੇ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ.ਕੇ.ਜੈਨ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਦਾ ਸੰਪੂਰਚਾ ਜੀਵਨ ਇਕ ਚਾਨਣ ਮੁਨਾਰੇ ਵਾਂਗ ਹੈ,ਜਿਸ ਦਾ ਅਨੁਸਰਣ ਸਾਰਿਆਂ ਨੂੰ ਕਰਨਾ ਚਾਹੀਦਾ ਹੈ।

# ਸੈਣੀ ਸੇਵਾ ਸਮਾਜ ਵੱਲੋਂ ਗੁਰੂਗ੍ਰਾਮ ਵਿਖੇ ਰਾਸ਼ਟਰੀ ਜਾਗ੍ਰਿਤੀ ਮਹਾਂਸੰਮੇਲਨ ਅੱਜ



**ਜਲੰਧਰ (ਇਕਬਾਲ ਸਿੰਘ ਉਭੀ)**- ਅਖਿਲ ਭਾਰਤੀ ਸੈਣੀ ਸੇਵਾ ਸਮਾਜ (ਰਜਿ.) ਵੱਲੋਂ ਮਹਾਤਮਾ ਜੋਤੀਰਾਓ ਫੂਲੇ ਦੀ ਜਯੰਤੀ ਨੂੰ ਸਮਰਪਿਤ 13 ਅਪ੍ਰੈਲ ਨੂੰ ਗੁਰੂਗ੍ਰਾਮ (ਹਰਿਆਣਾ) ਵਿਖੇ 'ਰਾਸ਼ਟਰੀ ਜਾਗ੍ਰਿਤੀ ਮਹਾਸੰਮੇਲਨ' ਕਰਵਾਇਆ ਜਾ ਰਿਹਾ ਹੈ। ਪੰਜਾਬ ਇਕਾਈ ਦੇ ਜੁਆਇੰਟ ਸਕੱਤਰ ਜੋਗਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਕਮੇਟੀ ਦੇ ਕੌਮੀ ਪ੍ਰਧਾਨ ਦਿਲਬਾਗ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਕਰਵਾਏ ਜਾ ਰਹੇ ਰਾਸ਼ਟਰੀ ਪੱਧਰ ਦੇ ਪ੍ਰੋਗਰਾਮ 'ਰਾਸ਼ਟਰੀ ਜਾਗ੍ਰਿਤੀ ਮਹਾਸੰਮੇਲਨ' ਵਿਚ ਦੇਸ਼ ਭਰ ਦੇ ਸੈਣੀ ਸਮਾਜ ਦੀਆਂ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੀਆਂ ਸੰਗਤਾਂ ਅਤੇ ਲੱਖਾਂ ਦੀ ਗਿਣਤੀ 'ਚ ਸੈਣੀ ,ਕੁਸ਼ਵਾਹਾ, ਮਾਰਾਰ, ਮਾਲੀ ਭਾਈਚਾਰੇ ਦੇ ਲੋਕ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਪੰਜਾਬ ਪ੍ਰਧਾਨ ਲਵਲੀਨ ਸਿੰਘ ਸੈਣੀ ਦੀ ਅਗਵਾਈ ਹੇਠ ਹੋਣ ਵਾਲੇ ਇਸ ਮਹਾਸੰਮੇਲਨ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਸ਼ਿਰਕਤ ਕਰਨਗੇ। ਇਸ ਮੌਕੇ ਸੈਣੀ ਭਾਈਚਾਰੇ ਲਈ ਚੰਗੇ ਕੰਮ ਕਰਨ ਵਾਲਿਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ, ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਮਰਾਟ ਚੌਧਰੀ, ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਸ਼ਗਨ ਭੁਜਬਲ ਅਤੇ ਸੈਣੀ ਸਮਾਜ ਨਾਲ ਸਬੰਧਤ ਸਾਰੇ ਕੈਬਨਿਟ ਮੰਤਰੀ,ਰਾਜ ਮੰਤਰੀ ,ਵਿਧਾਇਕ ਆਦਿ ਪਤਵੰਤੇ ਸ਼ਾਮਲ ਹੋਣਗੇ।

# ਪੰਜਾਬ ਸਰਕਾਰ ਨੇ ਸਿੱਖਿਆ ਖੇਤਰ 'ਚ ਸੁਧਾਰਾਂ ਲਈ ਇਤਿਹਾਸਕ ਕਦਮ ਚੁੱਕੇ : ਡਾ. ਚੱਬੇਵਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮਹਿਮੋਵਾਲ ਵਿਖੇ ਕਰੀਬ 13 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਸੁਧਾਰਾਂ ਲਈ ਇਤਿਹਾਸਕ ਕਦਮ ਚੁੱਕੇ ਹਨ।ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮਹਿਮੋਵਾਲ ਵਿਖੇ ਨਵੇਂ ਕਮਰੇ ਅਤੇ ਚਾਰਦੀਵਾਰੀ ਦੇ ਕੰਮ ਦਾ ਉਦਘਾਟਨ ਕਰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਭਰ ਦੇ ਸਕੂਲਾਂ ਦੀ ਕਾਇਆਕਲਪ ਹੋਈ ਹੈ ਜਿਸ ਨਾਲ ਸਕੂਲਾਂ ਦਾ ਬੁਨਿਆਦੀ ਢਾਂਚਾ ਪਹਿਲਾਂ ਨਾਲੋਂ ਕਿਤੇ ਬਿਹਤਰ ਅਤੇ ਸ਼ਾਨਦਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ 400 ਤੋਂ ਵੱਧ ਅਧਿਆਪਕਾਂ, ਲੈਕਚਰਾਰਾਂ ਅਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿਚ ਟਰੇਨਿੰਗ ਦੁਆ ਕੇ ਅਧਿਆਪਨ ਦੇ ਖੇਤਰ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ ਜੋ ਕਿ ਮੌਜੂਦਾ ਮੁਕਾਬਲੇਬਾਜੀ ਦੇ ਦੌਰ 'ਚ ਵਿਦਿਆਰਥੀਆਂ ਲਈ ਕਾਫ਼ੀ ਲਾਹੇਵੰਦ ਰਹੇਗੀ।ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਦਾ ਜ਼ਿਕਰ ਕਰਦਿਆਂ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਦਾ ਹੀ ਨਹੀਂ ਸਗੋਂ ਹਰ ਸਹੂਲਤ ਮੁਫ਼ਤ ਵਿਚ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਮੁਫ਼ਤ ਵਿਦਿਅਕ ਟੂਰ ਕਰਵਾਇਆ ਗਿਆ ਜੋ ਕਿ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਨੇ ਹਲਕਾ ਚੱਬੇਵਾਲ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਬਾਰੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਭਰਤੀਆਂ ਨਾਲ ਹਲਕੇ ਅੰਦਰ ਕੋਈ ਵੀ ਸਕੂਲ ਅਧਿਆਪਕਾਂ ਤੋਂ ਸੱਖਣਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਦੀ ਹੋਰ ਮਜ਼ਬੂਤੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

# ਕਿਸਾਨਾਂ ਦੇ ਚਿਹਰੇ ਮੁਰਝਾਏ

**ਰੋਪੜ (ਬਿੰਦਰਾ)** ਮੌਸਮ ਵਿਭਾਗ ਦੀ ਭਵਿੱਖਬਾਣੀ ਸੱਚ ਸਾਬਤ ਹੋਈ। ਇੱਥੇ 4 ਵਜੇ ਗਰਜ ਪਿਛੋਂ ਮੀਹ ਪੈਣਾ ਸ਼ੁਰੂ ਹੋ ਗਿਆ। ਭਾਵੇਂ ਬਦਲ ਕਾਰਨ ਮੌਸਮ ਵਿਚ ਗਰਮੀ ਘੱਟ ਗਈ ਹੈ ਪਰ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਹਨ। ਕਿਉਂਕਿ ਕਣਕ ਦੀ ਵਾਢੀ ਚਲ ਰਹੀ ਹੈ ਕੱਟੀ ਹੋਈ ਕਣਕ ਖੇਤਾਂ ਵਿੱਚ ਪਈ ਹੈ। ਦੂਜੇ ਪਾਸੇ ਮੰਡੀ ਵਿੱਚ ਵੀ ਕਣਕ ਦੀਆਂ ਢੇਰੀਆਂ ਬੋਲੀ ਲਈ ਪਈਆਂ ਹਨ। ਜਿਹੜੀ ਕਣਕ ਖ਼ਰੀਦੀ ਗਈ ਹੈ ਉਸ ਦੀਆਂ ਬੋਰੀਆਂ ਖੁਲ੍ਹੇ ਵਿੱਚ ਹਨ ।ਜ਼ਿਆਦਾ ਬਾਰਸ਼ ਕਾਰਨ ਇਹ ਸਾਰੀ ਕਣਕ ਭਿਜ ਜਾਵੇਗੀ।

# ਕਮਾਊਂ ਵਿਕਾਸ ਮੰਡਲ ਦੀਆਂ ਚੋਣਾਂ ਅੱਜ

**ਜਲੰਧਰ** - ਕਮਾਊਂ ਵਿਕਾਸ ਮੰਡਲ (ਰਜਿ.) ਜਲੰਧਰ ਦੇ ਮੌਜੂਦਾ ਪ੍ਰਧਾਨ ਇੰਦਰ ਸਿੰਘ ਤੁਲੇਰਾ ਨੇ ਦੱਸਿਆ ਕਿ ਮੌਜੂਦਾ ਕਾਰਜਕਾਰਨੀ ਦੇ ਦੋ ਸਾਲ ਪੂਰੇ ਹੋਣ 'ਤੇ ਨਵੀਂ ਕਾਰਜਕਾਰਨੀ ਤੇ ਪ੍ਰਧਾਨ ਦੀ ਚੋਣ 13 ਅਪ੍ਰੈਲ (ਐਤਵਾਰ) ਨੂੰ ਸਰਪ੍ਰਸਤ ਮੰਡਲ ਦੇ ਮੈਂਬਰਾਂ ਦੀ ਦੇਖ-ਰੇਖ ਵਿੱਚ ਸਥਾਨਕ ਕਮਾਊਂ ਭਵਨ ਕੰਪਲੈਕਸ ਵਿੱਚ ਸਵੇਰੇ 10 ਵਜੇ ਕੀਤੀ ਜਾਵੇਗਾ। ਨਵੀਂ ਕਾਰਜਕਾਰਨੀ 2 ਸਾਲਾਂ (ਅਪ੍ਰੈਲ 2025-27 ਤੱਕ) ਲਈ ਚੁਣੀ ਜਾਵੇਗੀ।

# ਫ਼ਤਹਿ ਵੈੱਲਫੇਅਰ ਸੁਸਾਇਟੀ ਵੱਲੋਂ ਮੁਫ਼ਤ ਮੈਡੀਕਲ ਜਾਂਚ ਕੈਂਪ ਅੱਜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਫ਼ਤਹਿ ਵੈੱਲਫੇਅਰ ਸੁਸਾਇਟੀ ਹੁਸ਼ਿਆਰਪੁਰ ਵਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ 13 ਅਪ੍ਰੈਲ ਨੂੰ ਡੇਰਾ ਬਾਬਾ ਚਰਨਸ਼ਾਹ ਬਹਾਦਰਪੁਰ ਵਿਖੇ ਮੁਫ਼ਤ ਮੈਡੀਕਲ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਬਾਬਾ ਫ਼ਤਹਿ ਸਿੰਘ ਜੀ ਤਰਨਾ ਦਲ ਤੇ ਸੁਸਾਇਟੀ ਦੇ ਸਰਪ੍ਰਸਤ ਨੇ ਦੱਸਿਆ ਕਿ ਕੈਂਪ 'ਚ ਮਰੀਜ਼ਾਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਮਾਹਿਰ ਡਾਕਟਰਾਂ ਵਲੋਂ ਕੀਤੀ ਜਾਵੇਗੀ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕੈਂਪ 'ਚ ਲਿਵਾਸਾ ਹਸਪਤਾਲ ਵਲੋਂ ਸੀਨੀਅਰ ਸਿਟੀਜ਼ਨਾਂ ਦੇ ਹੈਲਥ ਕਾਰਡ ਵੀ ਬਣਾਏ ਜਾਣਗੇ। ਹਰਪਾਲ ਫੀਜ਼ਿਓਥਰੈਪੀ ਸੈਂਟਰ ਦੇ ਮਾਹਿਰਾਂ ਵਲੋਂ ਗੋਡਿਆਂ ਦੀ ਦਰਦ, ਡਿਸਕ ਅਤੇ ਹੋਰ ਜੋੜਾਂ ਦੇ ਦਰਦਾਂ ਦਾ ਇਲਾਜ ਕੀਤਾ ਜਾਵੇਗਾ।



# ਪੰਜਾਬ ਦੇ ਸਰਕਾਰੀ ਸਕੂਲ ਹੋਏ ਆਧੁਨਿਕ ਸਹੂਲਤਾਂ ਨਾਲ ਲੈਸ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹਲਕਾ ਸ਼ਾਮਚੁਰਾਸੀ ਦੇ 4 ਸਕੂਲਾਂ ਵਿਚ 1.20 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਿੱਖਿਆ ਦਾ ਨਵਾਂ ਮਾਹੌਲ ਸਿਰਜਿਆ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜੜਾਮ ਵਿਖੇ 60 ਲੱਖ ਰੁਪਏ ਦੀ ਲਾਗਤ ਵਾਲੇ ਕਾਰਜਾਂ ਦਾ ਲੋਕ ਅਰਪਣ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਚੰਗੇਰੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਸਿੱਖਿਆ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਕੰਮ ਕਰਦਿਆਂ ਸਰਕਾਰੀ ਸਕੂਲਾਂ ਦੀ ਦਿਖ ਨੂੰ ਨਵਾਂ ਰੂਪ ਦਿੱਤਾ ਹੈ।ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਅਜੜਾਮ ਵਿਖੇ 11.2 ਲੱਖ ਰੁਪਏ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਫਤਹਿ ਸਿੰਘ ਵਿਖੇ 38.43 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਹਰਦੋਖਾਨਪੁਰ ਵਿਖੇ 10.5 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਕਾਰਜਾਂ ਦੇ ਉਦਘਾਟਨ ਮੌਕੇ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਪੰਜਾਬ ਸਰਕਾਰ ਨੇ ਬਜਟ ਦਾ 12 ਫੀਸਦੀ 17975 ਕਰੋੜ ਰੁਪਏ ਸਿੱਖਿਆ ਖੇਤਰ ਲਈ ਰੱਖਿਆ ਹੈ ਜਿਸ ਨਾਲ ਸਰਕਾਰੀ ਸਕੂਲਾਂ ਦੇ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਫਤਹਿ ਸਿੰਘ ਵਿਖੇ ਕੈਬਨਿਟ ਮੰਤਰੀ ਵਲੋਂ ਤਿੰਨ ਨਵੇਂ ਕਲਾਸ ਰੂਮਾਂ ਅਤੇ ਫਿਜ਼ਿਕਸ, ਕਮਿਸਟਰੀ ਅਤੇ ਬਾਇਓਲੋਜੀ ਦੀਆਂ ਲੈਬਾਰਟਰੀਆਂ ਦਾ ਉਦਘਾਟਨ ਕੀਤਾ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਰਡੀ ਸਕੂਲ, ਅਜੜਾਮ ਵਿਖੇ ਤਿੰਨ ਸਾਇੰਸ ਲੈਬਾਰਟਰੀਆਂ, ਸਕੂਲ ਦੀ ਚਾਰਦੀਵਾਰੀ ਅਤੇ ਕਲਾਸ ਰੂਮਾਂ ਦਾ ਉਦਘਾਟਨ ਕੀਤਾ ਗਿਆ। ਹਰਦੋਖਾਨਪੁਰ ਦੇ ਸਕੂਲ ਵਿਖੇ ਨਵੇਂ ਕਮਰੇ ਦਾ ਉਦਘਾਟਨ ਕੀਤਾ ਗਿਆ।

# ਚੇਅਰਮੈਨ ਮਿੱਤਲ ਨੇ ਅਨਾਜ ਮੰਡੀ ਭਾਗੋ ਮਾਜਰਾ ਵਿਖੇ ਕਣਕ ਦੀ ਖਰੀਦ ਮੁੜ ਸ਼ੁਰੂ ਕਰਵਾਈ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ)**- ਸਥਾਨਕ ਮਾਰਕੀਟ ਕਮੇਟੀ ਦੇ ਚੇਅਰਮੈਨ ਗੋਬਿੰਦਰ ਮਿੱਤਲ ਵੱਲੋਂ ਅਨਾਜ ਮੰਡੀ ਭਾਗੋ ਮਾਜਰਾ ਵਿਖੇ ਕਣਕ ਦੀ ਖਰੀਦ ਵਿੱਚ ਆਈ ਮੁਸ਼ਕਲ ਨੂੰ ਦੂਰ ਕਰਕੇ ਮੁੜ ਖਰੀਦ ਸ਼ੁਰੂ ਕਰਵਾਈ ਗਈ।ਉਹਨਾਂ ਦੱਸਿਆ ਕਿ ਭਾਗੋ ਮਾਜਰਾ ਵਿਖੇ ਖਰੀਦ ਏਜੰਸੀ ਮਾਰਕ ਫੈਡ ਵੱਲੋਂ ਖਰੀਦ ਕੀਤੀ ਜਾ ਰਹੀ ਹੈ। ਕੁਝ ਕਾਰਨਾਂ ਕਰਕੇ ਬਾਰਦਾਨੇ ਦੀ ਮੁਸ਼ਕਲ ਪੈਦਾ ਹੋਣ ਕਾਰਨ ਕਿਸਾਨਾਂ ਨੂੰ ਮੰਡੀ ਵਿੱਚ ਖਰੀਦ ਦੀ ਦਿੱਕਤ ਆ ਰਹੀ ਸੀ, ਜਿਸ ਦੇ ਮਾਮਲਾ ਉਹਨਾਂ ਦੇ ਧਿਆਨ ਵਿੱਚ ਆਉਣ ਤੇ ਉਹਨਾਂ ਵੱਲੋਂ ਸੰਬੰਧਿਤ ਖਰੀਦ ਏਜੰਸੀ ਦੇ ਅਧਿਕਾਰੀ ਨਾਲ ਰਾਬਤਾ ਕਰਕੇ ਬਾਰਦਾਨੇ ਦਾ ਪ੍ਰਬੰਧ ਕਰਵਾਇਆ ਗਿਆ ਅਤੇ ਖਰੀਦ ਮੁੜ ਤੋਂ ਸ਼ੁਰੂ ਕਰਵਾਈ ਗਈ।ਉਹਨਾਂ ਕਿਸਾਨਾਂ ਨੂੰ ਭਰੋਸਾ ਦਵਾਇਆ ਕਿ ਖਰੀਦ ਕਾਰਜਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜੇਕਰ ਕੋਈ ਅਜਿਹੀ ਮੁਸ਼ਕਿਲ ਆਉਂਦੀ ਹੈ ਤਾਂ ਉਹ ਤੁਰੰਤ ਮੌਕੇ ਤੇ ਹਾਜ਼ਰ ਹੋਣਗੇ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਅਨਾਜ ਵੇਚਣ ਲਈ ਲੈ ਕੇ ਆਉਣ ਤਾਂ ਜੋ ਨਵੀਂ ਦੀ ਵਧੀਕ ਮਾਤਰਾ ਕਾਰਨ ਉਹਨਾਂ ਨੂੰ ਫਸਲ ਸਕਾਉਣ ਲਈ ਮੰਡੀ ਵਿੱਚ ਉਡੀਕ ਨਾ ਕਰਨੀ ਪਵੇ। ਇਸ ਮੌਕੇ 'ਤੇ ਵਿਜੈ ਸਕੱਤਰ ਮਾਰਕਿਟ ਕਮੇਟੀ, ਮਾਰਕਫੈਡ ਉਚ ਸ਼ਾਖਾ ਅਫਸਰ ਖਰੜ ਗੁਰਬਵਨ ਸਿੰਘ, ਆੜਤੀਏ ਰਜੀਵ ਅਗਰਵਾਲ, ਸੁਖਪਾਲ ਨੇਗੀ, ਜਸਪ੍ਰੀਤ ਸਿੰਘ ਗਡਾਣਾ ਅਤੇ ਕਿਸਾਨ ਗਿਆਨ ਸਿੰਘ, ਮੰਗਲ, ਮਾਰਕਿਟ ਕਮੇਟੀ ਮੁਲਾਜਮ ਲਖਵਿੰਦਰ ਸਿੰਘ ਮੰਡੀ ਸੁਪਰਵਾਈਜ਼ਰ, ਕੁਲਵਿੰਦਰ ਸਿੰਘ ਅਤੇ ਜਸਪ੍ਰੀਤ ਸਿੰਘ ਹਾਜ਼ਰ ਸਨ।

# ਪੰਜਾਬ ਟਰਾਂਸਪੋਰਟ ਵਿਭਾਗ ਨੇ ਆਪਣੇ ਕਰਮਚਾਰੀਆਂ ਦੀ ਹਾਜ਼ਰੀ ਕੀਤੀ ਆਨਲਾਈਨ : ਭੁੱਲਰ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਵੱਡਾ ਫੈਸਲਾ ਲੈਂਦਿਆਂ ਆਪਣੇ ਵਿਭਾਗ ਦੇ ਮੁਲਾਜ਼ਮਾਂ ਦੀ ਹਾਜ਼ਰੀ ਕੀਤੀ ਆਨਲਾਈਨ ਕਰ ਦਿੱਤੀ ਹੈ। ਹੁਣ ਵਿਭਾਗ ਦੇ ਸਮੁੱਚੇ ਕਰਮਚਾਰੀ ਦਿਨ 'ਚ ਦੋ ਵਾਰ ਆਪਣੀ ਹਾਜ਼ਰੀ ਆਨਲਾਈਨ ਲਗਾਉਣੀ ਯਕੀਨੀ ਬਣਾਉਣਗੇ।ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਇਸ ਤੋਂ ਪਹਿਲਾ ਪੁਰਾਣੀ ਪ੍ਰਣਾਲੀ ਤਹਿਤ ਰਜਿਸਟਰਾਂ ਉਪਰ ਹਾਜ਼ਰੀ ਲੱਗਦੀ ਸੀ। ਉਨ੍ਹਾਂ ਦੱਸਿਆ ਕਿ ਟਰਾਂਪੋਰਟ ਵਿਭਾਗ ਅਧੀਨ ਅਤੇ ਐਸ.ਡੀ.ਐਮਜ਼ ਦਫ਼ਤਰਾਂ 'ਚ ਕੰਮ ਕਰਦੇ ਰੈਗੂਲਰ, ਆਊਟਸੋਰਸ, ਕੰਟਰੈਕਚੂਅਲ, ਲੈਬ ਅਟੈਂਡੈਂਟ ਸਮੇਤ ਸਮੁੱਚੇ ਕਰਮਚਾਰੀਆਂ ਨੂੰ ਆਨਲਾਈਨ ਹਾਜ਼ਰੀ ਲਾਉਣ ਦੀ ਸਿਖਲਾਈ ਦਿੱਤੀ ਗਈ ਹੈ ਤਾਂ ਜੋ ਕਿਸੇ ਵੀ ਕਰਮਚਾਰੀ ਨੂੰ ਕੋਈ ਦਿੱਕਤ ਨਾ ਆਵੇ।ਵਿਭਾਗ ਦੇ ਸਮੁੱਚੇ ਕਰਮਚਾਰੀਆਂ ਦੇ ਐਮ ਸੇਵਾ ਲਾਗਇਨ ਬਣਾਉਣ ਅਤੇ ਯੂਜ਼ਰ ਗਾਈਡ ਉਪਲੱਬਧ ਕਰਵਾਉਣ ਮਗਰੋਂ ਹਾਜ਼ਰੀ ਲਾਉਣ ਦੀ ਇਹ ਆਨਲਾਈਨ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ।

# ਕਾਰਾਂ ਚੋਰੀ ਕਰਨ ਵਾਲੇ ਗੈਂਗ ਦੇ 3 ਮੈਂਬਰ ਕਾਬੂ

**ਫਿਲੌਰ (ਨਿਰਮਲ)**- ਥਾਣਾ ਫਿਲੌਰ ਦੇ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਦੀ ਟੀਮ ਵੱਲੋਂ ਗੱਡੀਆ ਚੋਰੀ ਕਰਨ ਵਾਲੇ ਗੈਂਗ ਦੇ 3 ਮੈਂਬਰਾਂ ਨੂੰ ਗ੍ਰਿਫਤਾਰ ਕਰਕੇ 2 ਗੱਡੀਆ ਬ੍ਰਾਮਦ ਕੀਤੀਆਂ ਹਨ। ਸਰਵਣ ਸਿੰਘ ਬੱਲ, ਪੀ.ਪੀ.ਐਸ, ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰੀ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਏ ਸ਼ਪੈਸਲ ਆਪ੍ਰੇਸ਼ਨ ਦੌਰਾਨ ਜਸਕਰਨ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਚੀਮਾ ਕਲਾ ਥਾਣਾ ਗੁਰਾਇਆ, ਸੁਖਵੀਰ ਸਿੰਘ ਉਰਫ ਸੋਨੂੰ ਪੁੱਤਰ ਪਰਮਜੀਤ ਵਾਸੀ ਚੀਮਾ ਕਲਾ ਥਾਣਾ ਗੁਰਾਇਆ ਅਤੇ ਗੁਰਜਿੰਦਰ ਸਿੰਘ ਪੁੱਤਰ ਦਿਲਾਵਰ ਸਿੰਘ ਵਾਸੀ ਚੀਮਾਂ ਕਲਾਂ ਥਾਣਾ ਗੁਰਾਇਆ ਨੂੰ ਗੱਡੀਆਂ ਚੋਰੀ ਕਰਨ ਦੇ ਜੁਰਮ ਅਧੀਨ ਗ੍ਰਿਫਤਾਰ ਕਰਕੇ ਮੁਕੱਦਮਾ ਨੰਬਰ 97 ਜੁਰਮ 303(2), 317(4), (379,413 IPC) ਥਾਣਾ ਫਿਲੌਰ ਦਰਜ ਕੀਤਾ ਗਿਆ। ਜੋ ਮੁੱਢਲੀ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਇਹਨਾਂ ਦਾ ਮੇਨ ਸਾਥੀ ਕਰਨ ਗੋਇਲ ਪੁੱਤਰ ਵਿਨੋਦ ਗੋਇਲ ਵਾਸੀ ਅੱਪਰਾ ਹੈ। ਜੋ ਆਪਣੇ ਨਾਲ ਹੋਰ ਵਿਅਕਤੀਆਂ ਨੂੰ ਮਿਲਾ ਕੇ ਚੰਡੀਗੜ੍ਹ, ਮੋਹਾਲੀ ਤੋਂ ਗੱਡੀਆਂ ਚੋਰੀ ਕਰਕੇ ਲਿਆਉਂਦਾ ਸੀ ਅਤੇ ਗੱਡੀਆਂ ਦੇ ਇੰਜਣ ਨੰਬਰ, ਚੈਸੀ ਨੰਬਰ ਅਤੇ ਨੰਬਰ ਪਲੇਟਾਂ ਬਦਲ ਕੇ ਇਹ ਗੱਡੀਆਂ ਸਸਤੇ ਭਾਅ ਵੇਚ ਦਿੰਦੇ ਸੀ। ਜੋ ਹੁਣ ਤੱਕ ਇਹਨਾਂ ਪਾਸੋਂ 2 ਚੋਰੀ ਕੀਤੀਆ ਗੱਡੀਆ ਬ੍ਰਾਮਦ ਕੀਤੀਆਂ ਜਾ ਚੁੱਕੀਆਂ ਅਤੇ ਮੁਕੱਦਮਾ ਦੀ ਹੋਰ ਤਫਤੀਸ਼ ਜਾਰੀ ਹੈ, ਇਹਨਾਂ ਵੱਲੋਂ ਗਾਹਕਾਂ ਨੂੰ ਵੇਚੀਆਂ ਗੱਡੀਆਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।



# ਪੰਮਾ ਸਿੰਘ ਬੁੱਟਰ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਸੁਸਾਇਟੀ ਦੇ ਚੇਅਰਮੈਨ ਬਣੇ



**ਫਗਵਾੜਾ (ਡਾ. ਰਮਨ, ਢੱਡਾ)** ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਸੁਸਾਇਟੀ ਰਜਿ: ਦੀ ਮੀਟਿੰਗ ਸੰਤ ਮਹਿੰਦਰਪਾਲ ਪੰਡਵਾ ਵਾਲਿਆਂ ਵਲੋਂ ਕੀਤੀ ਗਈ ਤੇ ਸਮੂਹ ਸੰਗਤਾਂ ਦੀ ਸਹਿਮਤੀ ਨਾਲ ਪੰਮਾ ਸਿੰਘ ਬੁੱਟਰ ਨੂੰ ਸੁਸਾਇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ।ਬੂਟਰ ਨੇ ਆਖਿਆ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਮਿਲੀ ਹੈ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਵੀ ਅਸਥਾਨ ਦੀ ਚੜ੍ਹਦੀ ਕਲਾ ਲਈ ਕੰਮ ਕਰਾਂਗੇ ਅਤੇ ਸੁਸਾਇਟੀ ਦੇ ਸਭਨਾਂ ਅਹੁੱਦੇਦਾਰਾਂ ਅਤੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਾਂਗੇ । ਇਸ ਨਿਯੁਕਤੀ 'ਤੇ ਉਨ੍ਹਾਂ ਨੇ ਸੰਤਾਂ ਮਹਾਂਪੁਰਸ਼ਾ ਅਤੇ ਸਮੂਹ ਸੰਗਤ ਦਾ ਤਹਿ ਦਿਲੋ ਧੰਨਵਾਦ ਕੀਤਾ । ਇਸ ਮੌਕੇ 'ਤੇ ਪ੍ਰਧਾਨ ਗੁਰਨਾਮ ਚੰਦ, ਸੈਕਟਰੀ ਬਾਲ ਕ੍ਰਿਸ਼ਨ, ਸੋਮ ਰਾਜ, ਤਰਸੇਮ ਲਾਲ, ਹਰਦੇਵ ਲਾਲ, ਸਰਬਜੀਤ, ਕਿਰਨਦੀਪ, ਕਮਲਜੀਤ ਸਿੰਘ ਬੂਟਰ, ਸੁਦਰਸ਼ਨ ਕੁਮਾਰ, ਤਿਲਕ ਰਾਜ, ਬਲਵੰਤ ਰਾਮ ਸੋਨੂੰ ਆਦਿ ਹਾਜਰ ਸਨ।

# ਰਾਜਵਿੰਦਰ ਕੌਰ ਨੇ 'ਵਰਸਿਟੀ ਪ੍ਰੀਖਿਆ 'ਚੋਂ ਕੀਤਾ ਮੈਰਿਟ ਸਥਾਨ ਪ੍ਰਾਪਤ

**ਜਲੰਧਰ (ਇਕਬਾਲ ਸਿੰਘ ਉਭੀ)** ਸੇਂਟ ਸੋਲਜਰ ਕਾਲਜ, ਬਸਤੀ ਦਾਨਿਸ਼ਮੰਦਾ ਦੀ ਵਿਦਿਆਰਥਣ ਰਾਜਵਿੰਦਰ ਕੌਰ ਨੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਮੈਰਿਟ ਸਥਾਨ ਪ੍ਰਾਪਤ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਸੁਨੀਲ ਅਰੋੜਾ ਨੇ ਦੱਸਿਆ ਕਿ ਰਾਜਵਿੰਦਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ ਐਨ ਡੀ ਯੂ) ਦੁਆਰਾ ਆਯੋਜਿਤ ਬੈਚਲਰ ਆਫ਼ ਆਰਟਸ (ਬੀ ਏ) ਪ੍ਰੀਖਿਆ ਵਿੱਚ 1846 ਅੰਕ ਪ੍ਰਾਪਤ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ। ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ, ਉਸਨੇ ਯੂਨੀਵਰਸਿਟੀ ਭਰ ਵਿੱਚ 62ਵਾਂ ਰੈਂਕ ਪ੍ਰਾਪਤ ਕੀਤਾ ਹੈ। ਕਾਲਜ ਪ੍ਰਬੰਧਨ, ਫੈਕਲਟੀ ਅਤੇ ਸਾਥੀ ਵਿਦਿਆਰਥੀਆਂ ਨੇ ਉਸ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਅਕਾਦਮਿਕ ਅਤੇ ਪੇਸ਼ੇਵਰ ਸਫ਼ਰ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕੀਤੀ। ਉਸਦੀ ਪ੍ਰਾਪਤੀ ਉਸਦੀ ਸਖ਼ਤ ਮਿਹਨਤ, ਵਚਨਬੱਧਤਾ ਅਤੇ ਅਕਾਦਮਿਕ ਉੱਤਮਤਾ ਨੂੰ ਦਰਸਾਉਂਦੀ ਹੈ।ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਸਖ਼ਤ ਮਿਹਨਤ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ।



# ਪੰਜਾਬ ਨੈਸ਼ਨਲ ਬੈਂਕ ਦਾ ਸਥਾਪਨਾ ਦਿਵਸ ਮਨਾਇਆ




**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਨੈਸ਼ਨਲ ਬੈਂਕ ਸਰਕਲ ਦਫ਼ਤਰ ਮੋਹਾਲੀ ਨੇ ਆਪਣਾ 131ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਪੀ ਐਨ ਬੀ ਦੀ ਸਥਾਪਨਾ 1894 ਵਿੱਚ ਲਾਹੌਰ ਵਿੱਚ ਹੋਈ ਸੀ। ਇਹ ਭਾਰਤ ਦਾ ਦੂਜਾ ਸਭ ਤੋਂ ਵੱਡਾ ਜਨਤਕ ਖੇਤਰ ਦਾ ਬੈਂਕ ਹੈ, ਜਿਸ ਦੀਆਂ ਦੇਸ਼ ਭਰ ਵਿੱਚ 10,000 ਤੋਂ ਵੱਧ ਸ਼ਾਖਾਵਾਂ ਹਨ। ਬੈਂਕ ਆਪਣੇ ਗਾਹਕਾਂ ਨੂੰ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ, ਜਿਸ ਵਿੱਚ ਬਚਤ ਖਾਤੇ, ਕਰਜ਼ੇ, ਬੀਮਾ ਅਤੇ ਨਿਵੇਸ਼ ਸ਼ਾਮਲ ਹਨ। ਪੀਐਨਬੀ ਮੋਹਾਲੀ ਦੇ ਡਿਵੀਜ਼ਨਲ ਹੈੱਡ ਪੰਕਜ ਆਨੰਦ ਨੇ ਕਿਹਾ, 'ਅਸੀਂ ਆਪਣੇ 131ਵੇਂ ਸਥਾਪਨਾ ਦਿਵਸ ਦਾ ਜਸ਼ਨ ਮਨਾਉਂਦੇ ਹੋਏ ਬਹੁਤ ਖੁਸ਼ ਹਾਂ। ਇਸ ਲੜੀ ਵਿੱਚ ਕਲ੍ਹ ਡਿਵੀਜ਼ਨਲ ਦਫਤਰ ਵਿੱਚ ਇੱਕ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਲਗਭਗ 100 ਵਿਅਕਤੀਆਂ ਨੇ ਆਪਣੀ ਸਿਹਤ ਦੀ ਜਾਂਚ ਕਰਵਾਈ।' ਰੁੱਖ ਲਗਾਉਣ ਦੀ ਮੁਹਿੰਮ ਵਿੱਚ, ਡਿਵੀਜ਼ਨਲ ਹੈੱਡ ਪੰਕਜ ਆਨੰਦ ਦੁਆਰਾ ਪੌਦੇ ਵੀ ਲਗਾਏ ਗਏ।ਫੇਜ਼-2 ਸੈਕਟਰ-54 ਮੋਹਾਲੀ ਵਿੱਚ ਸਥਿਤ ਡਿਵੀਜ਼ਨਲ ਦੇ ਦਫਤਰ ਦੇ ਅਹਾਤੇ ਵਿੱਚ ਲੰਗਰ ਸੇਵਾ ਦਾ ਆਯੋਜਨ ਕੀਤਾ ਗਿਆ। ਉਪਰੰਤ ਇੱਕ ਵਿਆਪਕ ਸਾਈਬਰ ਜਾਗਰੂਕਤਾ ਮੁਹਿੰਮ ਚਲਾਈ ਗਈ ਅਤੇ ਇੱਕ ਵਾਕਾਥਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਲਡੀਐਮ ਐਮ.ਕੇ. ਭਾਰਦਵਾਜ, ਐਮ ਸੀ ਸੀ ਹੈੱਡ ਸੰਜੇ ਵਰਮਾ, ਆਰ ਈ ਐਮ ਹੈੱਡ ਸੋਹਨ ਲਾਲ, ਮੁੱਖ ਪ੍ਰਬੰਧਕ ਰਵੀ ਕੁਮਾਰ, ਮੁੱਖ ਪ੍ਰਬੰਧਕ ਗੁਲਸ਼ਨ ਕੁਮਾਰ, ਵੱਖ-ਵੱਖ ਸਥਾਨਕ ਸ਼ਾਖਾਵਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਸਮੇਤ ਡਿਵੀਜ਼ਨਲ ਦਫਤਰ ਦੇ ਸਟਾਫ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

# 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਸੈਮੀਨਾਰ ਤੇ ਰੈਲੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**— ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੋਗਪੁਰ (ਲੜਕੇ) ਵਿਖੇ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ ਅਤੇ ਜਾਗਰੂਕਤਾ ਰੈਲੀ ਦਾ ਸਫਲ ਆਯੋਜਨ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਸਰਬਜੀਤ ਰਾਏ (ਪੀ.ਪੀ.ਐਸ.), ਐਸ. ਪੀ., ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਨੇ ਸ਼ਿਰਕਤ ਕੀਤੀ ਅਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੋਈ ਵੀ ਜਾਗਰੂਕਤਾ ਮੁਹਿੰਮ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਨੌਜਵਾਨ ਪੀੜ੍ਹੀ ਅਤੇ ਸਮਾਜ ਸੇਵੀ ਸੰਸਥਾਵਾਂ ਇਕੱਠੀਆਂ ਮਿਲ ਕੇ ਹੰਭਲਾ ਨਾ ਮਾਰਨ। ਆਓ ਸਾਰੇ ਰਲ ਕੇ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਪੰਜਾਬ ਨੂੰ ਨਸ਼ਾ ਮੁਕਤ ਰੰਗਲਾ ਪੰਜਾਬ ਬਣਾਈਏ।ਡੀ.ਐਸ.ਪੀ. ਕੁਲਵੰਤ ਸਿੰਘ, ਐਸ.ਐਚ.ਓ. ਭੋਗਪੁਰ ਇਨਸਪੈਕਟਰ ਰਵਿੰਦਰ ਸਿੰਘ, ਪ੍ਰਿੰਸੀਪਲ ਮੈਡਮ ਸੁਨੀਤਾ, ਐਕਸ ਸਰਵਿਸਮੈਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਕੈਪਟਨ ਗੁਰਮੇਲ ਸਿੰਘ, ਸਮਾਜ ਸੇਵਕ ਸੁਰਿੰਦਰ ਸਿੰਘ ਕਾਹਲੋਂ, ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਨੇ ਇਸ ਸਮਾਗਮ ਵਿੱਚ ਭਾਗ ਲਿਆ। ਮੰਚ ਦਾ ਸੰਚਾਲਨ ਡਾ. ਸੁਰਜੀਤ ਲਾਲ ਕੈਰੀਅਰ ਕੌਂਸਲਰ ਵੱਲੋਂ ਕੀਤਾ ਗਿਆ। ਸੀਨੀਅਰ ਜਮਾਤ ਦੇ ਵਿਦਿਆਰਥੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰਾਂ ਅਤੇ ਹੋਰ ਹਾਜ਼ਰੀਨ ਨੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਵਿੱਚ ਭਾਗ ਲਿਆ। ਮੁੱਖ ਮਹਿਮਾਨ ਵੱਲੋਂ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਅਤੇ ਮੌਕੇ ਤੇ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਸਹੁੰ ਵੀ ਚੁਕਾਈ ਗਈ। ਸਕੂਲ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਰੀ ਚਿੰਨ ਦੇ ਕੇ ਸਨਮਿਨਤ ਕੀਤਾ ਗਿਆ।

# ਦੋਆਬਾ ਗਰੁੱਪ ਆਫ਼ ਕਾਲਜਿਜ਼ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**— ਦੋਆਬਾ ਗਰੁੱਪ ਆਫ਼ ਕਾਲਜਿਜ਼ ਨੇ ਰਾਹੋਂ ਕੈਂਪਸ ਵਿਖੇ ਬੀ.ਟੈਕ, ਡਿਪਲੋਮਾ, ਇੰਜੀਨੀਅਰਿੰਗ ਅਤੇ ਮੈਨੇਜਮੈਂਟ ਵਿਭਾਗਾਂ ਦੇ ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਨੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ। ਤਿਉਹਾਰ ਦਾ ਏਜੰਡਾ ਸੱਭਿਆਚਾਰਕ ਮਹੱਤਵ ਨਾਲ ਭਰਪੂਰ ਸੀ, ਜਿਸ ਵਿੱਚ ਕਈ ਤਰ੍ਹਾਂ ਦੇ ਮੁਕਾਬਲੇ ਅਤੇ ਗਤੀਵਿਧੀਆਂ ਸ਼ਾਮਲ ਸਨ ਜੋ ਪੰਜਾਬੀ ਵਿਰਾਸਤ ਦੇ ਸਾਰ ਨੂੰ ਉਜਾਗਰ ਕਰਦੀਆਂ ਸਨ। ਵਿਦਿਆਰਥੀਆਂ ਨੇ ਗਿੱਧਾ, ਭੰਗੜਾ ਅਤੇ ਗੀਤਾਂ ਨਾਲ ਇੱਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਝਲਕਾਂ ਸਫਲਤਾਪੂਰਵਕ ਪੇਸ਼ ਕੀਤੀਆਂ ਗਈਆਂ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਖੁਸ਼ਨੀਤ ਕੌਰ ਬਾਠ ਨੇ ਕਿਹਾ ਕਿ ਵਿਸਾਖੀ ਸੁਨਹਿਰੀ ਫ਼ਸਲ ਦਾ ਤਿਉਹਾਰ ਹੈ। ਕਿਸਾਨ ਆਪਣੀ ਕਣਕ ਦੀ ਫ਼ਸਲ ਦੀ ਕਟਾਈ ਕਰਦੇ ਹਨ ਅਤੇ ਇਸ ਦਾ ਜਸ਼ਨ ਮਨਾਉਂਦੇ ਹਨ। ਇਸ ਦਿਨ ਦਾ ਪੰਜਾਬ ਦੇ ਸੱਭਿਆਚਾਰ ਵਿੱਚ ਵੀ ਇਤਿਹਾਸਕ ਮਹੱਤਵ ਹੈ। ਉਨ੍ਹਾਂ ਕਿਹਾ ਕਿ ਵਿਸਾਖੀ ਵਾਲੇ ਦਿਨ, 1699 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਜਿਸ ਕਾਰਨ ਪੰਜਾਬੀ ਅਤੇ ਸਿੱਖ ਭਾਈਚਾਰੇ ਨੇ ਦੁਨੀਆ ਵਿੱਚ ਇੱਕ ਵਿਲੱਖਣ ਪਛਾਣ ਬਣਾਈ ਹੈ।ਇਸ ਦੌਰਾਨ ਨਵਪ੍ਰੀਤ ਸਿੰਘ ਸੰਘਾ( ਟਰੱਸਟੀ), ਗੁਰਪ੍ਰੀਤ ਸਿੰਘ ਬਾਠ ( ਟਰੱਸਟੀ), ਡਾ.ਖੁਸ਼ਨੀਤ ਕੌਰ ਬਾਠ (ਪ੍ਰਿੰਸੀਪਲ) ਅਤੇ ਡਾ.ਰਾਜੇਸ਼ਵਰ ਸਿੰਘ (ਡਾਇਰੈਕਟਰ) ਨੇ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ 'ਤੇ ਇਰਵਿੰਦਰ ਕੌਰ, ਸਰਬਜੀਤ ਕੌਰ, ਜਸਵਿੰਦਰ ਹੁੰਦਲ, ਸੁਨੀਤਾ ਰਾਣੀ,ਸੰਗੀਤਾ ਆਦਿ ਸ਼ਾਮਲ ਸਨ।

# ਮੁਸਲਿਮ ਸੰਗਠਨ ਆਫ ਪੰਜਾਬ ਤੇ ਹੋਰ ਜਥੇਬੰਦੀਆਂ ਵੱਲੋਂ ਵਕਫ਼ ਸੋਧ ਕਾਨੂੰਨ ਵਿਰੁੱਧ ਮੁਜ਼ਾਹਰਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮੁਸਲਿਮ ਸੰਗਠਨ ਆਫ ਪੰਜਾਬ ਅਤੇ ਹੋਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਵਕਫ ਸੋਧ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਨੇ ਭਰਵੀਂ ਸ਼ਮੂਲੀਅਤ ਕੀਤੀ। ਮੁਜਾਹਰਾਕਾਰੀ ਪਹਿਲਾਂ ਸਥਾਨਕ ਮਸਜਿਦ ਵਿੱਚ ਇਕੱਠ ਹੋਏ ਜਿਸ ਉਪਰੰਤ ਸ਼ਹਿਰ ਵਿੱਚ ਮੁਜਾਹਰਾ ਕਰਕੇ ਰਾਸ਼ਟਰਪਤੀ ਦੇ ਨਾਂਅ ਜਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਿਆ।ਡੀ ਸੀ ਦਫਤਰ ਅੱਗੇ ਦਿੱਤੇ ਗਏ ਧਰਨੇ ਨੂੰ ਮੁਸਲਿਮ ਸੰਗਠਨ ਆਫ ਪੰਜਾਬ ਦੇ ਪ੍ਰਧਾਨ ਐਡਵੋਕੇਟ ਨਈਮ, ਜਮਾਇਤ-ਏ-ਉਲਮਾਏ ਹਿੰਦ ਜਿਲ੍ਹਾ ਜਲੰਧਰ ਦੇ ਪ੍ਰਧਾਨ ਮਜ਼ਹਰ ਆਲਮ, ਮੁਸਲਿਮ ਸੰਗਠਨ ਆਫ ਪੰਜਾਬ ਦੇ ਜਿਲ੍ਹਾ ਪ੍ਰਧਾਨ ਨਿਜ਼ਾਮ, ਜਮਾਇਤ-ਏ-ਉਲਮਾਏ ਹਿੰਦ ਦੇ ਜਿਲ੍ਹਾ ਨਵਾਂਸ਼ਹਿਰ ਦੇ ਪ੍ਰਧਾਨ ਡਾਕਟਰ ਅਸ਼ਰਫ, ਸੀ ਪੀ ਆਈ (ਐਮ ਐਲ) ਐਨ ਡੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਦੇ ਕਨਵੀਨਰ ਦਲਜੀਤ ਸਿੰਘ ਐਡਵੋਕੇਟ, ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ, ਡਾਕਟਰ ਭਵਨ ਦੇ ਪ੍ਰਧਾਨ ਸਤੀਸ਼, ਇਸਤਖਾਰ, ਇਰਸ਼ਾਦ, ਜਾਵੇਦ ਅਤੇ ਸਲੀਮ ਨੇ ਕਿਹਾ ਕਿ ਘੱਟ ਗਿਣਤੀਆਂ, ਖਾਸ ਕਰਕੇ ਮੁਸਲਿਮ ਭਾਈਚਾਰੇ ਉੱਤੇ ਹੁੰਦੇ ਹਮਲਿਆਂ ਨੂੰ ਤੇਜ਼ ਕਰਦੇ ਹੋਏ ਮੋਦੀ ਸਰਕਾਰ ਨੇ ਵਕਫ਼ (ਸੋਧ) ਕਾਨੂੰਨ ਦੋਵੇਂ ਸਦਨਾਂ 'ਚੋਂ ਜਬਰਦਸਤੀ ਪਾਸ ਕਰਵਾਇਆ ਹੈ।ਇਸ ਦਾ ਅਸਲੀ ਉਦੇਸ਼ ਮੁਸਲਮਾਨ ਭਾਈਚਾਰੇ ਦੇ ਵਕਫ਼ ਸੰਪਤੀਆਂ ਦੇ ਪ੍ਰਬੰਧਨ ਨੂੰ ਉਨ੍ਹਾਂ ਤੋਂ ਖੋਹ ਕੇ ਸਰਕਾਰ ਦੇ ਹੱਥ ਵਿੱਚ ਦੇਣਾ ਹੈ।

# ਵਕ਼ਫ ਐਕਟ ਰੱਦ ਕਰਨ ਦੀ ਮੰਗ ਲਈ ਮੁਸਲਮਾਨਾਂ ਵੱਲੋਂ ਰਾਸ਼ਟਰਪਤੀ ਨੂੰ ਮੈਮੋਰੰਡਮ



**ਮੋਹਾਲੀ : (ਗੁਰਜੀਤ ਬਿੱਲਾ)** ਮੋਹਾਲੀ ਜ਼ਿਲ੍ਹੇ ਦੇ ਮੁਸਲਿਮ ਭਾਈਚਾਰੇ ਵੱਲੋਂ ਡਾ. ਅਨਵਰ ਹੁਸੈਨ ਦੀ ਅਗਵਾਈ ਹੇਠ ਵੱਕਫ਼ (ਸੰਸ਼ੋਧਨ) ਐਕਟ 2025 ਦੇ ਖਿਲਾਫ਼ ਆਪਣਾ ਗੁੱਸਾ ਪ੍ਰਗਟ ਕਰਦੇ ਹੋਏ ਰਾਸ਼ਟਰਪਤੀ ਨੂੰ ਇਕ ਮੈਮੋਰੰਡਮ ਜਾਰੀ ਕੀਤਾ ਗਿਆ ਹੈ। ਇਹ ਮੈਮੋਰੰਡਮ ਜ਼ਿਲ੍ਹਾ ਕਮਿਸ਼ਨਰ, ਐਸ ਏ ਐਸ ਨਗਰ ਰਾਹੀਂ ਭੇਜਿਆ ਗਿਆ, ਜਿਸ ਰਾਹੀਂ ਕੇਂਦਰੀ ਸਰਕਾਰ ਨੂੰ ਤੁਰੰਤ ਇਸ ਵਿਵਾਦਤ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਅਤੇ ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਟਡਆਲਾ ਵੀ ਹਾਜ਼ਰ ਰਹੇ।ਪਰਵਿੰਦਰ ਸਿੰਘ ਸੋਹਾਣਾ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁਸਲਿਮ ਭਾਈਚਾਰੇ ਹਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਵਕਫ ਬਿੱਲ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਪਰਮਦੀਪ ਬੈਦਵਾਣ ਕਿਸਾਨ ਆਗੂ, ਬਲਜੀਤ ਸਿੰਘ ਭਾਉ ਕੌਮੀ ਇਨਸਾਫ਼ ਮੋਰਚਾ, ਹਰਵਿੰਦਰ ਸਿੰਘ ਨੰਬਰਦਾਰ ਸ਼ਮਸ਼ੇਰ ਪੁਰਖਾਲਵੀ ਦਲਿਤ ਆਗੂ ਡਾ.ਅਵਤਾਰ ਮਲਿਕ ਮੈਂਬਰ ਹੱਜ ਕਮੇਟੀ ਪੰਜਾਬ ਸਰਕਾਰ, ਐਡਵੋਕੇਟ ਹਾਜੀ ਮੁਹੰਮਦ ਸਲੀਮ, ਮੈਂਬਰ ਹਾਜੀ ਸਦੀਕ ਮਲਿਕ ਚੇਅਰਮੈਨ ਕਬਰਸਤਾਨ ਬਚਾਓ ਫਰੰਟ ਮੋਹਾਲੀ ਮੰਗਤ ਖਾਨ ਝੰਜੇੜੀ ਪ੍ਰਧਾਨ ਰੋਜ਼ਾ ਕਮੇਟੀ ਜ਼ਿਲ੍ਹਾ ਮੌਹਾਲੀ, ਖੁਵਾਜਾ ਖਾਨ ਬੂਟਾ ਚੇਅਰਮੈਨ ਟਰਾਈਸਿਟੀ ਮੁਸਲਿਮ ਵੈਲਫੇਅਰ ਐਸੋਸੀਏਸ਼ਨ, ਹੈਪੀ ਖਾਨ ਸਨੇਟਾ ਅਤੇ ਰੂਪਾ ਖਾਨ ਸਨੇਟਾ ਮੁਸਲਿਮ ਲਿਡਰ ਸ਼੍ਰੋਮਣੀ ਅਕਾਲੀ ਦਲ ਬਾਦਲ ਜ਼ਿਲ੍ਹਾ ਮੋਹਾਲੀ,ਯੂਥ ਮੁਸਲਿਮ ਆਗੂ ਮੁਸਤਫ਼ਾ ਖਾਨ ਕੁੰਬੜਾ,ਬਹਾਦਰ ਖਾਨ ਪ੍ਰਧਾਨ ਮੁਸਲਿਮ ਕਮੇਟੀ ਕੁੰਬੜਾ,ਡਾ.ਬਲਜੀਤ ਖਾਨ ਸਨੇਟਾ,ਐਸ਼ ਹਮੀਦ ਅਲੀ ਸਾਬਕਾ ਪ੍ਰਧਾਨ ਮੁਸਲਿਮ ਕਮੇਟੀ ਸਨੇਟਾ,ਮੁਹੰਮਦ ਗੁਫਾਰ ਪ੍ਰਧਾਨ ਮੁਸਲਿਮ ਕਮੇਟੀ ਰਾਏਪੁਰ ਤੇ ਭਾਗੋਮਾਜਰਾ ਬਾਬਾ ਮੁਹੰਮਦ ਸਲੀਮ ਸਨੇਟਾ,ਸੈਕਟਰੀ ਫ਼ਕੀਰ ਮੁਹੰਮਦ ਸਿਆਲਬਾ, ਮੁਹੰਮਦ ਇਕਬਾਲ ਖਾਨਪੁਰ, ਸਬਰਾਤੀ ਖਾਨ ਭਾਗੋਮਾਜਰਾ, ਮੁਹੰਮਦ ਅਸਲਮ ਭਬਾਤ ਡੇਰਾਬੱਸੀ, ਸਦਾਗਰ ਖਾਨ ਮਟੋਰ, ਸ਼ੇਖ ਮੁਹੰਮਦ ਵਸੀਮ ਸਨੇਟਾ ਮੁਹੰਮਦ ਤਨਵੀਰ ਸਨੇਟਾ ਅਕਬਰ ਅਲੀ ਸਿਸਮਾ ਅਦਿ ਹਾਜ਼ਰ ਸਨ।

# ਖੋਹ ਦੇ ਮਾਮਲੇ 'ਚ ਸ਼ਾਮਲ ਚਾਰ ਗ੍ਰਿਫ਼ਤਾਰ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਹਾਲ ਹੀ ਵਿੱਚ ਹੋਏ ਇੱਕ ਸੜਕੀ ਅਪਰਾਧ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਜਵਾਬ ਵਿੱਚ, ਕਮਿਸ਼ਨਰੇਟ ਪੁਲਸ ਜਲੰਧਰ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਵਾਪਰੀ ਇੱਕ ਖੋਹਣ ਦੀ ਘਟਨਾ ਵਿੱਚ ਸ਼ਾਮਲ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀਆਂ ਥਾਣਾ ਡਿਵੀਜ਼ਨ ਨੰਬਰ 1 ਦੀ ਇੱਕ ਟੀਮ ਨੇ ਕੀਤੀਆਂ ਹਨ, ਜਿਸ ਤੋਂ ਚੋਰੀ ਹੋਈ ਨਕਦੀ ਅਤੇ ਅਪਰਾਧ ਵਿੱਚ ਵਰਤੇ ਗਏ ਦੋ ਵਾਹਨ ਵੀ ਬਰਾਮਦ ਹੋਏ ਹਨ। ਪਲਿਸ ਕਮਿਸ਼ਨਰ ਨੇ ਦੱਸਿਆ ਕਿ ਇਹ ਘਟਨਾ 30 ਮਾਰਚ, 2025 ਦੀ ਰਾਤ ਨੂੰ ਵਾਪਰੀ ਸੀ। ਜਲੰਧਰ ਦੀ ਕਾਲੀਆ ਕਲੋਨੀ ਦੇ ਵਸਨੀਕ ਸ਼ੰਕਰ ਭਗਤ ਦੀ ਸ਼ਿਕਾਇਤ ਦੇ ਆਧਾਰ 'ਤੇ ਐਫਆਈਆਰ ਨੰਬਰ 44 ਅਧਿਨ ਧਾਰਾ 303(2) ਅਤੇ 3(5) ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਦਰਜ ਕੀਤੀ ਗਈ ਸੀ। ਸ਼ਿਕਾਇਤ ਦੇ ਅਨੁਸਾਰ, ਸ਼ੰਕਰ ਭਗਤ ਅਤੇ ਉਸਦਾ ਪੁੱਤਰ ਗੌਤਮ ਕੁਮਾਰ ਘਰ ਵਾਪਸ ਆ ਰਹੇ ਸਨ ਜਦੋਂ ਉਨ੍ਹਾਂ ਨੂੰ ਭਾਰਤ ਪੈਟਰੋਲ ਪੰਪ ਦੇ ਨੇੜੇ ਪੰਜ ਵਿਅਕਤੀਆਂ ਨੇ ਰੋਕਿਆ - ਤਿੰਨ ਚਿੱਟੇ ਐਕਟਿਵਾ ਸਕੂਟਰ 'ਤੇ ਅਤੇ ਦੋ ਮੋਟਰਸਾਈਕਲ 'ਤੇ। ਸ਼ੱਕੀਆਂ ਨੇ ਕਥਿਤ ਤੌਰ 'ਤੇ ਪੀੜਤਾਂ ਨੂੰ ਧਮਕੀਆਂ ਦਿੱਤੀਆਂ, ਸ਼ਿਕਾਇਤਕਰਤਾ ਤੋਂ 3,000 ਰੁਪਏ ਅਤੇ ਉਸਦੇ ਪੁੱਤਰ ਤੋਂ ਇੱਕ ਮੋਬਾਈਲ ਫੋਨ ਖੋਹ ਲਿਆ ਅਤੇ ਮੌਕੇ ਤੋਂ ਭੱਜ ਗਏ।ਮਾਮਲੇ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਸ ਨੇ 10 ਅਪ੍ਰੈਲ ਨੂੰ ਪੰਜ ਸ਼ੱਕੀਆਂ ਵਿੱਚੋਂ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ। ਦੋਸ਼ੀਆਂ ਦੀ ਪਛਾਣ ਰਾਹੁਲ, ਪੁੱਤਰ ਪਰਵੇਸ਼ ਕੁਮਾਰ, ਨਿਵਾਸੀ ਗੁਲਾਬ ਦੇਵੀ ਰੋਡ, ਜਲੰਧਰ, ਚੇਤਨ ਪੁੱਤਰ ਵਿਕਾਸ ਕੁਮਾਰ, ਨਿਵਾਸੀ ਵਾਲਮੀਕੀ ਮੁਹੱਲਾ, ਗੜ੍ਹਾ, ਜਲੰਧਰ, ਇੰਦਰਜੀਤ ਸਿੰਘ ਪੁੱਤਰ ਤਰਸੇਮ ਸਿੰਘ, ਨਿਵਾਸੀ ਨਿਊ ਰਤਨ ਨਗਰ, ਜਲੰਧਰ, ਅਤੇ ਵੰਸ਼ ਭਾਰਦਵਾਜ ਪੁੱਤਰ ਰਾਕੇਸ਼ ਕੁਮਾਰ ਨਿਵਾਸੀ ਨਿਊ ਰਤਨ ਨਗਰ, ਜਲੰਧਰ ਵਜੋਂ ਹੋਈ ਹੈ। ਪੰਜਵੇਂ ਦੋਸ਼ੀ ਨੂੰ ਫੜਨ ਲਈ ਕੋਸ਼ਿਸ਼ਾਂ ਜਾਰੀ ਹਨ, ਜੋ ਅਜੇ ਵੀ ਫਰਾਰ ਹੈ।ਪੁਲਸ ਨੇ 2,200 ਰੁਪਏ ਨਕਦ, ਇੱਕ ਕਾਲਾ ਸਪਲੈਂਡਰ ਮੋਟਰਸਾਈਕਲ (PB08-FH-4584), ਅਤੇ ਇੱਕ ਚਿੱਟਾ ਐਕਟਿਵਾ ਸਕੂਟਰ (PB08-DX-3554) ਬਰਾਮਦ ਕੀਤਾ ਹੈ, ਦੋਵੇਂ ਬਿਨਾਂ ਕਿਸੇ ਜਾਇਜ਼ ਦਸਤਾਵੇਜ਼ ਦੇ।

## ਕੁਲਵੰਤ ਸਿੰਘ ਵੱਲੋਂ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਿਖਿਆ ਕ੍ਰਾਂਤੀ ਤਹਿਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਸਰਕਾਰੀ ਮਿਡਲ ਸਕੂਲ ਰਾਏਪੁਰ ਕਲਾਂ ਵਿਖੇ 2 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਏਪੁਰ ਕਲਾਂ ਵਿਖੇ 7.51 ਲੱਖ ਰੁਪਏ ਦੀ



ਲਾਗਤ ਨਾਲ ਬਣੇ ਕਲਾਸ ਰੂਮ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਗਏ। ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੋਟੇਮਾਜਰਾ ਵਿਖੇ ਵਿਧਾਇਕ ਵੱਲੋਂ ਇੱਕ ਲੱਖ ਰੁਪਏ ਦੀ ਲਾਗਤ ਉਸਾਰੀ ਗਈ ਚਾਰਦੀਵਾਰੀ ਅਤੇ 7.51 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਨਵਾਂ ਸਮਾਰਟ ਕਲਾਸ ਰੂਮ ਵਿਦਿਆਰਥੀਆਂ ਨੂੰ ਸਮਰਪਿਤ ਕੀਤਾ ਗਿਆ।ਵਿਧਾਇਕ ਕੁਲਵੰਤ ਸਿੰਘ ਨੇ ਇਸ ਮੌਕੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਆਉਣ ਵਾਲੇ ਕੁਝ ਸਮੇਂ ਵਿੱਚ ਹੀ ਪੰਜਾਬ ਸੂਬਾ ਸਿੱਖਿਆ ਅਤੇ ਸਿਹਤ ਦੇ ਖੇਤਰ 'ਚ ਦੇਸ਼ ਦਾ ਮੋਹਰੀ ਸੂਬਾ ਬਣ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਵਿੱਚ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਹਰ ਹੀਲੇ ਸਫ਼ਲਤਾ ਪੂਰਵਕ ਅਗਾਂਹ ਵਧਾਇਆ ਜਾ ਰਿਹਾ ਹੈ, ਜਿਸ ਦੇ ਤਹਿਤ ਪੰਜਾਬ ਦੇ ਵਿੱਚ ਬੇਰੋਜ਼ਗਾਰਾਂ ਨੂੰ ਦਿੱਤੀਆਂ ਗਈਆਂ 54 ਹਜ਼ਾਰ ਪੱਕੀਆਂ ਨੌਕਰੀਆਂ ਵਿੱਚੋਂ 20 ਹਜ਼ਾਰ ਤੋਂ ਵੱਧ ਨੌਕਰੀਆਂ ਸਿੱਖਿਆ ਦੇ ਖੇਤਰ ਵਿੱਚ ਦਿੱਤੀਆਂ ਗਈਆਂ ਹਨ।ਇਸ ਮੌਕੇ ਐਸ ਡੀ ਐਮ ਮੋਹਾਲੀ ਦਮਨਦੀਪ ਕੌਰ, ਡੀ ਈ ਓ ਪ੍ਰਾਇਮਰੀ ਦਰਸ਼ਨਜੀਤ ਸਿੰਘ, ਡੀ.ਈ.ਓ ਸੈਕੰਡਰੀ ਡਾਕਟਰ ਗਿੰਨੀ ਦੁੱਗਲ, ਹੈਡ ਟੀਚਰ ਅੰਜਨਾ, ਲਖਵੀਰ ਸਿੰਘ ਸਰਪੰਚ, ਹਰਗੋਬਿੰਦ ਸਿੰਘ, ਅਵਤਾਰ ਸਿੰਘ ਮੌਲੀ, ਜਥੇਦਾਰ ਬਲਵੀਰ ਸਿੰਘ ਸਰਪੰਚ ਬੈਰਮਪੁਰ, ਕਰਮਜੀਤ ਕੌਰ- ਸਰਪੰਚ ਮੋਟੇ ਮਾਜਰਾ, ਗੁਰਸੇਵਕ ਸਿੰਘ ਸਰਪੰਚ ਮੌਲੀ, ਕੁਲਦੀਪ ਸਿੰਘ ਸਮਾਣਾ ਡਾਕਟਰ ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ ਕੁਰੜਾ ਵੀ ਹਾਜ਼ਰ ਸਨ।

## ਪੁਲਸ ਨੇ ਚਲਾਇਆ ਨਾਈਟ ਡੌਮੀਨੇਸ਼ਨ ਅਪਰੇਸ਼ਨ

**ਕਪੂਰਥਲਾ ( ਪ੍ਰੀਤ ਸੰਗੋਜਲਾ )** ਪੰਜਾਬ ਪੁਲਸ ਵੱਲੋਂ ਅਮਨ ਕਾਨੂੰਨ ਨੂੰ ਹੋਰ ਪੁਖਤਾ ਕਰਨ ਹਿੱਤ ਨਾਇਟ ਡੌਨੀਨੇਸ਼ਨ ਆਪ੍ਰੇਸ਼ਨ ਤਹਿਤ ਐਸ ਐਸ ਪੀ ਕਪੂਰਥਲਾ ਗੌਰਵ ਤੂਰਾ ਦੀ ਅਗਵਾਈ ਹੇਠ ਕਪੂਰਥਲਾ ਪੁਲਸ ਵੱਲੋਂ ਬੀਤੀ ਰਾਤ 10 ਵਜੇ ਤੋਂ 4 ਵਜੇ ਤੱਕ ਵਾਹਨਾਂ ਦੀ ਜਾਂਚ ਕਰਨ ਦੇ ਨਾਲ-ਨਾਲ ਸ਼ੱਕੀਆਂ ਕੋਲ਼ੋਂ ਪੁੱਛ-ਗਿੱਛ ਕੀਤੀ ਗਈ।ਆਪਰੇਸ਼ਨ ਤਹਿਤ ਪੁਲਸ ਵੱਲੋਂ ਜ਼ਿਲ੍ਹੇ ਦੀਆਂ ਮਹੱਤਵਪੂਰਨ ਥਾਵਾਂ ਉੱਪਰ ਸਖ਼ਤ ਨਾਕਾਬੰਦੀ ਕਰਕੇ ਵਾਹਨਾਂ ਦੀ ਜਾਂਚ ਕੀਤੀ ਗਈ । ਹਾਈਟੈਕ ਨਾਕਿਆਂ



ਬਿਆਸ ਪੁਲ ਤੇ ਢਿਲਵਾਂ ਆਦਿ ਦੀ ਵੀ ਜਾਂਚ ਕੀਤੀ ਗਈ। ਸੀ ਟੀ ਵੀ ਕੈਮਰਿਆਂ ਤੇ ਕੰਟਰੋਲ ਰੂਮ ਦਾ ਵੀ ਜਾਇਜ਼ਾ ਲਿਆ। ਇਸ ਤੋਂ ਇਲਾਵਾ ਕਪੂਰਥਲਾ , ਫਗਵਾੜਾ ਵਿਖੇ ਬੱਸ ਅੱਡਿਆਂ ਤੇ ਰੇਲਵੇ ਸਟੇਸ਼ਨਾਂ ਵਿਖੇ ਵੀ ਪੁਲਸ ਦੀਆਂ ਟੀਮਾਂ ਵੱਲੋਂ ਜਾਂਚ ਕੀਤੀ ਗਈ ।ਐਸ ਐਸ ਪੀ ਤੂਰਾ ਨੇ ਦੱਸਿਆ ਕਿ ਆਪ੍ਰੇਸ਼ਨ ਦਾ ਮਕਸਦ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ - ਨਾਲ ਸਮਾਜ ਵਿਰੋਧੀ ਤੱਤਾਂ ਉੱਪਰ ਨਕੇਲ ਕੱਸਣਾ ਹੈ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿਰੋਧੀ ਤੱਤਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਸਹਿਯੋਗ ਦੇਣ।

## ਹਰਿਆਣਾ ਦੇ ਵਿਕਾਸ 'ਚ ਮੀਲ ਦਾ ਪੱਥਰ ਸਾਬਤ ਹੋਵੇਗੀ ਗਲੋਬਲ ਸਿਟੀ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੌਮਾਂਤਰੀ ਪੱਧਰ ਦੇ ਸਾਰੇ ਮਾਨਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂਗ੍ਰਾਮ ਵਿੱਚ ਗਲੋਬਲ ਸਿਟੀ ਵਿਕਸਿਤ ਕੀਤੀ ਜਾਵੇਗੀ।ਇਹ ਪਰਿਯੋਜਨਾ ਹਰਿਆਣਾਂ ਦੇ ਵਿਕਾਸ ਵਿੱਚ ਇੱਕ ਮੀਲ ਦਾ ਪੱਧਰ ਸਾਬਿਤ ਹੋਵੇਗੀ।ਮੁੱਖ ਮੰਤਰੀ ਗੁਰੂਗ੍ਰਾਮ ਵਿੱਚ ਗਲੋਬਲ ਸਿਟੀ ਦੀ ਸਾਇਟ 'ਤੇ ਨਿਵੇਸ਼ਕਾਂ ਦੇ ਨਾਲ ਮੀਟਿੰਗ ਦੀ ਅਗਵਾਈ ਕਰ ਰਹੇ ਸਨ।ਮੀਟਿੰਗ ਵਿੱਚ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਤੇਜਪਾਲ ਤੰਵਰ ਤੇ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਨਿਵੇਸ਼ ਦੇ ਨਾਲ ਇਹ ਪਰਿਯੋਜਨਾ ਲਗਭਗ 16 ਲੱਖ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰੇਗੀ।ਪਰਿਯੋਜਨਾ ਦੇ ਵਿਕਸਿਤ ਹੋਣ 'ਤੇ ਕਰੀਬ ਪੰਜ ਲੱਖ ਰੁਜਗਾਰ ਦੇ ਨਵੇਂ ਮੌਕਿਆਂ ਦਾ ਸ੍ਰਿਜਨ ਹੋਵੇਗਾ। ਇੱਕ ਹਜਾਰ ਏਕੜ 'ਤੇ ਵਿਕਸਿਤ ਕੀਤੀ ਜਾ ਰਹੀ ਇਸ ਪਰਿਯੋਜਨਾ ਵਿੱਚ ਕਿਮਸ ਯੂਜ਼ ਲੈਂਡ ਦਾ ਪ੍ਰਾਵਧਾਨ ਕੀਤਾ ਗਿਆ ਹੈ, ਜਿਸ ਵਿੱਚ ਰਿਹਾਇਸ਼ੀ, ਕਾਰੋਬਾਰੀ, ਹੋਸਪਟੇਲਿਟੀ ਤੇ ਵਿਦਿਅਕ ਅਦਾਰਿਆਂ ਆਦਿ ਲਈ ਵੀ ਵਿਸ਼ੇਸ਼ ਸਥਾਨ ਰਹੇਗਾ।ਉਨ੍ਹਾਂ ਨੇ ਕਿਹਾ ਕਿ ਕੌਮਾਂਤਰੀ ਮਾਨਕਾਂ ਦੇ ਹਿਸਾਬ ਨਾਲ ਵਿਕਸਿਤ ਕੀਤੀ ਜਾ ਰਹੀ ਇਸ ਪਰਿਯੋਜਨਾ ਦਾ ਪਹਿਲਾ ਪੜਾਅ ਅਗਲੇ ਸਾਲ ਦੇ ਆਖੀਰ ਤੱਕ ਨਿਰਧਾਰਿਤ ਟਾਇਮ ਲਾਇਨ ਅਨੁਸਾਰ ਪੂਰਾ ਕੀਤਾ ਜਾਵੇਗਾ। ਪਰਿਯੋਜਨਾ ਦੇ ਪਹਿਲੇ ਪੜਾਅ ਵਿੱਚ 587 ਏਕੜ ਦੇ ਖੇਤਰਫੱਲ 'ਤੇ 940 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਸ ਸਿਟੀ ਵਿੱਚ ਪਾਣੀ ਦੀ ਸਪਲਾਈ ਯਕੀਨੀ ਕਰਨ ਲਈ 18 ਏਕੜ ਵਿੱਚ 350 ਮਿਲਿਅਨ ਲੀਟਰ ਸਮਰੱਥਾ ਦਾ ਮਾਸ ਬੈਲੇਸਿੰਗ ਰਿਜਰਵਾਇਰ ਬਣਾਇਆ ਜਾਵੇਗਾ, ਜੋ ਕਿ ਜਲ ਸਟੋਰੇਜ ਵਜੋ ਕੰਮ ਕਰੇਗਾ ਅਤੇ ਇਸ ਸਿਟੀ ਦੀ ਸੁੰਦਰਤਾ ਵਧਾਉਣ ਦੇ ਨਾਲ-ਨਾਲ ਗਲੋਬਲ ਸਿਟੀ ਦੇ ਲਈ ਸੱਤ ਦਿਨਾਂ ਦਾ ਜਲ ਬੈਕਅੱਪ ਵੀ ਪ੍ਰਦਾਨ ਕਰੇਗਾ।

## ਸੇਂਟ ਸੋਲਜਰ ਗਰੁੱਪ ਦੇ ਵਿਦਿਆਰਥੀਆਂ ਨੇ ਮਨਾਇਆ ਵਿਸਾਖੀ ਦਾ ਤਿਉਹਾਰ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਗਰੁੱਪ ਦੇ ਵਿਦਿਆਰਥੀਆਂ ਵਲੋਂ ਵਿਸਾਖੀ ਦਾ ਤਿਉਹਾਰ ਡਾਇਰੈਕਟਰ ਡਾ. ਐਸ ਸੀ ਸ਼ਰਮਾ ਅਤੇ ਸਟਾਫ ਮੈਂਬਰਾਂ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ ਪਹਿਰਾਵੇ ਵਿੱਚ ਸਜ ਕੇ ਭੰਗੜਾ, ਗਿੱਧਾ ਅਤੇ ਅਲੋਪ ਹੋ ਰਹੇ ਪੰਜਾਬੀ ਸਭਿਆਚਾਰਕ ਲੋਕ ਗੀਤ ਪੇਸ਼ ਕੀਤੇ।



ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦਾ ਮੁੱਖ ਉਦੇਸ਼ ਉਨ੍ਹਾਂ ਨੂੰ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਵਾਉਣਾ ਸੀ।ਇਸ ਮੌਕੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਆਪਣੇ ਗਰੁੱਪ ਦੇ ਨਾਂਅ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਸੀਂ ਸਾਰੇ ਉਸ ਮਹਾਨ ਸੰਗਠਨ ਨਾਲ ਜੁੜੇ ਹਾਂ ਜਿਸਦਾ ਨਾਮ ਸੰਤ ਸਿਪਾਹੀ ਹੈ ਅਤੇ ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਕਦਰਾਂ-ਕੀਮਤਾਂ ਨਾਲ ਭਰਪੂਰ ਕਰਨਾ ਵੀ ਹੈ, ਕਿਉਂਕਿ ਦੇਸ਼ ਦਾ ਭਵਿੱਖ ਅੱਜ ਦੇ ਨੌਜਵਾਨਾਂ 'ਤੇ ਟਿਕਿਆ ਹੋਇਆ ਹੈ, ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਮੌਕੇ ਗਰੁੱਪ ਦੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ।

## ਭਗਤ ਵੱਲੋਂ 26.78 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟ ਸਮਰਪਤ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ (ਲੜਕੇ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਾਰਗਵ ਕੈਂਪ, ਜਲੰਧਰ ਵਿਖੇ 26.78 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ



'ਪੰਜਾਬ ਸਿੱਖਿਆ ਕ੍ਰਾਂਤੀ' ਉਪਰਾਲੇ ਤਹਿਤ ਜ਼ਿਲ੍ਹੇ ਦੇ 37 ਸਰਕਾਰੀ ਸਕੂਲਾਂ ਵਿੱਚ 2.90 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ , ਜਿਸ ਨਾਲ ਜ਼ਿਲ੍ਹੇ ਦੀਆਂ ਸਿੱਖਿਆ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਹੁਲਾਰਾ ਮਿਲੇਗਾ।ਬੁਨਿਆਦੀ ਢਾਂਚੇ ਵਿੱਚ ਸਮਾਰਟ ਕਲਾਸ ਰੂਮ, ਡਿਜੀਟਲ ਲਰਨਿੰਗ ਸਿਸਟਮ, ਸਾਇੰਸ ਲੈਬਾਰਟਰੀਆਂ, ਸਪੋਰਟਸ ਟਰੈਕ, ਕਲੱਸਟਰ ਰੂਮ, ਚਾਰਦੀਵਾਰੀ ਆਦਿ ਸ਼ਾਮਿਲ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸੂਬੇ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆ ਕੇ ਵਿਦਿਆਰਥੀਆਂ ਲਈ ਅਤਿ ਦਰਜੇ ਦੀਆਂ ਸਿੱਖਿਆ ਸਹੂਲਤਾਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।ਮੰਤਰੀ ਵਲੋਂ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਿਕਾਸ ਪ੍ਰੋਜੈਕਟਾਂ ਲਈ 10 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ।

## ਸਿੱਖਿਆ ਦੇ ਖੇਤਰ 'ਚ ਮੋਹਰੀ ਸੂਬਾ ਬਣੇਗਾ ਪੰਜਾਬ : ਪਾਠਕ

**ਨਵਾਂਸ਼ਹਿਰ (ਮਨੋਜ ਲਾਡੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਪੰਜਾਬ ਜਲਦ ਹੀ ਸਿੱਖਿਆ ਦੇ ਖੇਤਰ ਵਿਚ ਮੋਹਰੀ ਸੂਬਾ ਬਣੇਗਾ। ਇਹ ਪ੍ਰਗਟਾਵਾ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉੱਪ ਚੇਅਰਮੈਨ ਲਲਿਤ ਮੋਹਨ ਪਾਠਕ 'ਬੱਲੂ' ਨੇ ਨਵਾਂਸ਼ਹਿਰ ਹਲਕੇ ਦੇ ਹਿਆਲਾ, ਭੰਗਲ ਕਲਾਂ ਅਤੇ ਅਮਰਗੜ੍ਹ ਦੇ ਪ੍ਰਾਇਮਰੀ ਸਕੂਲਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ ਹੈ,ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਾਹੇਵੰਦ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ



ਗਿਆ ਹੈ। ਇਸ ਦੌਰਾਨ ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਹਿਆਲਾ ਵਿਖੇ 1.40 ਲੱਖ ਰੁਪਏ, ਭੰਗਲ ਕਲਾਂ ਸਕੂਲ ਵਿਖੇ 7.51 ਲੱਖ ਰੁਪਏ ਅਤੇ ਅਮਰਗੜ੍ਹ ਸਕੂਲ ਵਿਖੇ ਵੀ 7.51 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਹੀ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਨੂੰ ਤਰਜੀਹੀ ਖੇਤਰਾਂ ਵਜੋਂ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ 12 ਫੀਸਦੀ ਵਾਧਾ ਕਰਕੇ ਇਕ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿਚ ਮੋਹਰੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਪ੍ਰਵਾਸੀ ਪੰਜਾਬੀਆਂ ਵੱਲੋਂ ਵੀ ਸਕੂਲਾਂ ਦੀ ਬਿਹਤਰੀ ਲਈ ਦਿੱਤੇ ਜਾ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਕੱਢਿਆ ਜਾ ਸਕੇ। ਇਸ ਮੌਕੇ ਸਬੰਧਤ ਇਲਾਕਿਆਂ ਦੇ ਮੋਹਤਬਰ ਵਿਅਕਤੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਕੂਲਾਂ ਦੇ ਵਿਦਿਆਰਥੀ, ਮਾਪੇ ਤੇ ਨਵਾਂਸ਼ਹਿਰ ਦੇ ਅਧਿਆਪਕ ਹਾਜ਼ਰ ਸਨ।

## ਪਟਵਾਰੀਆਂ ਦੀ ਗਿਰਦਾਵਰੀ ਕਰਨ 'ਤੇ ਲੱਗੀ ਡਿਊਟੀ, ਲੋਕ ਹੋ ਰਹੇ ਖੱਜਲ-ਖੁਆਰ



**ਫਗਵਾੜਾ ( ਡਾ. ਰਮਨ, ਢੱਡਾ)** ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਸਬ-ਡਵੀਜਨ ਫਗਵਾੜਾ ਦੇ ਸਮੂਹ ਪਟਵਾਰੀਆਂ ਦੀ ਡਿਊਟੀ ਡੀ.ਸੀ.ਐਸ. ਗਿਰਦਾਵਰੀ ਲਈ ਲਗਾਏ ਜਾਣ ਕਰਕੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਗਵਾੜਾ ਦੇ ਬੰਗਾ ਰੋਡ ਸਥਿਤ ਪਟਵਾਰਖਾਨੇ ਦੇ ਗੇਟ 'ਤੇ ਲੱਗੇ ਨੋਟਿਸ ਅਨੁਸਾਰ ਸਮੂਹ ਪਟਵਾਰੀਆਂ ਨੂੰ 9 ਅਪ੍ਰੈਲ ਤੋਂ 20 ਅਪ੍ਰੈਲ ਤੱਕ ਆਪੋ ਆਪਣੇ ਪਿੰਡਾਂ 'ਚ ਗਿਰਦਾਵਰੀ ਕਰਨ ਦਾ ਹੁਕਮ ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਜਾਰੀ ਕੀਤਾ ਗਿਆ ਹੈ। ਆਮ ਲੋਕਾਂ ਨੇ ਦੱਸਿਆ ਕਿ ਪਹਿਲਾਂ ਤਹਿਸੀਲਦਾਰ ਦੀ ਨਿਯੁਕਤੀ ਨਾ ਹੋਣ ਕਾਰਨ ਜਾਇਦਾਦਾਂ ਦੇ ਇੰਤਕਾਲ ਚੜ੍ਹਾਉਣ ਦਾ ਕੰਮ ਠੱਪ ਰਿਹਾ ਅਤੇ ਹੁਣ ਪਟਵਾਰੀਆਂ ਦੀ ਡਿਊਟੀ ਗਿਰਦਾਵਰੀ ਲਈ ਲਾਏ ਜਾਣ ਨਾਲ ਉਹਨਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਉਹਨਾਂ ਭਗਵੰਤ ਮਾਨ ਸਰਕਾਰ ਦੀ ਕਾਰਜਸ਼ੈਲੀ ਨੂੰ ਲੈ ਕੇ ਵੀ ਸਵਾਲ ਖੜੇ ਕੀਤੇ ਅਤੇ ਕਿਹਾ ਕਿ ਸਰਕਾਰ ਨੂੰ ਲੋਕਾਂ ਦੀ ਪ੍ਰੇਸ਼ਾਨੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

## 90 ਦਿਨਾਂ ਅੰਦਰ ਚਲਾਨ ਨਾ ਭੁਗਤਣ 'ਤੇ ਵ੍ਹੀਕਲ ਹੋਵੇਗਾ ਬਲੈਕ-ਲਿਸਟ

**ਜਲੰਧਰ (ਇਕਬਾਲ ਸਿੰਘ ਉਭੀ)**- ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਜਲੰਧਰ ਅਮਨਪਾਲ ਸਿੰਘ ਨੇ ਦੱਸਿਆ ਕਿ ਸੂਬੇ ਅੰਦਰ ਮੋਟਰ ਵਹੀਕਲ ਐਕਟ 1988 ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੀਤੇ ਜਾਂਦੇ ਹਨ ਅਤੇ ਜੇਕਰ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਅਧੀਨ ਰੂਲ 167 ਦੇ ਤਹਿਤ 90 ਦਿਨਾਂ ਦੇ ਅੰਦਰ-ਅੰਦਰ ਚਲਾਨ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਤਾਂ ਵਿਭਾਗ ਵਲੋਂ ਸਬੰਧਿਤ ਵਹੀਕਲਾਂ ਨੂੰ ਬਲੈਕ ਲਿਸਟ ਕਰ ਦਿੱਤਾ ਜਾਂਦਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਵਾਹਨ ਬਲੈਕ ਲਿਸਟ ਹੋਣ ਕਾਰਨ ਸਬੰਧਤ ਵਾਹਨ ਦੇ ਮਾਲਕ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸੇਵਾ ਜਿਵੇਂ ਬੀਮਾ, ਪ੍ਰਦੂਸ਼ਣ, ਰਜਿਸਟਰੇਸ਼ਨ ਆਦਿ ਦਾ ਲਾਭ ਨਹੀਂ ਲੈ ਸਕਦੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਚਲਾਨ ਦੀ ਬਣਦੀ ਰਕਮ ਸਮੇਂ ਸਿਰ ਦਫ਼ਤਰ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਜਲੰਧਰ ਵਿਖੇ ਜਮ੍ਹਾਂ ਕਰਵਾਉਣ। ਉਨ੍ਹਾਂ ਕਿਹਾ ਕਿ ਚਲਾਨ ਦੀ ਬਣਦੀ ਰਕਮ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਵਾਹਨ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ।

## ਸਰ ਮਾਰਸ਼ਲ ਸਕੂਲ 'ਚ ਵਿਸਾਖੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਰ ਮਾਰਸ਼ਲ ਸਕੂਲ ਆਫ ਗਰੁੱਪ ਵੱਲੋਂ ਚਲਾਏ ਜਾ ਰਹੇ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਵਿਸਾਖੀ ਦਾ ਤਿਉਹਾਰ ਖੁਸ਼ੀਆਂ ਖੇੜਿਆ ਨਾਲ ਮਨਾਇਆ ਗਿਆ। ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਮਨਾਏ ਗਏ ਇਸ ਤਿਉਹਾਰ ਦੌਰਾਨ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਬੱਚਿਆਂ



ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ। ਚੇਅਰਮੈਨ ਮਾਰਸ਼ਲ ਨੇ ਸਮੂਹ ਸਟਾਫ ਅਤੇ ਬੱਚਿਆਂ ਨੂੰ ਵਿਸਾਖੀ ਦੇ ਵਿਸਾਖੀ ਦੇ ਤਿਉਹਾਰ ਦੀ ਮੁਬਾਰਕਬਾਦ ਦਿੰਦੇ ਹੋਏ ਇਸ ਦੇ ਇਤਿਹਾਸਕ ਅਤੇ ਸੱਭਿਆਚਾਰਕ ਪਿਛੋਕੜ 'ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਇਸ ਦਿਨ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ, ਇਸ ਤੋਂ ਇਲਾਵਾ ਇਹ ਤਿਉਹਾਰ ਕਣਕ ਦੀ ਫਸਲ ਦੀ ਕਟਾਈ ਨਾਲ ਵੀ ਸੰਬੰਧਿਤ ਹੈ ਅਤੇ ਕਿਸਾਨ ਇਸ ਤਿਉਹਾਰ ਨੂੰ ਬੜੀ ਹੀ ਖੁਸ਼ੀ ਨਾਲ ਮਨਾਉਂਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਮੈਡਮ ਕੁਨਿਕਾ, ਹਰਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਸੰਦੀਪ ਕੌਰ, ਸੁਖਲਿੰਦਰ ਪਾਲ ਸਿੰਘ,ਗਗਨਪ੍ਰੀਤ ਕੌਰ, ਰਣਜੀਤ ਕੌਰ ਟੀਨਾ, ਮਨਦੀਪ ਕੌਰ, ਅਮਨਦੀਪ ਕੌਰ, ਸੰਦੀਪ ਕੌਰ ਪ੍ਰਿਯਕਾ,ਪ੍ਰਭਜੋਤ ਕੌਰ, ਹਰਮਨਦੀਪ ਕੌਰ, ਭਾਵਨਾ, ਮਨਦੀਪ ਕੌਰ, ਓਕਾਰ ਸਿੰਘ, ਬਲਦੇਵ ਸਿੰਘ, ਰਣਜੀਤ ਕੌਰ, ਮਨਪ੍ਰੀਤ ਕੌਰ ਵੀ ਹਾਜ਼ਰ ਸਨ।

## ਬੀ ਐਸ ਸੀ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਬੀ.ਐਸ.ਸੀ ਭਾਗ ਤੀਜਾ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਫੇਅਰਵੈਲ ਪਾਰਟੀ ਦੌਰਾਨ ਰੰਗਾ ਰੰਗ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਜੂਨੀਅਰ ਕਲਾਸ ਦੇ ਵਿਦਿਆਰਥੀਆਂ ਵੱਲੋਂ ਲੋਕ ਗੀਤ, ਕਵੀਸ਼ਰੀ, ਲੋਕ ਨਾਚ ਅਤੇ ਹਾਸਰਸ ਸਕਿੱਟ ਆਦਿ ਆਈਟਮਾਂ ਪੇਸ਼ ਕੀਤੀਆਂ ਗਈਆਂ । ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਮੈਡਮ ਰਮਿੰਦਰਜੀਤ ਕੌਰ ਨੇ ਪ੍ਰਮਾਤਮਾ ਅੱਗੇ ਅਰਦਾਸ ਕਰਦਿਆ ਕਿਹਾ ਕਿ ਕਾਲਜ ਵਿੱਚੋਂ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਉਣ ਵਾਲੇ ਸਮੇਂ ਵਿਚ ਤਰੱਕੀਆਂ ਕਰਨ ਅਤੇ ਕਾਲਜ ਦੇ ਨਾਮ ਨਾਲ ਆਪਣੇ ਮਾਪਿਆਂ ਦਾ ਨਾਂਅ ਵੀ ਰੌਸ਼ਨ ਕਰਨ। ਸੁਮਨ ਨੂੰ ਮਿਸ ਫੇਅਰਵੈਲ ਅਤੇ ਅਮਨਦੀਪ ਸਿੰਘ ਨੂੰ ਮਿਸਟਰ ਫੇਅਰਵੈਲ ਚੁਣਿਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਤਮੰਨਾ ਮੁਲਤਾਨੀ ਅਤੇ ਹਰਸ਼ਾਨ ਸਿੰਘ ਨੇ ਸਾਂਝੇ ਤੌਰ 'ਤੇ ਬਾਖੂਬੀ ਨਿਭਾਈ। ਇਸ ਸਮੇਂ ਸਾਇੰਸ ਵਿਭਾਗ ਦੇ ਪ੍ਰੋਫੈਸਰ ਵਿਜੇਪਾਲ ਸਿੰਘ, ਪ੍ਰੋਫੈਸਰ ਰਮਨਪ੍ਰੀਤ ਸਿੰਘ ਪ੍ਰੋਫੈਸਰ ਜਗਜੀਤ ਸਿੰਘ ਤੇ ਸਮੂਹ ਪ੍ਰੋਫੈਸਰਾਂ ਨੇ ਵੀ ਵਿਦਿਆਰਥੀਆਂ ਨੂੰ ਉਜਲੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

## ਡੀ ਟੀ ਐੱਫ ਨੇ ਅਧਿਆਪਕ ਮਸਲਿਆਂ ਦੇ ਹੱਲ ਲਈ ਸਿੱਖਿਆ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਅਧਿਆਪਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ-ਮਸਲਿਆਂ ਦਾ ਵਾਜਿਬ ਹੱਲ ਨਾ ਕਰਨ ਦੇ ਨਾਲ-ਨਾਲ ਰੀਕਾਸਟ ਸੂਚੀਆਂ ਦੇ ਨਾਂ ਹੇਠ ਨਵੀਂ ਮੈਰਿਟ ਵਿੱਚੋਂ 3704 ਮਾਸਟਰ ਅਤੇ 6635 ਈਟੀਟੀ ਭਰਤੀਆਂ ਦੇ ਸੈਕੜੇ ਅਧਿਆਪਕਾਂ ਨੂੰ ਬਾਹਰ ਕਰਕੇ ਗਹਿਰੀ ਪ੍ਰੇਸ਼ਾਨੀ ਵਿੱਚ ਧੱਕ ਦਿੱਤਾ ਗਿਆ ਹੈ।ਇੱਕ ਜੁੱਟ ਹੋ ਕੇ ਸੰਘਰਸ਼ ਕਰਨ ਦੇ ਫੈਸਲੇ ਤਹਿਤ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.), 6635 ਈ.ਟੀ.ਟੀ. ਟੀਚਰ ਯੂਨੀਅਨ,



4161 ਮਾਸਟਰ ਕਾਡਰ ਯੂਨੀਅਨ ਵਲੋਂ ਅੱਜ ਡੀ.ਈ.ਓ. ਹੁਸ਼ਿਆਰਪੁਰ ਮੈਡਮ ਲਲਿਤਾ ਅਰੋੜਾ ਰਾਹੀਂ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲ ਮੰਗ ਪੱਤਰ ਭੇਜੇ ਗਏ।ਮੰਗਾਂ ਦਾ ਵਾਜਿਬ ਹੱਲ ਨਾ ਹੋਣ 'ਤੇ 18 ਅਪ੍ਰੈਲ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਚੇਤਾਵਨੀ ਮਾਰਚ ਕੱਢਣ ਅਤੇ 10 ਮਈ ਨੂੰ ਲੁਧਿਆਣਾ (ਪੱਛਮੀ) ਹਲਕੇ ਵਿੱਚ ਅਧਿਆਪਕਾਂ ਵੱਲੋਂ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਮੌਕੇ ਗੱਲਬਾਤ ਕਰਦਿਆਂ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ,ਨੰਦ ਰਾਮ, ਪਰਵੀਨ ਸ਼ੇਰਪੁਰ, ਰਾਜਦੀਪ ਸਿੰਘ, ਕਰਨੈਲ ਮਾਹਿਲਪੁਰ, ਹਰਿੰਦਰ ਸੁਮਨ, ਗੁਰਪ੍ਰੀਤ ਸਿੰਘ, ਮੈਡਮ ਰਜਨੀ, ਦੀਪਕ ਕੁਮਾਰ, ਰਮੇਸ਼ ਨੇ ਮੰਗ ਕੀਤੀ ਕਿ ਨਿਯੁਕਤੀ ਸੂਚੀਆਂ ਰਿਕਾਸਟ ਹੋਣ ਕਾਰਨ ਸੂਚੀ ਵਿੱਚੋਂ ਬਾਹਰ ਕੀਤੇ ਵੱਖ-ਵੱਖ ਕਾਡਰਾਂ ਦੇ ਸੈਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ।

## ਜ਼ਿਲ੍ਹਾ ਸਿਹਤ ਵਿਭਾਗ ਨਸ਼ੇ ਦੀ ਬਿਮਾਰੀ ਦੇ ਖ਼ਾਤਮੇ ਲਈ ਵਚਨਵੱਧ : ਡਾ. ਸੰਗੀਤਾ ਜੈਨ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਆਖਿਆ ਕਿ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਸਿਹਤ ਵਿਭਾਗ ਨਸ਼ੇ ਦੀ ਬੀਮਾਰੀ ਦੇ ਖ਼ਾਤਮੇ ਲਈ ਪੂਰੀ ਤਰ੍ਹਾਂ ਵਚਨਵੱਧ ਹੈ ਅਤੇ ਨਸ਼ਾ ਛੱਡਣ ਦਾ ਚਾਹਵਾਨ ਕੋਈ ਵੀ ਵਿਅਕਤੀ ਨੇੜਲੀ ਸਰਕਾਰੀ ਸਿਹਤ ਸੰਸਥਾ ਵਿਚ ਜਾ ਕੇ ਡਾਕਟਰਾਂ ਨਾਲ ਸੰਪਰਕ ਕਰ ਸਕਦਾ ਹੈ ਜਾਂ ਸਿਹਤ ਵਿਭਾਗ ਦੀ ਮੈਡੀਕਲ ਹੈਲਪਲਾਈਨ 'ਤੇ ਅਪਣੀ ਤਕਲੀਫ਼ ਬਾਰੇ ਦੱਸ ਸਕਦਾ ਹੈ। ਇੱਥੇ ਜਾਰੀ ਪ੍ਰੈੱਸ ਨੋਟ ਵਿਚ ਸਿਵਲ ਸਰਜਨ ਨੇ ਆਖਿਆ ਕਿ ਨਸ਼ਾਖ਼ੋਰੀ ਵੀ ਹੋਰਨਾਂ ਬੀਮਾਰੀਆਂ ਵਾਂਗ ਹੈ, ਜਿਸ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨਸ਼ੇ ਦੇ ਮਰੀਜ਼ਾਂ ਦੀ ਸਿਹਤਯਾਬੀ ਲਈ ਪੂਰੀ ਵਾਹ ਲਾਉਂਦਾ ਹੈ ਅਤੇ ਮਰੀਜ਼ ਨੂੰ ਵੀ ਇਸ ਜਾਨਲੇਵਾ ਬੀਮਾਰੀ ਤੋਂ ਨਿਜਾਤ ਪਾਉਣ ਲਈ ਅਪਣਾ ਮਨ ਪੱਕਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਹਾਲੀ ਦੇ ਸੈਕਟਰ 66 ਵਿਖੇ ਜ਼ਿਲ੍ਹਾ ਪੱਧਰੀ ਨਸ਼ਾ-ਛੁਡਾਊ ਤੇ ਮੁੜ-ਵਸੇਬਾ ਕੇਂਦਰ ਹੈ ਜਿੱਥੇ ਨਸ਼ੇ ਦੀ ਬੀਮਾਰੀ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਨਸ਼ੇ ਦੇ ਮਰੀਜ਼ਾਂ ਨੂੰ ਇਸ ਕੇਂਦਰ ਵਿਚ ਰਹਿਣ-ਸਹਿਣ ਤੇ ਖਾਣ-ਪੀਣ ਦੀ ਮੁਫ਼ਤ ਸਹੂਲਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਕੌਂਸਲਰ ਮਰੀਜ਼ ਨੂੰ ਵੱਖ ਵੱਖ ਤਰੀਕਿਆਂ ਨਾਲ ਨਸ਼ਾ ਛੱਡਣ ਲਈ ਲਗਾਤਾਰ ਪ੍ਰੇਰਿਤ ਕਰਦੇ ਰਹਿੰਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਦੇ ਘਰ, ਰਿਸ਼ਤੇਦਾਰੀ ਜਾਂ ਗੁਆਂਢ ਵਿਚ ਨਸ਼ੇ ਦਾ ਕੋਈ ਮਰੀਜ਼ ਹੈ ਅਤੇ ਉਹ ਨਸ਼ਾ ਛਡਣਾ ਚਾਹੁੰਦਾ ਹੈ ਤਾਂ ਉਸ ਨੂੰ ਪ੍ਰੇਰਨਾ ਦੇ ਕੇ ਸਰਕਾਰੀ ਸਿਹਤ ਸੰਸਥਾ ਵਿਚ ਲਿਆਂਦਾ ਜਾਵੇ।



## ਨੰਬਰਦਾਰ ਯੂਨੀਅਨ ਵੱਲੋਂ ਮੰਗਾਂ ਸੰਬੰਧੀ ਮਤਾ ਪਾਸ



ਬੰਗਾ (ਅਵਤਾਰ ਕਲੇਰ) ਤਹਿਸੀਲ ਕੰਪਲੈਕਸ ਬੰਗਾ ਵਿਖੇ ਨੰਬਰਦਾਰ ਯੂਨੀਅਨ ਨੇ ਜ਼ਰੂਰੀ ਮੀਟਿੰਗ ਕੀਤੀ ਗਈ। ਜਿਸ ਵਿੱਚ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਇੱਕ ਮਤਾ ਪਾਸ ਕੀਤਾ ਗਿਆ। ਜਿਸ ਉੱਪਰ ਸਾਰੇ ਨੰਬਰਦਾਰਾਂ ਨੇ ਦਸਤਖ਼ਤ ਕੀਤੇ ਅਤੇ ਮੋਹਰਾਂ ਲਗਵਾਕੇ ਪ੍ਰਵਾਨਗੀ ਦਿੱਤੀ ਗਈ। ਜਿਸ ਵਿੱਚ ਨੰਬਰਦਾਰਾਂ ਦਾ ਮਾਣ ਭੱਤਾ ਪੰਜ ਹਜ਼ਾਰ ਰੁਪਏ ਕੀਤਾ ਜਾਵੇ, ਇੱਕ ਕਮਰਾ ਨੰਬਰਦਾਰਾਂ ਲਈ, ਨੰਬਰਦਾਰੀ ਪਿਤਾ ਪੁਰਖੀ ਕੀਤੀ ਜਾਵੇ, 10 ਲੱਖ ਰੁਪਏ ਤੱਕ ਦਾ ਬੀਮਾ ਕਰਨਾ ਅਤੇ ਬੱਸ ਕਿਰਾਇਆ ਮਾਫ ਕੀਤਾ ਜਾਵੇ ਤੇ ਬਣਦਾ ਮਾਣ ਸਨਮਾਨ ਕੀਤਾ ਜਾਵੇ। ਇਸ ਮੌਕੇ 'ਤੇ ਇੰਦਰਜੀਤ ਅਟਾਰੀ ਪ੍ਰਧਾਨ ਨੰਬਰਦਾਰ ਯੂਨੀਅਨ ਬੰਗਾ,ਨੰਬਰਦਾਰ ਨਿਸ਼ਾਨ ਸਿੰਘ ਹੀਉ, ਨੰਬਰਦਾਰ ਹੰਸ ਰਾਜ ਚੱਕ ਕਲਾਲ, ਨੰਬਰਦਾਰ ਚਰਨਜੀਤ ਸੱਲ੍ਹਾ, ਨੰਬਰਦਾਰ ਸੁਨੀਤਾ ਰਾਣੀ, ਨੰਬਰਦਾਰ ਸੱਤਿਆ ਦੇਵੀ, ਰਛਪਾਲ ਸਿੰਘ ਨੰਬਰਦਾਰ ਗੋਬਿੰਦਪੁਰ, ਨੰਬਰਦਾਰ ਅੰਮ੍ਰਿਤ ਲਾਲ, ਨੰਬਰਦਾਰ ਪਲਵਿੰਦਰ ਸਿੰਘ,ਜਸਵੀਰ ਸਿੰਘ ਬੱਲੋਵਾਲ ਨੰਬਰਦਾਰ, ਚਰਨਜੀਤ ਸਿੰਘ ਮਾਹਿਲ ਨੰਬਰਦਾਰ ਮਾਹਿਲ ਗਹਿਲਾਂ, ਸੱਤਪਾਲ ਨੰਬਰਦਾਰ ਮੰਢਾਲੀ, ਲੈਂਬਰ ਕੁਮਾਰ ਨੰਬਰਦਾਰ ਕੁਲਥਮ, ਹਰਚਰਨਜੀਤ ਸਿੰਘ ਨੰਬਰਦਾਰ ਲਧਾਣਾ ਝਿੱਕਾ, ਹਰਦੀਪ ਸਿੰਘ ਨੰਬਰਦਾਰ ਨੂਰਪੁਰ ਆਦਿ ਹਾਜ਼ਰ ਸਨ।

## ਆਰ ਬੀ ਯੂ ਦੋ ਰੋਜ਼ਾ ਬਾਇਓ ਮੈਡੀਕਲ ਸਾਇੰਸਜ਼ 'ਤੇ ਅੰਤਰਰਾਸ਼ਟਰੀ ਸੰਮੇਲਨ



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਦੁਆਰਾ 14 ਅਤੇ 15 ਅਪ੍ਰੈਲ ਨੂੰ ਬਾਇਓਮੈਡੀਕਲ ਸਾਇੰਸਜ਼ ਦੀ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ।ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਡਾਇਰੈਕਟਰ ਪ੍ਰਿੰਸੀਪਲ, ਜੀ ਐਮ ਸੀ ਐਚ-32 ਚੰਡੀਗੜ੍ਹ ਡਾ. ਏ ਕੇ ਅਤਰੀ ਮੁੱਖ ਮਹਿਮਾਨ ਹੋਣਗੇ ਜਦਕਿ ਅਤੇ ਪੀ ਜੀ ਆਈ ਐਮ ਆਰ ਤੋਂ ਮੈਡੀਕਲ ਸੁਪਰਡੈਂਟ ਕਮ ਨੋਡਲ ਅਫ਼ਸਰ ਰੋਟੋ ਡਾ. ਵਿਪਿਨ ਕੌਸ਼ਲ ਸਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਹੋਣਗੇ। ਡਾ. ਪੰਕਜ ਕੌਲ ਡੀਨ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਅਲਾਈਡ ਹੈਲਥ ਸਾਇੰਸਿਜ਼ ਨੇ ਕਿਹਾ ਕਿ ਇਸ ਵਿਗਿਆਨਕ ਕਾਨਫਰੰਸ ਵਿੱਚ ਮੈਡੀਕਲ ਪ੍ਰਯੋਗਸ਼ਾਲਾ ਵਿਗਿਆਨ, ਫੋਰੈਂਸਿਕ ਵਿਗਿਆਨ, ਆਪ੍ਰੇਸ਼ਨ ਥੀਏਟਰ ਅਤੇ ਅਨੱਸਥੀਸੀਆ ਤਕਨਾਲੋਜੀ, ਡਾਇਲਿਸਿਸ ਥੈਰੇਪੀ ਤਕਨਾਲੋਜੀ, ਅਤੇ ਆਪਟੋਮੈਟਰੀ ਆਦਿ ਦੀਆਂ ਅੰਤਰ-ਅਨੁਸ਼ਾਸਨੀ ਸ਼ਾਖਾਵਾਂ ਨਾਲ ਸਬੰਧਤ ਵੱਖ-ਵੱਖ ਦਿਲਚਸਪ ਸੈਸ਼ਨ ਸ਼ਾਮਲ ਹੋਣਗੇ।

## ਐੱਸ ਡੀ ਕਾਲਜ 'ਚ ਕਬਾਇਲੀ ਆਜ਼ਾਦੀ ਘੁਲਾਟੀਆਂ 'ਤੇ ਲੈਕਚਰ

**ਸੁਲਤਾਨਪੁਰ ਲੋਧੀ (ਹਨੀ)** ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਭਗਵਾਨ ਬਿਰਸਾ ਮੁੰਡਾ ਜੀ ਦੀ 150ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਚੱਲ ਰਹੇ ਸਮਾਗਮਾਂ ਦੌਰਾਨ ਕੰਪਿਊਟਰ ਵਿਭਾਗ ਵੱਲੋਂ ਕਬਾਈਲੀ ਆਜ਼ਾਦੀ ਘੁਲਾਟੀਆਂ 'ਤੇ ਲੈਕਚਰ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਵਿਦਿਆਰਥੀਆਂ ਵੱਲੋਂ ਕਬਾਇਲੀ ਲਈ ਆਜ਼ਾਦੀ ਘੁਲਾਟੀਆਂ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਗਏ ਅਤੇ ਉਨ੍ਹਾਂ ਵਲੋਂ ਕੀਤੇ ਗਏ ਵਿਸ਼ੇਸ਼ ਅੰਦੋਲਨ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ। ਤਵਿੰਦਰਜੀਤ ਕੌਰ ਨੇ ਭਗਵਾਨ ਬਿਰਸਾ ਮੁੰਡਾ ਬਾਰੇ ਦੱਸਦੇ ਹੋਏ ਕਿਹਾ ਕਿ ਭਗਵਾਨ ਬਿਰਸਾ ਮੁੰਡਾ ਆਦਿਵਾਸੀ ਨੇਤਾ ਸੀ, ਜਿਸ ਨੇ ਬ੍ਰਿਟਿਸ਼ ਰਾਜ ਵਿਰੁੱਧ ਜੰਗ ਲੜੀ। ਬਿਰਸਾ ਮੁੰਡਾ ਨੇ ਪਾਣੀ, ਜੰਗਲ ਤੇ ਜਮੀਨ ਦੀ ਪੈਰਵਾਈ ਕਰਦੇ ਹੋਏ ਆਦਿਵਾਸੀ ਸਮਾਜ ਨੂੰ ਅੰਗਰੇਜ਼ਾਂ ਦੇ ਖਿਲਾਫ ਇਕੱਠਾ ਕੀਤਾ ਤੇ ਅੰਦੋਲਨ ਚਲਾਇਆ ਜਿਸ ਕਰਕੇ ਅਸੀਂ ਸਾਰੇ ਅੱਜ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ । ਹਰਮਨਪ੍ਰੀਤ ਕੌਰ ਨੇ ਤਿਲਕ ਮਾਂਝੀ ਬਾਰੇ ਦੱਸਦੇ ਹੋਏ ਕਿਹਾ ਕਿ ਤਿਲਕ ਮਾਂਝੀ ਪਹਿਲੇ ਆਦਿਵਾਸੀ ਵਿਰੋਧੀ ਯੋਧਾ ਸਨ, ਜਿਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ ਹਥਿਆਰ ਚੁੱਕੇ ਸਨ । ਉਨ੍ਹਾਂ ਨੇ ਆਪਣੇ ਲੋਕਾਂ ਦੀ ਆਜ਼ਾਦੀ ਲਈ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ । ਇਸ ਮੌਕੇ ਮੈਡਮ ਅਮਨਪ੍ਰੀਤ ਕੌਰ, ਮੈਡਮ ਜਸਵਿੰਦਰ ਕੌਰ ਕੰਪਿਊਟਰ ਵਿਭਾਗ, ਮੈਡਮ ਸਲਵਿੰਦਰ ਕੌਰ, ਮੈਡਮ ਹਰਲੀਨ ਕੌਰ ਅਤੇ ਮੈਡਮ ਸੋਨੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥਣਾ ਨੇ ਹਿੱਸਾ ਲਿਆ। ਇਹ ਪ੍ਰੋਗਰਾਮ ਮੈਡਮ ਰਜਨੀ ਬਾਲਾ ਦੀ ਦੇਖਰੇਖ ਵਿੱਚ ਕਰਵਾਇਆ ਗਿਆ।



## ਕੁੱਲ ਹਿੰਦ ਕਿਸਾਨ ਸਭਾ ਦਾ ਸਥਾਪਨਾ ਦਿਵਸ ਜੋਸ਼ੋ-ਖਰੋਸ਼ ਨਾਲ ਮਨਾਇਆ



**ਮਾਹਿਲਪੁਰ (ਸ.ਫ਼ਰੀ)** ਹਿੰਦ ਕਿਸਾਨ ਸਭਾ ਦਾ ਸਥਾਪਨਾ ਦਿਵਸ ਤਹਿਸੀਲ ਗੜ੍ਹਸ਼ੰਕਰ ਦੇ ਵੱਖ ਵੱਖ ਪਿੰਡਾਂ ਵਿੱਚ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਵੱਖ ਵੱਖ ਥਾਵਾਂ 'ਤੇ ਕੀਤੀਆਂ ਗਈਆਂ ਮੀਟਿੰਗਾਂ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ ਦਰਸ਼ਨ ਸਿੰਘ ਮੱਟੂ, ਸੂਬਾਈ ਮੀਤ ਪ੍ਰਧਾਨ ਗੁਰਨੇਕ ਸਿੰਘ ਭੱਜਲ, ਸੁਭਾਸ਼ ਮੱਟੂ, ਅਮਰਜੀਤ ਸਿੰਘ ਕੁਲੇਵਾਲ, ਇਕਬਾਲ ਸਿੰਘ ਜਸੋਵਾਲ,ਪ੍ਰੇਮ ਸਿੰਘ ਰਾਣਾ,ਹਰਭਜਨ ਸਿੰਘ ਅਟਵਾਲ, ਕਸ਼ਮੀਰ ਸਿੰਘ ਭੱਜਲ, ਜੁਝਾਰ ਸਿੰਘ ਮੱਟੂ, ਜੋਗਾ ਸਿੰਘ ਮੱਟੂ, ਬਖਸ਼ੀਸ਼ ਸਿੰਘ ਦਿਆਲ, ਪਰੇਮ ਸਿੰਘ ਪ੍ਰੇਮੀ,ਰਣਜੋਧ ਸਿੰਘ,ਸੰਤੋਖ ਸਿੰਘ ਭੀਲੋਵਾਲ, ਮਹਿੰਦਰ ਸਿੰਘ, ਪਰਸ਼ਨ ਸਿੰਘ ਲਹਿਲੀ ਆਦਿ ਆਗੂਆਂ ਨੇ ਸੰਬੋਧਨ ਕੀਤਾ ਅਤੇ ਆਪਣੇ ਘਰਾਂ 'ਤੇ ਝੰਡੇ ਲਗਾਏ। ਆਗੂਆਂ ਨੇ ਕਿਸਾਨ ਸਭਾ ਦੇ ਸ਼ਾਨਾਮੱਤੀ ਇਤਿਹਾਸ ਬਾਰੇ ਦੱਸਦਿਆਂ ਕਿਹਾ ਕਿ 1940 ਵਿੱਚ ਲਾਹੌਰ ਦਾ ਮੋਰਚਾ ਨਵੇਂ ਬੰਦੋਬਸਤ ਸਮੇਂ ਲਗਾਏ ਭਾਰੀ ਜਜੀਆ ਟੈਕਸ ਮੁਆਫ ਕਰਵਾਇਆ।1944 ਵਿੱਚ ਮਿੰਟਗੁਮਰੀ ਅੱਧੋ ਅਧ ਵੱਟ 'ਤੇ ਮੋਰਚਾ ਮੁਜਾਰਿਆਂ ਨੇ ਜਿੱਤਿਆ ਅਤੇ ਪੰਜਾਬ ਵਿੱਚ ਮੁਜਾਰਿਆਂ ਨੂੰ 20 ਲੱਖ ਏਕੜ ਦੇ ਮਾਲਕ ਬਣਾਇਆ। ਹੁਣ ਤੱਕ ਸੈਂਕੜੇ ਘੋਲ ਖੁਸ਼ਹੈਸੀਅਤ ਦਾ ਘੋਲ142 ਕਰੋੜ ਦਾ ਟੈਕਸ ਮੁਆਫ ਕਰਵਾਇਆ। ਹੁਣ ਐਸ ਕੇ ਐਮ, ਜਿਸ ਵਿੱਚ ਕੁਲ ਹਿੰਦ ਕਿਸਾਨ ਸਭਾ ਸ਼ਾਮਲ ਹੈ,ਖੇਤੀਬਾੜੀ ਵਿਰੋਧੀ ਤਿੰਨ ਕਾਨੂੰਨਾਂ ਨੂੰ ਰੱਦ ਹੋਣ ਤੱਕ ਸੰਘਰਸ਼ ਜਾਰੀ ਰਖਿਆ। ਹੁਣ ਮੋਦੀ ਸਰਕਾਰ ਦੀਆਂ ਕੁਚਾਲਾਂ ਏ ਪੀ ਐਮ ਸੀ ਕੌਮੀ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕਰਵਾਉਣ ਲਈ ਅਤੇ ਐਮ ਐਸ ਪੀ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਸੰਘਰਸ਼ ਜਾਰੀ ਹੈ।ਲੜਾਗੇ ,ਜਿੱਤਾਂਗੇ, ਜੰਗ ਜਾਰੀ ਰੱਖਿਓ ।

## ਮੀਲ ਦਾ ਪੱਥਰ ਸਾਬਿਤ ਹੋਵੇਗੀ 'ਪੰਜਾਬ ਸਿੱਖਿਆ ਕ੍ਰਾਂਤੀ' : ਰਮਨ ਅਰੋੜਾ

**ਜਲੰਧਰ (ਸੁਰਿੰਦਰ ਕੁਮਾਰ)** ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਕੋਹਾ, ਸਰਕਾਰੀ ਹਾਈ ਸਕੂਲ ਨੰਗਲ ਸ਼ਾਮਾ, ਸਰਕਾਰੀ



ਹਾਈ ਸਕੂਲ ਕੋਟ ਰਾਮਦਾਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ, ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ (ਲੜਕੀਆਂ) ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਰਾਗਪੁਰ ਵਿਖੇ 1.10 ਕਰੋੜ ਰੁਪਏ ਦੇ ਵੱਖ-ਵੱਖ ਕੰਮਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਮਾਪਿਆਂ ਤੇ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਤੇ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਜ਼ ਸਿੱਖਿਆ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸ਼ੁਰੂ ਕੀਤੀ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ' ਮੀਲ ਦਾ ਪੱਥਰ ਸਾਬਿਤ ਹੋਵੇਗੀ।

## ਖਾਲਸਾ ਕਾਲਜ 'ਚ ਸਰਪੰਚ-ਪੰਚ ਮਿਲਣੀ ਸਮਾਰੋਹ ਯਾਦਗਾਰੀ ਹੋ ਨਿਬੜਿਆ

**ਮਾਹਿਲਪੁਰ (ਸ.ਫ਼ਰੀ)** ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿੱਚ ਕਾਲਜ ਦੀ ਪ੍ਰਬੰਧਕੀ ਕਮੇਟੀ ਸਿੱਖ ਐਜੂਕੇਸ਼ਨਲ ਕੌਂਸਲ, ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਦਿਹਾਤੀ ਸਮਾਜ ਵਿੱਚ ਸਿੱਖਿਆ ਦੇ ਸੁਧਾਰ ਹਿੱਤ 'ਪਿੰਡ ਦੀ ਸ਼ਾਨ' ਪ੍ਰੋਗਰਾਮ ਅਧੀਨ ਕਰਵਾਇਆ ਸਰਪੰਚ-ਪੰਚ ਮਿਲਣੀ ਸਮਾਰੋਹ ਅਮਿੱਟ ਪੈੜਾਂ ਛੱਡ ਗਿਆ। ਇਸ ਸਮਾਰੋਹ ਵਿੱਚ ਮਾਹਿਲਪੁਰ ਬਲਾਕ ਦੇ ਲਗਭਗ 155 ਪਿੰਡਾਂ ਤੋਂ ਸਰਪੰਚਾਂ ਪੰਚਾਂ ਅਤੇ ਹੋਰ ਮੋਹਤਬਰ ਸ਼ਖ਼ਸੀਅਤਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਖਾਲਸਾ ਕਾਲਜ ਮਾਹਿਲਪੁਰ ਵਰਗੀਆਂ ਪੁਰਾਣੀਆਂ ਵਿਦਿਅਕ ਸੰਸਥਾਵਾਂ ਦੁਆਰਾ ਉਚੇਰੀ ਸਿੱਖਿਆ ਨਾਲ ਦਿਹਾਤੀ ਸਮਾਜ ਨੂੰ ਪਾਏ ਜਾ ਰਹੇ ਯੋਗਦਾਨ ਬਾਰੇ ਵਿਚਾਰਾਂ ਕੀਤੀਆਂ। ਸਮਾਰੋਹ ਮੌਕੇ ਮੁੱਖ ਮਹਿਮਾਨ ਵੱਜੋਂ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਨੇ ਸ਼ਿਰਕਤ ਕੀਤੀ ਜਦਕਿ ਐੱਨਆਰਆਈ ਕਮਿਸ਼ਨ ਦੇ ਸਾਬਕਾ ਮੈਂਬਰ ਦਲਜੀਤ ਸਿੰਘ ਸਹੋਤਾ ਉਚੇਚੇ ਤੌਰ 'ਤੇ ਹਾਜ਼ਰ ਹੋਏ।ਸਮਾਰੋਹ ਦੇ ਆਰੰਭ ਮੌਕੇ ਕੌਂਸਲ ਦੇ ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ ਨੇ ਹਾਜ਼ਰ ਸ਼ਖ਼ਸੀਅਤਾਂ ਲਈ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਇਲਾਕੇ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ।ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਪੰਚਾਇਤੀ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਕਾਲਜ ਦੇ ਇਤਿਹਾਸ ਅਤੇ ਵਰਤਮਾਨ ਬਾਰੇ ਜਾਣੂੰ ਕਰਵਾਇਆ। ਡਾ. ਰਾਜ ਕੁਮਾਰ ਨੇ ਕਿਹਾ ਕਿ ਖਾਲਸਾ ਕਾਲਜ ਮਾਹਿਲਪੁਰ ਦੀ ਇਲਾਕੇ ਨੂੰ ਵੱਡੀ ਦੇਣ ਹੈ ਜਿਥੋਂ ਪੜ੍ਹੇ ਵਿਦਿਆਰਥੀਆਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਖੂਬ ਨਾਮਣਾ ਖੱਟਿਆ ਹੈ। ਐੱਨਆਰਆਈ ਦਲਜੀਤ ਸਿੰਘ ਸਹੋਤਾ ਨੇ ਆਪਣੇ ਵਿਦਿਆਰਥੀ ਜੀਵਨ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਸੰਸਥਾ ਦੀ ਹੋਰ ਬਿਹਤਰੀ ਲਈ ਇਲਾਕਾ ਵਾਸੀਆਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ , ਗੁਰਮੀਤ ਸਿੰਘ ਕਾਲੇਵਾਲ ਫੱਤੂ ਅਤੇ ਹਰਭਜਨ ਸਿੰਘ ਨੀਤਪੁਰ ਨੇ ਕਾਲਜ ਦੀਆਂ ਵੱਖ ਵੱਖ ਖੇਤਰਾਂ ਵਿਚਲੀਆਂ ਪ੍ਰਾਪਤੀਆਂ ਬਾਰੇ ਵਿਚਾਰ ਪੇਸ਼ ਕੀਤੇ। ਸਮਾਰੋਹ ਮੌਕੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਲਖਵਿੰਦਰ ਕੌਰ, ਪਲਵਿੰਦਰ ਕੌਰ ਅਤੇ ਜੈ ਸ਼ਰਮਾ ਨੇ ਸਭਿਆਚਾਰਕ ਗੀਤ ਪੇਸ਼ ਕੀਤੇ। ਇਸ ਮੌਕੇ ਹਾਜ਼ਰ ਪਤਵੰਤਿਆਂ ਨੂੰ ਕਾਲਜ ਦੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਰੋਹ ਮੌਕੇ ਮੰਚ ਦੀ ਕਾਰਵਾਈ ਡਾ. ਜੇ ਬੀ ਸੇਖੋਂ ਨੇ ਚਲਾਈ। ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਸੀਨੀਅਰ ਉੱਪ ਪ੍ਰਧਾਨ ਗੁਰਪ੍ਰੀਤ ਸਿੰਘ ਬੈਂਸ, ਖਜ਼ਾਨਚੀ ਵੀਰਇੰਦਰ ਸ਼ਰਮਾ, ਜਸਪ੍ਰੀਤ ਸਿੰਘ ਖੜੌਦੀ, ਗੁਰਦਿਆਲ ਸਿੰਘ ਕਹਾਰਪੁਰ, ਸਮਾਜ ਸੇਵੀ ਗੋਲਡੀ ਸਿੰਘ ਸਰਪੰਚ ਬੀਹੜਾਂ, ਸੁਖਦੇਵ ਸਿੰਘ ਬੰਬੇਲੀ, ਸਰਪੰਚ ਕਮਲਦੀਪ ਕੌਰ, ਨਗਰ ਪੰਚਾਇਤ ਦੇ ਪ੍ਰਧਾਨ ਦਵਿੰਦਰ ਸਿੰਘ ਸੈਣੀ, ਪ੍ਰੋ ਜਸਵਿੰਦਰ ਸਿੰਘ, ਪ੍ਰੋ ਤਜਿੰਦਰ ਸਿੰਘ, ਡਾ ਵਰਿੰਦਰ ਆਜ਼ਾਦ ਸਮੇਤ ਕਾਲਜ ਦਾ ਟੀਚਿੰਗ, ਨਾਨ ਟੀਚਿੰਗ ਸਟਾਫ਼, ਵਿਦਿਆਰਥੀ ਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਸਰਪੰਚ ਅਤੇ ਮੈਂਬਰ ਪੰਚਾਇਤ ਹਾਜ਼ਰ ਸਨ।





## ਪਹਿਲੇ ਦਿਨ ਆਰਤੀ ਨਾਲ ਸਮਾਪਤ ਹੋਈ ਤਿੰਨ ਦਿਨਾ ਭਗਵਾਨ ਸ਼ਿਵ ਕਥਾ





**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਆਚਾਰੀਆ ਆਤਮਾ ਰਾਮ ਜੈਨ ਸਬਜੀ ਮੰਡੀ ਰੋਡ, ਰਾਹੋਂ ਵਿਖੇ ਤਿੰਨ ਰੋਜ਼ਾ ਭਗਵਾਨ ਸ਼ਿਵ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸਦੇ ਪਹਿਲੇ ਦਿਨ, ਸੰਸਥਾ ਦੇ ਸੰਸਥਾਪਕ ਅਤੇ ਨਿਰਦੇਸ਼ਕ ਆਸ਼ੂਤੋਸ਼ ਮਹਾਰਾਜ ਦੀ ਚੇਲੀ ਸਾਧਵੀ ਸ਼ਵੇਤਾ ਭਾਰਤੀ ਨੇ ਕਿਹਾ ਕਿ ਸ਼ਿਵ ਮਹਾਪੁਰਾਣ ਇੱਕ ਵਿਲੱਖਣ ਅਤੇ ਬ੍ਰਹਮਤਾ ਨਾਲ ਭਰਪੂਰ ਗ੍ਰੰਥ ਹੈ। ਸ਼ਿਵ ਮਹਾਪੁਰਾਣ ਦੀ ਕਥਾ ਮਨੁੱਖਤਾ ਨੂੰ ਖੁਸ਼ੀ, ਖੁਸ਼ਹਾਲੀ ਅਤੇ ਆਨੰਦ ਦੇਣ ਵਾਲੀ ਹੈ। ਭਗਵਾਨ ਸ਼ਿਵ ਮਾਂ ਪਾਰਵਤੀ ਨੂੰ ਸਤਿਸੰਗ ਦੀ ਮਹੱਤਤਾ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਉਸਦਾ ਗਿਆਨ, ਦੌਲਤ, ਤਾਕਤ, ਕਿਸਮਤ, ਸਭ ਕੁਝ ਉਸ ਲਈ ਬੇਕਾਰ ਹੈ ਜਿਸਨੂੰ ਜੀਵਨ ਵਿੱਚ ਸੰਤ ਨਹੀਂ ਮਿਲਿਆ। ਪਰ ਅਸਲ ਵਿੱਚ ਸਤਸੰਗ ਕਿਸਨੂੰ ਕਹਿੰਦੇ ਹਨ? ਸਤਿਸੰਗ ਦੋ ਸ਼ਬਦਾਂ ਤੋਂ ਬਣਿਆ ਹੈ ਜੋ ਸਾਨੂੰ ਸੱਚ ਵੱਲ ਇਸ਼ਾਰਾ ਕਰਦੇ ਹਨ ਯਾਨੀ ਪਰਮਾਤਮਾ ਅਤੇ ਸੰਗ ਭਾਵ ਮਿਲਾਪ। ਇੱਕ ਸੰਤ ਪਰਮਾਤਮਾ ਨੂੰ ਮਿਲਣ ਲਈ ਇੱਕ ਵਿਚੋਲਾ ਹੁੰਦਾ ਹੈ। ਇਸ ਲਈ, ਸਾਨੂੰ ਜੀਵਨ ਵਿੱਚ ਸੰਪੂਰਨ ਸੰਤ ਦੀ ਭਾਲ ਵਿੱਚ ਅੱਗੇ ਵਧਣਾ ਚਾਹੀਦਾ ਹੈ, ਜੋ ਸਾਨੂੰ ਪਰਮਾਤਮਾ ਨਾਲ ਜੋੜ ਸਕਦਾ ਹੈ। ਕਥਾ ਦੇ ਹਿੱਸੇ ਵਜੋਂ, ਸੰਸਥਾ ਦੀਆਂ ਸਾਧਵੀ ਭੈਣਾਂ ਨੇ ਸੁਰੀਲੇ ਭਜਨ ਗਾ ਕੇ ਸ਼ਰਧਾਲੂਆਂ ਨੂੰ ਮੰਤਰਮੁਗਧ ਕੀਤਾ।ਪਹਿਲੇ ਦਿਨ ਦੀ ਕਥਾ ਪ੍ਰਭੂ ਦੀ ਪਵਿੱਤਰ ਆਰਤੀ ਨਾਲ ਸਮਾਪਤ ਹੋਈ।

## 'ਦੌੜਦਾ ਪੰਜਾਬ ਮੈਰਾਥਨ' ਦੌੜ 19 ਅਪ੍ਰੈਲ ਨੂੰ

**ਜਲੰਧਰ (ਸੁਰਿੰਦਰ ਕੁਮਾਰ)** ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਪਰਨਾ ਐਮ ਬੀ ਨੇ ਜ਼ਿਲ੍ਹੇ ਦੀਆਂ ਪ੍ਰਮੁੱਖ ਵਿੱਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਯੋਗ ਅਗਵਾਈ ਹੇਠ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ 19 ਅਪ੍ਰੈਲ ਨੂੰ 'ਦੌੜਦਾ ਪੰਜਾਬ ਮੈਰਾਥਨ' ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ



'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇਹ ਮੈਰਾਥਨ ਜ਼ਿਲ੍ਹਾ ਪ੍ਰਸ਼ਾਸਨ ਦਾ ਵੱਡਾ ਉਪਰਾਲਾ ਸਿੱਧ ਹੋਵੇਗੀ।ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਜਿਸ ਵਿੱਚ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 19 ਅਪ੍ਰੈਲ ਨੂੰ ਸਵੇਰੇ 5.30 ਵਜੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸ਼ੁਰੂ ਹੋ ਕੇ ਮੁੜ ਇਥੇ ਹੀ ਸਮਾਪਤ ਹੋਵੇਗੀ। ਉਨ੍ਹਾਂ ਵਿਦਿਅਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਇਸ ਮੈਰਾਥਨ ਦੌੜ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਵੱਧ ਤੋਂ ਵੱਧ ਆਮ ਲੋਕਾਂ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਇਆ ਜਾਵੇ ਤਾਂ ਜੋ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੈਰਾਥਨ ਦੌੜ ਵਿੱਚ ਭਾਗ ਲੈਣ ਵਾਲੇ ਜੇਤੂਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਜਾਵੇਗਾ।

# ਜਗਰਾਉਂ ਤੋਂ ਅਮਿਤ ਖੰਨਾ ਵਲੋਂ ਵਿਸਾਖੀ ਦੇ ਤਿਉਹਾਰ ਤੇ ਵਿਸ਼ੇਸ਼ ਸਪਲੀਮੈਂਟ


ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ

ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

Khanna Full HD Digital Studio
Prop: Subhash Khanna M. 98142-97424
Amit Khanna 99140-20819, 98886-38347
Amit Khanna
OPP. INDO CANADIAN STORE, TEH.ROAD, JAGRAON

ਅਸੀਂ ਉਨ੍ਹਾਂ ਪਾਠਕਾਂ ਦਾ ਧੰਨਵਾਦ ਕਰਦਿਆਂ ਜਿਨ੍ਹਾਂ ਨੇ ਸਾਨੂੰ ਵਿਸਾਖੀ ਦਾ ਸਪਲੀਮੈਂਟ ਕੱਢਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਸਾਨੂੰ ਆਸ ਹੈ ਕਿ ਅੱਗੇ ਤੋਂ ਵੀ ਸਹਿਯੋਗ ਮਿਲਦਾ ਰਹੇਗਾ
ਪੱਤਰਕਾਰ (ਅਮਿਤ ਖੰਨਾ) ਨਵਾਂ ਜ਼ਮਾਨਾ ਜਗਰਾਉਂ।
ਮੋ: 99140-20819
ਅਮਿਤ ਖੰਨਾ

ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
ਸੁਭਾਸ਼ ਖੰਨਾ
98142-97424

ਲੋਕ ਸੇਵਾ ਸੁਸਾਇਟੀ (ਰਜਿ) ਜਗਰਾਉਂ

ਸ੍ਰੀ ਅਰਵਿੰਦ ਕੇਜਰੀਵਾਲ ਸ: ਭਗਵੰਤ ਸਿੰਘ ਮਾਨ ਪ੍ਰੋ: ਸੁਖਵਿੰਦਰ ਸਿੰਘ
ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਜਾਰੀ ਕਰਤਾ: ਆਮ ਆਦਮੀ ਪਾਰਟੀ ਜਗਰਾਉਂ

ADMISSION OPEN 2025-26
SMT. TARA DEVI JINDAL ARYA VIDYA MANDIR
JAGRAON
Fully AC Rooms For Pre-Nur. & Nur.
ADMISSION OPEN FOR PRE NUR TO X
NO ADMISSION FEE FOR PRE NUR. & NUR.
KEY FEATURES
- Special Discount For Siblings
- Scholarship And Support For Needy Students
- Economical Fee Structure
- Pure drinking water
- CCTV Surveillance & Security Campus
- Regular Field Trips & Educational Excursions
- Hot Case Facilities
WHY CHOOSE US?
- INDIVIDUAL ATTENTION FOR EVERY STUDENT
- STRONG TEACHER-PARENT COLLABORATION
- FOCUS ON DISCIPLINE & MORAL VALUES
- ENCOURAGING CREATIVITY & INDEPENDENT THINKING
FOR MORE INFO
M. 97815-40221, 01624-220221
PRINCIPAL MS.MANUPRIYA
MOHALLA DIWAN KHANNA, JAGRAON (LDH)

SWAMI ROOP CHAND JAIN SR. SEC. PUBLIC SCHOOL, JAGRAON
(Affiliated to P.S.E.B. Mohali, Chandigarh)
ADMISSION OPEN 2025-2026
From Pre Nsy. to XII (streams offered : Medical, Non-Medical, Humanities and Commerce).
HI-TECH, WI-FI CAMPUS | ARTIFICIAL & INTELLIGENCE ROBOTICS LAB | NEP BASED CURRICULUM | FULLY SMART CLASS CAMPUS
ABACUS & MENTAL MATHS | REASONING & APTITUDE | EXPERIENTIAL & ACTIVITY BASED LEARNING | SELF DEVELOPMENT & SOCIAL SKILLS
Ramesh Kumar Jain, President | Dharampal Jain, Manager | Vijay Kumar Jain, Secretary | Ms. Rajpal Kaur, Principal
FOR ADMISSION ENQUIRIES CONTACT SCHOOL OFFICE
Contact us:- 84273-04487, 98147-00187, 01624-222535
Near Old Sabzi Mandi, JAGRAON (Ludhiana)

BHAGWATI MOBILE
ਭਗਵਤੀ ਮੋਬਾਇਲਜ਼
Office : 95174-13130
Pranav : 96468-13130
Raju : 98550-13130
All Kinds of Mobiles & Accessories
HDFC BANK | BAJAJ FINSERV | HDB | SAMSUNG Finance+ | Pine Labs
ਦੁਕਾਨ ਨੰ: 1205, ਡੌਂਗੀ ਗਲੀ ਦੇ ਨਾਲ, ਰੇਲਵੇ ਸਟੇਸ਼ਨ ਰੋਡ, ਜਗਰਾਉਂ (ਲੁਧਿ:)

Gagandeep Garg M. 98558-62929
Shree Om ENTERPRISES (BOOK STALL)
Jhansi Rani Chowk, Jagraon (Ldh.)

ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ
ਪੰਕਜ ਅਗਰਵਾਲ ਪ੍ਰਧਾਨ ਕੈਮਿਸਟ ਐਸੋਸੀਏਸ਼ਨ ਜਗਰਾਉਂ

SHIVALIK MODEL SCHOOL
Keshav Kunj, Shivala Road, JAGRAON (LDH.)
Registration Open For Foundational To Middle Stage.
CLASSES - PRE-NURSERY TO IX
(SESSION : 2025-26)
ADMISSION OPEN HURRY UP! Time : 9.00 a.m. to 2 p.m.
Special discount for girl child To promote Beti Bachao Beti Padhao initiative 10% off on new admissions for girl child So Hurry Up!
ON CAMPUS FACILITIES
E-LEARNING SCHOOL
COMPREHENSIVE CO-CURRICULAR ACTIVITIES
SAFE & CONDUCTIVE LEARNING ENVIRONMENT
WELL - EQUIPPED LABS, LIBRARIES & SPORTS FACILITIES
SMART CLASS ROOMS
ABACUS, DANCE, YOGA CLASSES ETC.
CCTV SURVILLANCE AT EVERY POINT
REGULAR CAREER COUNSELING SESSIONS
For More Details Contact : 01624-224544, 98725-02656

ਜਗਦੇਵ ਸਿੰਘ
ਜੱਗਾ ਹਿੱਸੋਵਾਲ, ਸਾਬਕਾ ਵਿਧਾਇਕ
ਵੱਲੋਂ : ਸਮੂਹ ਕਾਂਗਰਸੀ ਵਰਕਰ ਤੇ ਅਹੁਦੇਦਾਰ ਵਿਧਾਨ ਸਭਾ ਹਲਕਾ ਜਗਰਾਉਂ

A unit of Vidya Bharti
ADMISSION OPEN CLASS PLAY-WAY to +2
SMT. SATISH GUPTA SARVHITKARI VIDYA MANDIR SR. SEC. SCHOOL
JAGRAON (LUDHIANA)
A GREAT PLACE TO GROW
FREE IELTS COACHING
FREE ADMISSION PLAYWAY to 1st & 11th
Free Training With Regular Classes
Art & Craft | Rangoli | Mehandi | Cooking | Painting | Calligraphy
Smart Classes with innovative teaching methods
Sports & Physical Activity at STATE LEVEL
Early Admission and Sibling Advantages | 24x7 CCTV Surveillance
Science, Maths & Computer Fair at Zonal / State & All India Level
Scholarship 6th Class onwards securing more than 70% marks
For Admission Contact us :
78883-14720, 78892-28012

ਦੀ ਰੀਟੇਲ ਕਰਿਆਨਾ ਮਰਚੈਂਟ ਐਸੋਸੀਏਸ਼ਨ ਜਗਰਾਉਂ
ਮਨੋਹਰ ਸਿੰਘ ਟੱਕਰ ਪ੍ਰਧਾਨ | ਵਿਨੋਦ ਕੁਮਾਰ ਜੈਨ ਜਨਰਲ ਸੈਕਟਰੀ | ਸੰਜੀਵ ਕੁਮਾਰ ਚੀਫ ਕੈਸ਼ੀਅਰ | ਇਕਬਾਲ ਸਿੰਘ ਕਟਾਰੀਆ ਵਾਈਸ ਪ੍ਰਧਾਨ | ਪ੍ਰਵੀਨ ਮਿੱਤਲ ਵਾਈਸ ਪ੍ਰਧਾਨ | ਕਮਲਦੀਪ ਬਾਂਸਲ ਜੁਆਇੰਟ ਸੈਕਟਰੀ

Pal Books & Stationers
ਪਾਲ ਬੁੱਕ ਐਂਡ ਸਟੇਸ਼ਨਰਜ਼
Deals in: CBSE, ICSC, PSEB, All SCHOOL BOOKS & STATIONERY AVAILABLE
WHOLESALE BOOK SALLER & SUPPLIERS
SHOP: Old Sabzi Mandi Road, Shivala Chowk, Near Geeta Bhawan, JAGRAON
Bhushan: 62800-99832 Vishal: 97795-11181

ਦੀਵਾਲੀ ਦੀਆਂ ਵਧਾਈਆਂ
HP
ਬੀ. ਕੇ. ਫਿਲਿੰਗ ਸਟੇਸ਼ਨ
ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ
Karanojt Singh | Dr. Narinder Singh
PH. (O) 01624-222546, MOB: 98140-25619

ਦਰਸ਼ਨ ਸਿੰਘ ਅਰੋੜਾ ਹਰਜੀਤ ਸਿੰਘ ਅਰੋੜਾ ਸੋਨੂੰ ਪ੍ਰਾਪਰਟੀ ਸਲਾਹਕਾਰ
ਜਗਰਾਉਂ ਤੇ ਲੁਧਿਆਣਾ ਵਿਚ ਹਰ ਤਰ੍ਹਾਂ ਦੀ ਜ਼ਮੀਨ ਤੇ ਜਾਇਦਾਦ ਖ਼ਰੀਦਣ ਤੇ ਵੇਚਣ ਲਈ ਮਿਲੋ:
ਦਰਸ਼ਨ ਸਿੰਘ ਅਰੋੜਾ 98151-22165
ਹਰਜੀਤ ਸਿੰਘ ਅਰੋੜਾ ਸੋਨੂੰ 98881-66084, 98788-26917

SURINDER SINGH MALWA | ANSHPREET SINGH MALWA | ADVT. AMANJOT SINGH MALWA

SPRING DEW PUBLIC SCHOOL
AFFILIATED TO CBSE, NEW DELHI, 1630867
NANAKSAR, Distt. Ldh. (PB.)
ADMISSION OPEN Session 2025-26 ਦਾਖਲਾ ਸ਼ੁਰੂ
NURSERY TO 9th & 11th | MEDICAL, NON-MEDICAL, COMMERCE & ARTS
Features:- Complete Security, Full CCTV Coverage; Facilities of Games for Physical Development; Multimedia Class Rooms & AC Primary Wing; Day Boarding System & Regular Update on School app; New Vans for Students
Affordable Fee, Maximum Facilities
District & State Level Players
Achievements:- Merit Holders in Board Exams; Scout & Guide Wing; Student Selection in Foreign Universities; Good Results at CBSE Sahodya
100% CBSE Board Results
For Admission Details Contact
M. 81949-71700, 92169-64403, 81949-71600
BALDEV BAWA (CHAIRMAN) | MANJOT CHAUHAN (PRESIDENT) | SUKHWINDER SINGH (MANAGING DIRECTOR) | HERJIT SINGH SIDHU (DIRECTOR)

ROOP VATIKA (A SEN. SEC. SCHOOL)
AFFILIATED TO CBSE, NEW DELHI
(AN ENGLISH MEDIUM & ACTIVITY BASED SCHOOL)
ADMISSION OPEN SESSION 2025-26 FOR PRE NSY. TO IX & XI (ALL STREAMS)
ENROLL NOW
LIMITED SEATS...
100 % BOARD RESULTS OF X & XII
SCHOOL SUPERIORITY :
- CCTV Cameras in every class & around
- Robotics Lab & High Tech Labs.
- Food Warmer Hot Cases
- Digital Classes.
- Qualified & Experienced Staff.
- Electricity Backup.
- Modern ICT Lab & Infirmary
- RO Water with Chiller System in Summers.
- Newspapers to enhance Reading Habits.
- Workshop & Personality Development Classes.
- Inter House Activities.
- Educational & Recreational Visits.
- Internet Facilities.
- Fully AC Toy Room with modern Equipments & Classrooms.
- Emphasis on developing Core Competencies
- Advanced Laboratories & best Sports Facilities
- Comprehensive Library with Extensive Learning Resources
- Wellness programs for Physical & Mental Well being.
- NEP Based Curriculum
SPECIAL CLASSES: MUSIC & DANCE, SKATING, SHOOTING, ARCHERY
President | Secretary | Manager | Principal
01624-220571 | WWW.ROOPVATIKA.IN | DISPOSAL ROAD, JAGRAON

ਜੀ. ਐਚ. ਜੀ. ਅਕੈਡਮੀ ਜਗਰਾਉਂ/ਖੰਡੂਰ
As per CBSE New Delhi Pattern
ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ ਹੋਵਣ ਜੀ।
FULLY AC CAMPUS | ADMISSION OPEN 2025-26

MEDICAL NON-MEDICAL COMMERCE HUMANITIES
ghgacademy/jagraon/Khandoor
M. 98556-12227 (Jagraon), M. 98556-12226 (Khandoor)

DAV CENTENARY PUBLIC SCHOOL (Jagraon)
Let your child be part of DAV networks
Affiliated to CBSE, New Delhi Vide Code No. 1630114
PAN INDIA PRESENCE OF DAV BRAND
Only School in Jagraon with ATAL Lab
Only school in Jagraon to insure all students for 2 Lakh
- NEP Aligned Curriculum
- Interactive Environment
- 21st Century Education
- Affordable Fee Structure
- School with Most Qualified Faculty
VED VRAT PLAH, Principal | DR.(MRS.) SATWANT KAUR BHULLAR, Manager
Helpline no. 01624-222834, 75288-12834

Heartiest Congratulation on Mahavir Jayanti
SANMATI VIMAL JAIN SR. SEC. PUBLIC SCHOOL, JAGRAON
2025-26 ADMISSION OPEN
OUR ATTRACTION-:
1. Glorious 100% Board result with Top positions & Merit every year
2. Excellent Achievements in sports and other co-curricular activities
3. Good infrastructure and Hygienic Place
4. Experienced Team of Educators
5. Child friendly Environment for optimum Growth
6. Smart Classes with innovative Teaching Techniques
7. Updated Labs
8. Career counseling a regular feature.
9. GPS enabled safe transport system with a fleet of buses
FOR Pre- Nursery to +2 Science, Commerce & Humanities Groups
Sadan Market JAGRAON
Ph: 01624-222029, 98551-22868, 98775-60314
E-mail- sanmativimaljain@gmail.com
Ramesh Jain, President | Mahavir Jain, Secratory | Kanta Rani Singla, vice President | Rakesh Jain, Manager | Shashi Jain, Director | Supriya Khurana, Principa

ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ
Janta Auto Mobiles
Deals in All Types of car parts Accessories & Lubricants, Hand and Power tools, Janta Sales Corporation
Janta Sales Corporation Deals by Oxygen, Co2, Algon, Nitrogen, Gases and Filling Cylinder
M. 95921-19001
DAMANDEEP SINGH ARORA
ਸਾਹਮਣੇ ਸਟੇਟ ਬੈਂਕ ਆਫ ਇੰਡੀਆ ਤਹਿਸੀਲ ਰੋਡ ਜਗਰਾਉਂ

LAJPAT RAI DAV COLLEGE
JAGRAON-142026
FOR PRE-REGISTRATION SCAN QR CODE

Satyam Jewellers
Manufactures & wholesale Dealer of : Gold Ornaments & Daimond Jewellery
Rajesh Katyal 98882-81324 | Rajesh Katyal 98727-51990
Main Bazar, Jagraon-142026

# ਡੀ ਈ ਓ (ਐਲੀ:) ਨੇ ਰੋਕਿਆ ਬਜਟ, ਸਟਾਫ ਤੰਗ

**ਵੇਰਕਾ (ਰਾਣਾ)**- ਜ਼ਿਲਾ ਸਿੱਖਿਆ ਦਫ਼ਤਰ ਐਲੀਮੈਂਟਰੀ ਅੰਮ੍ਰਿਤਸਰ ਵੱਲੋਂ ਆਪਣੇ ਅਧੀਨ ਪੈਂਦੇ 15 ਬਲਾਕਾਂ ਨੂੰ ਅਧਿਆਪਕ ਵਰਗ ਅਤੇ ਨਾਨ ਟੀਚਿੰਗ ਸਟਾਫ ਦੀਆਂ ਤਨਖ਼ਾਹਾਂ ਦਾ ਬਜਟ ਹਾਲੇ ਤੀਕ ਨਾ ਦਿੱਤੇ ਜਾਣ ਕਾਰਨ ਸਮੂਹ ਸਟਾਫ ਡਾਢਾ ਤੰਗ-ਪ੍ਰੇਸ਼ਾਨ ਨਜ਼ਰ ਆ ਰਿਹਾ ਹੈ। ਜਦੋਂ ਕਿ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਮੁਲਾਜ਼ਮਾਂ ਦੀ ਤਨਖ਼ਾਹ ਨਹੀਂ ਰੋਕੀ ਜਾ ਸਕਦੀ। ਸਗੋਂ ਸਰਕਾਰ ਵੱਲੋਂ ਤਾਂ ਮੁਅੱਤਲੀ ਦੌਰਾਨ ਵੀ ਆਪਣੇ ਮੁਲਾਜ਼ਮਾਂ ਨੂੰ ਰੋਜ਼ਗਾਰ ਭੱਤਾ ਮੁਹੱਈਆ ਕਰਵਾਇਆ ਜਾਂਦਾ ਹੈ। ਪ੍ਰੰਤੂ ਇੱਥੇ ਸਰਕਾਰ ਜਾਂ ਵਿਭਾਗ ਦੀਆਂ ਹਦਾਇਤਾਂ ਦੀ ਪ੍ਰਵਾਹ ਕੀਤੇ ਬਗੈਰ ਉਕਤ ਜ਼ਿਲ੍ਹਾ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ ਨੇ ਸਮੂਹ ਸਟਾਫ ਦੀ ਤਨਖਾਹ ਬੰਦ ਕਰਕੇ ਆਪਣੇ ਅਧਿਕਾਰਾਂ ਦੀ ਆਯੋਗ ਵਰਤੋਂ ਕੀਤੀ ਹੈ। ਜਿਸ ਨਾਲ ਜ਼ਿਲ੍ਹੇ ਭਰ ਦੇ ਅਧਿਆਪਕ ਅਤੇ ਹੋਰ ਸਟਾਫ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਬਲੇਗੌਰ ਹੈ ਕਿ ਸਾਲ ਦਾ ਅਪ੍ਰੈਲ ਮਹੀਨਾ ਬਾਕੀ ਮਹੀਨਿਆਂ ਦੀ ਬਜਾਏ ਸਭ ਤੋਂ ਵੱਧ ਖਰਚ-ਖਰਚਾਅ ਵਾਲਾ ਮੰਨਿਆ ਜਾਂਦਾ ਹੈ। ਕਿਉਂਕਿ ਇਸ ਮਹੀਨੇ ਬੱਚਿਆਂ ਦੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਹੋਣ ਕਾਰਨ ਮੁਲਾਜ਼ਮ ਵਰਗ ਸਮੇਤ ਹਰ ਕੋਈ ਆਰਥਿਕ ਤੰਗੀ ਤੇ ਪ੍ਰੇਸ਼ਾਨੀ ਮਹਿਸੂਸ ਕਰਦਾ ਹੈ। ਦੂਜੇ ਪਾਸੇ ਮੁਲਾਜ਼ਮ ਵਰਗ ਨੇ ਬੈਂਕਾਂ ਤੋਂ ਵੱਖ-ਵੱਖ ਮੰਤਵਾਂ ਤਹਿਤ ਲਏ ਹੋਏ ਕਰਜ਼ੇ ਦੀਆਂ ਕਿਸ਼ਤਾਂ ਦੇ ਭੁਗਤਾਨ ਕਰਨ ਅਤੇ ਅਨੇਕਾਂ ਹੋਰ ਕਈ ਖਰਚੇ ਕਰਨੇ ਹੁੰਦੇ ਹਨ। ਇਸ ਸੰਬੰਧ ਵਿੱਚ ਕਈ ਭਰੋਸੇਯੋਗ ਟੀਚਰ, ਹੈੱਡਟੀਚਰ, ਸੈਂਟਰ ਹੈੱਡਟੀਚਰ ਅਤੇ ਹੋਰ ਨਾਨ ਟੀਚਿੰਗ ਸਟਾਫ ਦੇ ਨਾਲ ਗੱਲਬਾਤ ਕਰਨ ਉਪਰੰਤ ਉਨ੍ਹਾਂ ਦੱਸਿਆ ਕਿ ਕੁਝ ਇਕ ਬਲਾਕ ਸਿੱਖਿਆ ਦਫ਼ਤਰਾਂ ਅਧੀਨ ਕੰਮ ਕਰਦੇ ਟੀਚਰਾਂ ਦੀ ਲਾਪ੍ਰਵਾਹੀ/ਅਣਗਹਿਲੀ ਕਰਕੇ ਸਾਲ 2023-2024 ਦੇ ਜ਼ਿਲ੍ਹਾ ਅੰਮ੍ਰਿਤਸਰ ਨੂੰ ਈ.ਡੀ.ਐਸ-57 ਅਟੈਂਡੈਂਸ ਸਕਾਲਰਸ਼ਿਪ ਅਨੁਸੂਚਿਤ ਜਾਤੀ ਪ੍ਰਾਇਮਰੀ ਲੜਕੀਆਂ ਅਤੇ ਈ.ਡੀ.ਐਸ-58 ਅਟੈਂਡੈਂਸ ਸਕਾਲਰਸ਼ਿਪ ਪੱਛੜੀਆਂ ਸ਼੍ਰੇਣੀਆਂ ਲੜਕੀਆਂ ਦੀ ਖਜ਼ਾਨਾ ਦਫਤਰ ਤੋਂ ਲਗਾਤਾਰ ਰਿਜੈਕਸ਼ਨ ਆ ਰਹੀਆਂ ਸਨ। ਇਸ ਬਾਬਤ ਜ਼ਿਲਾ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ ਨੇ ਉਨ੍ਹਾਂ ਲਾਪ੍ਰਵਾਹੀ/ਅਣਗਹਿਲੀ ਵਰਤਣ ਵਾਲੇ ਅਧਿਆਪਕਾਂ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੀ ਬਜਾਏ ਦਫਤਰੀ ਪੱਤਰ ਨੰ: ਜੀ-2/2025-91645 ਮਿਤੀ 3 ਅਪ੍ਰੈਲ 2025 ਜਾਰੀ ਕਰਦੇ ਹੋਏ ਦਫਤਰ ਲੇਖਾ-1 ਨੂੰ ਹੁਕਮ ਦਿੱਤਾ ਕਿ ਸਾਲ 2025-2026 ਦਾ ਬਜਟ ਇਨ੍ਹਾਂ ਨੂੰ ਅਲਾਟ ਨਾ ਕੀਤਾ ਜਾਵੇ। ਉਨ੍ਹਾਂ ਆਖਿਆ ਕਿ ਕੁਝ ਟੀਚਰਾਂ ਦੀ ਗਲਤੀ ਖਮਿਆਜ਼ਾ ਬਾਕੀ ਸਮੂਹ ਸਟਾਫ ਕਿਉਂ ਭੁਗਤਣ, ਜਦੋਂ ਕਿ ਸਾਡਾ ਤਾਂ ਕੋਈ ਕਸੂਰ ਨਹੀਂ। ਇਸ ਸੰਬੰਧੀ ਪੀੜਤ ਅਧਿਆਪਕ ਵਰਗ ਅਤੇ ਨਾਨ ਟੀਚਿੰਗ ਸਟਾਫ ਨੇ ਮੁੱਖ ਮੰਤਰੀ ਪੰਜਾਬ ਸਰਕਾਰ, ਸਿੱਖਿਆ ਸਕੱਤਰ ਪੰਜਾਬ ਸਰਕਾਰ, ਡੀ.ਪੀ.ਆਈ (ਐਲੀ:) ਐਸ.ਅ.ਸ ਨਗਰ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਪਾਸੋਂ ਤੁਰੰਤ ਤਨਖ਼ਾਹ ਬਜਟ ਅਲਾਟ ਕਰਵਾਏ ਜਾਣ ਦੀ ਗੁਹਾਰ ਲਗਾਈ ਹੈ।

# ਡਿਪਟੀ ਕਮਿਸ਼ਨਰ ਵੱਲੋਂ ਸਿਹਤ ਵਿਭਾਗ ਅਧਿਕਾਰੀਆਂ ਨੂੰ ਡੇਂਗੂ ਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਵਿਸ਼ੇਸ਼ ਮੁਹਿੰਮ ਦੇ ਨਿਰਦੇਸ਼

**ਗੁਰਦਾਸਪੁਰ (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹੇ ਵਿੱਚ ਵਿਸ਼ੇਸ਼ ਮੁਹਿੰਮ ਆਰੰਭ ਕਰਨ ਦੇ ਨਿਰਦੇਸ਼ ਦਿੱਤੇ ਹਨ। ਡੇਂਗੂ, ਮਲੇਰੀਆ, ਚਿਕਨਗੁਨੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਸਬੰਧੀ ਜ਼ਿਲ੍ਹਾ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਉਨ੍ਹਾਂ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਜਿੱਥੇ ਇਹ ਬਿਮਾਰੀਆਂ ਸਭ ਤੋਂ ਵੱਧ ਫੈਲਣ ਦਾ ਖ਼ਤਰਾ ਹੈ। ਇਸ ਸਬੰਧੀ ਸਿਹਤ ਵਿਭਾਗ ਵੱਲੋਂ ਸਹਿਯੋਗੀ ਵਿਭਾਗਾਂ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਰਵੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਦੀਆਂ ਟੀਮਾਂ ਨਾਲ ਮਿਲ ਕੇ ਘਰਾਂ, ਦਫ਼ਤਰਾਂ ਜਾਂ ਕਾਰੋਬਾਰੀ ਥਾਵਾਂ 'ਤੇ ਡੇਂਗੂ ਮੱਛਰ ਦੇ ਲਾਰਵੇ ਦੀ ਜਾਂਚ ਕੀਤੀ ਜਾਵੇ ਅਤੇ ਜੇਕਰ ਕਿਤੋਂ ਲਾਰਵਾ ਮਿਲਦਾ ਹੈ ਤਾਂ ਉਸ ਦਾ ਚਲਾਨ ਕੱਟਿਆ ਜਾਵੇ। ਉਨ੍ਹਾਂ ਨੇ ਸਮੂਹ ਅਧਿਕਾਰੀਆਂ ਨੂੰ ਡੇਂਗੂ ਬਿਮਾਰੀ ਤੋਂ ਬਚਾਅ ਲਈ ਡੇਂਗੂ ਲਾਰਵੇ ਦੀ ਚੈਕਿੰਗ ਤੇਜ਼ ਕਰਨ, ਫਾਗਿੰਗ ਕਰਨ ਅਤੇ ਲੋਕਾਂ ਨੂੰ ਇਸ ਬਾਬਤ ਜਾਗਰੂਕ ਕਰਨ ਲਈ ਮੁਹਿੰਮ ਤੇਜ਼ ਕਰਨ ਦੀ ਹਦਾਇਤ ਵੀ ਕੀਤੀ। ਇਸ ਮੌਕੇ ਉਨ੍ਹਾਂ ਨੇ ਨਗਰ ਨਿਗਮ ਬਟਾਲਾ ਅਤੇ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਨੂੰ ਰੈਗੂਲਰ ਫੋਗਿੰਗ ਕਰਨ ਦੇ ਆਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਰੈਪਿਡ ਕਿੱਟਾਂ ਨਾਲ ਮਲੇਰੀਆ ਆਦਿ ਦੀ ਮੌਕੇ ਤੇ ਟੈਸਟਿੰਗ ਕੀਤੀ ਜਾਵੇ ਅਤੇ ਡੇਂਗੂ ਦੀ ਪੁਸ਼ਟੀ ਲਈ ਜ਼ਿਲ੍ਹਾ ਹਸਪਤਾਲ ਵਿਖੇ ਅਲਾਈਸਾ ਟੈਸਟ ਦੀ ਸੁਵਿਧਾ ਬਾਰੇ ਲੋਕਾਂ ਨੂੰ ਦੱਸਿਆ ਜਾਵੇ।



ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਰ ਸ਼ੁੱਕਰਵਾਰ ਡਰਾਈ ਡੇਅ ਤਹਿਤ ਆਪਣੇ ਘਰਾਂ ਤੇ ਕਾਰੋਬਾਰੀ ਥਾਵਾਂ 'ਤੇ ਕੂਲਰਾਂ, ਫਰਿੱਜਾਂ ਦੀ ਟਰੇਆਂ, ਗਮਲਿਆਂ ਆਦਿ ਨੂੰ ਸੁਕਾਉਣ ਤਾਂ ਜੋ ਡੇਂਗੂ ਮੱਛਰ ਐਡੀਜ ਦੀ ਪੈਦਾਵਾਰ ਰੋਕੀ ਜਾ ਸਕੇ। ਇਸ ਤੋਂ ਇਲਾਵਾ ਮੱਛਰ ਤੋਂ ਬਚਣ ਦੇ ਵੱਖ-ਵੱਖ ਉਪਾਅ ਕੀਤੇ ਜਾਣ।ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਪ੍ਰਭਜੋਤ ਕਲਸੀ ਨੇ ਦੱਸਿਆ ਕਿ ਸਮੂਹ ਆਯੂਸ਼ਮਾਨ ਅਰੋਗਿਆ ਕੇਂਦਰਾਂ ਨੂੰ ਮਲੇਰੀਆ ਜਾਂਚ ਲਈ ਆਰਡੀਟੀ ਕਿੱਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਅਤੇ 16 ਮਈ ਨੂੰ ਨੈਸ਼ਨਲ ਡੇਂਗੂ ਡੇਅ ਵਜੋਂ ਮਨਾਇਆ ਜਾਵੇਗਾ।

# ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਮਨਾਇਆ ਵਿਸਾਖੀ ਦਾ ਦਿਹਾੜਾ



**ਝਬਾਲ (ਜੈਨੀ)**- ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 11 ਅਪ੍ਰੈਲ ਨੂੰ ਵਿਸਾਖੀ ਨੂੰ ਸਮਰਪਿਤ ਦਿਹਾੜਾ ਮਨਾਇਆ ਗਿਆ। ਇਸ ਸ਼ੁੱਭ ਅਵਸਰ 'ਤੇ ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਕੇ ਹਰ-ਜਸ ਕੀਰਤਨ ਦਾ ਆਨੰਦ ਮਾਣਿਆ ਗਿਆ। ਸਕੂਲ ਦੇ ਅਧਿਆਪਕ ਨਿਰਮਲਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਅੰਮ੍ਰਿਤਪਾਨ ਕਰਕੇ ਬਾਣੀ-ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਗੁਰਫਤਿਹ ਸਿੰਘ ਅਤੇ ਸਿਮਰਨ ਕੌਰ ਵੱਲੋਂ ਵਿਸਾਖੀ 'ਤੇ ਕਵਿਤਾਵਾਂ ਦਾ ਗਾਇਨ ਕੀਤਾ ਗਿਆ ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੋਕ ਗੀਤ ਅਤੇ ਭੰਗੜਾ ਆਦਿ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਰੰਗ-ਬਿਰੰਗੀਆਂ ਦਸਤਾਰਾਂ ਸਜਾ ਕੇ ਸਕੂਲ ਆਏ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ, ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਅਤੇ ਹੈੱਡ ਮਿਸਟਰਸ ਸਿਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਦਿਹਾੜੇ ਦੀ ਵਧਾਈ ਦਿੰਦਿਆਂ ਅੰਮ੍ਰਿਤਪਾਨ ਕਰਕੇ ਗੁਰਬਾਣੀ ਨਾਲ ਜੁੜਨ ਅਤੇ ਗੁਰੂ ਸਾਹਿਬਾਨਾਂ ਦੀ ਸਿੱਖਿਆ ਅਨੁਸਾਰ ਜੀਵਨ ਬਿਤਾਉਣ ਲਈ ਪ੍ਰੇਰਿਤ ਕੀਤਾ। ਮੈਡਮ ਸੋਨੀਆ ਟੰਡਨ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਤੇ ਕਾਦੀਆਂ ਵੱਲੋਂ ਹਲਕਾ ਇੰਚਾਰਜ ਸੇਖਵਾਂ ਦਾ ਵਿਰੋਧ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦ ਪੁਰ ਕਾਦੀਆਂ ਵਲੋਂ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਦਾ ਪਿੰਡ ਬਸਰਾਵਾਂ ਵਿੱਚ



ਜ਼ਬਰਦਸਤ ਵਿਰੋਧ ਕੀਤਾ ਗਿਆ।ਜਥੇਬੰਦੀ ਦੇ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਅਤੇ ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਨੇ ਦੱਸਿਆ ਕਿ ਅੱਜ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਤਹਿਤ ਹਲਕਾ ਇੰਚਾਰਜ ਸਕੂਲ ਦੇ ਅਖੌਤੀ ਵਿਕਾਸ ਦੇ ਉਦਘਾਟਨ ਸਮਾਰੋਹ ਸਬੰਧੀ ਆਏ ਸਨ। ਜਥੇਬੰਦੀਆਂ ਦੇ ਆਗੂਆਂ ਵਰਕਰਾਂ ਨੂੰ ਪਤਾ ਲੱਗਣ 'ਤੇ ਉਹਨਾਂ ਇਕੱਤਰ ਹੋ ਕੇ ਨਾਹਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਸਖ਼ਤ ਵਿਰੋਧ ਪ੍ਰਦਰਸ਼ਨ ਕੀਤਾ। ਇਸ ਮੌਕੇ ਜ਼ਿਲ੍ਹਾ ਆਗੂ ਸਿਕੰਦਰ ਸਿੰਘ ਚੀਮਾ ਖੁੱਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਲੱਗੇ ਕਿਸਾਨ ਮੋਰਚਿਆਂ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੇਂਦਰ ਸਰਕਾਰ ਨਾਲ ਮਿਲ ਕੇ ਧੋਖੇ ਨਾਲ ਹਮਲਾ ਕਰਕੇ ਚੁਕਵਾਇਆ ਹੈ ਅਤੇ ਪੰਜਾਬ ਅਤੇ ਦੇਸ਼ ਦੇ ਲੋਕਾਂ ਨਾਲ ਧ੍ਰੋਹ ਕਮਾਇਆ ਹੈ। ਇਸ ਕਰਕੇ ਜਥੇਬੰਦੀ ਵਲੋਂ ਆਪ ਆਗੂਆਂ ਦੀ ਪਿੰਡਾਂ ਵਿੱਚ ਆਮਦ ਦਾ ਜਥੇਬੰਦਕ ਸ਼ਾਂਤਮਈ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਕੁਲਵਿੰਦਰ ਸਿੰਘ ਬਸਰਾਵਾਂ, ਰਘਵਿੰਦਰ ਸਿੰਘ ਬਸਰਾਵਾਂ, ਕਸ਼ਮੀਰ ਸਿੰਘ ਮਠੋਲਾ, ਜੋਗਿੰਦਰ ਸਿੰਘ ਮਠੋਲਾ, ਗੁਰਦਿਆਲ ਸਿੰਘ ਸੈਰੋਵਾਲ, ਸਤਨਾਮ ਸਿੰਘ ਨੰਗਲ ਝੌਰ, ਜੋਤੀ ਨੰਗਲ ਝੌਰ, ਸਰਦੂਲ ਸਿੰਘ ਚੀਮਾ ਖੁੱਡੀ, ਦਵਿੰਦਰ ਸਿੰਘ ਢਪੱਈ, ਬਾਬਾ ਲੱਖਾ ਸਿੰਘ ਬਸਰਾਵਾਂ, ਹਰਜੀਤ ਸਿੰਘ ਮਠੋਲਾ ਆਦਿ ਹਾਜ਼ਰ ਸਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਵਿਖੇ ਮਨਾਇਆ ਵਿਸਾਖੀ ਦਾ ਤਿਉਹਾਰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਵਿਖੇ ਬੜੀ ਹੀ ਧੂਮ-ਧਾਮ ਨਾਲ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਇਕ ਖਾਸ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵੀਸ਼ਰੀ, ਗਤਕਾ, ਗੀਤ, ਭੰਗੜਾ ਅਤੇ ਭਾਸ਼ਣ ਆਦਿ ਪੇਸ਼ ਕਰਕੇ ਵਿਸਾਖੀ ਦੇ ਇਤਿਹਾਸ 'ਤੇ ਰੋਸ਼ਨੀ ਪਾਈ ਗਈ। ਇਸ ਮੌਕੇ ਪਹਿਲੀ ਜਮਾਤ ਦੇ ਵਿਦਿਆਰਥੀਆਂ ਵਿੱਚ ਨਿੱਕਾ ਗੱਭਰੂ ਅਤੇ ਨਿੱਕੀ ਮੁਟਿਆਰ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਸਿਮਰਨ ਕੌਰ ਜਮਾਤ ਪਹਿਲੀ ਨੇ ਨਿੱਕੀ ਮੁਟਿਆਰ ਅਤੇ ਗੁਰਜੋਤ ਸਿੰਘ ਜਮਾਤ ਪਹਿਲੀ ਨੇ ਨਿੱਕਾ ਗੱਭਰੂ ਦਾ ਖਿਤਾਬ ਹਾਸਲ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਸਾਰਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਨਿੱਕਾ ਗੱਭਰੂ ਅਤੇ ਨਿੱਕੀ ਮੁਟਿਆਰ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਹਮੇਸ਼ਾ ਅੱਗੇ ਵਧਣ ਅਤੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।




# ਵਿਧਾਇਕ ਸ਼ੈਰੀ ਕਲਸੀ ਨੇ ਨੌਸ਼ਹਿਰਾ ਮੱਝਾ ਸਿੰਘ ਵਿਖੇ ਮਸੀਹੀ ਪਾਰਕ ਤੇ ਜੰਜਘਰ ਦਾ ਨੀਂਹ ਪੱਥਰ ਰੱਖਿਆ



**ਬਟਾਲਾ (ਤਰਲੋਕ ਬੱਗਾ)**- ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਪਿੰਡ ਨੌਸ਼ਹਿਰਾ ਮੱਝਾ ਸਿੰਘ ਵਿਖੇ 17 ਲੱਖ ਦੀ ਲਾਗਤ ਨਾਲ ਬਣਨ ਵਾਲੇ ਮਸੀਹੀ ਪਾਰਕ ਅਤੇ ਜੰਜਘਰ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਗੁਰਮੀਤ ਸਿੰਘ ਚਾਹਲ, ਬੀਡੀਪੀਓ, ਸਰਪੰਚ ਮਨਦੀਪ ਕੌਰ, ਜ਼ਿਲ੍ਹਾ ਯੂਥ ਆਗੂ ਮਨਦੀਪ ਸਿੰਘ ਗਿੱਲ ਅਤੇ ਪਾਰਟੀ ਦੀ ਸਮੁੱਚੀ ਟੀਮ ਮੌਜੂਦ ਸੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਵਲੋਂ ਪਿੰਡਾਂ ਅੰਦਰ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ। ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡ ਦੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਪਈਆਂ ਮੁਸ਼ਕਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਪਿੰਡਾਂ ਅੰਦਰ ਗੰਦੇ ਪਾਣੀ ਦੀ ਨਿਕਾਸੀ ਲਈ ਥਾਪਰ ਮਾਡਲ ਤਹਿਤ ਛੱਪੜ ਬਣਾਏ ਜਾ ਰਹੇ ਹਨ। ਖੇਡ ਸਟੇਡੀਅਮ ਉਸਾਰੇ ਗਏ ਗਏ ਹਨ। ਲੋਕਾਂ ਦੀ ਸਹੂਲਤ ਲਈ ਗਲੀਆਂ ਤੇ ਡੇਰਿਆਂ ਦੇ ਰਸਤੇ ਪੱਕੇ ਕੀਤੇ ਗਏ ਹਨ। ਪਿੰਡਾਂ ਅੰਦਰ ਸਟੀਰਟ ਲਾਈਟਸ ਲਗਾਈਆਂ ਜਾ ਰਹੀਆਂ ਹਨ ਤੇ ਪਿੰਡਾਂ ਅੰਦਰ ਪਾਰਕਾਂ ਦੀ ਉਸਾਰੀ ਕਰਵਾਈ ਗਈ ਹੈ, ਜਿਥੇ ਲੋਕ ਸਵੇਰੇ ਤੇ ਸ਼ਾਮ ਵੇਲੇ ਸੈਰ ਕਰਦੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਉਹ ਹਲਕੇ ਦੇ ਹਰ ਪਿੰਡ ਦਾ ਵਿਕਾਸ ਪਾਰਦਰਸ਼ੀ ਢੰਗ ਕਰਵਾਉਣ ਲਈ ਵਚਨਬੱਧ ਹਨ ਅਤੇ ਇਸੇ ਤਰ੍ਹਾਂ ਵਿਕਾਸ ਕਾਰਜਾਂ ਦੀ ਰਫਤਾਰ ਹੋਰ ਤੇਜ਼ ਕੀਤੀ ਜਾਵੇਗੀ ਤਾਂ ਜੋ ਕਈ ਸਾਲਾਂ ਤੋਂ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਮਿਲ ਸਕੇ।

# ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ ਪਲੇਸਮੈਂਟ ਕੈਂਪ 15 ਨੂੰ

**ਗੁਰਦਾਸਪੁਰ (ਜਨਕ ਮਹਾਜਨ)**- ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ 15 ਅਪ੍ਰੈਲ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਇਕ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਪਲੇਸਮੈਂਟ ਕੈਂਪ ਵਿੱਚ ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰ ਲਿਮਟਿਡ ਅਤੇ ਵਰਧਮਾਨ ਮਿੱਲ ਪ੍ਰਾਈਵੇਟ ਕੰਪਨੀਆਂ ਵਲੋਂ ਵੱਖ-ਵੱਖ ਅਸਾਮੀਆਂ ਵਾਸਤੇ ਰੈਗੂਲਰ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਭਰਤੀ ਕੀਤੀ ਜਾਵੇਗੀ ਅਤੇ ਮੌਕੇ 'ਤੇ ਇੰਟਰਵਿਊ ਕੀਤੀ ਜਾਵੇਗੀ। ਇਹਨਾਂ ਅਸਾਮੀਆਂ ਦੀ ਇੰਟਰਵਿਊ ਲਈ ਯੋਗਤਾ 8ਵੀਂ, 10ਵੀਂ ਅਤੇ 12ਵੀਂ ਪਾਸ ਕਰ ਚੁੱਕੇ ਪ੍ਰਾਰਥੀ ਜਿਨ੍ਹਾਂ ਦੀ ਉਮਰ 18 ਤੋਂ 45 ਸਾਲ ਹੈ, ਰੋਜ਼ਗਾਰ ਮੇਲੇ ਵਿੱਚ ਸ਼ਾਮਲ ਹੋ ਸਕਦੇ ਹਨ। ਇੰਟਰਵਿਊ ਹੋਣ ਉਪਰੰਤ ਕੰਪਨੀਆਂ ਵੱਲੋਂ ਯੋਗਤਾ ਅਤੇ ਅਸਾਮੀਆਂ ਅਨੁਸਾਰ ਸੈਲਰੀ ਦਾ ਪੈਕੇਜ ਦਿੱਤਾ ਜਾਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ 15 ਅਪ੍ਰੈਲ ਨੂੰ ਆਪਣੇ ਅਸਲ ਦਸਤਾਵੇਜ਼ ਦੀਆਂ ਕਾਪੀਆਂ, ਰੀਜ਼ੂਮ (ਸੀ.ਵੀ) ਅਤੇ 2 ਫ਼ੋਟੋਆਂ ਸਮੇਤ ਕਮਰਾ ਨੰਬਰ 217 ਬੀ-ਬਲਾਕ ਡੀ.ਏ.ਸੀ ਕੰਪਲੈਕਸ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਸਵੇਰੇ 10 ਵਜੇ ਤੱਕ ਪਹੁੰਚਣ।

# ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿਖੇ ਦਸਤਾਰ ਸਜਾਉਣ ਦਾ ਮੁਕਾਬਲਾ ਕਰਵਾਇਆ




**ਝਬਾਲ (ਹਰਜਿੰਦਰ ਸਿੰਘ ਸੋਨੀ)**- ਅੱਜ ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ ਸਕੂਲ ਦੇ ਵਿਦਿਆਰਥੀਆਂ ਵਿੱਚ ਦਸਤਾਰ ਸਜਾਉਣ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਸਕੂਲ ਦੇ ਛੇਵੀਂ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਕਲਾਸਾਂ ਨੂੰ ਦੋ ਭਾਗ ਵਿੱਚ ਵੰਡਿਆ ਗਿਆ। ਛੇਵੀਂ, ਸੱਤਵੀਂ ਅਤੇ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਅਤੇ ਨੌਵੀਂ, ਦਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਦੋ ਭਾਗਾਂ ਵਿੱਚ ਦਸਤਾਰ ਬੰਦੀ ਮੁਕਾਬਲਾ ਕਰਵਾਇਆ ਗਿਆ। ਬੱਚੇ ਰੰਗ ਬਰੰਗੀਆਂ ਪੱਗਾਂ, ਸ਼ੀਸ਼ੇ ਅਤੇ ਹੋਰ ਆਪੋ ਆਪਣਾ ਸਮਾਨ ਲੈ ਕੇ ਆਏ। ਜਿਸ ਵਿੱਚ ਤਰਤੀਬਵਾਰ ਦੋਨਾਂ ਵਿੰਗਾਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਇਸ ਤਰ੍ਹਾਂ ਦੇ ਵੰਡ ਕੀਤੀ ਗਈ। ਪਹਿਲਾ ਸਥਾਨ ਏਕਮਦੀਪ ਸਿੰਘ, ਦੂਜਾ ਗੁਰਕੀਰਤ ਸਿੰਘ, ਤੀਜਾ ਸਥਾਨ ਸੁਖਮਨਦੀਪ ਸਿੰਘ, ਮਿਡਲ ਵਿੰਗ ਅਤੇ ਸੀਨੀਅਰ ਵਿੰਗ ਵਿੱਚ ਪਹਿਲਾ ਸਥਾਨ ਮਹਿਕਪ੍ਰੀਤ ਸਿੰਘ, ਦੂਜਾ ਕਰਨਬੀਰ ਸਿੰਘ ਅਤੇ ਤੀਜਾ ਸਥਾਨ ਅਵੀਨੂਰ ਸਿੰਘ ਵਿਦਿਆਰਥੀਆਂ ਨੇ ਹਾਸਲ ਕੀਤਾ। ਇਨ੍ਹਾਂ ਬੱਚਿਆਂ ਨੂੰ ਸਕੂਲ ਦੇ ਚੇਅਰਮੈਨ ਜਸਵੰਤ ਸਿੰਘ ਅਤੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਨੇ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਜਸਵੰਤ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਬੱਚੇ ਆਪਣੇ ਕੇਸ ਕਤਲ ਕਰਵਾ ਰਹੇ ਹਨ ਅਤੇ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ। ਇਹ ਸਕੂਲ ਵਲੋਂ ਇੱਕ ਉਪਰਾਲਾ ਕੀਤਾ ਗਿਆ ਹੈ ਕਿ ਇਨ੍ਹਾਂ ਬੱਚਿਆਂ ਵਿੱਚ ਸਿੱਖੀ ਪ੍ਰਤੀ ਭਾਵਨਾ ਪੈਦਾ ਕੀਤੀ ਜਾ ਸਕੇ ਤਾਂ ਜੋ ਇਹ ਬੱਚੇ ਆਪਣੇ ਵਿਰਸੇ ਨਾਲ ਜੁੜ ਸਕਣ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਨੇ ਜੇਤੂ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਿੱਖੀ ਨਾਲ ਜੁੜਨ ਦੀ ਅਪੀਲ ਕੀਤੀ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ, ਮੈਡਮ ਪ੍ਰਨੀਤ ਕੌਰ, ਮੈਡਮ ਰਜਿੰਦਰ ਕੌਰ, ਟੀਚਰ ਕਰਮਜੀਤ ਸਿੰਘ ਹਾਜ਼ਰ ਸਨ।

# ਡੀ ਡੀ ਆਈ ਸਕੂਲ 'ਚ ਵਿਸਾਖੀ 'ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**- ਕਸਬੇ ਦੇ ਨਾਲ ਲੱਗਦੇ ਪਿੰਡ ਪਿੰਡੀ ਦੇ ਡੀ.ਡੀ.ਆਈ ਸਕੂਲ ਵਿਖੇ ਸਕੂਲ ਦੇ ਐਮ.ਡੀ ਇੰਦਰਜੀਤ ਸਿੰਘ ਭਾਟੀਆ ਅਤੇ ਡਾਇਰੈਕਟਰ ਮੈਡਮ ਐਕਮੀ ਭਾਟੀਆ ਦੀ ਰਹਿਨਮਾਈ ਹੇਠ ਸਕੂਲ ਦੇ ਅਕੈਡਮਿਕ ਡਾਇਰੈਕਟਰ ਸਤਿੰਦਰ ਕੌਰ ਮਰਵਾਹਾ, ਵਾਈਸ ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਵੱਲੋਂ ਸਕੂਲ ਦੇ ਹਾਲ ਵਿੱਚ ਵਿਸਾਖੀ ਦੇ ਦਿਹਾੜੇ 'ਤੇ ਇੱਕ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਕਰਕੇ ਕੀਤੀ ਗਈ, ਇਸ ਦੇ ਇਲਾਵਾ ਬੱਚਿਆਂ ਦੇ ਪੱਗੜੀ ਤੇ ਦੁਮਾਲੇ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਦਰਮਿਆਨ ਪਹਿਲੇ ਸਥਾਨ ਤੇ ਪੱਗੜੀ ਮੁਕਾਬਲੇ ਵਿੱਚ ਅੰਮ੍ਰਿਤਪਾਲ ਸਿੰਘ ਅਠਵੀਂ ਕਲਾਸ ਦਾ ਵਿਦਿਆਰਥੀ, ਦੂਜੇ ਸਥਾਨ ਤੇ ਗੁਰਕਰਨ ਸਿੰਘ ਸੱਤਵੀਂ ਕਲਾਸ ਦਾ ਵਿਦਿਆਰਥੀ, ਤੀਸਰੇ ਸਥਾਨ ਤੇ ਰਣਜੋਤ ਸਿੰਘ ਛੇਵੀਂ ਕਲਾਸ ਦੇ ਵਿਦਿਆਰਥੀ ਨੇ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਦੁਮਾਲੇ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਰਾਜਨਦੀਪ ਸਿੰਘ ਅੱਠਵੀਂ ਕਲਾਸ ਦਾ ਵਿਦਿਆਰਥੀ, ਦੂਜੇ ਸਥਾਨ ਖੁਸ਼ਮਨਪ੍ਰੀਤ ਕੌਰ ਅਤੇ ਤੀਜੇ ਸਥਾਨ ਤੇ ਸਰਗੁਣਰੀਤ ਕੌਰ ਰਹੀ।ਇਸ ਦਰਮਿਆਨ ਅਕੈਡਮਿਕ ਡਾਇਰੈਕਟਰ ਮੈਡਮ ਸਤਿੰਦਰ ਕੌਰ ਮਰਵਾਹਾ ਅਤੇ ਵਾਈਸ ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਨੇ ਇਹਨਾਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕਵੀਸ਼ਰੀ, ਸਪੀਚ, ਸੋਲੋ ਸੌਂਗ, ਭੰਗੜਾ, ਗਿੱਧਾ ਕਰਵਾਇਆ। ਇਸ ਮੌਕੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਅਕੈਡਮਿਕ ਡਾਇਰੈਕਟਰ ਮੈਡਮ ਸਤਿੰਦਰ ਕੌਰ ਮਰਵਾਹਾ ਨੇ ਬੱਚਿਆਂ ਨੂੰ ਵਿਸਾਖੀ ਦੇ ਦਿਹਾੜੇ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਆਖਰ ਵਿੱਚ ਸਕੂਲ ਦੇ ਅਕੈਡਮਿਕ ਡਾਇਰੈਕਟਰ ਮੈਡਮ ਸਤਿੰਦਰ ਕੌਰ ਮਰਵਾਹਾ ਅਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਵੱਲੋਂ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਪੱਗੜੀ ਅਤੇ ਦੁਮਾਲੇ ਵਿੱਚ ਆਏ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

# ਜੀ ਜੀ ਐੱਸ ਮਾਡਰਨ ਸਕੂਲ ਬਖਤਪੁਰ ਦੀਆਂ ਖਿਡਾਰਨਾਂ ਨੇ ਅੰਤਰ-ਕਾਲਜ ਖੇਡਾਂ 'ਚ ਮੈਡਲ ਜਿੱਤੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ ਜੀ ਐੱਸ ਬਾਕਸਿੰਗ ਕਲੱਬ ਦੀਆਂ ਖਿਡਾਰਨਾਂ ਨੇ ਅੰਤਰ-ਕਾਲਜ ਖੇਡਾਂ ਵਿੱਚ ਗੋਲਡ ਅਤੇ ਸਿਲਵਰ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ, ਕਲੱਬ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਈ ਇੰਟਰ ਕਾਲਜ ਪੈਨਕਿੱਕ ਸਲਾਟ



ਚੈਂਪੀਅਨਸਿਪ ਵਿੱਚ ਉਨ੍ਹਾਂ ਦੇ ਜੀ ਜੀ ਐਸ ਬਾਕਸਿੰਗ ਕਲੱਬ ਦੀ ਖਿਡਾਰਨ ਗੁਰਪ੍ਰੀਤ ਕੌਰ ਨੇ 55-60 ਕਿਲੋ ਭਾਰ ਵਰਗ ਮੁਕਾਬਲੇ ਵਿੱਚ ਗੋਲਡ ਮੈਡਲ ਅਤੇ ਮਨਜੀਤ ਕੌਰ ਨੇ 50-55 ਕਿਲੋ ਭਾਰ ਵਰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ ਹੈ। ਕਲੱਬ ਦੀ ਖਿਡਾਰਨ ਗੁਰਪ੍ਰੀਤ ਕੌਰ ਬੰਗਲੌਰ ਵਿਖੇ ਹੋਣ ਵਾਲੀ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਪੰਜਾਬ ਵੱਲੋਂ ਭਾਗ ਲੈਣ ਜਾ ਰਹੀ ਹੈ। ਇਸ ਮੌਕੇ ਸਕੂਲ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ ਅਤੇ ਸੁਖਮੀਤ ਕੌਰ ਨੇ ਇਹਨਾਂ ਹੋਣਹਾਰ ਖਿਡਾਰਨਾਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਦੋ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਿਸ ਦੇ ਐਸ.ਆਈ. ਹਰਮੇਸ਼ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਪੁੱਜੇ ਤਾਂ ਸਾਹਮਣੇ ਤੋਂ ਇਕ ਮੋਨਾ ਨੌਜਵਾਨ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਨੂੰ ਮੁੜਨ ਲੱਗੇ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਕਾਲੇ ਰੰਗ ਦਾ ਮੋਮੀ ਲਿਫਾਫਾ ਕੱਢ ਕੇ ਗਲੀ ਵਿੱਚ ਸੁੱਟ ਦਿੱਤਾ, ਜਿਸ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ, ਜਿਸ ਨੇ ਆਪਣਾ ਨਾਂਅ ਗੋਬਿੰਦਾ ਪੁੱਤਰ ਬਚਨ ਵਾਸੀ ਪਿੰਡ ਸ਼ੇਖਾ ਹਾਲ ਵਾਸੀ ਬਹਿਰਾਮਪੁਰ ਰੋਡ ਗੁਰਦਾਸਪੁਰ ਦੱਸਿਆ। ਜਿਸ ਵੱਲੋਂ ਸੁੱਟੇ ਕਾਲੇ ਰੰਗ ਦੇ ਮੋਮੀ ਲਿਫਾਫੇ ਨੂੰ ਚੈਕ ਕੀਤਾ ਤਾਂ ਜਿਸ ਵਿੱਚੋਂ 5 ਗ੍ਰਾਮ ਹੈਰੋਇਨ ਬ੍ਰਾਮਦ ਹੋਣ 'ਤੇ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸੇ ਤਰ੍ਹਾਂ ਥਾਣਾ ਭੈਣੀ ਮੀਆਂ ਖਾਂ ਦੇ ਏ.ਐਸ.ਆਈ. ਤੀਰਥ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਪਿੰਡ ਕੋਟਲੀ ਹਰਚੰਦਾ ਨਹਿਰ ਵਾਲੀ ਪੁਲ ਤੋਂ ਪਿੰਡ ਕੋਟਲਾ ਗੁੱਜਰਾਂ ਸਾਈਡ ਪੁੱਜੀ ਤਾਂ ਸਾਹਮਣੇ ਤੋਂ ਇਕ ਮੋਨਾ ਵਿਅਕਤੀ ਕੈਨ ਪਲਾਸਟਿਕ ਚੁੱਕੀ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਂਅ ਪਤਾ ਪੁੱਛਿਆ, ਜਿਸ ਨੇ ਆਪਣਾ ਨਾਂਅ ਸਲਾਮਤ ਮਸੀਹ ਉਰਫ ਕਾਲਾ ਪੁੱਤਰ ਮਨਜੀਤ ਮਸੀਹ ਵਾਸੀ ਕੋਟਲਾ ਗੁੱਜਰਾਂ ਦੱਸਿਆ ਅਤੇ ਕੈਨ ਪਲਾਸਟਿਕ ਚੈਕ ਕਰਨ 'ਤੇ 22,500 ਐਮ.ਐਲ. ਸ਼ਰਾਬ ਨਜਾਇਜ਼ ਬ੍ਰਾਮਦ ਹੋਈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਸਮਾਗਮ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵੱਲੋਂ ਨਵੇਂ ਸੈਸ਼ਨ ਦੀ ਆਰੰਭਤਾ ਸਮੇਂ ਗੁਰਦੁਆਰਾ ਹਾਲ ਵਿੱਚ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਦੇ ਪ੍ਰਬੰਧਾਂ ਹੇਠ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਰਲ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਵਿਦਿਆਰਥੀ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਕਵੀਸ਼ਰੀਆਂ, ਕਵਿਤਾਵਾਂ ਅਤੇ ਖਾਲਸਾ ਪੰਥ ਦੇ ਸਾਜਨਾ ਦਿਵਸ ਦੇ ਵਿਸ਼ੇ 'ਤੇ ਭਾਸ਼ਣ ਪੇਸ਼ ਕੀਤੇ ਗਏ। ਇਸ ਸਮੇਂ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ), ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ, ਕੁਲਦੀਪ ਸਿੰਘ ਸੋਹਲ ਆਦਿ ਕਮੇਟੀ ਮੈਂਬਰਾਂ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਪੰਜਾਬ ਦਾ ਸਿੱਖਿਆ ਢਾਂਚਾ ਦੇਸ਼ ਲਈ ਬਣ ਰਿਹਾ ਮਿਸਾਲ : ਸੇਖਵਾਂ



**ਬਟਾਲਾ (ਤਰਲੋਕ ਬੱਗਾ)** ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਪੰਜਾਬ ਸਰਕਾਰ ਵੱਲੋਂ 72 ਲੱਖ ਰੁਪਏ ਤੋਂ ਵੱਧ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਦੱਸਿਆ ਕਿ 'ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ 72 ਲੱਖ ਰੁਪਏ ਦੀ ਲਾਗਤ ਨਾਲ 9 ਨਵੇਂ ਸਮਾਰਟ ਕਲਾਸ ਰੂਮ. 7 ਕਲਾਸ ਰੂਮਾਂ ਦੀ ਮੁਰੰਮਤ ਅਤੇ ਸਕੂਲ ਦੀ ਚਾਰ ਦੀਵਾਰੀ ਦੀ ਮੁਰੰਮਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ।ਸ੍ਰੀ ਸੇਖਵਾਂ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ।ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਦੇਸ਼ ਵਿੱਚੋਂ ਸਭ ਤੋਂ ਬਿਹਤਰੀਨ ਸਿੱਖਿਆ ਪ੍ਰਬੰਧ ਦੇਣ ਦਾ ਟੀਚਾ ਲੈ ਕੇ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡੀ.ਈ.ਓ. ਡਾ. ਅਨਿਲ ਸ਼ਰਮਾ, ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਤੋਂ ਇਲਾਵਾ ਸਕੂਲ ਵਿਦਿਆਰਥੀਆਂ ਦੇ ਮਾਪੇ, ਪੀ.ਟੀ.ਏ. ਦੇ ਮੈਂਬਰ ਅਤੇ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

# ਖੇਤੀ ਤੇ ਖੇਤਾਂ 'ਤੇ ਕਾਰਪੋਰੇਟ ਘਰਾਣਿਆਂ ਵੱਲੋਂ ਕੀਤੇ ਜਾ ਰਹੇ ਹਮਲੇ ਨੂੰ ਪਛਾਣਨ ਦੀ ਲੋੜ : ਰਵੀ



**ਅੰਮ੍ਰਿਤਸਰ**- ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਕਲਸੀ ਕਲਾਂ ਵਿਖੇ ਬਲਜਿੰਦਰ ਸਿੰਘ ਸਾਬਾ, ਧਰਮ ਸਿੰਘ, ਜਸਵਿੰਦਰ ਸਿੰਘ ਅਤੇ ਸੱਜਣ ਸਿੰਘ ਕਲਸੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ, ਅਮਰਜੀਤ ਸਿੰਘ ਭਿੱਖੀਵਿੰਡ, ਭੁਪਿੰਦਰ ਸਿੰਘ ਨਦੋਰ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਵੱਲੋਂ ਖੇਤੀ ਨੂੰ ਤਬਾਹ ਕਰਨ ਅਤੇ ਕਿਸਾਨਾਂ ਦੇ ਖੇਤ ਖੋਹਣ ਲਈ ਹਮਲਾ ਚੁਤਰਫੇ ਹੀ ਤੇਜ਼ ਕਰ ਦਿੱਤਾ ਗਿਆ ਹੈ। ਇਸ ਕਰਕੇ ਕਿਸਾਨਾਂ ਦੀ ਲੋੜ ਬਣਦੀ ਹੈ ਕਿ ਅਸੀਂ ਇਕਜੁੱਟਤਾ ਬਣਾ ਕੇ ਇਸ ਹਮਲੇ ਦਾ ਟਾਕਰਾ ਕਰੀਏ। ਕਿਸਾਨਾਂ ਕੋਲੋਂ ਪਹਿਲਾਂ ਫਸਲੀ ਵਿਭਿੰਨਤਾਂ ਖੋਹ ਕੇ ਕਿਸਾਨਾਂ ਨੂੰ ਸਿਰਫ ਝੋਨੇ ਅਤੇ ਕਣਕ 'ਤੇ ਨਿਰਭਰ ਕਰ ਦਿੱਤਾ ਪਰ ਅੱਜ ਇਸ ਮਾਡਲ ਨੇ ਜ਼ਹਿਰੀਲੀਆਂ ਰਸਾਇਣਿਕ ਖਾਦਾਂ, ਦਵਾਈਆਂ ਨਾਲ ਧਰਤੀ ਨੂੰ ਬੰਜਰ ਕਰਕੇ ਰੱਖ ਦਿੱਤਾ ਹੈ। ਸਰਕਾਰਾਂ ਨੇ ਬਹੁਕੌਮੀ ਕੰਪਨੀਆਂ ਦੇ ਹੱਥਾਂ ਵਿੱਚ ਖੇਡਦਿਆਂ ਕਿਸਾਨਾਂ ਨੂੰ ਖੇਤੀ ਖੇਤਰ ਚੋਂ ਬਾਹਰ ਕਰਕੇ ਵੱਡੇ ਵੱਡੇ ਘਰਾਣਿਆਂ ਨੂੰ ਖੇਤਾਂ 'ਤੇ ਕਬਜ਼ਾ ਕਰਾਉਣ ਦੀਆਂ ਪੂਰੇ ਜੋਰਾਂ ਤੇ ਸਾਜਸ਼ਾਂ ਚੱਲ ਰਹੀਆਂ ਹਨ। ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕਣ ਲਈ ਸੰਯੁਕਤ ਕਿਸਾਨ ਮੋਰਚਾ ਭਾਰਤ ਲਗਾਤਾਰ ਅੰਦੋਲਨ ਕਰਦਾ ਆ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚਾ ਭਾਰਤ ਦਿੱਲੀ ਵਿੱਚ ਆਪਣੀ ਮੀਟਿੰਗ ਲਗਾ ਕੇ ਇਸ ਅੰਦੋਲਨ ਨੂੰ ਹੋਰ ਤੇਜ਼ ਕਰਨ ਜਾ ਰਿਹਾ ਹੈ ਕਿਸਾਨ ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਖੇਤੀ ਖੇਤਰ ਨੂੰ ਲਾਹੇਵੰਦ ਕਰਨ ਲਈ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਉੱਪਰ ਐਮ ਐਸ ਪੀ ਦੇ ਕਾਨੂੰਨ ਨੂੰ ਬਣਾ ਕੇ ਲਾਗੂ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਨਦੋਰ, ਸੁਖਦੇਵ ਸਿੰਘ, ਰੇਸ਼ਮ ਸਿੰਘ,ਪੰਜਾਬ ਸਿੰਘ, ਬਖਸ਼ੀਸ਼ ਸਿੰਘ ਸਰਪੰਚ, ਕਰਨਵੀਰ ਸਿੰਘ, ਗੁਰਮੁਖ ਸਿੰਘ ਕੈਪਟਨ, ਦਿਲਬਾਗ ਸਿੰਘ, ਅੰਗਰੇਜ ਸਿੰਘ, ਸਰਵਣ ਸਿੰਘ ਅਤੇ ਬਾਬਾ ਦਿਲਬਾਗ ਸਿੰਘ ਹਾਜ਼ਰ ਸਨ।

# ਸ੍ਰੀ ਹਨੂੰਮਾਨ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਸ੍ਰੀ ਬਾਵਾ ਲਾਲ ਦਿਆਲ ਸੇਵਾ ਕਲੱਬ, ਨਜ਼ਦੀਕ ਸ਼ਹੀਦੀ ਗੇਟ ਨਵਦੀਪ ਸਿੰਘ ਕਾਲੇਜ ਰੋਡ ਵਲੋਂ ਸ੍ਰੀ ਹਨੂੰਮਾਨ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ। ਇਸ ਮੌਕੇ ਸਭ ਤੋਂ ਪਹਿਲ ਮੈਂਬਰਾਂ ਅਤੇ ਦੁਕਾਨਦਾਰਾਂ ਵਲੋਂ ਸ੍ਰੀ ਹਨੂੰਮਾਨ ਜੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਇਸ ਤੋਂ ਬਾਅਦ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ ਗਿਆ ਅਤੇ ਆਖਰ ਵਿਚ ਕੜਾਹ ਪ੍ਰਸ਼ਾਦ ਸੰਗਤ ਵਿਚ ਵੰਡਿਆ ਗਿਆ। ਇਸ ਮੌਕੇ ਕਲੱਬ ਦੇ ਮੈਂਬਰ ਮੁਕੇਸ਼ ਸ਼ਰਮਾ ਸਮੇਤ ਹੋਰ ਪ੍ਰਮੁੱਖ ਲੋਕ ਵੀ ਹਾਜ਼ਰ ਸਨ।

# ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਵਿਸਾਖੀ ਵਾਲੇ ਦਿਨ ਦੀ ਮਹਾਨਤਾ ਸਾਡੇ



ਭਾਰਤ ਵਿੱਚ ਬੜੀ ਮਹੱਤਵਪੂਰਨ ਹੈ। ਇਸ ਦੇ ਨਾਲ ਬਹੁਤ ਸਾਰੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ, ਜਿਵੇਂ ਕਿ ਕਿਸਾਨਾਂ ਦੀਆਂ ਸੋਨੇ ਰੰਗੀਆਂ ਫਸਲਾਂ ਦੀ ਵਾਢੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੀ ਸਾਜਨਾ ਅਤੇ ਜਲ੍ਹਿਆਂਵਾਲੇ ਬਾਗ ਵਿੱਚ ਜਨਰਲ ਡਾਇਰ ਦੁਆਰਾ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾਉਣ ਦੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ।ਇਨ੍ਹਾਂ ਘਟਨਾਵਾਂ ਨੂੰ ਵਿਦਿਆਰਥੀਆਂ ਵੱਲੋਂ ਲੈਕਚਰ ਤੇ ਕਵਿਤਾਵਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ।ਅਧਿਆਪਕਾਂ ਵੱਲੋਂ ਵੀ ਇਸ ਤਿਉਹਾਰ ਦੀ ਮਹੱਤਤਾ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਅਖੀਰ ਵਿੱਚ ਸਕੂਲ ਦੇ ਐਮ ਡੀ ਸੁਰਜੀਤ ਸਿੰਘ ਭਰੋਵਾਲ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਨਾਲ ਹੀ 14 ਅਪ੍ਰੈਲ ਨੂੰ ਡਾ. ਬੀ ਆਰ ਅੰਬੇਡਕਰ ਦੇ ਕੀਤੇ ਕੰਮਾਂ ਬਾਰੇ ਜਾਣੂ ਕਰਾਇਆ ਤੇ ਉਹਨਾਂ ਦੇ ਜਨਮ ਦਿਨ 'ਤੇ ਸਾਰਿਆਂ ਨੂੰ ਵਧਾਈ ਦਿੱਤੀ।

# ਵਿਸਾਖੀ ਦਿਹਾੜੇ 'ਤੇ ਵਿਸ਼ਾਲ ਨਗਰ ਕੀਰਤਨ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸਾਹਿਬ ਏ ਕਮਾਲ ਦਸਮ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਤ ਇਕ ਵਿਸ਼ਾਲ ਨਗਰ ਕੀਰਤਨ ਅੱਜ ਗੁਰਦੁਆਰਾ ਤਪ ਅਸਥਾਨ ਬਾਬਾ ਹੰਦਾਲ ਤੋਂ ਬਾਬਾ ਪਰਮਾਨੰਦ ਦੀ ਰਹਿਨੁਮਾਈ ਹੇਠ ਗੁਰੂ ਮਾਨਿਓ ਗ੍ਰੰਥ ਸੇਵਕ ਜਥਾ ਅਤੇ ਸ਼ਹਿਰ ਦੀਆਂ ਸਮੂਹ ਗੁਰਦੁਆਰਾ ਸੇਵਾ ਸੋਸਾਇਟੀਆਂ ਵਲੋਂ ਕੱਢਿਆ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁੰਦਰ ਪਾਲਕੀ ਵਿਚ ਫੁੱਲਾਂ ਨਾਲ ਸਜਾਈ ਗੱਡੀ ਵਿਚ ਸੁਸ਼ੋਭਿਤ ਕੀਤਾ ਗਿਆ ਸੀ। ਸੰਗਤਾਂ ਵਲੋਂ ਸ਼ਬਦ ਕੀਰਤਨ ਗਾਇਨ ਕੀਤੇ ਜਾ ਰਹੇ ਸਨ। ਗਤਕਾ ਪਾਰਟੀਆਂ ਵਲੋਂ ਗਤਕੇ ਦੇ ਜੌਹਰ ਦਿਖਾਏ ਜਾ ਰਹੇ ਸਨ। ਸ਼ਹਿਰ ਵਾਸੀਆਂ ਵਲੋਂ ਥਾਂ ਥਾਂ 'ਤੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਨਗਰ ਕੀਰਤਨ ਵੱਖ ਵੱਖ ਗਲੀਆਂ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਬਾਬਾ ਹੰਦਾਲ ਸਾਹਿਬ ਵਿਖੇ ਸਮਾਪਤ ਹੋਇਆ। ਇਸ ਮੌਕੇ ਗੁਰੂ ਮਾਨਿਓ ਗ੍ਰੰਥ ਸੇਵਕ ਜਥਾ ਵਲੋਂ ਨਗਰ ਕੀਰਤਨ ਵਿੱਚ ਸ਼ਾਮਲ ਸਮੂਹ ਗੁਰਦੁਆਰਾ ਸੇਵਾ ਸੋਸਾਇਟੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਗੁਰਦੁਆਰਾ ਸੱਚਖੰਡ ਗੁਰੂ ਨਾਨਕ ਅਸਥਾਨ ਵਿਖੇ ਪੁੰਨਿਆ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਸਬੇ ਦੇ ਗੁਰਦੁਆਰਾ ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਅੱਜ ਪੁੰਨਿਆ ਦਾ ਦਿਹਾੜਾ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼ਾਂ-ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਹੋਈਆਂ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਵੱਲੋਂ ਸੰਗਤਾਂ ਸਮੇਤ ਬਾਬਾ ਸ੍ਰੀਚੰਦ ਜੀ ਦਾ ਆਰਤਾ ਗਾਇਨ ਕਰਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀ ਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਨੇ ਆਪਣੇ ਸੰਬੋਧਨ ਦੌਰਾਨ ਸੰਗਤਾਂ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਧਰਮ ਦੀ ਰੱਖਿਆ ਕਰਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ,ਇਸ ਲਈ



ਸਾਨੂੰ ਗੁਰੂ ਮਹਾਰਾਜ ਵੱਲੋਂ ਦਰਸਾਏ ਮਾਰਗ 'ਤੇ ਚਲਦਿਆਂ ਮਨੁੱਖਤਾ ਦਾ ਭਲਾ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਗੁਰਬਾਣੀ ਦੇ ਲੜ ਲੱਗ ਕੇ ਮਨੁੱਖਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਗੁਰੂ ਹੀ ਗਿਆਨ ਹੈ, ਤੇ ਗਿਆਨ ਹੀ ਪ੍ਰਕਾਸ਼ ਹੈ। ਇਸ ਲਈ ਸਾਨੂੰ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣਾ ਚਾਹੀਦਾ ਹੈ। ਇਸ ਮੌਕੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।

# ਟੀ ਸੀ ਇੰਟਰਨੈਸ਼ਨਲ ਸਕੂਲ 'ਚ ਵਿਸਾਖੀ ਦਾ ਤਿਉਹਾਰ ਜੋਸ਼ ਤੇ ਉਤਸ਼ਾਹ ਨਾਲ ਮਨਾਇਆ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਟੀ.ਸੀ. ਇੰਟਰਨੈਸ਼ਨਲ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਮਹੱਤਤਾ ਅਤੇ ਸਿੱਖ ਇਤਿਹਾਸ ਵਿੱਚ ਇਸ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਬੱਚਿਆਂ ਵਲੋਂ ਪੰਜਾਬੀ ਨਾਚ ਪੇਸ਼ ਕਰਕੇ ਆਪਣੀ ਸੱਭਿਆਚਾਰਕ ਵਿਰਾਸਤ ਦਾ ਪ੍ਰਦਰਸ਼ਨ ਕੀਤਾ। ਬੱਚੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੇ ਹੋਏ ਸਨ। ਚੇਅਰਮੈਨ ਰਵਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੇ ਇਤਿਹਾਸ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੁੜੇ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਲੋਕਾਂ ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਲਈ ਉਤਸ਼ਾਹਿਤ ਕੀਤਾ। ਇਸ




ਜਸ਼ਨ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸਕ ਮਹੱਤਵ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕੀਤਾ, ਜੋ ਕਿ ਸਿੱਖ ਨਵੇਂ ਸਾਲ ਅਤੇ ਵਾਢੀ ਦੇ ਮੌਸਮ ਨੂੰ ਦਰਸਾਉਂਦਾ ਹੈ। ਇਹ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਦੀ ਯਾਦ ਵੀ ਦਿਵਾਉਂਦਾ ਹੈ।ਟੀ.ਸੀ. ਇੰਟਰਨੈਸ਼ਨਲ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਲਈ ਇੱਕ ਸਾਰਥਕ ਅਤੇ ਖੁਸ਼ੀ ਭਰਿਆ ਅਨੁਭਵ ਸੀ।

# ਏਟਕ ਜਥੇਬੰਦੀ ਦੇ ਸਾਬਕਾ ਆਗੂ ਗੁਰਚਰਨ ਸਿੰਘ ਕੰਡਾ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਤਰਨ ਤਾਰਨ**- ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਦੇ ਸਥਾਨਕ ਸਰਕਲ ਦੇ ਸਾਬਕਾ ਸਕੱਤਰ ਸਾਥੀ ਗੁਰਚਰਨ ਸਿੰਘ ਕੰਡਾ ਜੇ ਈ (75) ਦੇ ਬੀਤੇ ਦਿਨੀਂ ਸੰਖੇਪ ਬਿਮਾਰੀ ਦੇ ਚਲਦਿਆਂ ਪਰਵਾਰ ਨੂੰ ਵਿਛੋੜਾ ਦੇ ਜਾਣ 'ਤੇ ਜਥੇਬੰਦੀ ਦੀ ਸੂਬਾ ਕਮੇਟੀ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਜਥੇਬੰਦੀ ਦੇ ਆਗੂ ਹੁੰਦਿਆਂ ਜਥੇਬੰਦੀ ਨੂੰ ਮਜ਼ਬੂਤ ਅਤੇ ਸਿਰੜੀ ਇਰਾਦੇ ਨਾਲ ਦਿੱਤੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ। ਇਸ ਸਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸੁਰਿੰਦਰਪਾਲ ਲਹੌਰੀਆ ਨੇ ਕਿਹਾ ਕਿ ਗੁਰਚਰਨ ਸਿੰਘ ਕੰਡਾ ਨੇ ਬਹੁਤ ਹੀ ਔਖੇ ਸਮੇਂ 'ਤੇ (ਅੱਤਵਾਦ ਦੇ



ਦੌਰ ਅਤੇ ਐਸ ਈ ਦਲੀਪ ਸਿੰਘ ਖਿਲਾਫ਼ ਛੇ ਮਹੀਨੇ ਤੋਂ ਵੱਧ ਚੱਲੇ ਲੰਮੇ ਸੰਘਰਸ਼) ਵਿੱਚ ਜਥੇਬੰਦੀ ਦੀ ਸੁਚੱਜੀ ਅਗਵਾਈ ਕਰਦਿਆਂ ਬਿਜਲੀ ਕਾਮਿਆਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਦੇ ਹੋਏ ਆਪਣਾ ਨਿੱਜੀ ਵੱਡਾ ਆਰਥਿਕ ਨੁਕਸਾਨ ਝੱਲ ਕੇ ਵੀ ਕਦੀ ਪ੍ਰਵਾਹ ਨਹੀਂ ਸੀ ਕੀਤੀ। ਜਥੇਬੰਦੀ ਦੇ ਸੂਬਾ ਆਗੂਆਂ ਗੁਰਵਿੰਦਰ ਸਿੰਘ, ਬਲਜੀਤ ਕੁਮਾਰ, ਪ੍ਰਦਿਉਮਨ ਗੌਤਮ, ਬਲਵਿੰਦਰ ਉਦੀਪੁਰ, ਰਛਪਾਲ ਸਿੰਘ, ਦਰਸ਼ਨ ਲਾਲ, ਮਨਜੀਤ ਸਿੰਘ ਬਾਸਰਕੇ, ਕਰਤਾਰ ਸਿੰਘ, ਦਵਿੰਦਰ ਸਿੰਘ, ਗੁਰਧਿਆਨ ਸਿੰਘ ਨੇ ਪਰਵਾਰ ਨਾਲ ਇਸ ਦੁੱਖ ਦੀ ਘੜੀ ਹਮਦਰਦੀ ਜ਼ਾਹਰ ਕਰਦੇ ਹੋਏ ਵਿਛੋੜਾ ਦੇ ਗਏ ਸਾਬਕਾ ਆਗੂ ਨੂੰ ਸ਼ਰਧਾਂਜਲੀ ਭੇਟ ਕੀਤੀ।

Taran Taaran.qxd 4/12/2025 10:52 PM Page 1



# ਤਰਨ ਤਾਰਨ ਤੋਂ ਪ੍ਰਿਤਪਾਲ ਸਿੰਘ ਵੱਲੋਂ ਵਿਸਾਖੀ ਦਿਵਸ ਤੇ ਵਿਸ਼ੇਸ਼ ਸਪਲੀਮੈਂਟ

## ਧੰਨਵਾਦ

ਵਿਸਾਖੀ ਦਿਵਸ ਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ । ਨਵਾਂ ਜਮਾਨਾ ਵਿੱਚ ਵਿਸ਼ੇਸ਼ ਸਪਲੀਮੈਂਟ ਕੱਢਣ ਤੇ ਯਾਰਾਂ, ਦੋਸਤਾਂ ਅਤੇ ਸੁਨੇਹਿਆਂ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕਰਦਾ ਹਾਂ ਅਤੇ ਭਵਿੱਖ ਵਿੱਚ ਵੀ ਅਜਿਹੀ ਆਸ ਰੱਖਦਾ ਹਾਂ ।

**ਪੱਤਰਕਾਰ ਪ੍ਰਿਤਪਾਲ ਸਿੰਘ**

ਨਵਾਂ ਜ਼ਮਾਨਾ ਤਰਨ ਤਾਰਨ | (M) : 98143-68268


**GURU NANAK DEV ACADEMY**

GURUDWARA BABA BOTA SINGH JI, BABA GARJA SINGH JI (SHAHEED GANJ)
AFFILIATED TO C.B.S.E. (1630504)

2025-26 ADMISSION OPEN

NURSERY TO +1
ARTS, COMMERCE, MEDICAL & NON MEDICAL

SMART CLASSES | ENGLISH MEDIUM
SCHOOL IS UNDER CCTV SURVEILLANCE

NEAR VILL. NOORDI, TARN TARAN. M:+91-81948-78000
Email: gndaguru@gmail.com Website: www.gndatt.in
Principal Jaspal Kaur Sidhu




This Page Layout & Design by : Vinod (Graphic Designer) M : +91-9592-23-32-92


**ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ**
ਪੀ. ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵੇਈਂ ਪੂੰਈਂ (ਤਰਨ ਤਾਰਨ)

ਵਿਸਾਖੀ ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ

Happy Baisakhi

ਸ. ਸਤਿਨਾਮ ਸਿੰਘ ਬਾਠ, ਜ਼ਿਲ੍ਹਾ ਸਿੱਖਿਆ ਅਫਸਰ (ਤਰਨ ਤਾਰਨ)
ਸ. ਤਜਿੰਦਰ ਸਿੰਘ, ਲੈਕਚਰਾਰ



Website : www.sdsdcoe.in
**Sewa Devi S.D. College of Education**
Affiliated to GNDU Amritsar | Recognised by NCTE
Accredited by NAAC

Vinod Kumar Khanna, President
Jatinder Kumar Sood, General Secretery
Anil Kumar Shambhu, Manager

ਵਿਸਾਖੀ ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ

Near Railway Crossing, Sarhali Road, Tehsil & Distt. Tarn Taran | M : 76963-62390



ਸਾਰੇ ਨਗਰ ਵਾਸੀਆਂ ਨੂੰ
**ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ

Happy Baisakhi

ਰੁਪਿੰਦਰ ਕੌਰ ਸੰਧੂ, ਇੰਪਰੂਵਮੈਂਟ ਟਰੱਸਟ ਤਰਨ ਤਾਰਨ (ਟਰੱਸਟੀ)
ਸਰਦਾਰ ਮਨਪ੍ਰੀਤ ਸਿੰਘ, ਤਰਨ ਤਾਰਨ



**ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ)**
The Only School In Tarn Taran Distt.
With Schools of Applied Learning Admissions Open
ਸੈਸ਼ਨ 2025-26 ਦਾਖ਼ਲਾ ਸ਼ੁਰੂ
ਤਰਨ ਤਾਰਨ

ਵਿਸ਼ੇਸ਼ਤਾਵਾਂ
- ਸਿੱਖਿਅਤ, ਮਿਹਨਤੀ ਤੇ ਤਜੁਰਬੇਕਾਰ ਸਟਾਫ਼ ਅਤੇ ਕੋਚ
- ਚੱਲ ਰਹੇ ਖੇਡ ਵਿੰਗ: ਜੂਡੋ,ਹਾਕੀ,ਰੈਸਲਿੰਗ
- ਮੁਫ਼ਤ ਕਿਤਾਬਾਂ, ਯੂਨੀਫਾਰਮ, ਲਾਜ਼ਮੀ ਮੁਫ਼ਤ ਕੰਪਿਊਟਰ ਸਿੱਖਿਆ
- ਲੜਕੀਆਂ ਦੀ ਰਿਹਾਇਸ਼ ਲਈ ਸ਼ਾਨਦਾਰ ਹੋਸਟਲ
- ਐਜੂਸੈਟ ਸਮਾਰਟ ਕਲਾਸਾਂ, ਸਮਾਰਟ ਈ-ਕਲਾਸਾਂ
- ਖੇਡ ਮੈਦਾਨ ਦੀਆਂ ਸਹੂਲਤਾਂ: ਹਾਕੀ ਗਰਾਊਂਡ (ਗ੍ਰਾਸੀ) ਅਤੇ ਟਰਫ਼
- ਨਵੀਂ ਕੌਮੀ ਸਿੱਖਿਆ ਨੀਤੀ 2020
- ਖਿਡਾਰੀਆਂ ਦੀ ਪੜਾਈ, ਸਪੋਰਟਸ ਕਿੱਟ, ਖਾਣਾ ਬਿਲਕੁਲ ਫ੍ਰੀ
- ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਹੋਸਟਲ ਰਿਹਾਇਸ਼ ਵੀ ਫ੍ਰੀ ਹੈ ।

ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ
ਸਾਇੰਸ (ਮੈਡੀਕਲ, ਨਾਨ ਮੈਡੀਕਲ), ਕਾਮਰਸ, ਆਰਟਸ ਵੋਕੇਸ਼ਨਲ ਗਰੁੱਪ, N.S.Q.F., ਹੈਲਥ ਕੇਅਰ ਅਤੇ ਬਿਊਟੀ ਐਂਡ ਵੈੱਲਨੈਸ
ਸਕੂਲ ਵਿੱਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਸੁਵਿਧਾ

ਜੂਨੀਅਰ ਅਤੇ ਸੀਨੀਅਰ ਵਿੰਗਸਕੂਲ ਵੱਲੋਂ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ

ਭਗਵੰਤ ਮਾਨ, ਮੁੱਖਮੰਤਰੀ ਪੰਜਾਬ
ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਪੰਜਾਬ
ਡਾ.ਕਸ਼ਮੀਰ ਸਿੰਘ ਸੋਹਲ, ਵਿਧਾਇਕ ਤਰਨ ਤਾਰਨ
ਸ੍ਰੀ ਰਾਹੁਲ (I.A.S), ਡਿਪਟੀ ਕਮਿਸ਼ਨਰ, ਤਰਨ ਤਾਰਨ
ਸ. ਸਤਿਨਾਮ ਸਿੰਘ ਬਾਠ, ਜ਼ਿਲ੍ਹਾ ਸਿੱਖਿਆ ਅਫਸਰ (ਤਰਨ ਤਾਰਨ)
ਸ੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ

ਵੱਲੋਂ: ਪ੍ਰਿੰਸੀਪਲ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ) ਤਰਨ ਤਾਰਨ



**ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ**

ਡਾ. ਕਸ਼ਮੀਰ ਸਿੰਘ ਸੋਹਲ, ਵਿਧਾਇਕ ਤਰਨ ਤਾਰਨ
ਸ੍ਰੀ ਰਾਹੁਲ (I.A.S), ਡਿਪਟੀ ਕਮਿਸ਼ਨਰ, ਤਰਨ ਤਾਰਨ
ਜਸਵਿੰਦਰ ਸਿੰਘ ਚਹਿਲ, (ਪੀਟੀਸੀ) ਐਮਬੀਏ, ਐਮ.ਕਾਮ ਜਨਰਲ ਮੈਨੇਜਰ

ਵਿਸ਼ੇਸ਼ਤਾਈਆਂ ਬੱਸ ਸਟੈਂਡ ਤਰਨ ਤਾਰਨ

1. ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਤਰਨ ਤਾਰਨ ਡਿਪੂ ਵੱਲੋਂ 04 ਲੋਕਲ ਰੂਟਾਂ ਤੇ ਬੱਸ ਸੇਵਾ ਚਲਾਈ ਗਈ।
2. ਝਬਾਲ ਬੱਸ ਸਟੈਂਡ ਦਾ ਉਦਘਾਟਨ ਕਰਕੇ ਬੱਸ ਸੇਵਾ ਸਟੈਂਡ ਦੇ ਅੰਦਰੋਂ ਕੀਤੀ ਗਈ ਜਿਸ ਨਾਲ ਝਬਾਲ ਚੌਂਕ ਵਿੱਚ ਟਰੈਫਿਕ ਦਾ ਸੁਧਾਰ ਕੀਤਾ ਗਿਆ।
3. ਸਵਾਰੀਆਂ ਦੀ ਸਹੂਲਤ ਲਈ ਤਰਨ ਤਾਰਨ ਬੱਸ ਸਟੈਂਡ ਦੇ ਅੰਦਰੋ ਸਾਰੀਆਂ ਬੱਸਾਂ ਚਲਾਈਆਂ ਗਈਆਂ।
4. ਬੱਸ ਸਟੈਂਡ ਦੀ ਸਫਾਈ ਦਾ ਖਾਸ ਪ੍ਰਬੰਧ ਕੀਤਾ ਗਿਆ ਜਿਵੇਂ ਬਾਥਰੂਮ-ਪਖਾਨੇ, ਕਮਰੇ ਅਤੇ ਪੀਣ ਵਾਲੀ ਪਾਣੀ ਦੀ ਵਿਸ਼ੇਸ਼ ਸੁਵਿਧਾ ਕੀਤੀ ਗਈ।
5. ਰਾਤ ਨੂੰ ਬੱਸ ਸਟੈਂਡ ਤੇ ਸਕਿਊਰਟੀ ਵਜੋਂ ਲਾਈਟਾਂ ਚੌਕੀਦਾਰਾਂ ਦਾ ਪ੍ਰਬੰਧ ਹੈ।
6. ਬੱਸ ਸਟੈਂਡ ਤੇ ਮੋਟਰ ਸਾਈਕਲ, ਕਾਰਾਂ ਲਈ ਪਾਰਕਿੰਗ ਦਾ 24 ਘੰਟੇ ਪ੍ਰਬੰਧ ਹੈ।





**ਵਿਸਾਖੀ ਮੁਬਾਰਕ**

ਕਣਕਾਂ ਦੀ ਮੁੱਕ ਗਈ ਰਾਖੀ... ਓ ਜੱਟਾ ਆਈ ਵਿਸਾਖੀ
ਜਿੱਥੇ ਰੁੱਤ ਵਿਸਾਖੀ ਦੀ ਲੈ ਕੇ ਆਉਂਦੀ ਮਸਤ ਬਹਾਰਾਂ.......
ਪਾ ਭੰਗੜੇ ਨੱਚਦੇ ਨੇ ਥਾਂ-ਥਾਂ ਗੱਭਰੂ ਤੇ ਮੁਟਿਆਰਾਂ..

ਮਾਤਾ ਗੁਜਰੀ ਕਾਨਵੈਂਟ ਸਕੂਲ, ਸਰਹਾਲੀ ਕਲਾਂ ਵੱਲੋਂ
ਆਪ ਸਭ ਨੂੰ ਵਿਸਾਖੀ ਦੀਆਂ ਬਹੁਤ-ਬਹੁਤ ਮੁਬਾਰਕਾਂ ਹੋਵਣ ਜੀ

Ar. Pranavdeep Singh
S. Manjinder Singh Kuckreja
Mrs. Geeta Kuckreja



**ਸਾਰੇ ਸ਼ਹਿਰਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ**

ਨਰਿੰਦਰ ਸਿੰਘ, ਐਸ.ਡੀ.ਓ. ਸਿਟੀ PSPCL (Tarn Taran)
ਗੁਰਭੇਜ ਸਿੰਘ ਢਿੱਲੋਂ, ਪੰਜਾਬ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਸਰਕਲ ਤਰਨ ਤਾਰਨ
ਪ੍ਰਿਤਪਾਲ ਸਿੰਘ, ਆਰ ਏ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਸਰਕਲ ਤਰਨ ਤਾਰਨ
ਮੇਜਰ ਸਿੰਘ ਮੱਲੀਆ, ਸਰਕਲ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਸਰਕਲ ਤਰਨ ਤਾਰਨ

ਵੱਲੋਂ : ਡੈਮੋਕ੍ਰੇਟਿਕ ਟੀਚਰਜ ਫਰੰਟ/ਮੁਲਾਜਮ ਫੈੱਡਰੇਸ਼ਨ ਜਿਲਾ ਤਰਨਤਾਰਨ



ਕੌਮੀ ਜਨਰਲ ਸਕੱਤਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ )
**ਵਿਸਾਖੀ** ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ
Happy Baisakhi
ਮੰਗਤ ਰਾਮ ਪਾਸਲਾ, ਕਾਮਰੇਡ



**Sankalp DRUG DEPENDENCE TREATMENT CENTRE**
(A VENTURE OF SUMAN INFO HEALTHCARE PVT. LTD.)
916, Amritsar Road, Adjoining Corporation Bank, Opp. Civil Hospital, Tarn Taran -143401.
Contact : 01852-223065, 9915029742, 9915029746, 9878650041 Email : sankalpdrug@gmail.com

**ਸੰਕਲਪ ਮਾਨਸਿਕ ਸਿਹਤ ਅਤੇ ਨਸ਼ਾ ਛੁਡਾਊ ਹਸਪਤਾਲ**
(ਸੁਮਨ ਇਨਫੋ ਹੈਲਥਕੇਅਰ ਪ੍ਰਾਈਵੇਟ ਲਿਮਿਟੇਡ ਦੇ ਸਹਿਯੋਗ ਨਾਲ)
916,ਅੰਮ੍ਰਿਤਸਰ ਰੋਡ, ਨਾਲ ਕਾਰਪੋਰੇਸ਼ਨ ਬੈਂਕ, ਸਾਹਮਣੇ ਸਿਵਲ ਹਸਪਤਾਲ, ਤਰਨ-ਤਾਰਨ-143401.
(ਪੰਜਾਬ ਸਰਕਾਰ ਦੁਆਰਾ ਮੰਜੂਰਸ਼ੁਦਾ ਨਸ਼ਾ ਮੁਕਤੀ ਕੇਂਦਰ)

ਇਥੇ ਹਰ ਤਰਾਂ ਦਾ ਨਸ਼ੇ ਦਾ ਅਤੇ ਮਾਨਸਿਕ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ।

ਉਪਲੱਬਧ ਸੇਵਾਵਾਂ:
ਸਮੈਕ, ਹੈਰੋਇਨ (ਚਿੱਟਾ), ਅਫੀਮ, ਭੁੱਕੀ, ਪੋਸਤ, ਡੋਡੇ, ਭੰਗ, ਚਰਸ, ਗਾਂਜਾ, ਹਸ਼ੀਸ਼, ਤੰਬਾਕੂ, ਬੀੜੀ, ਸਿਗਰੇਟ, ਸ਼ਰਾਬ, ਕੈਪਸੂਲ, ਗੋਲੀਆਂ ਆਦਿ।

ਨਸ਼ਾ ਛੁਡਾਉਣ ਲਈ ਜੀਭ ਥੱਲੇ ਰੱਖਣ ਵਾਲੀ ਗੋਲੀ (OST) ਮਿਲਦੀ ਹੈ।

- ਦਵਾਈ ਲੈਣ ਤੋਂ ਬਾਅਦ ਮਰੀਜ਼ ਨੂੰ ਕੋਈ ਤੋੜ ਨਹੀਂ ਲੱਗਦੀ।
- ਨਸ਼ੇ ਤੋਂ ਬਚਣ ਅਤੇ ਨਸ਼ੇ ਨੂੰ ਨਾ ਕਹਿਣ ਸੰਬਧੀ ਟ੍ਰੇਨਿੰਗ।
- ਕਾਉਸਿਲਿੰਗ (ਗੱਲ ਬਾਤ ਰਾਹੀਂ ਇਲਾਜ)।
- ਹਰ ਪ੍ਰਕਾਰ ਦੇ ਮਾਨਸਿਕ ਰੋਗਾਂ ਦਾ ਇਲਾਜ ਜਿਵੇਂ :- ਉਦਾਸੀ, ਘਬਰਾਹਟ, ਸਿਰ ਦਰਦ, ਦੰਦਲ, ਬੇਹੋਸ਼ੀ, ਮਿਰਗੀ, ਸ਼ੱਕ-ਵਹਿਮ, ਬਾਰ-ਬਾਰ ਹੱਥ ਧੋਣਾ, ਨੀਂਦ ਨਾ ਆਉਣਾ।
- ਬੱਚਿਆਂ ਦੇ ਮਾਨਸਿਕ ਰੋਗ ਦਾ ਇਲਾਜ ਜਿਵੇਂ :- ਪੜਣ-ਲਿਖਣ ਵਿੱਚ ਤਕਲੀਫ, ਸਕੂਲ ਨਾ ਜਾਣਾ, ਡਰਨਾ, ਗੱਲ ਨਾ ਮੰਨਣਾ, ਕਮਜੋਰੀ, ਨੀਂਦ ਵਿੱਚ ਚੱਲਣਾ ਜਾਂ ਬੋਲਣਾ, ਯਾਦ ਨਾ ਰਹਿਣਾ ।
- ਪੰਜਾਬ ਦਾ ਸਭ ਤੋਂ ਸਸਤਾ ਅਤੇ ਆਧੁਨਿਕ ਇਲਾਜ ਕੇਂਦਰ।

ਮਰੀਜ਼ ਨੂੰ ਦਾਖਲ ਕੀਤੇ ਬਿਨਾਂ ਵੀ ਨਸ਼ਾ ਛੁਡਵਾਇਆ ਜਾਂਦਾ ਹੈ ।

ਮਰੀਜ਼ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ।
ਆਪਣੀ ਮਰਜੀ ਦੇ ਦਿਨ ਅਤੇ ਸਮੇਂ ਤੇ ਵਿਖਾਉਣ ਲਈ ਸੰਪਰਕ ਕਰੋ ।
Contact : 01852-223065, 9915029742, 9915029746 98786-50041
ਸਾਡਾ ਨਿਸ਼ਚਾ :- ਘੱਟ ਤੋਂ ਘੱਟ ਦਵਾਈ ਨਾਲ ਵਧੀਆ ਇਲਾਜ



**ਵਿਸਾਖੀ** ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ

Sakattar Singh Sandhu, Member Academic Council of PSEB & Senior Vice President of Rasa Punjab
Ramanpreet Singh Gill, District President Rasa Tarn Taran
Sukhjinder Singh Gill, Joint Secretary

ਵੱਲੋਂ : ਸਮੂਹ ਸਕੂਲ ਸੰਚਾਲਕ ਅਤੇ ਰੈਕਿਗਨਾਈਜ਼ਡ ਐਂਡ ਐਫੀਲੀਏਟਿਡ ਸੂਕਲ ਐਸੋਸੀਏਸ਼ਨ (ਰਾਸਾ) ਜ਼ਿਲ੍ਹਾ ਤਰਨ ਤਾਰਨ ਪੰਜਾਬ



**ਸਾਰੇ ਸ਼ਹਿਰਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ**

ਪ੍ਰਤਾਪ ਸਿਘ ਠੱਠਗੜ੍ਹ, ਜ਼ਿਲਾ ਪ੍ਰਧਾਨ
ਰਜਿੰਦਰ ਕੌਰ, ਪ੍ਰਧਾਨ ਆਸ਼ਾ ਵਰਕਰ
ਰਾਜਵੰਤ ਕੌਰ, ਪ੍ਰਧਾਨ ਮਿਡ-ਡੇਅ-ਮੀਲ
ਦਿਵਾਨ ਸਿੰਘ ਬਾਣੀਆਂ

ਵੱਲੋਂ : ਡੈਮੋਕ੍ਰੇਟਿਕ ਟੀਚਰਜ ਫਰੰਟ/ਮੁਲਾਜਮ ਫੈੱਡਰੇਸ਼ਨ ਜਿਲਾ ਤਰਨਤਾਰਨ

**ਵਿਸਾਖੀ** ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ

Pawn Sharma (Pardan)
Tarsem Sharma
Adesh Agnihotri
Avtar Singh, Brahaman Pritinidhi Sabha Tarn Taran



Management, Principal, Staff and Students of
**Punjab Children Academy**
(Affiliated to I.C.S.E., New Delhi)





ਸਾਰੇ ਸ਼ਹਿਰਵਾਸੀਆਂ
**ਵਿਸਾਖੀ** ਦੀਆਂ ਸਾਰੇ ਸ਼ਹਿਰਵਾਸੀਆਂ ਨੂੰ ਲੱਖ-ਲੱਖ ਵਧਾਈਆਂ

Harmanpreet Singh, Managing Director
Sandhya Khanna, Principal

Near Goindwal Railway Crossing, Tarn Taran.
Ph. No. 73072-69578, 01852-223157



**ਸਿਟੀ ਹਸਪਤਾਲ**
ਸਾਹਮਣੇ ਰੋਡਵੇਜ਼ ਵਰਕਸ਼ਾਪ, ਨਜ਼ਦੀਕ ਬਸ ਸਟੈਂਡ, ਤਰਨ ਤਾਰਨ

ਵਿਸ਼ੇਸ਼ਤਾਵਾਂ
- ਆਕਸੀਜਨ ਦਾ ਖਾਸ ਪ੍ਰਬੰਧ ।
- ਆਈ.ਸੀ.ਯੂ.।
- 24 ਘੰਟੇ ਖੁਲਾ ਹਰੇਕ ਐਮਰਜੈਂਸੀ ਰਾਹਤ ਕੇਂਦਰ ।
- ਜਹਿਰੀਲੀ ਦਵਾਈ ਪੀਤੀ ਅਤੇ ਚੜੀ ਦਾ ਇਲਾਜ ।
- ਐਕਸੀਡੈਂਟ ਮਰੀਜਾਂ ਲਈ ਰਾਹਤ ਕੇਂਦਰ ।
- ਔਰਤਾਂ ਦੀ ਹਰੇਕ ਬਿਮਾਰੀ ਦਾ ਇਲਾਜ ।
- ਅਪਰੇਸ਼ਨ ਥਿਏਟਰ ਹਰੇਕ ਤਰ੍ਹਾਂ ਦੇ ਅਪਰੇਸ਼ਨ ।
- ਗੁਰਦੇ ਦੀ ਪਥਰੀ, ਬਵਾਸੀਰ, ਹਰਨੀਆਂ, ਗਦੂਦਾਂ ਆਦਿ।
- ਬੱਚਿਆਂ ਦੀ ਹਰ ਬਿਮਾਰੀ ਦਾ ਇਲਾਜ ।
- ਛੋਟਿਆਂ ਬੱਚਿਆਂ ਨੂੰ ਪੀਲੀਆ ਹੋਣ ਤੇ ਮਸ਼ੀਨਾਂ ਦਾ ਪ੍ਰਬੰਧ ।
- ਸੱਪ ਦੇ ਕੱਟੇ ਦਾ ਇਲਾਜ ।
- ਨਾਰਮਲ ਡਲਿਵਰੀ, ਵੱਡੇ ਛੋਟੇ ਅਪਰੇਸ਼ਨ ਨਾਲ ਡਲਿਵਰੀ ਘੱਟ ਰੇਟਾਂ ਤੇ ।

ਡਾ. ਜਗਜੀਤ ਸਿੰਘ
Happy Baisakhi
24 ਘੰਟੇ ਤੁਹਾਡੀਆਂ ਸੇਵਾਵਾਂ ਵਿੱਚ



ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ
**ਨਿਰਮਲ ਛਾਇਆ ਮਾਨਸਿਕ ਰੋਗ ਅਤੇ ਨਸ਼ਾ ਛੁਡਾਊ ਹਸਪਤਾਲ**
O.S.T. (ਜੀਭ ਥੱਲੇ ਰੱਖਣ ਵਾਲੀ ਗੋਲੀ)

ਹਰ ਪ੍ਰਕਾਰ ਦੇ ਨਸ਼ਿਆਂ ਦੀ ਇਲਾਜ ਜਿਵੇਂ : ਅਫੀਮ, ਡੋਡੇ, ਭੁੱਕੀ, ਪੋਸਤ, ਸਮੈਕ, ਹਿਰੋਇਨ, ਨਸ਼ੇ ਦੇ ਟੀਕੇ, ਪ੍ਰੌਕਸੀਵੌਨ, ਕੋਰੈਕਸ ਆਦਿ ਦਾ ਬਿਨਾਂ ਦਰਦ ਤੇ ਤਕਲੀਫ ਦੇ ਘਰ ਬੈਠਿਆਂ ਸਫਲ ਇਲਾਜ ਕੀਤਾ ਜਾਂਦਾ ਹੈ।

ਔਰਤਾਂ ਅਤੇ ਪੁਰਸ਼ਾਂ ਦੇ ਲੱਛਣ
- ਸ਼ਰਾਬ, ਅਫੀਮ, ਪੋਸਤ, ਭੁੱਕੀ, ਨਸ਼ੇ ਦੇ ਟੀਕੇ।
- ਸਮੈਕ, ਨੀਂਦ ਦੀਆਂ ਗੋਲੀਆਂ ਦਾ ਇਲਾਜ।
- ਬਾਰ-ਬਾਰ ਰੋਣਾ ਆਉਣਾ।
- ਆਤਮ ਹੱਤਿਆ ਦਾ ਵਿਚਾਰ ਆਉਣਾ।
- ਡਰ, ਸ਼ੱਕ, ਵਹਿਮ, ਭੂਤ-ਪ੍ਰੇਤ ਦਿਖਾਈ ਦੇਣਾ।
- ਨੀਂਦ, ਭੁੱਖ ਘੱਟ ਹੋਣਾ, ਬੇਚੈਨੀ, ਭੀੜ ਆਦਿ ਦਾ ਡਰ।
- ਸਰੀਰ ਦਰਦ, ਛਾਤੀ ਦਰਦ, ਲਗਾਤਾਰ ਸਿਰ ਦਰਦ ਹੋਣਾ।
- ਅੱਧਾ ਸਿਰ ਦਰਦ, ਮਾਈਗ੍ਰੇਨ ਦਾ ਦਰਦ, ਮਿਰਗੀ ਦੇ ਦੌਰੇ।
- ਸਿਰ ਦਰਦ ਤੋਂ ਬਾਅਦ ਉਲਟੀ ਆਉਣਾ।
- ਧਾਂਤ ਪੈਣਾ, ਸ਼ੀਘਰ ਪੱਤਣ, ਸੈਕਸ ਸਬੰਧੀ ਸਮੱਸਿਆਵਾਂ।

ਮਰੀਜ਼ ਨੂੰ ਦਾਖਲ ਕਰਕੇ ਨਸ਼ਾ ਛੁਡਵਾਉਣ ਦਾ ਵੀ ਖਾਸ ਪ੍ਰਬੰਧ ਹੈ।
ਐਤਵਾਰ ਵੀ ਖੁੱਲ੍ਹਦਾ ਹੈ

ਪਹਿਲੀ ਮੰਜਿਲ, ਗਿੱਲ ਕੰਪੈਲਕਸ, ਨੇੜੇ ਜਨਤਾ ਪੈਲੇਸ, ਅੰਮ੍ਰਿਤਸਰ ਰੋਡ, ਤਰਨ ਤਾਰਨ।
Mob.: 97799-21529, 95016-02551



**ਸਾਰੇ ਸ਼ਹਿਰਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ**
Happy Baisakhi

ਭਗਵੰਤ ਮਾਨ, ਮੁੱਖਮੰਤਰੀ ਪੰਜਾਬ
ਲਾਲ ਚੰਦ ਕਟਾਰੂਚੱਕ, ਜਿਲ੍ਹਾ ਖੁਰਾਕ ਐਂਡ ਸਿਵਲ ਸਪਲਾਈ ਮੰਤਰੀ
ਸ੍ਰੀ ਰਾਹੁਲ (I.A.S), ਡਿਪਟੀ ਕਮਿਸ਼ਨਰ ਤਰਨ ਤਾਰਨ
ਜਸਜੀਤ ਕੌਰ, ਜ਼ਿਲ੍ਹਾ ਖੁਰਾਕ ਐਂਡ ਸਿਵਲ ਸਪਲਾਈ ਕੰਟਰੋਲਰ
ਨਵਦੀਪ ਸਿੰਘ ਔਲਖ, ਏ.ਐਫ.ਐਸ.ਓ
ਮਨਦੀਪ ਸਿੰਘ, ਇੰਸਪੈਕਟਰ
ਰਣਜੀਤ ਸਿੰਘ, ਇੰਸਪੈਕਟਰ
ਗੁਰਪ੍ਰੀਤ ਸਿੰਘ, ਇੰਸਪੈਕਟਰ



*For all round development of the personality of your child*
*To make your child fit for global competition*
*To make your child one of the best citizens of the world.*





Registration / Admission Open Pre-Nursery to +2 Class

**GURU GOBIND SINGH CONVENT SCHOOL**
Affiliated to CISCE Board, New Delhi, Registered No. Pu119

Special Features :-
- No fee is charged from the students of Pre-Nursery Class (within the age group of 2.5-3 years).
- Special stress is laid on religious and moral education as well as on athletics & sports
- Teaching through smart classes and modern techniques.
- Fear free atmosphere.
- Excellent results and meritorious positions in CISCE Board's examination.
- Innovative curriculum.
- Creative experiential learning.
- Indoor and outdoor sports activities arrangement.
- Special concession for poor & intelligent students.

The school is making tremendous progress in all the fields-academic, religious and sports under the Patronage of Sant Baba Sukha Singh Ji, & under the control of Sant Baba Hakam Singh ji, great saints of the area.

Principal: 81968-93797, 99883-81854 | Director: 98143-09057
Email: ggsconventschool@yahoo.com
Address : Village Sohawa, District Tarn Taran.



**GURU AMAR DASS ADARSH INSTITUTE**
GOINDWAL SAHIB, TARN TARAN

2025-2026 ADMISSION OPEN
NURSERY TO 10+2 CLASS
AFFILIATED TO CBSE
AC Classrooms
No Admission Fee
Avail Special Early Bird Discount Offers





World Class Infrastructure in 10 Acres
"Our Students have emerged as the Tarn Taran District Toppers for Seven consecutive years"

ਸਾਡੇ ਵਿਦਿਆਰਥੀ ਲਗਾਤਾਰ ਸੱਤਵੀਂ ਵਾਰ ਸੀ.ਬੀ.ਐਸ.ਈ. ਦੀ ਪ੍ਰੀਖਿਆ ਵਿੱਚ ਤਰਨ ਤਾਰਨ ਜ਼ਿਲ੍ਹੇ ਵਿੱਚੋਂ ਅਵੱਲ

Winner of Golden School Award at National Level
Awarded as India's Best School with AAA+ Rating

75270-82110
75270-82111
www.facebook.com/gadai.in/ website: www.gadai.in
www.facebook.com/gadkidsparadise



ਜਗਦੀਸ਼ ਰਾਣਾ ਦੀਆਂ ਨਵੀਆਂ ਗ਼ਜ਼ਲਾਂ
(ਆਖਰੀ ਤੋਂ ਪਹਿਲੇ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਸਿਖ਼ਰ ਦੁਪਹਿਰੇ ਸੂਰਜ ਡੁੱਬਦੇ ਚੰਗੇ ਨ੍ਹੀਂ ਲੱਗਦੇ
ਦਰਿਆਵਾਂ ਵਿੱਚ ਰੇਤੇ ਉਡਦੇ ਚੰਗੇ ਨ੍ਹੀਂ ਲੱਗਦੇ
ਫਾੜੀ ਬੰਦੇ ਪਹਿਲਾਂ ਪੁੱਗਦੇ ਚੰਗੇ ਨ੍ਹੀਂ ਲੱਗਦੇ
ਪੁੱਗੇ ਤਾਂ ਚੋਰਾਂ ਜਿਉਂ ਲੁਕਦੇ ਚੰਗੇ ਨ੍ਹੀਂ ਲੱਗਦੇ।

\- ਵਾਹਿਦ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 13 ਅਪ੍ਰੈਲ 2025 www.nawanzamana.in ਕੀਮਤ 5.00 ਰੁਪਏ


# ਬਸਤੀਵਾਦ ਦਾ ਵਹਿਸ਼ੀ ਚਿਹਰਾ

**ਸਵਰਾਜਬੀਰ**

ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਦੁਨੀਆ ਦੇ ਇਤਿਹਾਸ ਵਿੱਚ ਇੱਕ ਇਹੋ ਜਿਹੀ ਘਟਨਾ ਸੀ, ਜਿਸ ਨੇ ਬ੍ਰਿਟਿਸ਼ ਸਾਮਰਾਜਵਾਦ/ਬਸਤੀਵਾਦ ਦੇ ਵਹਿਸ਼ੀ ਚਿਹਰੇ ਦੀ ਅਸਲੀਅਤ ਨੂੰ ਮਨੁੱਖਤਾ ਦੇ ਸਾਹਮਣੇ ਪੂਰੀ ਤਰ੍ਹਾਂ ਨੰਗਿਆਂ ਕਰਕੇ ਰੱਖ ਦਿੱਤਾ। ਇਹੀ ਕਾਰਨ ਸੀ ਕਿ ਅੰਗਰੇਜ਼ ਸਰਕਾਰ ਨੇ ਇਸ ਸਾਕੇ ਤੋਂ ਬਾਅਦ ਜਨਰਲ ਡਾਇਰ ਦੁਆਰਾ ਕੀਤੀ ਜ਼ਾਲਮਾਨਾ ਕਾਰਵਾਈ ਦੀ ਪੜਤਾਲ ਕਰਨ ਲਈ ਲਾਰਡ ਹੰਟਰ ਦੀ ਅਗਵਾਈ ਵਿੱਚ 'ਡਿਸਆਰਡਰਜ਼ ਇਨਕੁਆਰੀ ਕਮੇਟੀ' (ਫ਼ਸਾਦਾਂ ਦੀ ਪੜਤਾਲ ਲਈ ਕਮੇਟੀ) ਬਣਾਈ ਅਤੇ ਡਾਇਰ ਦੀ ਕਮਾਨ ਹੇਠ ਕੀਤੇ ਗਏ ਭਿਆਨਕ ਕਾਰੇ ਤੋਂ ਫ਼ਾਸਲਾ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਕਮੇਟੀ ਵਿੱਚ ਲਾਰਡ ਹੰਟਰ ਦੇ ਨਾਲ ਹੋਰ ਮੈਂਬਰ ਸਨ; ਡਬਲਿਊ.ਐੱਫ਼. ਰਈਸ, ਐਡੀਸ਼ਨਲ ਸੈਕਟਰੀ ਇਨ ਸਰਕਾਰ (ਗ੍ਰਹਿ ਵਿਭਾਗ), ਜਸਟਿਸ ਜੀ.ਸੀ. ਰੈਕਨ, ਮੇਜਰ ਜਨਰਲ ਸਰ ਜਾਰਜ ਬਾਰੋ, ਕਮਾਂਡਰ ਪਿਸ਼ਾਵਰ ਡਵੀਜ਼ਨ (ਯੂ.ਪੀ. ਦੀ ਵਿਧਾਨ ਪ੍ਰੀਸ਼ਦ ਦਾ ਗ਼ੈਰ-ਸਰਕਾਰੀ ਮੈਂਬਰ), ਸਰ ਚਮਨ ਲਾਲ ਸੀਤਲਵਾੜ, ਐਡਵੋਕੇਟ ਬੰਬਈ ਹਾਈ ਕੋਰਟ, ਸਰਦਾਰ ਸਾਹਿਬਜ਼ਾਦਾ ਸੁਲਤਾਨ ਅਹਿਮਦ ਖ਼ਾਨ, ਬਾਰ ਐਟ ਲਾਅ, ਪੰਡਿਤ ਜਗਤ ਨਾਰਾਇਣ, ਮੈਂਬਰ ਯੂ.ਪੀ. ਵਿਧਾਨ ਪ੍ਰੀਸ਼ਦ ਅਤੇ ਐੱਚ.ਜੀ. ਸਕੋਟਸ ਦੀ ਬਣੀ। ਕਾਂਗਰਸ ਨੇ ਇਸ ਕਮੇਟੀ ਦਾ ਬਾਈਕਾਟ ਕੀਤਾ। ਇਸ ਕਮੇਟੀ ਦਾ ਖਰੜਾ ਆਗਰੇ ਵਿੱਚ ਤਿਆਰ ਕੀਤਾ ਗਿਆ। ਕਈ ਪ੍ਰਮੁੱਖ ਸਵਾਲਾਂ ਬਾਰੇ ਹਿੰਦੁਸਤਾਨੀ ਮੈਂਬਰਾਂ ਨੇ ਗੋਰਿਆਂ ਦੀ ਬਹੁਗਿਣਤੀ ਨਾਲੋਂ ਵੱਖਰੀ ਰਾਇ ਪੇਸ਼ ਕੀਤੀ ਅਤੇ ਇਸ ਰਾਇ ਨੂੰ ਘੱਟਗਿਣਤੀ ਦੀ ਰਿਪੋਰਟ ਵਜੋਂ ਸਵੀਕਾਰ ਕੀਤਾ ਗਿਆ। ਬਹੁਗਿਣਤੀ ਦੀ ਰਿਪੋਰਟ ਵਿੱਚ ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਨੂੰ ਲੱਗਭੱਗ ਨਿਰਦੋਸ਼ ਮੰਨ ਲਿਆ ਗਿਆ ਅਤੇ ਸਾਰਾ ਦੋਸ਼ ਜਨਰਲ ਡਾਇਰ ਉੱਤੇ ਥੋਪਿਆ ਗਿਆ। ਬਹੁਗਿਣਤੀ ਰਿਪੋਰਟ ਵਿੱਚ ਕਿਹਾ ਗਿਆ ਕਿ ਉਸ ਨੇ ਗੋਲੀ ਚਲਾਉਣ ਤੋਂ ਪਹਿਲਾਂ ਲੋਕਾਂ ਨੂੰ ਉੱਥੋਂ ਚਲੇ ਜਾਣ ਬਾਰੇ ਕੋਈ ਚਿਤਾਵਨੀ ਨਹੀਂ ਸੀ ਦਿੱਤੀ ਅਤੇ ਉਸ ਦੀ ਆਪਣੀ ਗਵਾਹੀ ਤੋਂ ਪ੍ਰਤੱਖ ਸੀ ਕਿ ਉਹ ਉਦੋਂ ਤੱਕ ਗੋਲੀ ਚਲਾਉਂਦਾ ਰਿਹਾ, ਜਦ ਤੱਕ ਉਸ ਦੀ ਕਮਾਨ ਹੇਠਲੇ ਫ਼ੌਜੀਆਂ ਕੋਲ ਸਿੱਕਾ ਬਾਰੂਦ ਖ਼ਤਮ ਨਹੀਂ ਹੋ ਗਿਆ।

ਡਾਇਰ ਦੀ ਇਸ ਜ਼ਾਲਮਾਨਾ ਕਾਰਵਾਈ ਵਿਰੁੱਧ ਅੰਗਰੇਜ਼ਾਂ ਵਿੱਚ ਵੱਖ-ਵੱਖ ਤਰ੍ਹਾਂ ਦੀ ਪ੍ਰਤੀਕਿਰਿਆ ਹੋਈ। ਇੱਕ ਧਿਰ, ਜਿਸ ਦੀ ਪ੍ਰਤੀਨਿਧਤਾ ਉਸ ਸਮੇਂ ਦਾ ਲੈਫ਼ਟੀਨੈਂਟ ਗਵਰਨਰ ਮਾਈਕਲ ਉਡਵਾਇਰ ਤੇ ਹੋਰ ਕਰਦੇ ਸਨ, ਨੇ ਡਾਇਰ ਦੁਆਰਾ ਕੀਤੀ ਗਈ ਕਾਰਵਾਈ ਨੂੰ ਮੁਨਾਸਿਬ ਠਹਿਰਾਇਆ।ਉਡਵਾਇਰ ਨੇ ਕਿਹਾ, ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਡਾਇਰ ਦੀ ਕਾਰਵਾਈ ਉਸ ਦਿਨ ਦੀ ਬਗ਼ਾਵਤ ਨੂੰ ਕੁਚਲਣ ਲਈ ਫ਼ੈਸਲਾਕੁਨ ਕਦਮ ਸੀ। ਉਹ ਬਗ਼ਾਵਤ ਕਿੰਨੀ ਖ਼ਤਰਨਾਕ ਅਤੇ ਗੰਭੀਰ ਸੀ, ਉਹਦਾ ਅਹਿਸਾਸ ਹੁਣ ਕੀਤਾ ਜਾ ਰਿਹਾ ਹੈ। ਪੰਜਾਬ ਦੇ ਗਵਰਨਰ ਸਰ ਐਡਵਰਡ ਮੈਕਲੈਗਨ ਦਾ ਦਾਅਵਾ ਸੀ ਕਿ ਡਾਇਰ ਨੇ ਉੱਤਰੀ ਹਿੰਦੁਸਤਾਨ ਵਿੱਚ ਆਮ ਬਗ਼ਾਵਤ ਨੂੰ ਭੜਕਣ ਤੋਂ ਰੋਕ ਲਿਆ। ਡਾਇਰ ਦੇ ਸੀਨੀਅਰ ਅਫ਼ਸਰਾਂ ਨੇ ਉਹਦੀ ਪਿੱਠ ਥਾਪੜੀ ਅਤੇ ਇਤਿਹਾਸਕਾਰ ਵੀ.ਐੱਨ. ਦੱਤ ਅਨੁਸਾਰ ਯੂਰਪੀਅਨ ਭਾਈਚਾਰੇ ਦੇ ਵੱਡੇ ਹਿੱਸੇ ਨੇ ਉਸ ਨੂੰ ਆਪਣੇ 'ਬੰਦੀਛੋੜ' ਵਜੋਂ ਸਵੀਕਾਰ ਕੀਤਾ।

ਪਰ ਜਿਉਂ-ਜਿਉਂ ਇਸ ਸਾਕੇ ਨਾਲ ਸੰਬੰਧਤ ਘਟਨਾਵਾਂ ਦੇ ਘੋਰ ਅਮਾਨਵੀ ਪਹਿਲੂ ਪ੍ਰਗਟ ਹੁੰਦੇ ਗਏ ਤਾਂ ਅੰਗਰੇਜ਼ ਸਿਆਸਤਦਾਨਾਂ ਦੀ ਸਮਝ ਵਿੱਚ ਇਹ ਆਉਣ ਲੱਗਾ ਕਿ ਭਾਵੇਂ ਉਨ੍ਹਾਂ ਨੂੰ ਪਹਿਲਾਂ ਤਾਂ ਇਹ ਲੱਗਦਾ ਸੀ ਕਿ ਡਾਇਰ ਦੀ ਇਸ ਕਾਰਵਾਈ ਨਾਲ ਹਿੰਦੁਸਤਾਨ ਵਿੱਚ ਅੰਗਰੇਜ਼ੀ ਸਾਮਰਾਜ ਮਜ਼ਬੂਤ ਹੋਇਆ ਹੈ, ਪਰ ਇਹ ਧਾਰਨਾ ਏਨੀ ਠੀਕ ਨਹੀਂ ਸੀ। ਉਸ ਵੇਲੇ ਦੇ ਸੈਕਟਰੀ ਆਫ਼ ਸਟੇਟ ਵਿੰਸਟਨ ਚਰਚਿਲ ਨੇ ਆਰਮੀ ਕੌਂਸਿਲ ਵਿੱਚ ਡਾਇਰ ਦਾ ਘੋਰ ਵਿਰੋਧ ਇਹ ਕਹਿੰਦਿਆਂ ਕੀਤਾ ਕਿ ਇੱਕ ਫ਼ੌਜੀ ਕਮਾਂਡਰ ਨੂੰ ਘੱਟੋ-ਘੱਟ ਤਾਕਤ ਦਾ ਇਸਤੇਮਾਲ ਕਰਨਾ ਚਾਹੀਦਾ ਹੈ; ਡਾਇਰ ਨੇ ਇਸ ਅਸੂਲ ਦੀ ਉਲੰਘਣਾ ਕੀਤੀ ਸੀ, ਇਸ ਲਈ ਉਸ ਨੂੰ ਫ਼ੌਜ ਵਿੱਚੋਂ ਜਬਰੀ ਸੇਵਾ ਨਿਵਿਰਤ ਕਰ ਦਿੱਤਾ ਜਾਏ।ਇੱਥੇ ਧਿਆਨ ਦੇਣਯੋਗ ਗੱਲ ਹੈ ਕਿ ਵਿੰਸਟਨ ਚਰਚਿਲ ਹਿੰਦੁਸਤਾਨੀਆਂ ਦਾ ਕੋਈ ਹਮਦਰਦ ਨਹੀਂ ਸੀ ਅਤੇ ਉਹ ਹਮੇਸ਼ਾ ਭਾਰਤ ਨੂੰ ਆਜ਼ਾਦੀ ਦੇਣ ਦੇ ਵਿਰੁੱਧ ਰਿਹਾ, 1947 ਵਿੱਚ ਵੀ ਜਦੋਂ ਬਰਤਾਨਵੀ ਹਕੂਮਤ ਨੇ ਹਿੰਦੁਸਤਾਨ ਛੱਡ ਦੇਣ ਦਾ ਫ਼ੈਸਲਾ ਕੀਤਾ।ਐਡਵਿਨ ਸੈਮੂਅਲ ਮੌਂਟੇਗੂ, ਜੋ ਭਾਰਤ ਸੰਬੰਧੀ ਮਾਮਲਿਆਂ ਦਾ ਸਕੱਤਰ ਸੀ, ਨੇ ਵੀ ਡਾਇਰ ਦਾ ਕਰੜਾ ਵਿਰੋਧ ਕਰਦਿਆਂ ਵਾਇਸਰਾਏ ਨੂੰ ਚਿੱਠੀ ਲਿਖੀ: ਡਾਇਰ ਨੂੰ ਇਹ ਕੋਈ ਹੱਕ ਨਹੀਂ ਸੀ ਅੱਪੜਦਾ ਕਿ ਉਹ ਨਿਹੱਥੇ ਲੋਕਾਂ ਨੂੰ ਸਖ਼ਤ ਸਜ਼ਾ ਦੇਵੇ। ਜਦੋਂ ਉਹਨੇ ਸਜ਼ਾ ਦਿੱਤੀ ਤਾਂ ਨਾ ਕਿਸੇ ਨੇ ਕੋਈ ਹਿੰਸਕ ਹਰਕਤ ਕੀਤੀ ਸੀ ਅਤੇ ਨਾ ਹੀ ਕਿਸੇ ਨੇ ਉਹਨੂੰ ਰੋਕਣ ਲਈ ਹੱਥ ਉਠਾਇਆ ਸੀ। ਭੀੜ ਵਿੱਚੋਂ ਬਾਹਲਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਅਸੀਂ ਡਾਇਰ ਦਾ ਕਿਹੜਾ ਹੁਕਮ ਮੋੜਿਆ ਤੇ ਕਾਨੂੰਨ ਤੋੜਿਆ ਹੈ। ਬਰਤਾਨਵੀ ਪਾਰਲੀਮੈਂਟ ਵਿੱਚ ਹੋਈ ਬਹਿਸ ਵਿੱਚ ਮੌਂਟੇਗੂ ਨੇ ਕਿਹਾ, ਕੀ ਤੁਸੀਂ ਹਿੰਦੁਸਤਾਨ ਉੱਪਰ ਆਪਣਾ ਕਬਜ਼ਾ ਦਹਿਸ਼ਤ ਨਾਲ ਕਾਇਮ ਰੱਖਣਾ ਚਾਹੁੰਦੇ ਹੋ... ਸਾਡੇ ਲਈ ਅੰਗਰੇਜ਼ਾਂ ਦੀਆਂ ਜਾਨਾਂ ਪਵਿੱਤਰ ਹਨ, ਪਰ ਅਸੀਂ ਹਿੰਦੁਸਤਾਨੀਆਂ ਦੀਆਂ ਜਾਨਾਂ ਨੂੰ ਵੀ ਘੱਟ ਪਵਿੱਤਰ ਨਹੀਂ ਸਮਝਦੇ। ਇਸ ਸੰਬੰਧ ਵਿੱਚ ਚਰਚਿਲ ਦੇ 'ਹਾਊਸ ਆਫ਼ ਕਾਮਨਜ਼' ਵਿੱਚ ਦਿੱਤੇ ਭਾਸ਼ਣ ਵਿੱਚ ਇਹ ਸਤਰਾਂ ਵੀ ਨੋਟ ਕਰਨ ਵਾਲੀਆਂ ਹਨ : ਅੰਗਰੇਜ਼ ਸਿਪਾਹੀ ਤਾਂ ਸੰਜਮ ਅਤੇ ਰਹਿਮਦਿਲੀ ਲਈ ਮਸ਼ਹੂਰ ਹਨ। ਭਾਵੇਂ ਕਿੰਨੀ ਵੀ ਮੁਸੀਬਤ ਆ ਪਏ, ਉਹ ਇਹ ਗੁਣ ਨਹੀਂ ਛੱਡਦੇ, ਪਰ ਡਾਇਰ ਨੇ ਤਾਂ ਸੱਭਿਆ ਵਰਤਾਓ ਦੀਆਂ ਸਾਰੀਆਂ ਹੱਦਾਂ ਤੋੜ ਛੱਡੀਆਂ। ਉਹਨੇ ਪੁੱਛਿਆ ਕਿ ਕੀ ਹਜੂਮ ਨੇ ਹਮਲਾ ਕੀਤਾ ਸੀ? ਕੀ ਉਸ ਵਿੱਚ ਸ਼ਾਮਲ ਲੋਕ ਹਥਿਆਰਬੰਦ ਸਨ? ਫੇਰ ਆਪ ਹੀ ਜਵਾਬ ਦਿੱਤਾ ਕਿ ਨਹੀਂ, ਲੋਕ ਪੁਰਅਮਨ ਸਨ, ਉਹ ਨਿਹੱਥੇ ਸਨ। ਕਿਸੇ ਕੋਲ ਕੋਈ ਮਾਰੂ ਹਥਿਆਰ ਨਹੀਂ ਸੀ। ਚਰਚਿਲ ਨੇ ਫਿਰ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਡਾਇਰ ਨੇ ਇਸ ਸਿਧਾਂਤ ਦੀ ਸੰਗੀਨ ਖ਼ਿਲਾਫ਼ਵਰਜ਼ੀ ਕੀਤੀ ਸੀ, ਡਾਇਰ ਦੇ ਪੱਖ ਵਿੱਚ ਸਭ ਤੋਂ ਵੱਡੀ ਦਲੀਲ ਕਿ ਉਹਨੇ ਅੰਗਰੇਜ਼ੀ ਰਾਜ ਨੂੰ ਬਚਾ ਲਿਆ, ਬਾਰੇ ਬੋਲਦਿਆਂ ਚਰਚਿਲ ਨੇ ਕਿਹਾ: ਮੈਨੂੰ ਦੱਸਿਆ ਜਾਏਗਾ ਕਿ ਇਸ ਕਾਰਵਾਈ ਨਾਲ ਹਿੰਦੁਸਤਾਨ ਬਚ ਗਿਆ। ਮੇਰਾ ਇਸ 'ਤੇ ਭੋਰਾ ਵੀ ਵਿਸ਼ਵਾਸ ਨਹੀਂ। ਹਿੰਦੁਸਤਾਨ ਵਿੱਚ ਅੰਗਰੇਜ਼ੀ ਰਾਜ ਅਜਿਹੀਆਂ (ਕੱਚੀਆਂ) ਨੀਹਾਂ ਉੱਪਰ ਨਹੀਂ ਖੜ੍ਹਾ। ਉਹ ਨੀਹਾਂ ਤਾਂ ਬੜੀਆਂ ਪੱਕੀਆਂ ਹਨ। 1908 ਤੋਂ 1916 ਤੱਕ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਹੇ ਹਰਬਰਟ ਹੈਨਰੀ ਐਸਕੁਇਥ ਨੇ ਕਿਹਾ, ਐਂਗਲੋ-ਇੰਡੀਅਨ ਇਤਿਹਾਸ ਵਿੱਚ ਕਦੇ ਵੀ ਅਜਿਹੀ ਦੁਰਘਟਨਾ ਨਹੀਂ ਵਾਪਰੀ। ਮੇਰਾ ਵਿਸ਼ਵਾਸ ਹੈ ਕਿ ਅੰਗਰੇਜ਼ੀ ਸਲਤਨਤ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਦੇ ਇਤਿਹਾਸ ਵਿੱਚ ਅਜਿਹਾ ਹਾਦਸਾ ਨਹੀਂ ਹੋਇਆ। ਇਹ ਸਾਡੇ ਇਤਿਹਾਸ ਦੀ ਸਭ ਤੋਂ ਮਾੜੀ ਤੇ ਅੱਤਿਆਚਾਰੀ ਦੁਰਘਟਨਾ ਹੈ।



ਦੂਸਰੀ ਧਿਰ ਦਾ ਪੱਖ ਪੇਸ਼ ਕਰਨ ਵਾਲਿਆਂ ਵਿੱਚੋਂ ਕਰਨਲ ਜੇਮਜ਼ ਨੇ ਡਾਇਰ ਦੀ ਹਮਾਇਤ ਕਰਦਿਆਂ ਕਿਹਾ, ਤੁਸੀਂ ਚਿੱਤਰੇ ਨੂੰ ਨਰਮਾਈ ਨਾਲ ਨਹੀਂ ਮਾਰ ਸਕਦੇ ... ਅੱਗ ਬੁਝਾ ਕੇ ਮੁੜਨ ਵਾਲੇ ਫ਼ਾਇਰਮੈਨ ਨੂੰ ਇਹ ਗੱਲ ਆਖਣ ਦਾ ਕੀ ਲਾਭ ਹੈ ਕਿ ਤੂੰ ਪਾਣੀ ਲੋੜ ਤੋਂ ਵੱਧ ਵਰਤਿਆ। ਤੁਸੀਂ ਚਾਹ ਦੀ ਪਿਆਲੀ ਨਾਲ ਮਚਦੀ ਅੱਗ ਨਹੀਂ ਬੁਝਾ ਸਕਦੇ। ਬ੍ਰਿਗੇਡੀਅਰ ਜੀ. ਸੂਰਤੀਸ ਨੇ ਕਿਹਾ, ਹਿੰਦੁਸਤਾਨ ਵਿੱਚ ਅੰਗਰੇਜ਼ੀ ਰਾਜ ਵੱਕਾਰ ਉੱਪਰ ਖੜ੍ਹਾ ਹੈ, ਜਿਸ ਦਿਨ ਵੱਕਾਰ ਜਾਂਦਾ ਰਿਹਾ, ਉਸੇ ਦਿਨ ਅੰਗਰੇਜ਼ੀ ਰਾਜ ਵੀ ਤਾਸ਼ ਦੇ ਪੱਤਿਆਂ ਦੇ ਮਹੱਲ ਵਾਂਗ ਢਹਿ-ਢੇਰੀ ਹੋ ਜਾਏਗਾ।ਮੈਂ ਤਾਂ ਕਹਾਂਗਾ ਕਿ ਡਾਇਰ ਨੇ ਹਿੰਦੁਸਤਾਨ ਵਿੱਚ ਅੰਗਰੇਜ਼ੀ ਵੱਕਾਰ ਦੀ ਰੱਖਿਆ ਕੀਤੀ ਹੈ, ਪਰ ਇਸ ਸੰਬੰਧ ਵਿੱਚ ਕਰਨਲ ਜੇ.ਸੀ. ਵੈਜਵੁਡ ਦੀ ਰਾਇ ਸਭ ਤੋਂ ਜ਼ਿਆਦਾ ਧਿਆਨ ਦੇਣ ਯੋਗ ਹੈ : ਮੇਰਾ ਉਹਦੇ ਖ਼ਿਲਾਫ਼ ਵੱਡਾ ਇਲਜ਼ਾਮ ਇਹ ਨਹੀਂ ਕਿ ਉਹਨੇ ਹਿੰਦੁਸਤਾਨੀਆਂ ਨੂੰ ਗੋਲੀਆਂ ਨਾਲ ਉਡਾਇਆ, ਸਗੋਂ ਮੇਰਾ ਇਲਜ਼ਾਮ ਤਾਂ ਇਹ ਹੈ ਕਿ ਉਹਨੇ ਅੰਗਰੇਜ਼ਾਂ ਦੇ ਇਤਿਹਾਸ ਨੂੰ ਜੌਨ ਔਫ਼ ਆਰਕ ਦੇ ਸਾੜਨ ਦੇ ਧੱਬੇ ਨਾਲੋਂ ਵੀ ਵੱਡਾ ਕਲੰਕ ਲਾਇਆ ਹੈ।

ਇਨ੍ਹਾਂ ਦੋ ਪੱਖਾਂ ਦੀ ਰਾਇ ਤੋਂ ਅਸੀਂ ਕੀ ਅੰਦਾਜ਼ਾ ਲਾ ਸਕਦੇ ਹਾਂ ? ਕੀ ਅਸੀਂ ਕਹਿ ਸਕਦੇ ਹਾਂ ਕਿ ਕੁਝ ਅੰਗਰੇਜ਼ ਨੀਤੀਵਾਨ ਸੱਚਮੁੱਚ ਡਾਇਰ ਦੁਆਰਾ ਕੀਤੀ ਗਈ ਇਸ ਕਾਰਵਾਈ ਦੇ ਵਿਰੁੱਧ ਸਨ ਅਤੇ ਇਸ ਨੂੰ ਮਨੁੱਖਤਾ ਦੇ ਵਿਰੁੱਧ ਹੋਇਆ ਬੱਜਰ ਗੁਨਾਹ ਸਮਝਦੇ ਸਨ? ਇਸ ਦੀ ਕੋਈ ਗਵਾਹੀ ਹੰਟਰ ਕਮਿਸ਼ਨ, ਆਰਮੀ ਕੌਂਸਿਲ ਅਤੇ ਬਰਤਾਨਵੀ ਸੰਸਦ ਵਿੱਚ ਹੋਈਆਂ ਬਹਿਸਾਂ ਤੋਂ ਨਹੀਂ ਮਿਲਦੀ। ਜਿਹੜੇ ਨੀਤੀਵਾਨਾਂ ਨੇ ਡਾਇਰ ਦਾ ਵਿਰੋਧ ਕੀਤਾ, ਉਨ੍ਹਾਂ ਦੀ ਮੁੱਖ ਚਿੰਤਾ ਇਹ ਸੀ ਕਿ ਇਸ ਕਾਰੇ ਕਰਕੇ ਅੰਗਰੇਜ਼ੀ ਰਾਜ ਉੱਤੇ ਇੱਕ ਵੱਡਾ ਕਲੰਕ ਲੱਗ ਗਿਆ ਸੀ। ਇਸ ਤੋਂ ਪਹਿਲਾਂ ਅੰਗਰੇਜ਼ ਆਪਣਾ ਸਾਮਰਾਜ ਕਾਇਮ ਕਰਨ ਲਈ ਰੁਡਿਆਰਡ ਕਿਪਲਿੰਗ ਦੀ ਮਸ਼ਹੂਰ ਕਵਿਤਾ 'ਵਾਈਟ ਮੈਨਜ਼ ਬਰਡਨ' (ਗੋਰੇ ਬੰਦੇ ਦਾ ਬੋਝ ਉਠਾਓ) ਵਿਚਲੇ ਸਿਧਾਂਤ ਅਨੁਸਾਰ ਇਹ ਦਲੀਲ ਦਿੰਦੇ ਰਹੇ ਸਨ ਕਿ ਉਹ ਏਸ਼ੀਆ ਤੇ ਅਫ਼ਰੀਕਾ ਦੇ ਅਸੱਭਿਅਕ ਤੇ ਪੱਛੜੇ ਹੋਏ ਲੋਕਾਂ ਵਿੱਚ ਸੱਭਿਅਤਾ ਫੈਲਾ ਰਹੇ ਸਨ (ਉਦਾਹਰਨ ਦੇ ਤੌਰ 'ਤੇ ਚਰਚਿਲ ਦੇ ਬਿਆਨ ਦੀ ਇਹ ਸਤਰ ਦੇਖੋ : ਅੰਗਰੇਜ਼ ਸਿਪਾਹੀ ਤਾਂ ਸੰਜਮ ਅਤੇ ਰਹਿਮਦਿਲੀ ਲਈ ਮਸ਼ਹੂਰ ਹਨ)। ਕਿਪਲਿੰਗ ਅਨੁਸਾਰ ਇਤਿਹਾਸ ਨੇ ਗੋਰੇ ਬੰਦੇ ਦੇ ਸਿਰ 'ਤੇ ਇਹ ਬੋਝ ਪਾਇਆ ਹੋਇਆ ਸੀ ਕਿ ਉਹ ਪੂਰਬ ਦੀਆਂ ਅਰਧ ਜੰਗਲੀ ਨਸਲਾਂ ਨੂੰ ਸੱਭਿਅਕ ਬਣਾਏ ਅਤੇ ਇਸ ਵਾਸਤੇ ਇੰਗਲੈਂਡ, ਫ਼ਰਾਂਸ ਤੇ ਅਮਰੀਕਾ ਦੇ ਪੁੱਤਰਾਂ ਨੂੰ ਕੁਰਬਾਨੀ ਦੇਣੀ ਪੈਂਦੀ ਹੈ।ਐਡਵਰਡ ਸਈਅਦ ਨੇ ਆਪਣੀਆਂ ਕਿਤਾਬਾਂ 'ਓਰੀਐਂਟਲਿਜ਼ਮ' ਤੇ 'ਨੈਸ਼ਨਲਿਜ਼ਮ ਅਤੇ ਕਲਚਰ' ਵਿੱਚ ਉਸੇ ਵੇਲੇ ਦੀ ਸਾਮਰਾਜੀ ਜ਼ਹਿਨੀਅਤ ਦਾ ਗਹਿਰਾ ਮੁਤਾਲਿਆ ਕੀਤਾ ਹੈ। ਉਹ ਲਿਖਦਾ ਹੈ: ਯੂਰਪੀਅਨਾਂ ਨੇ ਇਹੋ ਜਿਹੀ ਸੋਚ-ਸਮਝ (ਪ੍ਰਵਚਨ) ਬਣਾਈ ਤੇ ਉਸ ਨੂੰ ਲਿਖਤਾਂ ਰਾਹੀਂ ਪ੍ਰਚਾਰਿਆ ਤੇ ਪ੍ਰਵਾਨਿਤ ਕੀਤਾ, ਜਿਸ ਵਿੱਚ ਇਹ ਵਾਰ-ਵਾਰ ਸਿੱਧ ਕੀਤਾ ਗਿਆ ਸੀ ਕਿ ਅਫ਼ਰੀਕਨ (ਜਾਂ ਹਿੰਦੁਸਤਾਨ ਜਾਂ ਆਇਰਿਸ਼) ਲੋਕ ਰਹੱਸਮਈ ਹਨ। ਯੂਰਪੀਅਨ ਇਨ੍ਹਾਂ ਕਰੂਰ, ਵਹਿਸ਼ੀ ਤੇ ਅਸੱਭਿਅਕ ਲੋਕਾਂ ਲਈ ਸੱਭਿਅਤਾ ਲੈ ਕੇ ਆ ਰਹੇ ਹਨ। ਇਸ ਸੋਚ-ਸਮਝ ਵਿੱਚ ਇਹ ਵਿਚਾਰ ਵੀ ਆਮ ਪਾਇਆ ਜਾਂਦਾ ਹੈ ਕਿ ਜੇ ਇਹ ਲੋਕ ਬਦਤਮੀਜ਼ੀ ਕਰਨ, ਆਕੀ/ਬਾਗ਼ੀ ਹੋ ਜਾਣ ਤਾਂ ਇਨ੍ਹਾਂ ਨੂੰ ਸਖ਼ਤ ਸਜ਼ਾਵਾਂ ਦੇਣੀਆਂ, ਕੋੜੇ ਮਾਰਨੇ ਤੇ ਕਤਲ ਕਰਨਾ ਵੀ ਜਾਇਜ਼ ਹੈ। ਇਹ ਲੋਕ ਸਿਰਫ਼ ਡੰਡੇ ਤੇ ਹਿੰਸਾ ਦੀ ਭਾਸ਼ਾ ਸਮਝਦੇ ਹਨ। ਇਹ ਸਾਡੇ (ਯੂਰਪੀਅਨਾਂ) ਵਰਗੇ ਨਹੀਂ ਤੇ ਇਹੀ ਕਾਰਨ ਹੈ ਕਿ ਸਾਡਾ ਇਨ੍ਹਾਂ 'ਤੇ ਰਾਜ ਕਰਨਾ ਨਿਆਂਪੂਰਵਕ ਹੈ।

ਐਡਵਰਡ ਸਈਅਦ ਦੇ ਉਪਰੋਕਤ ਕਥਨ ਦੀ ਗਵਾਹੀ ਕਿਸੇ ਇੱਕ ਦੇਸ਼ 'ਤੇ ਲਾਗੂ ਨਹੀਂ ਹੁੰਦੀ, ਸਗੋਂ ਵੱਖ-ਵੱਖ ਦੇਸ਼ਾਂ 'ਤੇ ਹੋਏ ਜ਼ੁਲਮਾਂ ਦੀ ਇਹ ਫ਼ਿਹਰਿਸਤ ਬਹੁਤ ਲੰਮੀ ਹੈ। ਕਾਰਲ ਮਾਰਕਸ ਆਪਣੀ ਕਿਤਾਬ 'ਕੈਪੀਟਲ' ਦੀ ਪਹਿਲੀ ਜਿਲਦ ਵਿੱਚ ਲਿਖਦਾ ਹੈ: 'ਡੱਚ (ਹਾਲੈਂਡ ਨੂੰ 17ਵੀਂ ਸਦੀ ਦਾ ਆਦਰਸ਼ਕ ਸਰਮਾਏਦਾਰ ਦੇਸ਼ ਮੰਨਿਆ ਜਾਂਦਾ ਸੀ) ਬਸਤੀਵਾਦੀ ਪ੍ਰਸ਼ਾਸਨ ਦਾ ਇਤਿਹਾਸ ਫ਼ਰੇਬ, ਰਿਸ਼ਵਤਖ਼ੋਰੀ, ਕਤਲੋ-ਗ਼ਾਰਤ ਅਤੇ ਕਮੀਨਗੀ ਦੇ ਹੈਰਾਨ ਕਰ ਦੇਣ ਵਾਲੇ ਸਮਾਜਿਕ ਸੰਬੰਧਾਂ ਦਾ ਇਤਿਹਾਸ ਹੈ। ਉਨ੍ਹਾਂ ਦੇ ਸਿਸਟਮ ਦੀ ਸਭ ਤੋਂ ਵੱਡੀ ਖ਼ਾਸੀਅਤ ਗ਼ੁਲਾਮ ਹਾਸਲ ਕਰਨਾ ਸੀ। ਆਦਮੀਆਂ ਨੂੰ ਉਧਾਲਣ/ਚੁੱਕਣ (ਅਗਵਾ) ਵਾਲਿਆਂ ਨੂੰ ਸਿਖਲਾਈ ਦਿੱਤੀ ਜਾਂਦੀ। ਆਦਮੀਆਂ ਦਾ ਉਧਾਲਾ ਕਰਨ ਵਾਲੇ ਗੁੰਡੇ, ਦੁਭਾਸ਼ੀਏ ਤੇ ਆਦਮੀਆਂ ਨੂੰ ਵੇਚਣ ਵਾਲੇ ਇਸ ਵਪਾਰ ਦੇ ਮੁੱਖ ਏਜੰਟ ਸਨ। ਉੱਥੋਂ ਦੇ ਰਜਵਾੜੇ ਗ਼ੁਲਾਮ ਵੇਚਣ ਵਾਲਿਆਂ ਵਿੱਚੋਂ ਮੁੱਖ ਸਨ। ਨੌਜਵਾਨਾਂ ਨੂੰ ਅਗਵਾ ਕਰ ਲਿਆ ਜਾਂਦਾ ਅਤੇ ਸੈਲੀਬੀਸ (ਇੰਡੋਨੇਸ਼ੀਆ) ਦੇ ਭੋਰਿਆਂ ਵਿੱਚ ਸੁੱਟ ਦਿੱਤਾ ਜਾਂਦਾ ਤੇ ਫਿਰ ਗ਼ੁਲਾਮਾਂ ਨੂੰ ਲੈ ਕੇ ਜਾਣ ਵਾਲੇ ਸਮੁੰਦਰੀ ਜਹਾਜ਼ਾਂ ਵਿੱਚ ਲੱਦ ਲਿਆ ਜਾਂਦਾ। ਇਨ੍ਹਾਂ (ਹਾਲੈਂਡ ਦੇ ਸਾਮਰਾਜੀਆਂ) ਨੇ ਜਿੱਥੇ ਵੀ ਪੈਰ ਧਰਿਆ, ਉੱਥੇ ਭਿਆਨਕ ਤਬਾਹੀ ਹੋਈ ਤੇ ਉੱਥੋਂ ਦੇ ਲੋਕਾਂ ਦੀ ਵਸੋਂ ਘਟਦੀ ਗਈ।... 1750 ਵਿੱਚ ਜਾਵਾ ਦੇ ਇੱਕ ਪ੍ਰਾਂਤ ਬੰਜੂਵਾਂਗੀ ਵਿੱਚ 80,000 ਲੋਕ ਰਹਿੰਦੇ ਸਨ। 1811 ਵਿੱਚ ਉੱਥੋਂ ਦੇ ਵਸਨੀਕਾਂ ਦੀ ਗਿਣਤੀ ਸਿਰਫ਼ 18,000 ਰਹਿ ਗਈ। ਵਾਹ, ਇਹ ਵਪਾਰ ਕਿੰਨਾ ਵਧੀਆ ਸੀ!

ਅੰਗਰੇਜ਼ਾਂ ਦੁਆਰਾ ਅਮਰੀਕਾ ਦੇ ਮੂਲ-ਵਾਸੀਆਂ ਅਤੇ ਸਪੇਨ ਦੁਆਰਾ ਮੈਕਸੀਕੋ ਤੇ ਲਾਤੀਨੀ ਅਮਰੀਕਾ ਵਿੱਚ ਢਾਹੇ ਗਏ ਜ਼ੁਲਮਾਂ ਦੀ ਕਹਾਣੀ ਬਹੁਤ ਲੰਮੀ ਹੈ। ਇਸੇ ਤਰ੍ਹਾਂ ਅਫ਼ਰੀਕਾ ਤੋਂ ਅਮਰੀਕਾ ਤੇ ਯੂਰੋਪ ਵਿੱਚ ਗ਼ੁਲਾਮ ਬਣਾ ਕੇ ਲਿਆਂਦੇ ਗਏ ਲੋਕਾਂ 'ਤੇ ਹੋਏ ਜ਼ੁਲਮ ਦਿਲ ਦਹਿਲਾਅ ਦੇਣ ਵਾਲੇ ਹਨ। ਇੰਗਲੈਂਡ, ਫ਼ਰਾਂਸ, ਇਟਲੀ ਤੇ ਜਰਮਨੀ ਦੁਆਰਾ ਅਫ਼ਰੀਕਾ ਦੇ ਵੱਖ-ਵੱਖ ਦੇਸ਼ਾਂ ਵਿੱਚ ਢਾਹੇ ਗਏ ਜ਼ੁਲਮ ਮਨੁੱਖਤਾ ਦਾ ਨਹੀਂ, ਅਮਨੁੱਖਤਾ ਦਾ ਇਤਿਹਾਸ ਸਨ।ਇੰਗਲੈਂਡ ਦੁਆਰਾ ਆਇਰਲੈਂਡ 'ਤੇ ਕੀਤਾ ਗਿਆ ਜਬਰ ਵੀ ਕਿਸੇ ਨੂੰ ਭੁੱਲਿਆ ਨਹੀਂ। ਜਾਪਾਨੀ ਸਾਮਰਾਜ ਦੁਆਰਾ ਵੱਖ-ਵੱਖ ਦੇਸ਼ਾਂ ਦੇ ਲੋਕਾਂ 'ਤੇ ਕੀਤੀਆਂ ਵਧੀਕੀਆਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਹਨ।

ਆਪਣੇ ਦੁਆਰਾ ਕੀਤੇ ਜ਼ੁਲਮ ਨੂੰ 'ਸੱਭਿਅਕ' ਲੋਕਾਂ ਦੀ ਰਾਖੀ ਵਜੋਂ ਵੇਖਣ ਦੀ ਜ਼ਹਿਨੀਅਤ ਡਾਇਰ ਦੁਆਰਾ ਹੰਟਰ ਕਮੇਟੀ ਸਾਹਮਣੇ ਦਿੱਤੀ ਗਈ ਸ਼ਹਾਦਤ ਤੋਂ ਹੀ ਪ੍ਰਗਟ ਨਹੀਂ ਹੁੰਦੀ, ਸਗੋਂ ਉਸ (ਡਾਇਰ) ਦੁਆਰਾ ਇੰਗਲੈਂਡ ਵਾਪਸ ਜਾ ਕੇ 'ਗਲੋਬ' ਅਖ਼ਬਾਰ ਵਿੱਚ ਲਿਖੇ ਲੇਖ 'ਚੋਂ ਵੀ ਪ੍ਰਤੱਖ ਝਲਕਦੀ ਹੈ, ਜਿਸ ਵਿੱਚ ਉਸ ਨੇ ਕਿਹਾ : ਬੋਲਣ ਤੇ ਲਿਖਣ ਦੀ ਆਜ਼ਾਦੀ ਸਿਰਫ਼ ਸੂਝਵਾਨ ਲੋਕਾਂ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ। ਹਿੰਦੁਸਤਾਨ ਦੇ ਲੋਕਾਂ ਵਿੱਚ ਅਜਿਹੀ ਕੋਈ ਸੂਝ-ਸਮਝ ਮੌਜੂਦ ਨਹੀਂ... ਹਿੰਦੁਸਤਾਨ ਵਾਸਤੇ ਇੱਕ 11ਵਾਂ ਇਲਹਾਮੀ ਹੁਕਮ (ਕਮਾਂਡੈਂਟ) ਹੋਣਾ ਚਾਹੀਦਾ ਹੈ, 'ਤੁਸੀਂ ਕੋਈ ਤਹਿਰੀਕ ਨਹੀਂ ਚਲਾਓਗੇ' (ਜਦ ਖ਼ੁਦਾ ਕੋਹਿਤੂਰ ਪਹਾੜ 'ਤੇ ਮੂਸਾ ਸਾਹਮਣੇ ਪ੍ਰਗਟ ਹੋਇਆ ਸੀ, ਤਾਂ ਉਸ ਨੇ 10 ਹੁਕਮ ਦਿੱਤੇ ਸਨ)। ਡਾਇਰ ਨੇ ਇਹ ਵੀ ਲਿਖਿਆ ਕਿ ਉਹ ਅੰਗਰੇਜ਼ ਸਿਆਸਤਦਾਨ, ਜਿਹੜੇ ਹਿੰਦੁਸਤਾਨ ਨੂੰ ਸਵਰਾਜ ਦੇਣ ਬਾਰੇ ਸੋਚ ਰਹੇ ਸਨ, ਬਿਲਕੁਲ ਗ਼ਲਤ ਸਨ। ਉਸ ਨੇ ਕਿਹਾ: ਜੇਕਰ ਹਿੰਦੁਸਤਾਨ ਨੂੰ ਸਵਰਾਜ ਦਿੱਤਾ ਗਿਆ ਤਾਂ ਇਹ ਉਸ ਦੇਸ਼ ਵਾਸਤੇ ਖ਼ੁਦਕੁਸ਼ੀ ਦੇ ਬਰਾਬਰ ਹੋਏਗਾ। ਇਹੀ ਕਾਰਨ ਸੀ ਕਿ ਇੰਗਲੈਂਡ ਵਿੱਚ ਡਾਇਰ ਦੇ ਹੱਕ ਵਿੱਚ ਮੁਹਿੰਮ ਚਲਾਈ ਗਈ।ਉਹਦੀ ਸਹਾਇਤਾ ਕਰਨ ਲਈ ਇੰਗਲੈਂਡ ਦੇ ਅਖ਼ਬਾਰ 'ਮੌਰਨਿੰਗ ਪੋਸਟ' ਨੇ 'ਡਾਇਰ ਮੈਮੋਰੀਅਲ ਕੋਸ਼' ਖੋਲ੍ਹਿਆ, ਜਿਸ ਵਿੱਚ 26,000 ਪੌਂਡ ਜਮ੍ਹਾਂ ਕੀਤੇ ਗਏ।

ਉਸ ਸਮੇਂ ਦੀਆਂ ਘਟਨਾਵਾਂ ਤੇ ਲਿਖਤਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇੰਗਲੈਂਡ ਵਿੱਚ ਬਹੁਤ ਛੋਟੀ ਘੱਟਗਿਣਤੀ ਨੂੰ ਛੱਡ ਕੇ ਬਾਕੀ ਦੇ ਲੋਕਾਂ ਨੇ ਡਾਇਰ ਵੱਲੋਂ ਕੀਤੀ ਕਾਰਵਾਈ ਨੂੰ ਇੱਕ ਜ਼ਰੂਰੀ ਕਾਰਵਾਈ ਮੰਨਿਆ, ਜਿਸ ਕਾਰਨ ਨਾ ਸਿਰਫ਼ ਬਰਤਾਨਵੀ ਸਾਮਰਾਜ ਦਾ ਬਚਾਓ ਹੀ ਹੋਇਆ ਸੀ, ਸਗੋਂ ਹਜ਼ਾਰਾਂ ਗੋਰੇ ਮਰਦਾਂ ਤੇ ਔਰਤਾਂ ਦੀਆਂ ਜਾਨਾਂ ਵੀ ਬਚੀਆਂ ਸਨ। ਜਿਨ੍ਹਾਂ ਲੋਕਾਂ ਨੇ ਇਸ ਦਾ ਵਿਰੋਧ ਕੀਤਾ, ਉਹ ਸਿਰਫ਼ ਇਸ ਗੱਲ ਤੋਂ ਚਿੰਤਤ ਸਨ ਕਿ ਡਾਇਰ ਦੀ ਇਸ ਕਾਰਵਾਈ ਕਾਰਨ ਹਿੰਦੁਸਤਾਨ ਵਿੱਚ ਅੰਗਰੇਜ਼ੀ ਸਾਮਰਾਜ ਦੀਆਂ ਚੂਲਾਂ ਹਿੱਲ ਗਈਆਂ ਤੇ ਸਾਮਰਾਜ ਦਾ ਅਣਮਨੁੱਖੀ ਰੂਪ ਜ਼ਾਹਿਰ ਹੋ ਗਿਆ ਹੈ। ਇਸ ਲਈ ਸਾਨੂੰ ਐਡਵਰਡ ਸਈਅਦ ਦੇ ਇਸ ਕਥਨ ਨਾਲ ਸਹਿਮਤ ਹੋਣਾ ਪੈਂਦਾ ਹੈ ਕਿ ਯੂਰਪ ਦੇ ਲੋਕਾਂ ਵਿੱਚ ਇਹ ਸੋਚ-ਸਮਝ ਪ੍ਰਵਾਨਿਤ ਹੋ ਚੁੱਕੀ ਸੀ ਕਿ ਅਫ਼ਰੀਕਾ ਤੇ ਏਸ਼ੀਆ ਦੇ ਲੋਕ ਕਰੂਰ, ਵਹਿਸ਼ੀ ਤੇ ਅਸੱਭਿਅਕ ਹਨ/ਸਨ। ਪਰ ਇਸ ਦੇ ਨਾਲ-ਨਾਲ ਬਹੁਤ ਸਾਰੇ ਅੰਗਰੇਜ਼ ਨੀਤੀਵਾਨ ਇਹ ਗੱਲ ਜਾਣ ਗਏ ਸਨ ਕਿ ਅੰਗਰੇਜ਼ੀ ਸਾਮਰਾਜ ਦੇ ਚਿਹਰੇ 'ਤੇ ਪਿਆ ਸੱਭਿਅਤਾ ਦਾ ਮੁਖੌਟਾ ਇਸ ਕਾਰੇ ਕਾਰਨ ਲਹਿ ਗਿਆ ਸੀ। ਇਸ ਲਈ ਇਹ ਦਲੀਲ ਕਦੇ ਵੀ ਨਹੀਂ ਮੰਨੀ ਜਾ ਸਕਦੀ ਕਿ ਇਹ ਭਿਆਨਕ ਕਾਰਾ ਸਿਰਫ਼ ਇੱਕ ਆਦਮੀ ਦੁਆਰਾ ਕੀਤੀ ਗਈ ਜ਼ੁਲਮ ਤੇ ਕਹਿਰ ਭਰੀ ਕਾਰਵਾਈ ਸੀ। ਇਤਿਹਾਸ ਵੱਖ-ਵੱਖ ਬਸਤੀਵਾਦੀ ਤਾਕਤਾਂ ਦੁਆਰਾ ਥਾਂ-ਥਾਂ 'ਤੇ ਕੀਤੀਆਂ ਗਈਆਂ ਜ਼ਾਲਮਾਨਾ ਕਾਰਵਾਈਆਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਹੋਵੇਗਾ ਕਿ ਅੰਗਰੇਜ਼ ਤੇ ਪੱਛਮ ਦੇ ਗੋਰੇ ਲੋਕ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਅਸੱਭਿਅਕ ਸਮਝਦੇ ਰਹੇ ਹਨ ਅਤੇ ਖ਼ੁਦ ਨੂੰ ਸੱਭਿਅਕ; ਉਹ ਸਾਨੂੰ ਮਾਨਸਿਕ ਤੌਰ 'ਤੇ ਅਵਿਕਸਿਤ, ਜਜ਼ਬਾਤੀ ਅਤੇ ਬਚਕਾਨਾ ਵਿਵਹਾਰ ਕਰਨ ਵਾਲੇ ਸਮਝਦੇ ਹਨ ਅਤੇ ਖ਼ੁਦ ਨੂੰ ਪ੍ਰੌੜ੍ਹ ਅਤੇ ਸੰਤੁਲਿਤ ਵਿਵਹਾਰ ਕਰਨ ਵਾਲੇ। ਬਸਤੀਵਾਦੀ ਦੌਰ ਦੌਰਾਨ ਇਹ ਨਜ਼ਰੀਆ ਉਨ੍ਹਾਂ ਦੀ ਸਮੂਹਿਕ ਸੋਚ-ਸਮਝ ਦਾ ਹਿੱਸਾ ਸੀ ਅਤੇ ਅਜਿਹੇ ਰੁਝਾਨ ਉਨ੍ਹਾਂ ਦੇਸ਼ਾਂ ਵਿੱਚ ਅਜੇ ਵੀ ਦੇਖੇ ਜਾ ਸਕਦੇ ਹਨ।ਨਿਜਲ ਕੋਲਿਟ ਨੇ ਜਨਰਲ ਡਾਇਰ 'ਤੇ ਲਿਖੀ ਕਿਤਾਬ ਵਿੱਚ ਉਸ ਨੂੰ 'ਅੰਮ੍ਰਿਤਸਰ ਦਾ ਕਸਾਈ' ਕਿਹਾ ਹੈ, ਪਰ ਅਸਲੀ ਕਸਾਈ ਬਸਤੀਵਾਦ ਸੀ; ਬਸਤੀਵਾਦੀ ਸੋਚ ਸੀ/ਹੈ।

ਇਸ ਸਾਕੇ ਤੋਂ ਬਾਅਦ ਪੰਜਾਬੀਆਂ ਨੇ ਸਮੇਂ-ਸਮੇਂ ਹੋਂਦ ਵਿੱਚ ਆਈਆਂ ਵੱਖ-ਵੱਖ ਲਹਿਰਾਂ (ਜਿਵੇਂ ਗੁਰਦੁਆਰਾ ਸੁਧਾਰ ਲਹਿਰ, ਅਕਾਲੀ, ਬੱਬਰ ਅਕਾਲੀ, ਕਿਰਤੀ, ਭਗਤ ਸਿੰਘ ਦੇ ਸਾਥੀਆਂ ਅਤੇ ਪਰਜਾ ਮੰਡਲ ਲਹਿਰ ਆਦਿ), ਕਾਂਗਰਸ ਦੁਆਰਾ ਆਜ਼ਾਦੀ ਸੰਘਰਸ਼ ਤੇ 1942 ਦੇ 'ਭਾਰਤ ਛੱਡੋ ਅੰਦੋਲਨ' ਵਿੱਚ ਬੜੇ ਜੋਸ਼-ਖ਼ਰੋਸ਼ ਨਾਲ ਹਿੱਸਾ ਲਿਆ, ਪਰ ਅੰਗਰੇਜ਼ਾਂ ਨੇ ਵੀ ਇਸ ਸਾਕੇ ਤੋਂ ਸਬਕ ਸਿੱਖੇ ਅਤੇ ਉਨ੍ਹਾਂ 'ਵੰਡੋ ਤੇ ਰਾਜ ਕਰੋ' ਦੀ ਨੀਤੀ ਦੇ ਬੀਜ ਹਿੰਦੁਸਤਾਨੀਆਂ ਦੇ ਮਨ ਵਿੱਚ ਹੋਰ ਗਹਿਰੀ ਤਰ੍ਹਾਂ ਬੀਜ ਦਿੱਤੇ। ਇਹੀ ਕਾਰਨ ਸੀ ਕਿ ਆਜ਼ਾਦੀ ਸੰਘਰਸ਼ ਵਿੱਚ ਦਿੱਤੀਆਂ ਮਹਾਨ ਕੁਰਬਾਨੀਆਂ ਦੇ ਬਾਵਜੂਦ 1947 ਵਿੱਚ ਪੰਜਾਬ ਵਿੱਚ ਫ਼ਿਰਕੂ ਜਨੂੰਨ ਭੜਕ ਉੱਠਿਆ ਅਤੇ ਇਤਿਹਾਸ ਦੀ ਉਹ ਘਟਨਾ ਹੋਈ, ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ, ਭਾਵ ਪੰਜਾਬ ਦੀ ਵੰਡ। ਅਸੀਂ ਹਰ 13 ਅਪ੍ਰੈਲ ਦੇ ਦਿਨ ਜਲ੍ਹਿਆਂਵਾਲਾ ਬਾਗ ਵਿੱਚ ਲੋਕਾਂ ਦੁਆਰਾ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ, ਪਰ ਇਸ ਦੇ ਨਾਲ ਸਾਨੂੰ ਇਹ ਵੀ ਯਾਦ ਕਰਨਾ ਪੈਣਾ ਹੈ ਕਿ ਬਸਤੀਵਾਦੀ ਹਕੂਮਤ ਨਾ ਸਿਰਫ਼ ਹਿੰਦੁਸਤਾਨ ਨੂੰ ਵੰਡਣ ਦੇ ਆਪਣੇ ਮਨਸੂਬੇ ਵਿੱਚ ਸਫਲ ਹੋਈ, ਸਗੋਂ ਉਹ ਇਹੋ ਜਿਹੀ ਫ਼ਸਲ ਬੀਜ ਗਏ, ਜਿਸ ਦੇ ਸਿੱਟੇ ਵਜੋਂ ਅੱਜ ਵੀ ਦੋਹਾਂ ਦੇਸ਼ਾਂ ਦੇ ਵਿਚਕਾਰ ਰਿਸ਼ਤੇ ਨਫ਼ਰਤ ਨਾਲ ਭਰੇ ਹੋਏ ਹਨ ਅਤੇ ਉਨ੍ਹਾਂ ਦਾ ਖ਼ਮਿਆਜ਼ਾ ਪੰਜਾਬੀਆਂ ਨੂੰ ਭੁਗਤਣਾ ਪੈਂਦਾ ਹੈ।ਅੱਜ ਵੀ ਇੰਗਲੈਂਡ ਅਤੇ ਹੋਰ ਦੇਸ਼ਾਂ ਵਿੱਚ ਧਰਮ ਆਧਾਰਤ ਪਛਾਣਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਅਸੀਂ ਪੰਜਾਬੀ ਉਨ੍ਹਾਂ ਦਾ ਸ਼ਿਕਾਰ ਹੋ ਜਾਂਦੇ ਹਾਂ, ਭਾਵੇਂ ਉਨ੍ਹਾਂ ਕਰਕੇ ਅਸੀਂ 1947 ਅਤੇ 1984 ਨਾਲ ਸੰਬੰਧਤ ਸੰਤਾਪ ਭੋਗ ਚੁੱਕੇ ਹਾਂ। ਇਹੀ ਨਹੀਂ, ਬਸਤੀਵਾਦ ਨੇ ਸਾਡੇ ਮਨਾਂ ਵਿੱਚ ਧਰਮ ਸੰਬੰਧੀ ਪਛਾਣ ਦੇ ਨੈਣ-ਨਕਸ਼ ਇੰਨੇ ਡੂੰਘੇ ਕੀਤੇ ਹਨ ਕਿ ਅਸੀਂ ਬਾਬਾ ਫ਼ਰੀਦ ਤੇ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਗਏ 'ਸਾਂਝੀਵਾਲਤਾ ਦੇ ਉਪਦੇਸ਼' ਨੂੰ ਭੁੱਲ ਚੁੱਕੇ ਹਾਂ। ਇਸ ਲਈ ਜਦ ਅਸੀਂ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਨੂੰ ਯਾਦ ਕਰਦੇ ਹਾਂ ਤਾਂ ਉਨ੍ਹਾਂ ਕੁਰਬਾਨੀਆਂ ਦੇ ਨਾਲ-ਨਾਲ ਸਾਨੂੰ ਉਸ ਸਾਂਝੀਵਾਲਤਾ ਨੂੰ ਵੀ ਯਾਦ ਕਰਨਾ ਬਣਦਾ ਹੈ, ਕਿਉਂਕਿ ਉਸ ਬਾਗ਼ ਵਿੱਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਸਾਂਝਾ ਖ਼ੂਨ ਡੁੱਲ੍ਹਿਆ ਸੀ ਤੇ ਸਾਡਾ ਫ਼ਰਜ਼ ਬਣਦਾ ਹੈ ਕਿ ਉਸ ਸਾਂਝੀਵਾਲਤਾ ਨੂੰ ਦੁਬਾਰਾ ਸੁਰਜੀਤ ਕਰੀਏ ਤੇ ਜਿਉਂਦਿਆਂ ਰੱਖੀਏ।

# ਆਓ, ਆਪਾਂ ਰਲ ਕੇ ਜਨਤਕ ਸੰਘਰਸ਼ਾਂ ਨੂੰ ਤੇਜ਼ ਕਰੀਏ

*(ਕਾਮਰੇਡ ਡੀ. ਰਾਜਾ, ਜਨਰਲ ਸਕੱਤਰ, ਸੀ ਪੀ ਆਈ ਵੱਲੋਂ 2 ਤੋਂ 6 ਅਪ੍ਰੈਲ, 2025 ਤੱਕ ਮਦੁਰਾਈ ਵਿਖੇ ਚੱਲ ਰਹੀ ਸੀ ਪੀ ਆਈ (ਐੱਮ) ਦੀ 24ਵੀਂ ਕਾਂਗਰਸ ਵਿੱਚ ਦਿੱਤਾ ਗਿਆ ਭਾਸ਼ਣ)*

**ਅਨੁਵਾਦ : ਐੱਮ ਐੱਸ ਭਾਟੀਆ**

ਸਾਥੀਓ, ਇੱਥੇ ਮੌਜੂਦ ਭਰਾਤਰੀ ਪਾਰਟੀਆਂ ਦੇ ਆਗੂਓ, ਮੈਂ ਤੁਹਾਨੂੰ ਸਾਰਿਆਂ ਨੂੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇਨਕਲਾਬੀ ਸ਼ੁੱਭਕਾਮਨਾਵਾਂ ਦਿੰਦਾ ਹਾਂ। ਮੈਂ ਮਦੁਰਾਈ ਵਿੱਚ ਇਸ ਮਹੱਤਵਪੂਰਨ ਪਾਰਟੀ ਕਾਂਗਰਸ ਦਾ ਆਯੋਜਨ ਕਰਨ ਲਈ ਸੀ ਪੀ ਆਈ (ਐੱਮ) ਦਾ ਨਿੱਘਾ ਧੰਨਵਾਦ ਕਰਨਾ ਚਾਹੁੰਦਾ ਹਾਂ-ਇੱਕ ਅਜਿਹਾ ਸ਼ਹਿਰ, ਜਿੱਥੇ ਪਹਿਲਾਂ ਅਣਵੰਡੀ ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੀਆਂ ਸਭ ਤੋਂ ਨਿਰਣਾਇਕ ਕਾਂਗਰਸਾਂ ਵਿੱਚੋਂ ਇੱਕ ਦਾ ਆਯੋਜਨ ਕੀਤਾ ਸੀ, ਜਿਸ ਵਿੱਚ ਤਾਮਿਲਨਾਡੂ ਦੇ ਮਿਹਨਤਕਸ਼ ਲੋਕਾਂ, ਕਿਸਾਨਾਂ ਅਤੇ ਸਮਾਜਿਕ ਤੌਰ 'ਤੇ ਦੱਬੇ-ਕੁਚਲੇ ਵਰਗਾਂ ਦੀ ਜੁਝਾਰੂ ਪਰੰਪਰਾ ਤੋਂ ਤਾਕਤ ਪ੍ਰਾਪਤ ਕੀਤੀ ਗਈ ਸੀ। ਅਸੀਂ ਅੱਜ ਉਨ੍ਹਾਂ ਸਾਥੀਆਂ ਦੀ ਧਰਤੀ 'ਤੇ ਖੜ੍ਹੇ ਹਾਂ, ਜਿਨ੍ਹਾਂ ਨੇ ਨਾ ਸਿਰਫ਼ ਬਸਤੀਵਾਦ ਤੋਂ ਆਜ਼ਾਦੀ ਲਈ, ਸਗੋਂ ਜਾਗੀਰਦਾਰੀ, ਜਾਤੀ ਜ਼ੁਲਮ ਅਤੇ ਸ਼ੋਸ਼ਣ ਤੋਂ ਆਜ਼ਾਦੀ ਲਈ ਵੀ ਆਪਣੀਆਂ ਜਾਨਾਂ ਵਾਰ ਦਿੱਤੀਆਂ।

**ਅੰਤਰਰਾਸ਼ਟਰੀ ਸਥਿਤੀ**

ਸਾਥੀਓ, ਵਿਸ਼ਵ ਪੂੰਜੀਵਾਦੀ ਪ੍ਰਣਾਲੀ ਇੱਕ ਡੂੰਘੇ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਸੰਕਟ ਵਿੱਚ ਫਸੀ ਹੋਈ ਹੈ। ਨਵਉਦਾਰਵਾਦੀ ਹਮਲੇ ਨੇ ਬਹੁਗਿਣਤੀ ਲੋਕਾਂ ਲਈ ਨਾ ਤਾਂ ਖ਼ੁਸ਼ਹਾਲੀ ਲਿਆਂਦੀ ਹੈ ਅਤੇ ਨਾ ਹੀ ਸਥਿਰਤਾ। ਵਿਸ਼ਵ ਪੱਧਰ 'ਤੇ ਅਸਮਾਨਤਾ ਹੈ। ਮੁੱਠੀ ਭਰ ਅਰਬਪਤੀਆਂ ਦੀ ਸਾਂਝੀ ਦੌਲਤ ਸਮੁੱਚੇ ਦੇਸ਼ਾਂ ਦੀ ਸਾਂਝੀ ਦੌਲਤ ਤੋਂ ਵੱਧ ਹੈ। ਵਿਸ਼ਵ ਬੈਂਕ ਅਤੇ ਆਈ ਐੱਮ ਐੱਫ ਉਨ੍ਹਾਂ ਨੀਤੀਆਂ ਨੂੰ ਅੱਗੇ ਵਧਾਉਂਦੇ ਰਹਿੰਦੇ ਹਨ, ਜਿਨ੍ਹਾਂ ਨੇ ਮਹਾਂਦੀਪਾਂ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਲਈ ਦੁੱਖ ਲਿਆਂਦੇ ਹਨ, ਜਿਵੇਂ ਕਿ ਮਾਰਕਸ ਨੇ ਸਹੀ ਦੇਖਿਆ, 'ਪੂੰਜੀ ਸਿਰ ਤੋਂ ਪੈਰਾਂ ਤੱਕ, ਹਰ ਰੋਮ ਤੋਂ, ਖ਼ੂਨ ਅਤੇ ਗੰਦਗੀ ਨਾਲ ਟਪਕਦੀ ਹੈ।'

ਅਸੀਂ ਅੰਤਰ-ਸਾਮਰਾਜੀ ਵਿਰੋਧਤਾਈਆਂ ਨੂੰ ਤਿੱਖਾ ਹੁੰਦਾ ਵੀ ਦੇਖ ਰਹੇ ਹਾਂ। ਨਾਟੋ ਦੇ ਭੜਕਾਊ ਵਿਸਥਾਰ ਅਤੇ ਯੂਕਰੇਨ ਵਿੱਚ ਜੰਗ ਨੇ ਵਿਸ਼ਵਵਿਆਪੀ ਅਸਥਿਰਤਾ ਨੂੰ ਹੋਰ ਡੂੰਘਾ ਕਰ ਦਿੱਤਾ ਹੈ, ਜਿਸ ਦੀ ਕੀਮਤ ਮਿਹਨਤਕਸ਼ ਲੋਕਾਂ ਨੂੰ ਖ਼ੂਨ ਵਿੱਚ ਚੁਕਾਉਣੀ ਪੈ ਰਹੀ ਹੈ। ਸਾਮਰਾਜੀ ਸ਼ਕਤੀਆਂ ਦੁਆਰਾ ਸਮਰਥਤ ਗਾਜ਼ਾ ਵਿੱਚ ਹੋਈ ਨਸਲਕੁਸ਼ੀ ਨੇ ਪੱਛਮੀ ਸ਼ਾਸਨਾਂ ਦੇ ਪਖੰਡ ਨੂੰ ਬੇਨਕਾਬ ਕਰ ਦਿੱਤਾ ਹੈ, ਜੋ ਯੁੱਧ ਅਪਰਾਧਾਂ ਦੀ ਵਿੱਚ ਸਹਾਇਤਾ ਕਰਦੇ ਹਨ ਅਤੇ ਉਕਸਾਉਂਦੇ ਹੋਏ 'ਮਨੁੱਖੀ ਅਧਿਕਾਰਾਂ' ਦਾ ਪ੍ਰਚਾਰ ਕਰਦੇ ਹਨ। ਲੈਨਿਨ ਨੇ ਸਾਨੂੰ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ, 'ਸਾਮਰਾਜਵਾਦ ਯੁੱਧ ਹੈ।'

ਅੱਜ, ਸਾਮਰਾਜਵਾਦ ਦਾ ਚਰਿੱਤਰ ਸਾਰਿਆਂ ਦੇ ਸਾਹਮਣੇ ਨੰਗਾ ਹੋ ਗਿਆ ਹੈ।ਇਸ ਦੇ ਨਾਲ-ਨਾਲ ਪੂੰਜੀਵਾਦੀਆਂ ਵੱਲੋਂ ਕੁਦਰਤ ਦੀ ਲੁੱਟ ਕਾਰਨ ਪੈਦਾ ਹੋਇਆ ਜਲਵਾਯੂ ਸੰਕਟ, ਮਨੁੱਖਤਾ ਦੇ ਬਚਾਅ ਲਈ ਖ਼ਤਰਾ ਹੈ। ਫਿਰ ਵੀ ਜਨਤਾ ਨੂੰ ਤਬਾਹ ਹੋਣ ਲਈ ਛੱਡ ਕੇ ਹਾਕਮ ਜਮਾਤਾਂ ਅਮੀਰਾਂ ਲਈ ਕਿਲ੍ਹੇ ਬਣਾਉਣ ਵਿੱਚ ਰੁੱਝੀਆਂ ਹੋਈਆਂ ਹਨ। ਬਲਦੀ 'ਤੇ ਤੇਲ ਪਾਉਣਾ, ਅੰਤਰਰਾਸ਼ਟਰੀ ਸੱਜੇ-ਪੱਖੀ ਤਾਕਤਾਂ ਦਾ ਉਭਾਰ ਅਤੇ ਏਕੀਕਰਨ ਸਿਰਫ ਮਿਹਨਤਕਸ਼ ਲੋਕਾਂ ਨੂੰ ਸ਼ੋਸ਼ਣ ਵਾਲੇ ਪ੍ਰਬੰਧ ਨੂੰ ਉਖਾੜ ਸੁੱਟਣ ਦੇ ਉਨ੍ਹਾਂ ਦੇ ਅਸਲ ਕੰਮ ਤੋਂ ਧਿਆਨ ਹਟਾਉਣ, ਉਲਝਾਉਣ ਅਤੇ ਅਸਥਿਰ ਕਰਨ ਦਾ ਕੰਮ ਕਰਦਾ ਹੈ।

**ਰਾਸ਼ਟਰੀ ਸਥਿਤੀ : ਸੰਕਟ ਹੇਠ ਭਾਰਤ**

ਸਾਥੀਓ, ਇਹ ਸਾਡੀ ਆਪਣੀ ਧਰਤੀ ਹੈ, ਜੋ ਇਨਕਲਾਬੀ ਦਖਲਅੰਦਾਜ਼ੀ ਲਈ ਸਭ ਤੋਂ ਵੱਧ ਪੁਕਾਰ ਰਹੀ ਹੈ। ਸਦੀਆਂ ਪਹਿਲਾਂ, ਤਾਮਿਲਨਾਡੂ ਦੀ ਇਸੇ ਧਰਤੀ 'ਤੇ ਤਿਰੂਵੱਲੂਵਰ ਨੇ ਕਿਹਾ ਸੀ 'ਪਿਰਾਪੋਕੁੱਮ ਏਲਾ ਉਇਰਕੁਮ!' (ਜਨਮ ਤੋਂ ਸਾਰੇ ਬਰਾਬਰ ਹਨ)। ਇਸ ਸਰਵ-ਵਿਆਪਕ ਅਤੇ ਸਦੀਵੀ ਦਾਅਵੇ ਦੇ ਉਲਟ ਅਸੀਂ ਦੇਖਦੇ ਹਾਂ ਕਿ ਭਾਰਤ ਵਿੱਚ ਅਸਮਾਨਤਾ ਯੋਜਨਾਬੱਧ ਹੈ। ਇਹ ਸ਼ੋਸ਼ਣ ਅਤੇ ਵਿਤਕਰੇ ਦੀ ਢਾਂਚਾਗਤ ਅਤੇ ਵਿਕਸਤ ਪ੍ਰਣਾਲੀ ਹੈ, ਜਿਸ ਨਾਲ ਸਾਨੂੰ ਲੜਨਾ ਪਵੇਗਾ।

ਸਾਥੀਓ, ਭਾਰਤ ਅੱਜ ਇੱਕ ਟੁੱਟਣ ਵਾਲੇ ਬਿੰਦੂ 'ਤੇ ਖੜ੍ਹਾ ਹੈ। ਭਾਜਪਾ-ਆਰ ਐੱਸ ਐੱਸ ਸ਼ਾਸਨ ਦੇ ਅਧੀਨ ਵਰਗ, ਜਾਤ ਅਤੇ ਪਿਤਾ-ਪੁਰਖੀ ਸੱਤਾ ਦੇ ਢਾਂਚਾਗਤ ਜ਼ੁਲਮ ਬੇਰਹਿਮ ਹੋ ਗਏ ਹਨ, ਜੋ ਕਿ ਬੁਰਜੂਆਜ਼ੀ ਅਤੇ ਜ਼ਿਮੀਂਦਾਰਾਂ ਦੇ ਸਭ ਤੋਂ ਪ੍ਰਤੀਕਿਰਿਆਸ਼ੀਲ ਵਰਗਾਂ ਦੇ ਰਾਜਨੀਤਕ ਸੰਦ ਤੋਂ ਇਲਾਵਾ ਹੋਰ ਕੁਝ ਨਹੀਂ ਹੈ।

ਆਓ ਅਸੀਂ ਸਪੱਸ਼ਟ ਤੌਰ 'ਤੇ ਕਹੀਏ : ਭਾਰਤ ਸਿਰਫ਼ ਮਾੜੇ ਸ਼ਾਸਨ ਤੋਂ ਪੀੜਤ ਨਹੀਂ ਹੈ; ਭਾਰਤ ਇੱਕ ਅਜਿਹੇ ਪ੍ਰਬੰਧ ਦੇ ਅਧੀਨ ਦਮ ਘੁੱਟ ਰਿਹਾ ਹੈ, ਜੋ ਸ਼ੋਸ਼ਣ ਲਈ ਤਿਆਰ ਕੀਤਾ ਗਿਆ ਹੈ। ਅਮੀਰ ਅਤੇ ਗਰੀਬ ਵਿਚਕਾਰ ਪਾੜਾ ਕਦੇ ਵੀ ਇੰਨਾ ਸ਼ਰਮਨਾਕ ਨਹੀਂ ਸੀ। ਇਸ ਦੇਸ਼ ਦੇ ਉੱਪਰਲੇ 1 ਫੀਸਦੀ ਲੋਕ ਹੁਣ ਰਾਸ਼ਟਰੀ ਦੌਲਤ ਦੇ 40 ਫੀਸਦੀ ਤੋਂ ਵੱਧ ਦੇ ਮਾਲਕ ਹਨ, ਜਦੋਂ ਕਿ ਅੱਧੀ ਆਬਾਦੀ ਦੋ ਸਮੇਂ ਦੀ ਰੋਟੀ ਲਈ ਸੰਘਰਸ਼ ਕਰ ਰਹੀ ਹੈ।

ਮਾਰਕਸ ਅਤੇ ਏਂਗਲਜ਼ ਨੇ ਲਿਖਿਆ ਹੈ ਕਿ 'ਹੁਣ ਤੱਕ ਮੌਜੂਦ ਸਾਰੇ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ।' ਭਾਰਤ ਵਿੱਚ ਇਹ ਜਮਾਤੀ ਸੰਘਰਸ ਜਾਤ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ, ਜੋ ਸਮਾਜਿਕ ਜ਼ੁਲਮ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਭਿਆਨਕ ਪ੍ਰਣਾਲੀ ਹੈ। ਜਾਤ ਅਤੇ ਜਮਾਤੀ ਜ਼ੁਲਮ ਸਮਾਨਾਂਤਰ ਨਹੀਂ ਹਨ, ਉਹ ਇਕਮਿਕ ਹਨ। ਜ਼ਮੀਨੀ ਮਾਲਕੀ, ਉਜਰਤ ਢਾਂਚੇ, ਸਿੱਖਿਆ ਤੱਕ ਪਹੁੰਚ ਅਤੇ ਇੱਥੋਂ ਤੱਕ ਕਿ ਬੁਨਿਆਦੀ ਮਨੁੱਖੀ ਸਨਮਾਨ ਦਲਿਤ, ਆਦਿਵਾਸੀ ਅਤੇ ਸਭ ਤੋਂ ਹਾਸ਼ੀਏ 'ਤੇ ਧੱਕੇ ਗਏ ਵਰਗ, ਅਜੇ ਵੀ ਇਹਨਾਂ ਤੋਂ ਵਿਰਵੇ ਹਨ। ਡਾ. ਅੰਬੇਡਕਰ ਨੇ ਚੇਤਾਵਨੀ ਦਿੱਤੀ ਸੀ, 'ਜਾਤ ਸਿਰਫ਼ ਕਿਰਤ ਦੀ ਵੰਡ ਨਹੀਂ ਹੈ; ਇਹ ਮਜ਼ਦੂਰਾਂ ਦੀ ਵੰਡ ਹੈ।' ਅੱਜ ਹਾਕਮ ਵਰਗ, ਹਿੰਦੂਤਵ ਤਾਕਤਾਂ ਨਾਲ ਹੱਥ ਮਿਲਾ ਕੇ, ਰਾਸ਼ਟਰਵਾਦ ਦੇ ਭੇਸ ਵਿੱਚ ਪਰੇਡ ਕਰਦੇ ਹੋਏ ਮਨੂੰ ਦੇ ਹੁਕਮ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸ਼ਾਸਨ ਅਧੀਨ ਪਿੱਤਰਸੱਤਾ ਵੀ ਵਧ-ਫੁੱਲ ਰਹੀ ਹੈ। ਔਰਤਾਂ ਵਿਰੁੱਧ ਹਿੰਸਾ, ਵਿਤਕਰਾ ਅਤੇ ਖ਼ੁਦਮੁਖਤਿਆਰੀ ਤੋਂ ਇਨਕਾਰ ਸੰਸਥਾਗਤ ਰੂਪ ਵਿੱਚ ਕੀਤਾ ਗਿਆ ਹੈ। ਹਾਕਮ ਵਰਗ ਮਿਹਨਤਕਸ਼ ਲੋਕਾਂ ਨੂੰ ਵੰਡਣ ਅਤੇ ਹੁਕਮ ਦੇਣ ਲਈ ਪਿੱਤਰਸੱਤਾ ਦੀ ਵਰਤੋਂ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ।

ਬੇਰੁਜ਼ਗਾਰੀ ਨੌਜਵਾਨਾਂ ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ। ਖੇਤੀਬਾੜੀ ਸੰਕਟ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕ ਰਿਹਾ ਹੈ। ਜਨਤਕ ਖੇਤਰਾਂ ਵਿਚਲੀ ਸਿੱਖਿਆ ਅਤੇ ਸਿਹਤ ਨੂੰ ਯੋਜਨਾਬੱਧ ਢੰਗ ਨਾਲ ਤਬਾਹ ਕੀਤਾ ਜਾ ਰਿਹਾ ਹੈ। ਮਿਹਨਤਕਸ਼ ਲੋਕਾਂ ਦੇ ਅਧਿਕਾਰ-ਸੰਗਠਿਤ ਹੋਣ, ਅਸਹਿਮਤੀ ਪ੍ਰਗਟ ਕਰਨ, ਹੱਕ ਮੰਗਣ ਨੂੰ ਲਗਾਤਾਰ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੇਡ ਯੂਨੀਅਨਾਂ ਨੂੰ ਸ਼ੈਤਾਨ ਦੇ ਤੌਰ 'ਤੇ ਪੇਸ਼ ਕਰਕੇ ਬਦਨਾਮ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀਆਂ ਨੂੰ ਆਰ ਐੱਸ ਐੱਸ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਬਦਲ ਦਿੱਤਾ ਗਿਆ ਹੈ। ਪੱਤਰਕਾਰੀ ਦੇ ਪੇਸ਼ੇ ਨੂੰ ਅਪਰਾਧੀ ਬਣਾਇਆ ਜਾ ਰਿਹਾ ਹੈ। ਭਾਰਤੀ ਗਣਰਾਜ ਦੇ ਧਰਮ ਨਿਰਪੱਖ-ਜਮਹੂਰੀ ਤਾਣੇ-ਬਾਣੇ ਨੂੰ ਤੋੜਿਆ ਜਾ ਰਿਹਾ ਹੈ।




ਆਰ ਐੱਸ ਐੱਸ-ਭਾਜਪਾ ਗੱਠਜੋੜ ਸਭ ਤੋਂ ਵੱਧ ਭਾਰਤ ਦੇ ਸੰਵਿਧਾਨ ਨੂੰ ਖੁੱਲ੍ਹੇਆਮ ਨਿਸ਼ਾਨਾ ਬਣਾ ਰਿਹਾ ਹੈ। ਇਹ ਇਸ ਦੇ ਬੁਨਿਆਦੀ ਥੰਮ੍ਹਾਂ-ਸਮਾਜਵਾਦ, ਧਰਮ ਨਿਰਪੱਖਤਾ, ਫੈਡਰਲਿਜ਼ਮ ਅਤੇ ਸਮਾਜਿਕ ਨਿਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਡੇ ਗਣਰਾਜ 'ਤੇ ਉਨ੍ਹਾਂ ਦਾ ਹਮਲਾ ਯੋਜਨਾਬੱਧ ਅਤੇ ਵਿਚਾਰਧਾਰਕ ਹੈ। ਇੱਕ ਸੰਗਠਨ ਦੇ ਰੂਪ ਵਿੱਚ ਆਰ ਐੱਸ ਐੱਸ ਫਿਰਕੂ ਅਤੇ ਫਾਸ਼ੀਵਾਦੀ ਵਿਚਾਰਧਾਰਾ ਦੀ ਪਾਲਣਾ ਕਰਦੇ ਹੋਏ ਡੂੰਘਾਈ ਨਾਲ ਵੰਡਣ ਵਾਲੀ ਇੱਕ ਜਥੇਬੰਦੀ ਹੈ। ਇਹ ਮੁਸੋਲਿਨੀ ਅਤੇ ਹਿਟਲਰ ਤੋਂ ਪ੍ਰੇਰਿਤ ਹੈ ਅਤੇ ਉਨ੍ਹਾਂ ਦੇ ਸੰਗਠਨਾਤਮਕ ਸਿਧਾਂਤਾਂ ਦੀ ਪਾਲਣਾ ਕਰਦਾ ਹੈ। ਭਾਜਪਾ ਆਰ ਐੱਸ ਐੱਸ ਦੀ ਰਾਜਨੀਤਿਕ ਸ਼ਾਖਾ ਹੈ ਅਤੇ ਕਈ ਹੋਰ ਸੰਗਠਨਾਂ ਦੇ ਨਾਲ, ਜਿਨ੍ਹਾਂ ਨੂੰ ਸੰਘ ਪਰਵਾਰ ਕਿਹਾ ਜਾਂਦਾ ਹੈ, ਮਿਲ ਕੇ ਲੋਕਤੰਤਰ ਦੇ ਖਿਲਾਫ ਫਾਸ਼ੀਵਾਦੀ ਨਫ਼ਰਤ ਨੂੰ ਫੈਲਾਉਂਦਾ ਹੈ ਅਤੇ ਸੰਸਦ ਵਰਗੀਆਂ ਪ੍ਰਤੀਨਿਧ ਸੰਸਥਾਵਾਂ ਨੂੰ ਬੇਲੋੜਾ ਬਣਾਉਣ ਵਿੱਚ ਵਿਸ਼ਵਾਸ ਰੱਖਦਾ ਹੈ, ਜਿਵੇਂ ਕਿ ਹਿਟਲਰ ਨੇ ਕੀਤਾ ਸੀ। ਇਕੱਠੇ ਮਿਲ ਕੇ ਸੰਘ ਪਰਵਾਰ ਇੱਕ ਧਰਮ-ਅਧਾਰਤ, ਕਾਰਪੋਰੇਟ-ਸ਼ਾਸਤ ਭਾਰਤ ਦਾ ਸੁਪਨਾ ਦੇਖਦਾ ਹੈ, ਜਿੱਥੇ ਬਹੁਗਿਣਤੀਵਾਦ, ਜਾਤ ਅਤੇ ਪੂੰਜੀ ਬਿਨਾਂ ਕਿਸੇ ਰੋਕ-ਟੋਕ ਦੇ ਹਾਵੀ ਹੋਣਗੇ।

ਭਗਤ ਸਿੰਘ ਨੇ ਬ੍ਰਿਟਿਸ਼ ਸਾਮਰਾਜ ਨਾਲ ਲੜਦੇ ਹੋਏ ਇਹ ਨਾਅਰਾ ਦਿੱਤਾ ਸੀ, 'ਇਨਕਲਾਬ ਮਨੁੱਖਤਾ ਦਾ ਹੱਕ ਹੈ ਅਤੇ ਆਜ਼ਾਦੀ ਜਨਮ ਸਿੱਧ ਅਧਿਕਾਰ ਹੈ।' ਸਮਾਂ ਆ ਗਿਆ ਹੈ ਕਿ ਉਸ ਦੇ ਸ਼ਬਦਾਂ ਦੀ ਪਾਲਣਾ ਕੀਤੀ ਜਾਵੇ ਅਤੇ ਆਰ ਐੱਸ ਐੱਸ-ਭਾਜਪਾ ਤੋਂ ਆਪਣੀ ਆਜ਼ਾਦੀ ਵਾਪਸ ਲਈ ਜਾਵੇ।

**ਕਮਿਊਨਿਸਟਾਂ ਦੇ ਸਾਹਮਣੇ ਕੰਮ**

ਸਾਥੀਓ, ਮੌਜੂਦਾ ਸਥਿਤੀ ਮੰਗ ਕਰਦੀ ਹੈ ਕਿ ਅਸੀਂ ਕਮਿਊਨਿਸਟ ਹੋਣ ਦੇ ਨਾਤੇ ਮੌਕੇ ਦਾ ਸਾਹਮਣਾ ਕਰੀਏ। ਸਾਰੀਆਂ ਕਮਿਊਨਿਸਟਾਂ ਅਤੇ ਖੱਬੀਆਂ ਤਾਕਤਾਂ ਨੂੰ ਇਸ ਕਾਰਪੋਰੇਟ-ਫਿਰਕੂ ਹਮਲੇ ਦੇ ਵਿਰੁੱਧ ਇੱਕ ਨਿਰਣਾਇਕ ਵਿਰੋਧ ਖੜ੍ਹਾ ਕਰਨ ਲਈ ਸਿਧਾਂਤਕ ਏਕਤਾ ਬਣਾਉਣੀ ਚਾਹੀਦੀ ਹੈ। ਸਾਨੂੰ ਬੇਜ਼ੁਬਾਨਾਂ ਦੀ ਆਵਾਜ਼, ਅਸੰਗਠਿਤਾਂ ਦੇ ਸੰਗਠਨ ਅਤੇ ਨਿਰਾਸ਼ਵਾਨਾਂ ਦੀ ਉਮੀਦ ਬਣਨਾ ਚਾਹੀਦਾ ਹੈ।

ਸਾਨੂੰ ਸੜਕਾਂ 'ਤੇ, ਫੈਕਟਰੀਆਂ ਵਿੱਚ, ਪਿੰਡਾਂ ਵਿੱਚ, ਯੂਨੀਵਰਸਿਟੀਆਂ ਵਿੱਚ ਸੰਘਰਸ਼ਾਂ ਦੀ ਅਗਵਾਈ ਕਰਨੀ ਚਾਹੀਦੀ ਹੈ-ਨਾ ਸਿਰਫ਼ ਆਰਥਿਕ ਸ਼ੋਸ਼ਣ ਦੇ ਵਿਰੁੱਧ, ਸਗੋਂ ਜਾਤ ਅਤੇ ਪਿਤਰਸੱਤਾ ਦੇ ਡੂੰਘੇ ਜੜ੍ਹਾਂ ਵਾਲੇ ਢਾਂਚੇ ਦੇ ਵਿਰੁੱਧ ਵੀ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ 'ਜੈ ਭੀਮ', 'ਇਨਕਲਾਬ ਜ਼ਿੰਦਾਬਾਦ' ਅਤੇ 'ਲਾਲ ਸਲਾਮ' ਦੇ ਨਾਅਰੇ ਸਿਰਫ਼ ਸ਼ਬਦ ਨਾ ਹੋਣ, ਸਗੋਂ ਇੱਕ ਪਰਿਵਰਤਨਸ਼ੀਲ ਲਹਿਰ ਲਈ ਇਕੱਠੇ ਹੋਣ ਵਾਲੇ ਨਾਅਰੇ ਹੋਣ। ਇਹ ਹੁਣ ਕੋਈ ਵਿਕਲਪ ਨਹੀਂ ਹੈ, ਸਾਥੀਓ ਇਹ ਸਾਡਾ ਇਨਕਲਾਬੀ ਫਰਜ਼ ਹੈ।

ਜਨਤਕ ਸਿੱਖਿਆ ਅਤੇ ਸਿਹਤ, ਰੁਜ਼ਗਾਰ, ਭੋਜਨ ਸੁਰੱਖਿਆ ਅਤੇ ਸਮਾਜਿਕ ਸੁਰੱਖਿਆ ਦੀ ਰੱਖਿਆ ਨੂੰ ਸਾਡੇ ਪ੍ਰੋਗਰਾਮ ਦੇ ਕੇਂਦਰ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਹ 'ਕਲਿਆਣਕਾਰੀ ਮੰਗਾਂ' ਨਹੀਂ ਹਨ, ਇਹ ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦੇ ਸਾਧਨ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਸੰਵਿਧਾਨ ਵਿੱਚ ਦਰਜ ਵਿਗਿਆਨਕ ਸੋਚ ਲਈ ਵੀ ਲੜਾਈ ਲੜਨੀ ਚਾਹੀਦੀ ਹੈ। ਕਮਿਊਨਿਸਟ ਲਹਿਰ ਨੂੰ ਲੋਕਾਂ ਦੀ ਸੇਵਾ ਵਿੱਚ ਵਿਗਿਆਨ ਅਤੇ ਤਕਨਾਲੋਜੀ-ਡਿਜੀਟਲ ਟੂਲ ਅਤੇ ਸਮੇਤ ਏ ਆਈ ਦੀ ਵਰਤੋਂ ਦੀ ਚੁਣੌਤੀ ਨੂੰ ਦਲੇਰੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਸਾਨੂੰ ਗਿਆਨ ਤੱਕ ਸਰਵਵਿਆਪੀ ਪਹੁੰਚ, ਤਕਨੀਕੀ ਸਮਾਨਤਾ ਅਤੇ ਵਿਗਿਆਨ ਦੇ ਵਸਤੂਕਰਨ ਦੇ ਵਿਰੁੱਧ ਲੜਨਾ ਚਾਹੀਦਾ ਹੈ। ਆਖ਼ਰਕਾਰ ਇਹ ਲੈਨਿਨ ਹੀ ਸੀ, ਜਿਸ ਨੇ ਸਾਨੂੰ ਦੱਸਿਆ ਸੀ, 'ਕਮਿਊਨਿਜ਼ਮ ਸੋਵੀਅਤ ਸ਼ਕਤੀ ਅਤੇ ਬਿਜਲੀ ਹੈ।' ਅੱਜ ਇਹ ਕਮਿਊਨਿਸਟ ਤਾਕਤ ਅਤੇ ਲੋਕਤੰਤਰੀ ਤਕਨਾਲੋਜੀ ਹੋਣੀ ਚਾਹੀਦੀ ਹੈ।

**ਅੱਗੇ ਦਾ ਰਸਤਾ**

ਸਾਥੀਓ, ਸਮਾਂ ਝਿਜਕਣ ਦਾ ਨਹੀਂ, ਸਗੋਂ ਕਾਰਵਾਈ ਦਾ ਹੈ। ਸਥਿਤੀ ਗੰਭੀਰ ਹੈ, ਪਰ ਇਹ ਸੰਭਾਵਨਾਵਾਂ ਨਾਲ ਵੀ ਭਰੀ ਹੋਈ ਹੈ। ਮਾਰਕਸਵਾਦੀ ਹੋਣ ਦੇ ਨਾਤੇ ਅਸੀਂ ਸਮਝਦੇ ਹਾਂ ਕਿ ਸਭ ਤੋਂ ਵੱਡੇ ਸੰਕਟ ਸਭ ਤੋਂ ਵੱਡੇ ਮੌਕੇ ਪੈਦਾ ਕਰ ਸਕਦੇ ਹਨ, ਬਸ਼ਰਤੇ ਅਸੀਂ ਉਦਾਹਰਣ ਬਣ ਕੇ ਅਗਵਾਈ ਕਰਨ ਲਈ ਤਿਆਰ ਹੋਈਏ।

ਆਓ ਆਪਾਂ ਜਨਤਕ ਸੰਘਰਸ਼ਾਂ ਨੂੰ ਤੇਜ਼ ਕਰੀਏ। ਆਓ ਆਪਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਔਰਤਾਂ, ਦਲਿਤਾਂ, ਆਦਿਵਾਸੀਆਂ, ਘੱਟ ਗਿਣਤੀਆਂ, ਸਾਰੇ ਜੋ ਦੱਬੇ-ਕੁਚਲੇ ਹੋਏ ਹਨ, ਨੂੰ ਲਾਲ ਝੰਡੇ ਹੇਠ ਲਾਮਬੰਦ ਕਰੀਏ। ਆਓ ਅਸੀਂ ਨਾ ਸਿਰਫ਼ ਆਰ ਐੱਸ ਐੱਸ-ਭਾਜਪਾ ਦਾ, ਸਗੋਂ ਉਸ ਪ੍ਰਣਾਲੀ ਦਾ ਸਾਹਮਣਾ ਕਰੀਏ, ਜੋ ਸ਼ੋਸ਼ਣ, ਅਸਮਾਨਤਾ ਅਤੇ ਅਨਿਆਂ ਨੂੰ ਪੈਦਾ ਕਰਦੀ ਹੈ।

ਸਾਨੂੰ ਮਾਰਕਸਵਾਦ-ਲੈਨਿਨਵਾਦ ਨੂੰ ਰਾਜਨੀਤਿਕ ਵਿਚਾਰ-ਵਟਾਂਦਰੇ ਦੇ ਕੇਂਦਰ ਵਿੱਚ ਮੁੜ ਸਥਾਪਤ ਕਰਨਾ ਚਾਹੀਦਾ ਹੈ-ਅਭਿਆਸ ਰਾਹੀਂ ਇਹ ਸਾਬਤ ਕਰਨਾ ਕਿ ਇਹ ਸਿਰਫ਼ ਮੁਕਤੀ ਦੀ ਕੁੰਜੀ ਪ੍ਰਦਾਨ ਕਰਦਾ ਹੈ। ਲੈਨਿਨ ਨੇ ਸਾਨੂੰ ਯਾਦ ਦਿਵਾਇਆ, 'ਇਨਕਲਾਬੀ ਸਿਧਾਂਤ ਤੋਂ ਬਿਨਾਂ, ਕੋਈ ਇਨਕਲਾਬੀ ਲਹਿਰ ਨਹੀਂ ਹੋ ਸਕਦੀ।' ਪਰ ਇਸ ਸਿਧਾਂਤ ਨੂੰ ਲੱਖਾਂ ਮਿਹਨਤਕਸ਼ ਲੋਕਾਂ ਦੇ ਪੈਰਾਂ 'ਤੇ ਚੱਲਣਾ ਚਾਹੀਦਾ ਹੈ।

ਲੋਕ ਉੱਠਣ ਲਈ ਤਿਆਰ ਹਨ। ਆਓ ਅਸੀਂ ਉਨ੍ਹਾਂ ਦੇ ਭਰੋਸੇ ਦੇ ਯੋਗ ਬਣੀਏ। ਆਓ ਅਸੀਂ ਲਾਲ ਝੰਡੇ ਨੂੰ ਉੱਚਾ ਰੱਖੀਏ-ਉਮੀਦ, ਵਿਰੋਧ ਅਤੇ ਭਵਿੱਖ ਦਾ ਪ੍ਰਤੀਕ।

ਅੱਗੇ ਵਧਣ ਦਾ ਇੱਕੋ-ਇੱਕ ਰਸਤਾ ਇੱਕਜੁੱਟ ਹੋਣਾ ਅਤੇ ਲੜਨਾ ਹੈ!

ਮੈਂ ਤੁਹਾਡੀ ਪਾਰਟੀ ਕਾਂਗਰਸ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।

ਲਾਲ ਸਲਾਮ! ਲਾਲ ਸਲਾਮ!

# ਅਜੇ ਕੁਝ ਹੋਰ ਸੱਟਾਂ ਖਾ ਸਕਦੀ ਹੈ ਧਰਮ ਦੁਆਲੇ ਧਰੁਵੀਕਰਨ ਵਿੱਚ ਫਸੀ ਕਾਂਗਰਸ ਦੀ ਲੀਡਰਸ਼ਿਪ

**ਦ੍ਰਿਸ਼ਟੀਕੋਣ**
**ਜਤਿੰਦਰ ਪਨੂੰ**

ਕੈਫ਼ੀ ਆਜ਼ਮੀ ਨੇ ਇੱਕ ਵਾਰੀ ਇੱਕ ਕਿੱਸਾ ਸੁਣਾਇਆ ਸੀ। ਉਹ ਬਹੁਤ ਵੱਡੇ ਸ਼ਾਇਰ ਸਨ, ਪਰ ਕੋਈ ਕੁਝ ਕੰਮ ਵਿੱਚ ਆ ਜਾਂਦੇ ਸਨ, ਜਦੋਂ ਕੋਈ ਉਨ੍ਹਾਂ ਨਾਲ ਜਾਣ-ਪਛਾਣ ਕਰਾਉਣ ਵੇਲੇ ਉਨ੍ਹਾਂ ਨੂੰ 'ਫਿਲਮ ਸਟਾਰ ਸ਼ਬਾਨਾ ਆਜ਼ਮੀ ਦੇ ਪਿਤਾ' ਕਹਿੰਦਾ ਸੀ। ਕਾਰਨ ਇਹ ਸੀ ਕਿ ਉਨ੍ਹਾਂ ਦੀ ਇੱਕ ਆਪਣੀ ਹਸਤੀ ਸੀ, ਸ਼ਬਾਨਾ ਦੇ ਜਨਮ ਤੋਂ ਬਹੁਤ ਪਹਿਲਾਂ ਉਹ ਸ਼ਾਇਰ ਦੇ ਤੌਰ ਉੱਤੇ ਨਾਮਣੇ ਵਾਲੀ ਸ਼ਖਸੀਅਤ ਬਣ ਚੁੱਕੇ ਸਨ ਅਤੇ ਉਨ੍ਹਾਂ ਵਾਲਾ ਰੰਗ ਸ਼ਬਾਨਾ ਤੋਂ ਕਦੀ ਹੋਣਾ ਨਾ ਚੜ੍ਹਿਆ ਸੀ, ਖੁਦ ਕੈਫੀ ਆਜ਼ਮੀ ਉੱਤੇ ਕਿਸੇ ਦਾ ਰੰਗ ਨਹੀਂ ਸੀ ਚੜ੍ਹਿਆ ਤੇ ਨਾ ਚੜ੍ਹ ਸਕਦਾ ਸੀ। ਇੱਕ ਵਾਰੀ ਉਨ੍ਹਾਂ ਇੱਕ ਕਿੱਸਾ ਸੁਣਾਇਆ ਸੀ ਇੱਕ ਪੀਰ ਦਾ ਤੇ ਇੱਕ ਜਗੀਰਦਾਰ ਦੇ ਘਰ ਔਲਾਦ ਹੋਣ ਨਾਲ ਧਾਰਮਿਕਤਾ ਦੇ ਸੰਬੰਧਾਂ ਦਾ। ਕਹਿਣ ਲੱਗੇ ਕਿ ਜਗੀਰਦਾਰ ਦੇ ਘਰ ਪੁੱਤਰ ਨਹੀਂ ਸੀ ਹੁੰਦਾ ਅਤੇ ਉਹ ਸਾਰੇ ਜਾਣੇ-ਪਛਾਣੇ ਸੰਤਾਂ-ਸਾਧਾਂ ਦੇ ਗੋਡੇ ਘੁੱਟਦੇ ਫਿਰਦੇ ਸਨ। ਇੱਕ ਵਾਰ ਇੱਕ ਪੀਰ ਆ ਗਿਆ, ਪਤਾ ਨਹੀਂ ਉਹ ਕਿਸ ਧਰਮ ਦਾ ਸੀ। ਉਹ ਪੀਰ ਆ ਕੇ ਕਹਿਣ ਲੱਗਾ ਕਿ ਪੁੱਤਰ ਲੈਣਾ ਹੈ ਤਾਂ ਇੱਕ ਡੇਰਾ ਆਪਣੀ ਜ਼ਮੀਨ ਵਿੱਚ ਬਣਵਾ ਦੇ। ਜਗੀਰਦਾਰ ਨੇ ਕਹਿਣ ਦੇ ਮੁਤਾਬਕ ਡੇਰਾ ਬਣਵਾ ਦਿੱਤਾ ਤੇ ਅਗਲੇ ਸਾਲ ਸਬੱਬ ਨਾਲ ਉਸ ਦੇ ਘਰ ਪੁੱਤਰ ਜੰਮ ਪਿਆ। ਜਦੋਂ ਉਸ ਦੇ ਘਰ ਪੁੱਤਰ ਜੰਮਣ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਤਾਂ ਪੁੱਤਰਾਂ ਦੀ ਦਾਤ ਦੇ ਹੋਰ ਚਾਹਵਾਨ ਉਸ ਡੇਰੇ ਵਿੱਚ ਆਪੋ-ਆਪਣੀ ਇੱਛਾ-ਪੂਰਤੀ ਲਈ ਮੱਥਾ ਟੇਕਣ ਜਾ ਵੜੇ। ਜਗੀਰਦਾਰ ਦੇ ਘਰ ਉੱਥੇ ਰੱਖੇ ਕੀਤੇ ਲੱਠਮਾਰਾਂ ਨੇ ਕੁੱਟ ਕੇ ਲੋਕਾਂ ਨੂੰ ਭਜਾ ਦਿੱਤਾ ਤਾਂ ਰੋਂਦੇ ਹੋਏ ਲੋਕ ਉਸ ਜਗੀਰਦਾਰ ਕੋਲ ਸ਼ਿਕਾਇਤ ਕਰਨ ਚਲੇ ਗਏ। ਅੱਗੋਂ ਉਸ ਨੇ ਗਾਲ੍ਹਾਂ ਕੱਢੀਆਂ ਤੇ ਕਿਹਾ ਕਿ ਤੁਸੀਂ ਓਥੇ ਗਏ ਕਿਉਂ ਸੀ? ਲੋਕਾਂ ਨੇ ਕਿਹਾ ਕਿ ਸ਼ਰਧਾ ਦਾ ਅਸਥਾਨ ਬਣਾਇਆ ਹੈ ਤਾਂ ਸ਼ਰਧਾ ਭੇਟ ਕਰਨ ਜਾਣਾ ਹੀ ਸੀ। ਜਗੀਰਦਾਰ ਨੇ ਕਿਹਾ : ਤੁਹਾਨੂੰ ਕਿਸ ਨੇ ਕਿਹਾ ਕਿ ਸ਼ਰਧਾ ਭੇਟ ਕਰਨ ਲਈ ਬਣਾਇਆ ਗਿਆ ਸੀ, ਉਹ ਤਾਂ ਅਸੀਂ ਪੁੱਤਰ ਲੈਣ ਲਈ ਬਣਵਾਇਆ ਸੀ, ਪੁੱਤਰ ਜੰਮ ਪੈਣ ਪਿੱਛੋਂ ਓਥੇ ਕਿਸੇ ਨੂੰ ਜਾਣ ਦੇਈਏ ਜਾਂ ਨਾ, ਸਾਡੀ ਮਰਜ਼ੀ!

ਭਾਰਤ ਦੀ ਕੋਈ ਵੀ ਪਾਰਟੀ ਅਤੇ ਕੋਈ ਵੀ ਲੀਡਰ ਮੂੰਹੋਂ ਮੰਨਣ ਨੂੰ ਤਿਆਰ ਨਹੀਂ ਕਿ ਉਸ ਦੀ ਰਾਜਨੀਤੀ ਇਸ ਇੱਕੋ ਨਿਸ਼ਾਨੇ ਤੱਕ ਸੀਮਤ ਹੈ ਕਿ ਗੱਦੀ ਉੱਤੇ ਬਹਿਣਾ ਕਿਸ ਤਰ੍ਹਾਂ ਹੈ ਅਤੇ ਜੇ ਬੈਠਣਾ ਨਸੀਬ ਹੋ ਜਾਵੇ ਤਾਂ ਬੈਠੇ ਰਹਿਣਾ ਕਿਸ ਤਰ੍ਹਾਂ ਹੈ। ਬਾਕੀ ਸਭ ਗੱਲਾਂ ਐਵੇਂ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਹਨ। ਅਸੀਂ ਲੋਕਾਂ ਨੇ ਬਹੁਤ ਵਾਰੀ ਇਹ ਵੇਖ ਲਿਆ ਹੈ ਕਿ ਜੋ ਕੁਝ ਕੋਈ ਪਾਰਟੀ ਜਾਂ ਲੀਡਰ ਚੋਣਾਂ ਵਿੱਚ ਆਖ ਗਿਆ ਹੋਵੇ, ਉਸ ਦਾ ਮਤਲਬ ਚੋਣਾਂ ਪਿੱਛੋਂ ਕਦੇ ਕੋਈ ਨਹੀਂ ਹੁੰਦਾ ਅਤੇ ਲੋਕਾਂ ਲਈ ਬਹੁਤੇ ਵਾਅਦੇ ਉਹ ਹੋਣ ਦਾ ਉਹ ਭੁੱਲ ਬਣ ਜਾਂਦੇ ਹਨ, ਜਿਹੜਾ ਹਮੇਸ਼ਾ ਲਮਕਦਾ ਦਿੱਸਦਾ ਹੈ, ਕਦੀ ਕਿਸੇ ਨੇ ਡਿੱਗਦਾ ਨਹੀਂ ਵੇਖਿਆ। ਸਾਨੂੰ ਜਿੰਨੀਆਂ ਪਾਰਟੀਆਂ ਨੇ ਵੀ ਆਸਾਂ ਵਿਖਾਈਆਂ, ਆਜ਼ਾਦੀ ਮਿਲਣ ਦੀ ਘੜੀ ਤੋਂ ਅੱਜ ਤੱਕ ਕਦੇ ਕਿਸੇ ਨੇ ਪੂਰੀਆਂ ਨਹੀਂ ਕੀਤੀਆਂ ਅਤੇ ਅੱਗੋਂ ਵੀ ਇਸ ਤਰ੍ਹਾਂ ਦੀ ਆਸ ਨਹੀਂ। ਜਿਸ ਦਿਨ ਭਾਰਤ ਨੂੰ ਆਜ਼ਾਦੀ ਮਿਲੀ ਸੀ, ਪਹਿਲੀਆਂ ਤਕਰੀਰਾਂ ਵਿੱਚ ਕਾਂਗਰਸ ਦੇ ਆਗੂਆਂ ਨੇ ਦੇਸ਼ ਦੇ ਲੋਕਾਂ ਨੂੰ ਕੁੱਲੀ, ਗੁੱਲੀ ਅਤੇ ਜੁੱਲੀ ਦਾ ਪ੍ਰਬੰਧ ਕਰ ਕੇ ਦੇਣ ਦਾ ਵਾਅਦਾ ਕੀਤਾ ਸੀ, ਪਰ ਪੂਰਾ ਕਦੀ ਨਹੀਂ ਹੋਇਆ। ਗਰੀਬਾਂ ਨੂੰ ਕੁੱਲੀ ਬਣਵਾ ਕੇ ਦੇਣ ਦੀ ਥਾਂ ਅਮੀਰਾਂ, ਜਗੀਰਦਾਰਾਂ ਅਤੇ ਰਾਜਿਆਂ-ਨਵਾਬਾਂ ਦੇ ਮਹਿਲ ਪਹਿਲਾਂ ਤੋਂ ਵੱਧ ਉੱਚੇ ਹੁੰਦੇ ਗਏ ਸਨ। ਗੁੱਲੀ ਦਾ ਭਾਵ ਖਾਣਾ ਹਰ ਇੱਕ ਲਈ ਮਿਲਣਾ ਯਕੀਨੀ ਬਣਾਉਣ ਵਾਲਾ ਵਾਅਦਾ ਵੀ ਰੇਲਵੇ ਸਟੇਸ਼ਨਾਂ ਉੱਤੇ ਅਤੇ ਮਾਲ ਗੋਦਾਮਾਂ ਵਿੱਚ ਰੁਲਦੀ ਕਣਕ ਅਤੇ ਝੋਨੇ ਨਾਲ ਰੁਲ ਗਿਆ ਅਤੇ ਗਰੀਬਾਂ ਦਾ ਭੁੱਖਮਰੀ ਤੋਂ ਅੱਜ ਤੱਕ ਖਹਿੜਾ ਨਹੀਂ ਛੁੱਟਿਆ। ਜੁੱਲੀ ਕਹਿਣ ਦਾ ਅਰਥ ਹਰ ਕਿਸੇ ਨੂੰ ਪਹਿਨਣ ਲਈ ਤੇ ਰਾਤ ਨੂੰ ਠੰਢ ਤੋਂ ਬਚਣ ਲਈ ਕੱਪੜੇ ਦੇਣ ਦਾ ਪ੍ਰਬੰਧ ਕਰਨਾ ਸੀ, ਪਰ ਅੱਜ ਵੀ ਬਹੁਤ ਸਾਰੇ ਗਰੀਬ ਏਦਾਂ ਜਿਹਾ ਕ੍ਰਿਸ਼ਮਾ ਹੋਣ ਦੀ ਆਸ ਹਰ ਪਾਰਟੀ ਅਤੇ ਹਰ ਆਗੂ ਕੋਲੋਂ ਕਰੀ ਜਾਂਦੇ ਹਨ।

ਸਮਾਂ ਬਹੁਤ ਬਲਵਾਨ ਕਿਹਾ ਜਾਂਦਾ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਖੁਦ ਪੇਸ਼ ਕਰ ਦੇਂਦਾ ਹੈ, ਪਰ ਕ੍ਰਿਸ਼ਮਿਆਂ ਅਤੇ ਰੱਬੀ ਚਮਤਕਾਰਾਂ ਦੀ ਆਸ ਰੱਖਣ ਵਾਲੇ ਭਾਰਤੀ ਲੋਕਾਂ ਲਈ ਤਾਂ ਏਦਾਂ ਦਾ ਕੋਈ ਦਿਲਾਸਾ ਵੀ ਕਦੀ ਕੰਮ ਦਾ ਨਹੀਂ ਨਿਕਲਿਆ। ਕਾਰਨ ਸਾਫ ਹੈ ਕਿ ਲੀਡਰਸ਼ਿਪ ਹੀ ਸਿਰਫ ਦਿਲਾਸੇ ਦੇਣ ਵਾਲੀ ਹੈ, ਕੰਮ ਕਰਨ ਦਾ ਕਿਸੇ ਦਾ ਇਰਾਦਾ ਨਹੀਂ ਹੀ, ਸਿਰਫ ਦਾਅਵਿਆਂ ਨਾਲ ਮਸਲੇ ਹੱਲ ਨਹੀਂ ਹੋਣੇ ਹੁੰਦੇ।

ਅੱਜ ਜਦੋਂ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਕਈ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਇੱਕ ਹੋਰ ਪ੍ਰੋਜੈਕਟ ਸ਼ੁਰੂ ਹੋਣ ਵਾਲਾ ਹੈ, ਦਾਅਵੇ ਕਰਨ ਦੀ ਮੁਕਾਬਲੇਬਾਜ਼ੀ ਫਿਰ ਸ਼ੁਰੂ ਹੋ ਗਈ ਹੈ। ਹਿੰਦੀ ਦਾ ਇੱਕ ਮੁਹਾਵਰਾ ਹੈ: ਥੋਥਾ ਚਨਾ, ਬਾਜੇ ਘਨਾ। ਭਾਵ ਕਿ ਅੰਦਰੋਂ ਖੋਖਲਾ ਦਾਣਾ ਬਾਕੀਆਂ ਤੋਂ ਵੱਧ ਖੜਕਦਾ ਤੇ ਧਿਆਨ ਖਿੱਚਦਾ ਹੈ। ਭਾਰਤ ਦੀ ਰਾਜਨੀਤੀ ਵਿੱਚ ਵੀ ਇਹੋ ਕੁਝ ਹੁੰਦਾ ਰਿਹਾ ਤੇ ਹੋਈ ਜਾਂਦਾ ਹੈ ਕਿ ਜਿਸ ਆਗੂ ਨੂੰ ਆਮ ਲੋਕਾਂ ਨੂੰ ਬੇਵਕੂਫ ਬਣਾ ਸਕਣ ਦੀ ਜਾਚ ਆ ਗਈ, ਉਸ ਦੇ ਲਈ ਵੋਟਾਂ ਦੇ ਢੇਰ ਲੋਕੀਂ ਆਪਣੇ ਆਪ ਲਾ ਦੇਣਗੇ। ਇਸ ਵੇਲੇ ਇਹ ਕੁਝ ਕੌਣ ਕਰ ਰਿਹਾ ਹੈ ਜਾਂ ਕਰਨ ਦੇ ਕੌਣ ਸਮਰੱਥ ਹੈ, ਇਹ ਗੱਲ ਸਾਰਿਆਂ ਨੂੰ ਪਤਾ ਹੈ ਅਤੇ ਉਨ੍ਹਾਂ ਆਮ ਲੋਕਾਂ ਨੂੰ ਵੀ ਸਾਰਾ ਪਤਾ ਹੈ, ਜਿਨ੍ਹਾਂ ਨੂੰ ਮੂਰਖ ਬਣਾ ਕੇ ਵੋਟਾਂ ਮੰਗੀਆਂ ਤੇ ਖਿੱਚੀਆਂ ਜਾਂਦੀਆਂ ਹਨ, ਇਸ ਦੇ ਬਾਵਜੂਦ ਉਹ ਵੋਟਾਂ ਪਾਉਣ ਲਈ ਦੌੜੇ ਆਉਂਦੇ ਹਨ। ਵਿਅੰਗਕਾਰ ਸੰਪਤ ਸਰਲ ਸਾਫ ਸ਼ਬਦਾਂ ਵਿੱਚ ਕਹਿੰਦਾ ਹੈ ਕਿ ਜਦੋਂ ਕਹਿਣ ਵਾਲੇ ਨੂੰ ਵੀ ਇਸ ਬਾਰੇ ਪਤਾ ਹੋਵੇ ਕਿ ਉਹ ਝੂਠ ਬੋਲਦਾ ਪਿਆ ਹੈ ਅਤੇ ਉਸ ਨੂੰ ਸੁਣਨ ਵਾਲਿਆਂ ਨੂੰ ਪਤਾ ਹੋਵੇ ਕਿ ਸਿਰਫ ਝੂਠ ਬੋਲਦਾ ਹੈ, ਫਿਰ ਝੂਠ ਬੋਲਣਾ ਪਾਪ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਦੋਵਾਂ ਧਿਰਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ। ਪਾਪ ਉਸ ਵਕਤ ਬੋਲੇ ਝੂਠ ਨੂੰ ਕਿਹਾ ਜਾ ਸਕਦਾ ਹੈ, ਜਿਸ ਬਾਰੇ ਸਾਹਮਣੇ ਵਾਲੇ ਨੂੰ ਪਤਾ ਨਾ ਹੋਵੇ ਅਤੇ ਧੋਖੇ ਵਿੱਚ ਰੱਖ ਕੇ ਮੂਰਖ ਬਣਾਉਣ ਲਈ ਸਭ ਕੁਝ ਕਿਹਾ ਗਿਆ ਹੋਵੇ, ਦੋਵੇਂ ਪਾਸੇ ਸਾਰਾ ਕੁਝ ਅਗੇਤਾ ਪਤਾ ਹੋਣ ਕਾਰਨ ਝੂਠ ਦਾ ਪਾਪ ਨਹੀਂ ਲੱਗਦਾ।

ਭਾਰਤ ਦੇ ਲੋਕ ਹੋਰ ਕਿਸੇ ਗੱਲ ਵਿੱਚ ਪੱਕੇ ਹੋਣ ਜਾਂ ਨਾ, ਇਸ ਗੱਲ ਵਿੱਚ ਪੱਕੇ ਹਨ ਕਿ ਉਹ ਸਰਬ-ਸ਼ਕਤੀਮਾਨ ਦੇ ਨਾਂਅ ਉੱਤੇ ਕੀਤਾ ਗਿਆ ਹਰ ਕੌਲ-ਕਰਾਰ ਚੁੱਪ ਕਰ ਕੇ ਮੰਨ ਲਿਆ ਕਰਦੇ ਹਨ। ਲੋਕਾਂ ਨਾਲ ਸਿੱਧੀ ਬੋਲੀ ਵਿੱਚ ਦੇਸ਼ ਦੇ ਹਾਲਾਤ ਅਤੇ ਲੋਕਾਂ ਦੇ ਜੀਵਨ ਦੀ ਬਾਤ ਪਾਉਣ ਦਾ ਅਮਲ ਤਾਂ ਪੰਡਤ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗਿਆਂ ਦੇ ਨਾਲ ਹੀ ਲਗਭਗ ਖਤਮ ਹੋ ਗਿਆ ਸੀ, ਰਹਿੰਦਾ-ਖੂੰਹਦਾ ਲਾਲ ਬਹਾਦਰ ਸ਼ਾਸਤਰੀ ਦਾ ਦੌਰ ਮੁੱਕਣ ਨਾਲ ਮੁੱਕ ਗਿਆ ਮੰਨ ਲੈਣਾ ਚਾਹੀਦਾ ਹੈ। ਇੰਦਰਾ ਗਾਂਧੀ ਦਾ ਦੌਰ ਲੋਕਾਂ ਨੂੰ ਧਾਰਮਿਕ ਰੰਗਣ ਵਿੱਚ ਰੰਗ ਕੇ ਵੋਟਾਂ ਮੰਗਣ ਦੇ ਉਸ ਕੁਰਾਹੇ ਦੀ ਸ਼ੁਰੂਆਤ ਕਿਹਾ ਜਾਂਦਾ ਹੈ, ਜਿਸ ਕੁਰਾਹੇ ਨੂੰ ਆਰੰਭ ਕਰਨ ਵਾਲੀ ਬੀਬੀ ਦੀ ਪਾਰਟੀ ਦੇ ਇਹ ਸਭ ਕੁਝ ਏਦਾਂ ਜੜ੍ਹੀਂ ਬੈਠਾ ਕਿ ਫਿਰ ਉੱਠ ਨਹੀਂ ਸਕੀ ਤੇ ਭਾਜਪਾ ਨੂੰ ਏਦਾਂ ਦਾ ਫਿੱਟ ਬੈਠਾ ਕਿ ਉਸ ਦੀ ਕ੍ਰਿਪਾ ਨਾਲ ਪੰਜੀਆਂ ਚਤੂਣੀ ਪੰਜੀ ਸਾਲ ਤੱਕ ਰਾਜ ਕਰਨ ਦੇ ਦਾਅਵੇ ਕਰਨ ਲੱਗੀ ਹੈ। ਜਿਹੜੀ ਗਲਤੀ ਉਸ ਵਕਤ ਇੰਦਰਾ ਗਾਂਧੀ ਨੇ ਬੜੀ ਚੁਸਤ ਖੇਡ ਖੇਡਣ ਦੇ ਚੱਕਰ ਵਿੱਚ ਕੀਤੀ ਸੀ, ਉਸ ਦਾ ਪੁੱਤਰ ਵੀ ਉਸ ਗਲਤ ਲੀਹ ਉੱਤੇ ਹੀ ਪਿਆ ਰਿਹਾ ਅਤੇ ਕਮਾਲ ਦੀ ਗੱਲ ਹੈ ਕਿ ਪੋਤਰਾ ਵੀ ਅਜੇ ਤੱਕ ਹਕੀਕਤਾਂ ਨੂੰ ਸਮਝਣ ਲਈ ਤਿਆਰ ਨਹੀਂ।

ਪਤਾ ਨਹੀਂ ਕਿਸ ਵੱਡੇ ਸਿਆਣੇ ਨੇ ਰਾਹੁਲ ਗਾਂਧੀ ਅਤੇ ਉਸ ਨਾਲ ਜੁੜੀ ਟੀਮ ਨੂੰ ਇਹ ਗੱਲ ਕਹਿ ਦਿੱਤੀ ਹੋਵੇਗੀ ਕਿ ਭਾਜਪਾ ਦੀ ਹਿੰਦੂਤਵ ਦੀ ਰਾਜਨੀਤੀ ਦੀ ਕਾਟ ਲਈ ਮੁਸਲਿਮ ਧਿਰਾਂ ਨੂੰ ਉਨ੍ਹਾਂ ਦੇ ਨਾਲ ਖੜ੍ਹਣ ਦਾ ਅਹਿਸਾਸ ਕਰਵਾ ਦਿੱਤਾ ਜਾਵੇ ਤਾਂ ਕਾਂਗਰਸ ਦਾ ਭਵਿੱਖ ਸੁਨਹਿਰਾ ਹੋ ਸਕਦਾ ਹੈ। ਭਾਜਪਾ ਇੱਕਤਰਫਾ ਤੌਰ ਉੱਤੇ ਇੱਕ ਖਾਸ ਧਰਮ ਵਿਰੁੱਧ ਫੈਸਲੇ ਕਰਦੀ ਅਤੇ ਲਾਗੂ ਕਰਵਾਉਂਦੀ ਹੈ ਤਾਂ ਗਲਤ ਕਰਦੀ ਹੈ ਅਤੇ ਇਸ ਨੂੰ ਗਲਤ ਕਹਿਣ ਵਿੱਚ ਕੋਈ ਨੁਕਸਾਨ ਹੋਣ ਦਾ ਡਰ ਨਹੀਂ ਹੋ ਸਕਦਾ, ਪਰ ਏਦੋਂ ਅੱਗੇ ਵਧ ਕੇ ਮੁਸਲਮਾਨਾਂ ਦੇ ਪੱਖ ਵਿੱਚ ਖੜੋਣ ਲਈ ਇਹ ਕਹਿਣਾ ਕਿ ਕਾਂਗਰਸ ਸਰਕਾਰ ਆਈ ਤਾਂ ਮੋਦੀ ਸਰਕਾਰ ਦੇ ਫੈਸਲੇ ਕੂੜੇ ਦੇ ਢੇਰ ਉੱਤੇ ਸੁੱਟ ਦਿੱਤੇ ਜਾਣਗੇ, ਇੱਕ ਹੱਦ ਟੱਪਣ ਵਾਂਗ ਹੈ। ਕਿਸੇ ਤਰ੍ਹਾਂ ਦੀ ਫਿਰਕਾਪ੍ਰਸਤੀ ਖਿਲਾਫ ਲੜਨ ਲਈ ਜਵਾਬੀ ਫਿਰਕਾਪ੍ਰਸਤੀ ਕਰਨ ਦੀ ਲੋੜ ਨਹੀਂ, ਸਗੋਂ ਇਹ ਕਹਿਣਾ ਵੱਧ ਠੀਕ ਸੀ ਕਿ ਇਸ ਸਰਕਾਰ ਨੇ ਫਿਰਕੂ ਸੋਚ ਹੇਠ ਜਿਨ੍ਹਾਂ ਨਾਲ ਕੋਈ ਵਧੀਕੀ ਕੀਤੀ ਹੈ, ਉਨ੍ਹਾਂ ਦਾ ਦੁੱਖ ਸਮਝ ਕੇ ਭਵਿੱਖ ਵਿੱਚ ਠੀਕ ਲੀਹ ਉੱਤੇ ਦੇਸ਼ ਨੂੰ ਚਲਾਇਆ ਜਾਵੇਗਾ। ਇਸ ਸ਼ਬਦਾਵਲੀ ਵਿੱਚ ਕੁਝ ਵੀ ਅਜਿਹਾ ਨਹੀਂ, ਜਿਸ ਤੋਂ ਕੋਈ ਦੂਸਰੀ ਧਿਰ ਭੜਕ ਸਕਦੀ ਹੋਵੇ, ਪਰ ਜਿਹੜਾ ਢੰਗ ਕਾਂਗਰਸ ਦੀ ਮੌਜੂਦਾ ਲੀਡਰਸ਼ਿਪ ਇਸ ਵੇਲੇ ਵਰਤ ਰਹੀ ਹੈ, ਉਹ ਪੀੜਤ ਧਿਰ ਨੂੰ ਪੀੜਤ ਕਹਿਣ ਤੋਂ ਅੱਗੇ ਵਧ ਕੇ ਉਸ ਨੂੰ ਪਤਿਆਉਣ ਵਾਲੀ ਉਸ ਚੁਸਤੀ ਦਾ ਵਿਖਾਵਾ ਕਰਨ ਵਾਲਾ ਹੈ, ਜਿਹੜੀ ਉਸ ਧਿਰ ਦੇ ਵਿਰੋਧ ਦੀਆਂ ਧਾਰਮਿਕ ਧਿਰਾਂ ਨੂੰ ਕਾਂਗਰਸ ਤੋਂ ਦੂਰ ਲਿਜਾਣ ਵੱਲ ਸੇਧਿਤ ਹੈ।

ਕੋਈ ਚਾਲੀ ਕੁ ਸਾਲ ਪਹਿਲਾਂ ਸੁਪਰੀਮ ਕੋਰਟ ਨੇ ਜਦੋਂ ਸ਼ਾਹਬਾਨੋ ਕੇਸ ਵਿੱਚ ਫੈਸਲਾ ਦਿੱਤਾ ਸੀ ਤਾਂ ਬਹੁਤ ਸਾਰੇ ਧਰਮ ਨਿਰਪੱਖ ਚਿੰਤਕਾਂ ਤੇ ਆਗੂਆਂ ਨੇ ਓਦੋਂ ਦੇ ਕਾਂਗਰਸ ਆਗੂ ਰਾਜੀਵ ਗਾਂਧੀ ਨੂੰ ਕਿਹਾ ਸੀ ਕਿ ਅਦਾਲਤੀ ਫੈਸਲੇ ਨੂੰ ਉਲਟਣ ਦਾ ਯਤਨ ਨਾ ਕਰੇ, ਪਰ ਕਾਂਗਰਸ ਲੀਡਰਸ਼ਿਪ ਨੇ ਕਿਸੇ ਦੀ ਗੱਲ ਨਹੀਂ ਸੀ ਮੰਨੀ। ਉਹ ਫੈਸਲਾ ਪਾਰਲੀਮੈਂਟ ਵਿੱਚ ਇੱਕ ਬਿੱਲ ਪਾਸ ਕਰ ਕੇ ਉਲਟਾ ਦਿੱਤਾ ਗਿਆ ਤਾਂ ਇਸ ਦਾ ਦੇਸ਼ ਦੀ ਬਹੁ-ਗਿਣਤੀ ਵਾਲੇ ਧਾਰਮਿਕ ਭਾਈਚਾਰੇ ਦੇ ਲੋਕਾਂ ਵਿੱਚ ਇੱਕਦਮ ਉਲਟਾ ਅਸਰ ਪਿਆ ਕਿ ਇਹ ਇੱਕ ਭਾਈਚਾਰੇ ਦੀਆਂ ਵੋਟਾਂ ਲੈਣ ਲਈ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦੇ ਫੈਸਲੇ ਰੱਦ ਕਰਨ ਤੱਕ ਜਾ ਪਹੁੰਚਦੇ ਹਨ। ਇਸ ਪ੍ਰਭਾਵ ਨੂੰ ਕੱਟਣ ਲਈ ਰਾਜੀਵ ਗਾਂਧੀ ਤੇ ਉਸ ਨਾਲ ਜੁੜੀ ਟੀਮ ਨੇ ਅਯੁੱਧਿਆ ਵਿੱਚ ਬਾਬਰੀ ਮਸਜਿਦ ਕੰਪਲੈਕਸ ਅੰਦਰ ਰਾਮ ਮੰਦਰ ਵਾਲੇ ਹਿੱਸੇ ਵਿੱਚ ਲੱਗਾ ਤਾਲਾ ਖੁੱਲ੍ਹਵਾ ਦਿੱਤਾ ਸੀ, ਜਿਹੜਾ ਚਾਲੀ ਤੋਂ ਵੱਧ ਸਾਲਾਂ ਤੋਂ ਖੋਲ੍ਹਣ ਦੀ ਕਿਸੇ ਨੇ ਗੱਲ ਹੀ ਨਹੀਂ ਸੀ ਕੀਤੀ। ਤਾਲਾ ਖੋਲ੍ਹਣ ਦਾ ਕੰਮ ਕਾਂਗਰਸ ਨੇ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਕੀਤਾ ਸੀ, ਪਰ ਅਗਲਾ ਕੰਮ ਕਰਨ ਦਾ ਨਾਅਰਾ ਦੇ ਕੇ ਭਾਜਪਾ ਦੀ ਲੀਡਰਸ਼ਿਪ ਤੁਰ ਪਈ ਅਤੇ ਉਸ ਦੇ ਬਾਅਦ ਜੋ ਕੁਝ ਹੋਇਆ, ਸਭ ਦੇ ਸਾਹਮਣੇ ਹੈ। ਧਾਰਮਿਕ ਮੁੱਦਿਆਂ ਉੱਤੇ ਚੱਲੀ ਖਿੱਚੋਤਾਣ ਦੀ ਇਸ ਖੇਡ ਦਾ ਲਾਭ ਕਾਂਗਰਸ ਦੀ ਥਾਂ ਭਾਜਪਾ ਨੂੰ ਹੋਇਆ ਸੀ ਅਤੇ ਅੱਜ ਜੋ ਕੁਝ ਕਾਂਗਰਸ ਕਰਦੀ ਪਈ ਹੈ, ਉਸ ਦਾ ਲਾਭ ਵੀ ਉਸ ਨੂੰ ਨਹੀਂ ਮਿਲਣਾ, ਦੂਸਰਾ ਅਸਦੂਦੀਨ ਓਵੈਸੀ ਵਰਗਾ ਵੀ ਭਾਵੇਂ ਕੋਈ ਲੈ ਸਕਦਾ ਹੋਵੇ ਤਾਂ ਵੀ ਲਾਭ ਭਾਜਪਾ ਨੂੰ ਹੋਵੇਗਾ।

ਰਾਜਨੀਤੀ ਵਿੱਚ ਧਰਮ ਦੀ ਦੁਰਵਰਤੋਂ ਇਸ ਵਕਤ ਜਿੰਨੀ ਅਤੇ ਜਿੱਦਾਂ ਵੀ ਹੁੰਦੀ ਦਿੱਸਦੀ ਹੋਵੇ, ਇਹ ਰਾਜਨੀਤੀ ਦੇ ਖਿਡਾਰੀਆਂ ਵਿੱਚੋਂ ਹਰ ਕਿਸੇ ਧਿਰ ਦਾ ਵੀ ਫਾਇਦਾ ਕਰ ਸਕਦੀ ਹੈ, ਆਪਣੇ ਆਪ ਨੂੰ ਧਰਮ ਨਿਰਪੱਖ ਕਹਾਉਣ ਵਾਲੀ ਕਿਸੇ ਧਿਰ ਲਈ ਹਮੇਸ਼ਾ ਘਾਟੇ ਦਾ ਸੌਦਾ ਰਹੀ ਹੈ ਅਤੇ ਰਹੇਗੀ ਵੀ। ਫਿਰ ਵੀ ਇਹ ਮੁੱਦਾ ਛੱਡਿਆ ਨਹੀਂ ਜਾ ਰਿਹਾ। ਭਾਰਤ ਦੇ ਲੋਕਾਂ ਨੂੰ ਅਜੇ ਵੀ ਜਾਪਦਾ ਹੈ ਕਿ ਇਹ ਸ਼ਰਧਾ ਦਾ ਸਵਾਲ ਹੈ, ਜਦ ਕਿ ਅਸਲ ਵਿੱਚ ਇਹ ਮੁੱਦਾ ਉਸ ਪੀਰ ਦੇ ਕਹਿਣ ਕਰਨ ਜਗੀਰਦਾਰ ਵੱਲੋਂ ਬਣਵਾਏ ਡੇਰੇ ਵਰਗਾ ਬਣ ਗਿਆ ਹੈ। ਲੋਕਾਂ ਨੂੰ ਸਮਝ ਨਹੀਂ ਪੈਂਦੀ ਕਿ ਧਰਮ ਦਾ ਮੁੱਦਾ ਸਿਰਫ ਇਸ ਲਈ ਚੁੱਕਿਆ ਜਾਂਦਾ ਹੈ ਕਿ ਰਾਜਸੀ ਲੀਡਰਾਂ ਨੂੰ ਕੁਰਸੀ ਵਾਲਾ 'ਕਾਕਾ' ਇਸ ਵਿੱਚੋਂ ਪੈਦਾ ਹੋਣ ਦੀ ਆਸ ਹੁੰਦੀ ਹੈ, ਪਰ ਲੋਕਾਂ ਨੂੰ ਇਸ ਦਾ ਨਾ ਪਤਾ ਹੋਵੇਗਾ, ਨਾਅਰਾ ਲਾਉਣ ਵਾਲੇ ਆਗੂਆਂ ਨੂੰ ਪਤਾ ਹੈ। ਇਸ ਲਈ ਅਗਲੇ ਸਮੇਂ ਵਿੱਚ ਭਾਰਤ ਦੇ ਲੋਕਾਂ ਨੂੰ ਇੱਕ ਵਾਰ ਫਿਰ ਇਸ ਨਾਅਰੇ ਦੇ ਅਧਾਰ ਉੱਤੇ ਇਕੱਠੇ ਕਰਨ ਦਾ ਕੰਮ ਅਗੇਤਾ ਛੋਹਿਆ ਪਿਆ ਹੈ, ਜਿਸ ਵਿੱਚ ਭਾਜਪਾ ਤੇ ਇਸ ਦੇ ਪਿੱਛੇ ਖੜੀ ਇੱਕ ਖਾਸ ਜਥੇਬੰਦੀ ਨੇ ਆਪਣੀ ਸੋਚ ਮੁਤਾਬਕ ਕੰਮ ਕਰਨਾ ਹੈ, ਪਰ ਕਾਂਗਰਸ ਪਾਰਟੀ ਐਵੇਂ ਡੁਗਡੁਗੀ ਵਜਾਈ ਜਾਂਦੀ ਹੈ, ਜਿਸ ਨੂੰ ਅਗਲੀਆਂ ਚੋਣਾਂ ਵਿਚ ਇੱਕ ਵਾਰ ਫਿਰ ਭੁਗਤਣਾ ਪੈ ਸਕਦਾ ਹੈ।

# ਤਹੱਵੁਰ ਰਾਣਾ, ਗੋਦੀ ਮੀਡੀਆ ਅਤੇ ਸੈਂਟਰ ਸਰਕਾਰ

**ਸੁਲਘਦੇ ਸਵਾਲ**
**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਇੱਕ ਦਹਾਕੇ ਤੋਂ ਜ਼ਿਆਦਾ ਸਮਾਂ ਰਾਜ ਕਰਦੀ ਭਾਜਪਾ ਦੀ ਕੇਂਦਰ ਸਰਕਾਰ ਆਪਣੀ ਝੂਠੀ ਮੈਂਬਰਸ਼ਿਪ ਦੇ ਸਹਾਰੇ ਦੇਸ਼ ਵਿੱਚ ਵੱਖ-ਵੱਖ ਸਮੇਂ ਵੱਖ-ਵੱਖ ਘਟਨਾਵਾਂ ਸੰਬੰਧੀ ਅਜਿਹਾ ਕੁਫ਼ਰ ਤੋਲਦੀ ਹੈ। ਅਗਰ ਸੰਬੰਧਤ ਝੂਠ ਬਾਬਤ ਕੋਈ ਗਵਾਹੀ ਜਿਊਂਦੀ-ਜਾਗਦੀ ਨਾ ਹੋਵੇ ਤਾਂ ਇਹ ਇਕ ਝੂਠ ਦਾ ਅਜਿਹਾ ਬਤੰਗੜ ਬਣਾ ਦੇਵੇ, ਜਿਸ ਨੂੰ ਅੰਧ ਭਗਤ ਰਾਤ ਨੂੰ ਦਿਨ ਅਤੇ ਦਿਨ ਨੂੰ ਰਾਤ ਕਹਿਣ 'ਚ ਕੋਈ ਗੁਰੇਜ਼ ਨਹੀਂ ਕਰਨਗੇ। ਸ਼ੁਕਰ ਕਰੋ, ਅਜੇ ਤੱਕ ਅਜ਼ਾਦੀ ਦੇ ਘੁਲਾਟੀਏ ਟਾਂਵੇਂ-ਟਾਂਵੇਂ ਜਿਊਂਦੇ-ਜਾਗਦੇ ਹਨ। ਅਜ਼ਾਦੀ ਬਾਬਤ ਪੂਰਾ-ਪੂਰਾ ਸੱਚ ਕਿਤਾਬਾਂ 'ਚ ਅਜੇ ਪਿਆ। ਅਜਿਹੇ ਇਤਿਹਾਸ ਨੂੰ ਬਦਲਣ ਲਈ ਉਹ ਪੱਬਾਂ-ਭਾਰ ਹੋਈ ਫਿਰਦੀ ਹੈ।

ਪਾਠਕ ਜ਼ਰਾ ਧਿਆਨ ਦੇਣ, ਜੋ ਸਾਡੀ ਗਲਤੀ ਨੂੰ ਦਰੁਸਤ ਕਰਨ ਦਾ ਅਧਿਕਾਰ ਰੱਖਦੇ ਹਨ। ਪਹਿਲੀ ਗੱਲ ਜੋ ਤਹੱਵੁਰ ਰਾਣਾ ਨੂੰ ਭਾਰਤ ਲਿਆਉਣ ਬਾਰੇ ਸੱਚ ਇਹ ਹੈ ਕਿ ਉਸ ਦੀ ਹਵਾਲਗੀ ਦੀ ਮੰਗ ਪੁਰਾਣੀ ਅਤੇ ਕਾਂਗਰਸ ਸਰਕਾਰ ਵੇਲੇ ਦੀ ਹੈ। ਮਨਮੋਹਣ ਸਰਕਾਰ ਵੀ ਅਮਰੀਕਾ ਸਰਕਾਰ ਨਾਲ ਚੰਗੇ ਸੰਬੰਧਾਂ ਦੀ ਮਾਲਕ ਸੀ। ਇਹ ਅਲੱਗ ਗੱਲ ਹੈ ਕਿ ਉਸ ਹਵਾਲਗੀ ਮੰਗ ਨੂੰ ਜਦ ਬੂਰ ਪਿਆ, ਉਸ ਵਕਤ ਮੋਦੀ ਸਰਕਾਰ ਦਾ ਰਾਜ ਹੈ। ਠੀਕ ਇਸੇ ਤਰ੍ਹਾਂ ਮੁੱਖ ਤੌਰ 'ਤੇ ਕਾਂਗਰਸੀਆਂ ਨੇ ਅੱਗੇ ਹੋ ਕੇ ਬਾਕੀਆਂ ਨੂੰ ਨਾਲ ਲੈ ਕੇ ਗਾਂਧੀ, ਪਟੇਲ, ਨਹਿਰੂ ਅਤੇ ਫਾਂਸੀ ਦਾ ਰੱਸਾ ਚੁੰਮਣ ਵਾਲਿਆਂ ਕਰਕੇ ਭਾਰਤ ਆਪਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ 'ਚ ਕਾਮਯਾਬ ਹੋਇਆ, ਜਿਸ ਕਰਕੇ ਰਾਜ ਕਰਦੀ ਭਾਜਪਾ ਨੂੰ ਸਮੁੱਚੀ ਤਰੱਕੀ ਅਤੇ ਅਜ਼ਾਦੀ ਵਿਰਸੇ 'ਚ ਹੀ ਮਿਲੀ। ਅਜ਼ਾਦੀ ਤੋਂ ਬਾਅਦ ਜਨਮ ਲੈਣ ਵਾਲੀ ਪਾਰਟੀ ਅਜ਼ਾਦੀ ਦਾ ਕਿਵੇਂ ਠੀਕ-ਠੀਕ ਮੁੱਲ ਪਾ ਸਕਦੀ ਹੈ। ਇਸ ਘਾਟ ਕਰਕੇ ਹੀ ਭਾਜਪਾ ਹਰ ਸਮੇਂ ਹਰ ਗੱਲ 'ਤੇ ਕਾਂਗਰਸ ਨੂੰ ਮੇਹਣਾ ਦੇਣ 'ਚ ਪਹਿਲ ਕਰਦੀ ਹੈ। ਇਸੇ ਕਰਕੇ ਸ੍ਰੀ ਪਿਊਸ਼ ਗੋਇਲ ਨੇ ਤਹੱਵੁਰ ਰਾਣਾ ਦੀ ਹਵਾਲਗੀ ਨੂੰ ਝੱਟ ਪ੍ਰੈੱਸ ਨੂੰ ਸੰਬੋਧਨ ਹੁੰਦਿਆਂ ਮੋਦੀ ਜੀ ਦੀ ਪ੍ਰਾਪਤੀ ਦੱਸਿਆ। ਹੁਣ ਅਗਲਾ ਸਵਾਲ ਆਪਣੇ ਆਪ ਤੁਹਾਡੇ ਸਾਹਮਣੇ ਆ ਖੜ੍ਹਾ ਹੁੰਦਾ ਹੈ ਕਿ ਅਗਰ ਮੋਦੀ ਜੀ ਦੀ ਏਨੀ ਚਲਦੀ ਹੈ, ਮੋਦੀ ਜੀ ਵਾਕਿਆ ਹੀ ਏਨੇ ਕਾਬਲ ਹਨ ਤਾਂ ਫਿਰ ਮੋਦੀ ਦੇ ਬੈਂਕ ਚੋਰ ਬਾਹਰਲੇ ਦੇਸ਼ਾਂ 'ਚ ਕਿਉਂ ਘੁੰਮ-ਫਿਰ ਰਹੇ ਹਨ।

ਕੀ ਕਿਸੇ ਤਰ੍ਹਾਂ ਜਿਸ ਇੰਦਰਾ ਗਾਂਧੀ ਨੇ 1971 ਵਿੱਚ ਪਾਕਿਸਤਾਨ ਦੇ ਦੋ ਟੋਟੇ ਕਰਕੇ ਇਕ ਨੂੰ ਬੰਗਲਾਦੇਸ਼ ਬਣਾ ਕੇ ਤਾਕਤ ਸ਼ੇਖ ਮੁਜੀਬੁਰ ਰਹਿਮਾਨ ਨੂੰ ਸੌਂਪੀ ਸੀ, ਉਸੇ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਪਿਛੇ ਜਿਹੇ ਰਾਜ ਗੱਦੀ ਤੋਂ ਲਾਂਭੇ ਕਰਕੇ ਮੁੜ ਪਾਕਿਸਤਾਨੀ ਸੋਚ ਕਿਵੇਂ ਕਾਬਜ਼ ਹੋ ਗਈ, ਭਾਵ ਮੋਦੀ ਵਰਗਾ ਬਹਾਦਰ ਬੰਦਾ ਭਾਜਪਾ ਕੋਲ ਹੋਵੇ, ਅਜਿਹੀ ਗੱਲ ਦਾ ਕੋਈ ਐਕਸ਼ਨ ਜਾਂ ਰਿਐਕਸ਼ਨ ਨਾ ਹੋਵੇ, ਜਿਸ ਤੋਂ ਭਾਰਤ ਦੀਆਂ ਲੱਤਾਂ ਵਿੱਚ ਕਿੰਨੀ ਤਾਕਤ ਹੈ, ਇਹ ਸਮੁੱਚੀ ਦੁਨੀਆ ਵਿੱਚ ਸੁਨੇਹਾ ਗਿਆ।

ਅਗਲੀ ਗੱਲ ਵੀ ਗੌਰ ਕਰਨ ਵਾਲੀ ਹੈ, ਜਿਸ ਆਜ਼ਾਦ ਕਸ਼ਮੀਰ ਦੀ ਧਰਤੀ ਨੂੰ ਭਾਰਤ ਆਪਣਾ ਹਿੱਸਾ ਦਰਸਾ ਰਿਹਾ ਹੈ, ਉਸ ਨੂੰ ਵਾਪਸ ਲੈਣ ਲਈ ਭਾਜਪਾ ਨੇ ਇੱਕ ਦਹਾਕੇ ਤੋਂ ਕੀ-ਕੀ ਕੋਸ਼ਿਸ਼ ਕੀਤੀ ਹੈ, ਇਸ ਭੇਦ ਤੋਂ ਸਮੁੱਚੀ ਜਨਤਾ ਬਿਲਕੁਲ ਅਣਜਾਣ ਬੈਠੀ ਹੈ। 'ਗੱਲਾਂ ਕਰਨੀਆਂ ਸੁਖਾਲੀਆਂ ਔਖੇ ਪਾਲਣੇ ਬੋਲ' ਦੀ ਕਹਾਵਤ ਅਨੁਸਾਰ ਜਿਸ ਭਾਰਤੀ ਭਾਗ 'ਤੇ ਚੀਨ ਨੇ ਕਰੋੜਾਂ ਏਕੜ 'ਤੇ ਕਬਜ਼ਾ ਕੀਤਾ ਹੋਇਆ ਹੈ, ਉਸ ਨੂੰ ਵਾਪਸ ਲੈਣ ਦੀ ਗੱਲ ਤਾਂ ਇੱਕ ਪਾਸੇ, ਸਗੋਂ ਇਸ ਦੇ ਉਲਟ ਜਨਤਾ ਅੱਗੇ ਕੋਰਾ ਝੂਠ ਪਰੋਸਿਆ ਜਾ ਰਿਹਾ ਹੈ ਕਿ ਭਾਰਤ ਦੀ ਧਰਤੀ 'ਤੇ ਚੀਨ ਦਾ ਇਕ ਇੰਚ 'ਤੇ ਵੀ ਨਜਾਇਜ਼ ਕਬਜ਼ਾ ਨਹੀਂ, ਪਰ ਅੱਜ ਦੇ ਯੁੱਗ ਵਿੱਚ ਜਨਤਾ ਸੱਚ ਕੀ ਹੈ, ਝੂਠ ਕੀ ਹੈ ਜਾਣਦੀ ਹੈ ਸਭ ਇਹ ਵੀ ਗੱਲ ਚੇਤੇ ਰੱਖਣ ਵਾਲੀ ਹੈ ਕਿ ਅਮਰੀਕਾ ਦੇਸ਼ ਦਾ ਪ੍ਰਧਾਨ ਉਹੀ ਟਰੰਪ ਹੈ, ਜਿਸ ਨੇ ਨਿਰਦੋਸ਼ ਭਾਰਤੀਆਂ ਨੂੰ ਜਿਸ ਵਿੱਚ ਪੰਜਾਬੀ ਵੀ ਸਨ ਮਾਲ ਢੋਣ ਵਾਲੇ ਜਹਾਜ਼ਾਂ ਵਿੱਚ ਭੇਜਿਆ ਸੀ, ਜਿਨ੍ਹਾਂ ਵਿੱਚ ਕੁਰਸੀਨੁਮਾ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਅਸੀਂ ਇਸ ਗੱਲ ਤੋਂ ਹੈਰਾਨ ਹਾਂ ਕਿ ਭਾਰਤ ਦਾ ਵਿਕਾਊ ਗੋਦੀ ਮੀਡੀਆ ਰਾਣੇ ਦੋਸ਼ੀ ਦੀ ਸਪੁਰਦਗੀ ਸਮੇਂ ਐਨਾ ਜ਼ੋਰ ਕਿਉਂ ਲਾ ਰਿਹਾ ਹੈ ਅਤੇ ਕਿਲ੍ਹ-ਕਿਲ੍ਹ ਕੇ ਆਖ ਰਿਹਾ ਹੈ ਕਿ ਰਾਣਾ ਆ ਰਿਹਾ ਹੈ, ਜਿਸ ਦਾ ਫ਼ਲਾਣਾ ਜਹਾਜ਼ ਹੋਵੇਗਾ, ਜਿਸ ਨੂੰ ਫਲਾਣੀ-ਫਲਾਣੀ ਸ਼ਖਸੀਅਤ ਲਿਆ ਰਹੀ ਹੈ, ਜੋ ਫਲਾਣੇ ਸਮੇਂ ਭਾਰਤ ਪਹੁੰਚ ਜਾਵੇਗਾ, ਜਿਸ ਨੂੰ ਪ੍ਰਾਪਤ ਕਰਨ ਲਈ ਫਲਾਣੇ ਭਾਰਤੀ ਜਾਣਗੇ, ਜਿਸ ਦੇ ਆਉਣ 'ਤੇ ਟਰੈਫਿਕ ਜਾਮ ਕਰ ਦਿੱਤੀ ਜਾਵੇਗੀ, ਜਿਸ ਨੂੰ ਫਲਾਣੇ-ਫਲਾਣੇ ਐਨ ਆਈ ਏ ਦੇ ਬੰਦੇ ਪ੍ਰਾਪਤ ਕਰਨਗੇ, ਜਿਸ ਨੂੰ ਰਾਤ ਦੇ ਫਲਾਣੇ ਸਮੇਂ ਪੇਸ਼ ਕੀਤਾ ਜਾਵੇਗਾ, ਰਿਮਾਂਡ ਲਿਆ ਜਾਵੇਗਾ, ਕਿਸ ਜੇਲ੍ਹ ਵਿੱਚ ਕਿੰਨੇ ਬਾਈ ਕਿੰਨੇ ਕਮਰੇ ਵਿੱਚ ਰੱਖਿਆ ਜਾਵੇਗਾ, ਆਦਿ ਜ਼ੋਰ ਲਾ ਕੇ ਇੰਝ ਦੱਸਿਆ ਜਾ ਰਿਹਾ ਹੈ ਜਿਵੇਂ ਭਾਜਪਾ ਦੀ ਬਹੁਤ ਵੱਡੀ ਪ੍ਰਾਪਤੀ ਹੋਵੇ, ਜਦ ਕਿ ਕਾਂਗਰਸ ਸਮੇਂ ਦੀ ਸ਼ੁਰੂ ਕੀਤੀ ਕਾਰਵਾਈ ਦੀ ਇੱਕ ਸਿਖਰ ਹੈ। ਅਖੀਰ ਰਾਣਾ ਅੱਧੀ ਰਾਤ ਨੂੰ ਇਕ ਬਰਾਊਨ ਰੰਗ ਦੀ ਵਰਦੀ ਵਿੱਚ ਜੋ ਅਮਰੀਕੀਆਂ ਦੇ ਕੈਦੀਆਂ ਦੇ ਕੱਪੜਿਆ ਵਿੱਚ ਪੇਸ਼ ਹੋਇਆ, ਜਿਸ ਦੀ ਦਾੜ੍ਹੀ ਤੇ ਸਿਰ 'ਤੇ ਵਾਲ ਬਿਲਕੁਲ ਚਿੱਟੇ ਹੋ ਚੁੱਕੇ ਸਨ, ਉਹ ਰਾਣਾ ਜੋ ਆਪਣੇ ਆਪ ਨੂੰ ਪਾਰਕਿਨਸਿਨ ਦੀ ਬੀਮਾਰੀ ਦੱਸਦਾ ਹੈ, ਦਾ ਤੜਕੇ 11 ਤਰੀਕ ਨੂੰ 2 ਵਜੇ 18 ਦਿਨ ਦਾ ਰਿਮਾਂਡ ਸੰਬੰਧਤ ਪੁਲਸ ਨੂੰ ਮਿਲਿਆ। ਅਜਿਹੇ ਕੇਸਾਂ ਵਿੱਚ ਆਮ ਤੌਰ 'ਤੇ ਸੌ ਫ਼ੀਸਦੀ ਫਾਂਸੀ ਦੀ ਸਜ਼ਾ ਸੁਣਾਈ ਜਾਂਦੀ ਹੈ। ਇਸ ਸੰਬੰਧੀ ਭਾਰਤ ਆਪਣੇ ਵੱਲੋਂ ਮੁਲਜ਼ਮ ਨੂੰ ਪੂਰੀ-ਪੂਰੀ ਕਾਨੂੰਨੀ ਸਹਾਇਤਾ ਦੇਵੇਗਾ, ਜਦ ਤੱਕ ਮੁਕੱਦਮਾ ਚੱਲੇਗਾ ਸਿਹਤ ਦਾ ਪੂਰਾ-ਪੂਰਾ ਖਿਆਲ ਰੱਖਿਆ ਜਾਵੇਗਾ ਅਖੀਰ ਉਸਨੂੰ ਉਹਦੇ ਕੀਤੇ ਦੀ ਸਜ਼ਾ ਮਿਲੇਗੀ। ਇਸ ਸੰਬੰਧੀ ਅਜੇ ਬਹੁਤ ਜਾਣਕਾਰੀ ਭਾਰਤ ਨੇ ਰਾਣੇ ਪਾਸੋਂ ਪ੍ਰਾਪਤ ਕਰਨੀ ਹੈ, ਜਿਸ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਭਾਰਤ ਉਹ ਜਾਣਕਾਰੀ ਹਾਸਲ ਕਰੇਗਾ। ਭਾਜਪਾ ਦਾ ਕਾਂਗਰਸ 'ਤੇ ਇਹ ਦੋਸ਼ ਵੀ ਨਿਰਮੂਲ ਹੈ ਕਿ ਕਾਂਗਰਸ ਨੇ 26/11 ਦੀ ਘਟਨਾ ਬਾਰੇ ਅੱਤਵਾਦੀਆ ਨੂੰ ਕੋਈ ਸਜ਼ਾ ਨਹੀਂ ਦਿੱਤੀ, ਜਿਥੋਂ ਤੱਕ ਸਾਡੀ ਜਾਣਕਾਰੀ ਹੈ, ਉਸ ਕਾਂਡ ਦੇ ਇਕੋ-ਇੱਕ ਬਚੇ ਦੋਸ਼ੀ ਕਸਾਬ 'ਤੇ ਮੁਕੱਦਮਾ ਚਲਾ ਕੇ ਫ਼ਾਂਸੀ ਦਿੱਤੀ ਗਈ ਸੀ। ਅਖੀਰ ਅਸੀਂ ਭਾਜਪਾ ਨੂੰ ਅਪੀਲ ਕਰਾਂਗੇ ਕਿ ਜਿੰਨੀ ਜਲਦੀ ਹੋ ਸਕੇ ਤੁਸੀਂ ਆਪ ਤੇ ਆਪਣੇ ਕੇਡਰ ਨੂੰ ਝੂਠ ਬੋਲਣ ਤੋਂ ਤੌਬਾ ਕਰਵਾਓ ਅਜਿਹਾ ਕਰਨ ਨਾਲ ਹੀ ਜਨਤਾ ਤੁਹਾਡੇ 'ਤੇ ਭਰੋਸਾ ਕਰਨਾ ਸ਼ੁਰੂ ਕਰੇਗੀ।

**# ਸੰਪਰਕ : 98721-65741**

# ਸਰਮੁ ਧਰਮੁ ਦੁਇ ਛਪਿ ਖਲੋਏ ॥

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-12**
**ਸੁਰਜੀਤ ਸੁਮਨ**

ਸੂਰਜ ਅੱਗੇ ਬੱਦਲ਼ ਛਾ ਜਾਣ ਦਾ ਇਹ ਮਤਲਬ ਤਾਂ ਨਹੀਂ ਹੁੰਦਾ ਕਿ ਸੂਰਜ ਚੜ੍ਹਿਆ ਈ ਨਹੀਂ। ਬੱਦਲ਼ਾਂ ਦਾ ਵੀ ਇੱਕ ਸਮਾਂ ਹੁੰਦੈ। ਕਾਰਜ ਪੂਰਤੀ ਬਾਅਦ ਉਨ੍ਹਾਂ ਛਟਣਾ ਹੀ ਹੁੰਦੈ। ਉੱਤਰੀ ਭਾਰਤ ਦੇ ਸੰਤਾਂ-ਭਗਤਾਂ ਵੱਲੋਂ ਚਲਾਈ ਗਈ ਭਗਤੀ ਲਹਿਰ ਨੇ ਵਹਿਮਾਂ-ਭਰਮਾਂ ਦੇ ਕੂੜ-ਕਬਾੜੇ ਨੂੰ ਹੂੰਝਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ। ਅੱਜ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਲਿਖਤ ਬਾਣੀ ਦੀਆਂ ਸਿੱਖਿਆਵਾਂ ਰਾਹੀਂ ਭਵਿੱਖ ਵਿੱਚ ਵੀ ਕੀਤੀ ਜਾਂਦੀ ਰਹੇਗੀ। ਨਕਾਰਾਤਮਕ ਸ਼ਕਤੀਆਂ ਵੱਲੋਂ ਇਨ੍ਹਾਂ ਨੂੰ ਵੀ ਬਥੇਰਾ ਨਕਾਰਿਆ ਜਾ ਰਿਹਾ ਹੈ। ਭਵਿੱਖ ਵਿੱਚ ਵੀ ਨਕਾਰਿਆ ਜਾਂਦਾ ਰਹੇਗਾ।ਸੱਚ ਤਾਂ ਸੱਚ ਈ ਹੁੰਦੈ। ਸੱਚ ਨੂੰ ਕਦੋਂ ਕੁ ਤੱਕ ਪਰਦੇ ਪਿੱਛੇ ਰੱਖਿਆ ਜਾ ਸਕਦੈ? ਸੱਚ ਨੇ ਇੱਕ ਨਾ ਇੱਕ ਦਿਨ ਤਾਂ ਪ੍ਰਗਟ ਹੋਣਾ ਈ ਹੁੰਦੈ। ਪਾਸਟਰ ਬਜਿੰਦਰ ਨੂੰ ਕੀਤੇ ਕੁਕਰਮਾਂ ਦੀ ਸਜ਼ਾ ਮਿਲਣੀ ਏਸੇ ਪਾਸੇ ਇੱਕ ਸੰਕੇਤ ਮੰਨਿਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਇੱਕ ਹੋਰ ਪਾਸਟਰ ਵੀ ਕਾਨੂੰਨੀ ਸ਼ਿਕੰਜੇ ਵਿੱਚ ਹੈ।ਪਿਛਲੇ ਸਮਿਆਂ ਵਿੱਚ ਬਹੁ-ਚਰਚਿਤ ਰਹੇ ਪਾਖੰਡੀ ਸਾਧਾਂ ਬਾਰੇ ਤਾਂ ਸਭ ਜਾਣੂੰ ਹਨ। ਹੋਰ ਵੀ ਬਥੇਰੇ ਕੇਸ ਹਨ, ਜੋ ਸਮੇਂ-ਸਮੇਂ ਸਾਹਮਣੇ ਆ ਰਹੇ ਹਨ। ਬਥੇਰੇ ਕੇਸ ਅਜਿਹੇ ਵੀ ਹਨ, ਜਿਨ੍ਹਾਂ ਦਰਜ ਈ ਨਹੀਂ ਹੋਣਾ ਹੁੰਦਾ। ਦਬਾ ਦਿੱਤੇ ਜਾਂਦੇ ਹਨ ਵਿਚਾਰੇ। ਵਜ੍ਹਾ ਆਪਾਂ ਸਾਰੇ ਈ ਜਾਣਦੇ ਹਾਂ।ਤਾਇਆ ਆਤਮਾ ਸਿੰਘ ਆਖਿਆ ਕਰਦੇ ਸਨ, 'ਕੁਦਰਤ ਬੇਅੰਤ ਐ ਪੁੱਤਰਾ। ਅੱਤ ਖੁਦਾ ਦਾ ਵੈਰ ਹੁੰਦੈ। ਰੱਬ ਦੀ ਲਾਠੀ ਵਿੱਚ ਆਵਾਜ਼ ਨਹੀਂ ਹੁੰਦੀ।'ਸੋਚਦਾ ਹਾਂ ਆਸਤਿਕ ਤਾਂ ਇੰਝ ਆਖ ਈ ਸਕਦੇ ਹਨ। ਨਾਸਤਿਕ ਇਸ ਨੂੰ ਕੁਦਰਤ ਦੀ ਲਾਠੀ ਆਖ ਲੈਣ, ਕੀ ਹਰਜ ਐ?'

ਅੱਜ ਭਰਮਾਂ ਵਿੱਚ ਪਈ ਲੋਕਾਈ ਨੂੰ ਧਰਮਾਂ ਨੇ ਬੁਰੀ ਤਰ੍ਹਾਂ ਵਿੰਨ੍ਹਿਆ ਹੋਇਆ ਹੈ। ਪਿੰਜਿਆ ਪਿਆ ਹੈ। ਹਰ ਕੋਈ ਆਪਣੇ ਧਰਮ ਨੂੰ ਦੂਜੇ ਧਰਮ ਨਾਲ਼ੋਂ ਮਹਾਨ, ਪਵਿੱਤਰ, ਦੂਰਅੰਦੇਸ਼ ਤੇ ਲੋਕ ਹਿਤੂ ਗਰਦਾਨਦਾ ਹੋਇਆ ਸਾਹ ਨਹੀਂ ਲੈਂਦਾ। ਡੇਰਾਵਾਦ ਨੇ ਲੋਕਾਈ ਨੂੰ ਟੁਕੜੇ-ਟੁਕੜੇ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਕਿਸੇ ਵੇਲ਼ੇ ਇਹ ਡੇਰੇ ਲੋਕਾਂ ਦੇ ਦੁੱਖਾਂ-ਦਰਦਾਂ ਦਾ ਦਾਰੂ ਬਣਦੇ ਸਨ। ਨਿਆਂਸਰਿਆਂ ਲਈ ਹਾਅ ਦਾ ਨਾਅਰਾ ਮਾਰਦੇ ਸਨ। ਲੋਕ ਮਨਾਂ ਵਿੱਚ ਉਦੋਂ ਇਨ੍ਹਾਂ ਡੇਰਿਆਂ ਪ੍ਰਤੀ ਆਦਰ ਤੇ ਸਮਰਪਣ ਨੂੰ ਅੱਜ ਵਾਂਗ ਕੈਰੀ ਅੱਖ ਨਾਲ਼ ਨਹੀਂ ਸੀ ਦੇਖਿਆ ਜਾਂਦਾ। ਸੁਖਜੀਤ ਦੀਆਂ ਕਈ ਕਹਾਣੀਆਂ ਅਜਿਹੇ ਡੇਰਿਆਂ ਵੱਲੋਂ ਹੜੱਪੀਆਂ ਜਾ ਰਹੀਆਂ ਜਾਇਦਾਦਾਂ ਤੇ ਜਬਰ-ਜ਼ਨਾਹ ਦੇ ਕੋਹੜ ਨੂੰ ਹੰਢਾ ਰਹੀਆਂ ਔਰਤਾਂ ਦੀ ਦਸ਼ਾ ਦੇ ਦ੍ਰਿਸ਼ਾ ਪੇਸ਼ ਕਰਦੀਆਂ ਹਨ। ਲੋਕ ਖਾਸ ਕਰਕੇ ਔਰਤ ਆਪਣੇ ਦੁੱਖਾਂ ਦੇ ਨਿਵਾਰਣ ਲਈ ਹੀ ਅਜਿਹੇ ਡੇਰਿਆਂ ਦੀ ਸ਼ਰਨ ਵਿੱਚ ਜਾਂਦੀ ਹੋਊ, ਪਰ ਉਸ ਨੂੰ ਉੱਥੋਂ ਕੀ ਦਾ ਕੀ ਮਿਲ਼ਦਾ ਹੈ?

ਅਜੋਕੇ ਸਮਿਆਂ ਵਿੱਚ ਔਰਤ ਅਬਲਾ ਨਹੀਂ ਰਹੀ।ਅੱਜ ਦੀ ਔਰਤ ਹਰ ਖਿੱਤੇ ਵਿੱਚ ਬੁਲੰਦੀਆਂ ਛੂਹ ਰਹੀ ਹੈ। ਹਰ ਫਰੰਟ 'ਤੇ ਕਾਮਯਾਬੀ ਉਸ ਦੇ ਕਦਮ ਚੁੰਮ ਰਹੀ ਹੈ, ਪਰ ਗਹੁ ਨਾਲ਼ ਵਾਚਿਆਂ ਉਹ ਅੱਜ ਵੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸਦੀ ਹੈ। ਸਾਧਨ ਸੰਪੰਨ ਔਰਤ ਨਾਲ਼ੋਂ ਸਾਧਨਹੀਣ ਔਰਤ ਦਾ ਜੀਣ-ਥੀਣ ਲਾਚਾਰਗੀ ਭਰਿਆ ਹੈ। ਭਾਰਤੀ ਸਮਾਜਿਕ ਸਿਸਟਮ ਦੀਆਂ ਗੁੰਝਲ਼ਾਂ ਸੁਲਝਣ ਦਾ ਨਾਂਅ ਨਹੀਂ ਲੈ ਰਹੀਆਂ। ਆਰਥਿਕ, ਸਮਾਜਿਕ ਤੇ ਧਾਰਮਿਕ ਪੱਧਰ ਅੱਜ ਵੀ ਔਰਤ ਨੂੰ ਬੁਰੀ ਤਰ੍ਹਾਂ ਉਲਝਾਈ ਫਿਰਦਾ ਹੈ। ਮੇਰੇ ਗੀਤ ਦਾ ਇੱਕ ਅੰਤਰਾ ਵਾਚਣਾ ਜ਼ਰਾ, 'ਜ਼ਿਮੀਦਾਰਾਂ ਦੀ ਵੱਟ ਦੇ ਉੱਤੇ/ਬਾਣੀਏਂ ਦੀ ਓਸ ਹੱਟ ਦੇ ਉੱਤੇ/ਧਰਮ ਗੁਰੂ ਦੇ ਪੱਟ ਦੇ ਉੱਤੇ/ ਰੂਹ ਦੇ ਇੱਕ ਇੱਕ ਫੱਟ ਦੇ ਉੱਤੇ/ਲਿਖੇ ਜਿਨ੍ਹਾਂ ਨੇ ਲੇਖ/ਅੰਮੜੀਏ ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ, ਸ਼ੀਸ਼ੇ ਦੇ ਵੱਲ ਦੇਖ।'


ਦੇਸ਼ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਆਏ ਦਿਨ ਧਰਮ ਪਰਿਵਰਤਨ ਦਾ ਰੌਲ਼ਾ ਪੈਂਦਾ ਸੁਣਾਈ ਦਿੰਦਾ ਹੈ। ਕਿਸੇ ਇੱਕ ਧਿਰ ਦੇ ਸਤਾਏ ਲੋਕ ਮਜਬੂਰੀ ਜਾਂ ਲਾਲਚਵੱਸ ਕਿਸੇ ਹੋਰ ਧਿਰ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ। ਭਗਵੰਤ ਰਸੂਲਪੁਰੀ ਦੀਆਂ ਸਸ਼ੱਕਤ ਕਹਾਣੀਆਂ 'ਜੜ੍ਹਾਂ' ਤੇ 'ਠੇਡਾ' ਪੜ੍ਹ ਕੇ ਧਰਮ ਪਰਿਵਰਤਨ ਦੇ ਮਸਲੇ ਨੂੰ ਸਮਝਿਆ ਜਾ ਸਕਦਾ ਹੈ। ਇੰਝ ਹੀ ਹੋਰ ਵੀ ਬਹੁਤ ਸਾਰੇ ਲੇਖਕਾਂ ਵੱਲੋਂ ਆਪਣੀਆਂ ਰਚਨਾਵਾਂ ਰਾਹੀਂ ਲੋਕ ਮਨਾਂ 'ਤੇ ਪਈ ਗਰਦ ਨੂੰ ਝਾੜਿਆ-ਪੂੰਝਿਆ ਜਾ ਰਿਹਾ ਹੈ। ਆਸ਼ਰਮ ਵੈੱਬਸੀਰੀਜ਼ ਵਿੱਚ ਨਿਰਾਲੇ ਬਾਬੇ ਦੇ ਕੁਕਰਮਾਂ ਦੇ ਪੋਤੜੇ ਫਰੋਲੇ ਗਏ ਹਨ। ਫਿਰ ਵੀ ਇਹ ਸਮਝ ਨਹੀਂ ਆਉਂਦਾ ਕਿ ਕੁਝ ਲੋਕ ਅੱਖਾਂ 'ਤੇ ਪੱਟੀ ਬੰਨ੍ਹ ਆਪਣੀਆਂ ਧੀਆਂ ਨੂੰ ਅਜਿਹੇ ਲੋਕਾਂ ਹਵਾਲੇ ਕਿਉਂ ਤੇ ਕਿਵੇਂ ਕਰ ਦਿੰਦੇ ਹਨ?

ਸੋਚ-ਸੋਚ ਮੇਰੇ ਕੰਨਾਂ ਵਿੱਚ ਭਰਾ ਦਲੇਰ ਸਿੰਘ ਦੇ ਬੋਲ ਗੂੰਜਣ ਲੱਗਦੇ ਹਨ। ਉਹ ਫੋਨ 'ਤੇ ਬੋਲ ਰਿਹਾ ਹੈ, 'ਵੀਰ ਮੇਰਿਆ ਕਬਜ਼ਾ। ਕਬਜ਼ਾ ਈ ਸਾਰੇ ਪੁਆੜਿਆਂ ਦੀ ਜੜ੍ਹ ਐ। ਹਰ ਕੋਈ ਦੂਜੇ 'ਤੇ ਕਾਬਜ਼ ਹੋਣਾ ਚਾਹੁੰਦੈ। ਵਧੀਆ ਹੋਇਆ ਮਾਨ ਸਰਕਾਰ ਨੇ ਕੋਈ ਤਾਂ ਚੰਗਾ ਹੁਕਮ ਜਾਰੀ ਕੀਤਾ। ਦੇਰ ਆਇਦ, ਦਰੁਸਤ ਆਇਦ। ਕਿਸਾਨਾਂ ਨੇ ਚਿਰਾਂ ਤੋਂ ਪਿੰਡਾਂ ਨੂੰ ਜੋੜਦੀਆਂ ਲਿੰਕ ਰੋਡਜ਼ ਦੀਆਂ ਬਰਮਜ਼ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਨੇ। ਹੁਣ ਇਹ ਬਰਮਜ਼ ਉਨ੍ਹਾਂ ਨੂੰ ਖਾਲੀ ਕਰਕੇ ਉਥੇ ਰੁੱਖ ਲਗਾਉਣੇ ਚਾਹੀਦੇ ਨੇ। ਐਕਸੀਡੈਂਟਾਂ ਤੋਂ ਵੀ ਬਚਾਅ ਹੋਊ। ਇੱਥੇ ਤਾਂ ਆਵਾ ਈ ਊਤਿਆ ਪਿਆ ਭਰਾ। ਆਪਣੇ ਪਿੰਡ ਦਾ ਵੀ ਬੁਰਾ ਈ ਹਾਲ ਹੋਇਆ ਪਿਐ। ਜਿੰਨੇ ਘਰ, ਓਨੇ ਈ ਬਾਬੇ। ਸਿਆਸੀ ਪਾਰਟੀਆਂ ਨੇ ਵੀ ਬੇੜਾ ਗਰਕ ਕੀਤਾ ਹੋਇਐ। ਪਿੰਡ ਧੜਿਆਂ 'ਚ ਵੰਡ'ਤੇ। ਊਂ ਨਸ਼ਿਆਂ ਨੂੰ ਠੱਲ੍ਹ ਪੈਜੂ ਹੁਣ, ਪਰ ਪੁਲਸ ਵਾਲ਼ੀ ਇੰਸਟਾ ਕੁਈਨ ਨੇ ਤਾਂ ਸਾਰੇ ਪਰਦੇ ਈ ਚੱਕ'ਤੇ। ਘੁਮਾ'ਤੀ ਸੂਈ ਅਸਲ ਗੱਠਜੋੜ ਵੱਲ। ਇਹ ਗੱਠਜੋੜ ਬੜੇ ਖਤਰਨਾਕ ਨੇ ਭਰਾ, ਜਿਵੇਂ ਧਰਮ, ਅਰਥ, ਕਾਮ ਤੇ ਮੋਕਸ਼ ਦਾ ਪਰਦਾ। ਸ਼ਾਤਰ ਲੋਕ ਇਨ੍ਹਾਂ ਦੀ ਆਪਣੇ ਹਿੱਤ ਵਿੱਚ ਚੱਕਰੀ ਘੁਮਾਉਂਦੇ ਨੇ। ਟਰੰਪ ਨੇ ਆਪਣੀ ਚੱਕਰੀ ਘੁਮਾਈ ਹੋਈ ਆ। ਮੈਂ ਪਹਿਲਾਂ ਵੀ ਕਿਹਾ ਸੀ ਬਈ ਇਹ 'ਟਰੇਡ ਵਾਰ' ਤੇ 'ਟੈਰਿਫ ਵਾਰ' ਦਾ ਹੁੜਦੰਗ ਮਚਾਊ। ਬਾਕੀ ਤੂੰ ਸਿਆਣੈਂ।ਸੱਚ ਜਾਣਿਓਂ ਦਲੇਰ ਸਿੰਘ ਨੇ ਹੁਣ ਮੇਰੀ ਨਹੀਂ ਸੁਣਨੀ। ਮੈਨੂੰ ਹੀ ਉਸ ਦੀ ਸੁਣਨੀ ਪਏਗੀ।'ਭਰਾ ਤੈਨੂੰ ਯਾਦ ਐ ਆਪਣੇ ਏਰੀਏ 'ਚ ਬਾਬਾ ਸੰਗਤ ਦਾਸ ਹੋਇਆ ਕਰਦੇ ਸਨ। ਬੜੇ ਭਲੇ-ਪੁਰਸ਼ ਸਨ। ਉਦਾਸੀ ਮੱਤ ਦੇ ਪੈਰੋਕਾਰ ਸਨ ਉਹ। ਬਾਣੀ ਉਨ੍ਹਾਂ ਨੂੰ ਜ਼ੁਬਾਨੀ ਯਾਦ ਸੀ। ਬੜੀ ਮਾਨਤਾ ਸੀ ਬਈ ਉਨ੍ਹਾਂ ਦੀ। ਆਪਣੇ ਪਿੰਡਾਂ ਦੇ ਲੋਕ ਉਨ੍ਹਾਂ ਦਾ ਰਾਹ ਉਡੀਕਦੇ ਰਹਿੰਦੇ। ਕਥਾ-ਕਹਾਣੀਆਂ ਸੁਣਾ ਕੇ ਉਹ ਲੋਕਾਂ ਦਾ ਦੁੱਖ ਨੁਆਰਦੇ। ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਸਾਥ ਦਿੰਦੇ। ਤੂੰ ਛੋਟਾ ਸੀ ਉਦੋਂ।ਉਨ੍ਹਾਂ ਨੂੰ ਕੋਈ ਲਾਲਚ ਨਹੀਂ ਸੀ। ਜਦੋਂ ਪਿੰਡਾਂ ਵਿੱਚ ਜਾਂਦੇ, ਦਾਲ਼-ਰੋਟੀ ਛਕਦੇ। ਸਾਰੀ-ਸਾਰੀ ਰਾਤ ਸਤਿਸੰਗ ਕਰਦੇ। ਗਿਆਨ-ਬਾਣੀ ਨਾਲ਼ ਲੋਕਾਂ ਦੇ ਮਨ ਦੀਆਂ ਗੁੰਝਲਾਂ ਸੁਲਝਾਉਂਦੇ। ਮਜ਼ਾਲ ਐ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਕੋਈ ਪੈਰ ਵੀ ਪੁੱਟਦਾ, ਪਰ ਫਿਰ ਉਨ੍ਹਾਂ ਦੇ ਦੋ ਚੇਲਿਆਂ ਨੇ ਈ ਬੇੜਾ ਗਰਕ ਕਰ ਦਿੱਤਾ। ਵੱਡੇ ਚੇਲੇ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਦੂਜਾ ਆਸ਼ਕੀ 'ਚ ਪੈ ਗਿਆ। ਇਨ੍ਹਾਂ ਉਹ ਦੋਵੇਂ ਆਪਣੇ ਡੇਰੇ ਤੋਂ ਕੱਢ ਦਿੱਤੇ, ਪਰ ਇਨ੍ਹਾਂ ਦੀ ਮਾਨਤਾ ਵਿੱਚ ਕੋਈ ਫਰਕ ਨਾ ਪਿਆ। ਇਹ ਲੋਕਾਂ ਨਾਲ਼ ਉਂਝ ਹੀ ਦੁੱਖ-ਸੁੱਖ ਵੰਡਾਉਂਦੇ ਰਹੇ। ਫਿਰ ਬਿਰਧ ਹੋ ਗਏ ਤੇ ਆਖਿਰ ਚੋਲ਼ਾ ਛੱਡ ਗਏ। ਆਪਣੇ ਇਲਾਕੇ ਦੇ ਹਾਸ਼ੀਆਗ੍ਰਸਤ ਲੋਕ ਅੱਜ ਵੀ ਉਨ੍ਹਾਂ ਨੂੰ ਚੇਤੇ ਕਰਦੇ ਹਨ। ਉਨ੍ਹਾਂ ਦਾ ਨਾਂਅ ਬਹੁਤ ਅਦਬ ਨਾਲ਼ ਲਿਆ ਜਾਂਦਾ ਹੈ। ਦੂਜੇ ਪਾਸੇ ਉਨ੍ਹਾਂ ਦੇ ਚੇਲਿਆਂ ਨੂੰ ਅੱਜ ਵੀ ਤ੍ਰਿਸਕਾਰ ਦੀ ਭਾਵਨਾ ਨਾਲ਼ ਦੇਖਿਆ ਜਾਂਦਾ ਹੈ। ਫੋਨ ਕੱਟ ਜਾਂਦਾ ਹੈ। ਬਾਬਾ ਸੰਗਤ ਦਾਸ ਜੀ ਨੂੰ ਚੇਤੇ ਕਰਕੇ ਮੇਰੀਆਂ ਅੱਖਾਂ ਸਿੰਮ ਆਈਆਂ ਹਨ। ਮੈਂ ਬਾਬਾ ਨਾਨਕ ਨੂੰ ਚਿਤਵਿਆ ਹੈ।ਭਾਈ ਮਰਦਾਨਾ ਰਬਾਬ ਵਜਾ ਰਹੇ ਹਨ। ਬਾਬਾ ਨਾਨਕ ਦੇ ਮੁੱਖੜੇ ਦਾ ਨੂਰ ਉਦਾਸੀ ਦੀ ਗਹਿਰੀ ਧੁੰਦ ਵਿੱਚ ਹੋਰ ਵੀ ਲਿਸ਼ਕ ਰਿਹਾ ਹੈ। ਲਾਲੋ ਦੀ ਝੌਂਪੜੀ 'ਚ ਬੇਖੌਫ ਬੈਠੇ ਉਹ ਗਾ ਰਹੇ ਹਨ, 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ਕਾਜੀਆਂ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥'

***ਮੋਬਾ. 98144-30874***

# ਲੋਕ-ਗਾਇਕ ਅਮਰਜੀਤ ਗੁਰਦਾਸਪੁਰੀ ਮਿਨਾਰ ਦੀ ਜਿੰਦ-ਜਾਨ ਗੁਰਦੀਪ ਕੌਰ

ਜੇ ਅਮਰਜੀਤ ਗੁਰਦਾਸਪੁਰੀ ਸਾਫ਼-ਸੁਥਰੀ ਅਤੇ ਨਿਰੋਈ ਗਾਇਕੀ ਦਾ ਰੌਸ਼ਨ ਚਿਰਾਗ਼ ਸੀ, ਤਾਂ ਉਸ ਦੀ ਪਤਨੀ ਗੁਰਦੀਪ ਕੌਰ ਉਸ ਚਿਰਾਗ਼ ਦੀ ਲੋਅ ਸੀ।ਜੇ ਅਮਰਜੀਤ ਗੁਰਦਾਸਪੁਰੀ ਲੋਕ-ਗਾਇਕੀ ਦਾ ਮਿਨਾਰ ਸੀ, ਤਾਂ ਉਸ ਦੀ ਹਮ-ਸਫ਼ਰ ਦੀਪ ਉਸ ਮਿਨਾਰ ਦੀ ਨੀਂਹ ਦੀ ਪ੍ਰਥਮ ਇੱਟ ਸੀ। ਜੇ ਅਮਰਜੀਤ ਗੁਰਦਾਸਪੁਰੀ ਗਾਇਕੀ ਦੇ 'ਤੇ ਅਸਮਾਨ ਦਾ ਧਰੂ-ਤਾਰਾ ਸੀ, ਤਾਂ ਉਸ ਦੀ ਜੀਵਨ-ਸਾਥਣ ਦੀਪ ਉਸ ਦੀ ਆਭਾ ਸੀ। ਜੇ ਅਮਰਜੀਤ ਗੁਰਦਾਸਪੁਰੀ ਲੋਕ-ਹਿਤੈਸ਼ੀ ਵਿਚਾਰਧਾਰਾ ਦਾ ਬੋਹੜ ਸੀ ਤਾਂ ਉਸ ਨਾਲ ਖੁਸ਼ਹਾਲ ਅਤੇ ਖਾਂਦੇ-ਪੀਂਦੇ ਜੈਲਦਾਰ ਪ੍ਰੀਵਾਰ ਦੀਆਂ ਜ਼ੁੰਮੇਵਾਰੀਆਂ ਅਤੇ ਫ਼ਰਜ਼ਾਂ ਦਾ ਨਿਭਾ ਕਰਦਿਆਂ, ਉਸ ਨਾਲ ਖੜਣ ਆਲ੍ਹੀ, ਉਸ ਦੇ ਲੜ ਲੱਗੀ ਦੀਪ ਜ਼ਮੀਨ ਸੀ, ਜਿਸ 'ਤੇ ਅਮਰਜੀਤ ਗੁਰਦਾਸਪੁਰੀ ਵਰਗਾ ਬੋਹੜ ਮਜ਼ਬੂਤੀ ਨਾਲ ਅਡੋਲ ਖੜਾ ਰਿਹਾ। ਮੁਲਕ ਦੀ ਅਜ਼ਾਦੀ ਤੋਂ ਚਾਰ ਸਾਲ ਪਹਿਲਾਂ ਫਿਲਮਾਂ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਕੈਫ਼ੀ ਆਜ਼ਮੀ, ਬਲਰਾਜ ਸਾਹਨੀ, ਨਰਗਿਸ ਦੱਤ, ਦੇਵਾ ਆਨੰਦ ਅਤੇ ਪੰਜਾਬ ਵਿਚ ਅਜ਼ਾਦੀ ਤੋਂ ਸਤਾਰਾਂ ਸਾਲ ਬਾਅਦ ਤੇਰਾ ਸਿੰਘ ਚੰਨ, ਸੁਰਿੰਦਰ ਕੌਰ (ਲੋਕ-ਗਾਇਕਾ), ਜਗਦੀਸ਼ ਫਰਿਆਦੀ ਅਤੇ ਜੁਗਿੰਦਰ ਬਾਹਰਲਾ ਆਦਿ ਦੇ ਯਤਨਾ ਨਾਲ ਹੋਂਦ 'ਚ ਆਈ ਕਲਾ ਸਿਰਫ਼ ਕਲਾ ਨਹੀਂ ਬਲਕਿ ਲੋਕਾਂ ਲਈ ਦੇ ਸਿਧਾਂਤ ਨੂੰ ਪ੍ਰਣਾਈ ਹੋਈ ਸੰਸਥਾ ਇੰਡੀਅਨ ਪੀਪਲਜ਼ ਥੀਏਟਰ ਐਸੋਸ਼ੀਏਸ਼ਨ (ਇਪਟਾ) ਦਾ ਜੇ ਅਮਰਜੀਤ ਗੁਰਦਾਸਪੁਰੀ ਝੰਡਾ ਬਰਦਾਰ ਸੀ ਤਾਂ ਉਸ ਦੀ ਦੀਪ ਉਸ ਝੰਡੇ ਦਾ ਡੰਡਾ ਸੀ।



ਅਜ਼ਾਦੀ ਤੋਂ ਛੇ ਸਾਲ ਪਹਿਲਾਂ ਓਧਰਲੇ ਪੰਜਾਬ ਵਿਚ ਨੰਬਰਦਾਰ ਸੰਤਾ ਸਿੰਘ ਤੇ ਸਰਦਾਰਨੀ ਬੰਤ ਕੌਰ ਦੇ ਘਰ ਜਨਮੀ ਗੁਰਦੀਪ ਕੌਰ (ਦੀਪ) 'ਤੇ ਬਾਲੜੀ ਉਮਰੇ ਹੀ ਕੁਦਰਤ ਦੇ ਕਹਿਰ ਵਾਪਰਨੇ ਸ਼ੁਰੂ ਹੋ ਗਏ।ਨਿੱਕੀ ਉਮਰੇ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ, ਫੇਰ ਭੈਣ ਅਤੇ ਭਰਾ ਦਾ ਵਿਛੜਣਾ, ਫੇਰ ਦੋ ਪੁੱਤਾਂ ਦਾ ਬਾਲ ਉਮਰੇ ਅਤੇ ਤੀਜੇ ਪੁੱਤ ਦਾ ਨਾ ਜਾਣ ਦੀ ਉਮਰੇ ਸੜਕੀ ਹਾਦਸੇ ਵਿਚ ਤੁਰ ਜਾਣਾ, ਫੇਰ ਚਾਰ ਕੁ ਸਾਲ ਪਹਿਲਾਂ ਲੋਕ-ਗਾਇਕੀ ਦੀ ਬੁਲੰਦ ਅਵਾਜ਼ ਅਤੇ ਸਿਰ ਦੇ ਸਾਈ ਅਮਰਜੀਤ ਗੁਰਦਾਸਪੁਰੀ ਦਾ ਸਾਥ ਛੱਡ ਜਾਣਾ।ਮਾਂ, ਭੈਣ, ਪੁੱਤਾਂ ਦੇ ਵਿਛੌੜੇ ਦਾ ਫੱਟ ਦਾ ਜਿਵੇਂ ਕਿਵੇਂ ਭਰ ਗਿਆ। ਪਰ ਜੀਵਨ ਸਾਥੀ ਦੇ ਸਾਥ ਦਾ ਛੁੱਟਣਾ ਸਹਿ ਨਹੀਂ ਸਕੇ ਗੁਰਦੀਪ ਕੌਰ, ਆਖ਼ਿਰ ਚਾਰ ਕੁ ਸਾਲ ਮਗਰੋਂ ਲੰਘੀ 1 ਅਪ੍ਰੈਲ ਨੂੰ ਅਮਰਜੀਤ ਨਾਲ ਬਗਲਗੀਰ ਹੋ ਹੀ ਗਈ ਉਸ ਦੀ ਦੀਪ। ਅਮਰਜੀਤ ਹੋਰਾਂ ਤੋਂ ਉਮਰ ਵਿਚ ਸੋਲਾਂ ਕੁ ਸਾਲ ਛੋਟੀ ਗੁਰਦੀਪ ਕੌਰ ਉਸ ਦਾ ਇਕ ਬੱਚੇ ਵਾਂਗ ਖ਼ਿਆਲ ਰੱਖਦੀ, ਫ਼ਿਕਰ ਕਰਦੀ, ਹਰ ਸਮੇਂ, ਹਰ ਕਿਤੇ ਨਾਲ ਰਹਿੰਦੀ, ਨਾਲ ਜਾਂਦੀ। ਉਨ੍ਹਾਂ ਨੇ ਅਮਰਜੀਤ ਗੁਰਦਾਸਪੁਰੀ ਹੋਰਾਂ ਦੇ ਪਹਿਲੇ ਵਿਆਹ ਦੇ ਦੋ ਬੱਚਿਆਂ ਜਸਪਾਲ ਸਿੰਘ ਅਤੇ ਗੁਰਇੰਦਰ ਕੌਰ ਦਾ ਸਕੀ ਮਾਂ ਤੋਂ ਵੱਧ ਖਿਆਲ ਰੱਖਣ ਦੇ ਨਾਲ-ਨਾਲ ਆਪਣੀ ਔਲਾਦ ਮਰਹੂਮ ਪਰਮ ਸੁਸ਼ੀਲ ਸਿੰਘ ਅਤੇ ਪਰਮਮੀਤ ਸਿੰਘ ਅਤੇ ਇੰਨ੍ਹੀ ਦਿਨੀਂ ਅਮਰੀਕਾ ਰਹਿੰਦੇ ਤੇਜ




ਬਿਕਰਮ ਸਿੰਘ ਅਤੇ ਧੀਆਂ ਭਾਗਇੰਦਰ ਕੌਰ ਤੇ ਰੂਪਇੰਦਰ ਕੌਰ ਦੀ ਪ੍ਰਵਰਿਸ਼ ਅਤੇ ਦੇਖ-ਭਾਲ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ।ਗੁਰਦੀਪ ਕੌਰ ਹੋਰਾਂ ਇੰਨ੍ਹੇ ਸਦਮਿਆਂ ਤੋਂ ਉਭਰ ਕੇ ਆਪਣੇ ਨੂੰਹ ਅਰਜਿੰਦਰ ਕੌਰ ਅਤੇ ਪੋਤੇ-ਪੋਤੀਆਂ ਦੀ ਹਿਫ਼ਾਜ਼ਤ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ।ਆਪਣੇ ਪੋਤੇ ਦੇ ਵਿਆਹ ਮੌਕੇ ਆਪਣੇ ਪੁੱਤ-ਧੀਆਂ, ਪੋਤੇ-ਪੋਤੀਆ, ਦੋਹਤੇ-ਦੋਹਤੀਆਂ ਨੂੰ ਇਕੱਠੇ ਵੇਖ ਕੇ ਇਕ ਅਜੀਬ ਕਿਸਮ ਦਾ ਸਕੂਨ ਉਨ੍ਹਾਂ ਦੇ ਚਿਹਰੇ 'ਤੇ ਨਜ਼ਰ ਆ ਰਿਹਾ ਸੀ। ਸੁੱਘੜ-ਗ੍ਰਹਿਣੀ, ਨੇਕ ਦਿੱਲ ਔਰਤ, ਮਮਤਾ ਦੀ ਮੂਰਤ ਸਨ ਗੁਰਦੀਪ ਕੌਰ। ਕਦੇ ਨੂੰਹ-ਧੀ 'ਚ ਵਿਕਤਰਾ ਨਹੀਂ ਕੀਤਾ।ਮੋਹ ਵੀ ਇਕੋ ਸਾਰ, ਝਾੜ-ਝੰਬ ਦੀ ਇਕੋ-ਜਿਹੀ।ਰਿਸ਼ਤੇ ਬਣਾਉਣੇ ਤੇ ਨਿਭਾਉਣ ਆਉਂਦੇ ਸਨ ਗੁਰਦੀਪ ਕੌਰ ਨੂੰ।ਗੁਰਦੀਪ ਕੌਰ ਆਪਣੇ ਪਿਓ ਦੀ ਪੱਗ ਦਾ ਸ਼ਮਲਾ ਉੱਚਾ ਚੁੱਕਣ ਵਾਲੀ ਆਗਿਆਕਾਰੀ ਧੀ ਵੀ ਸੀ, ਸਹੁਰੇ ਘਰ ਦੀ ਮਰਿਆਦਾ ਅਤੇ ਇਜ਼ਤ ਦਾ ਖਿਆਲ ਰੱਖਣ ਵਾਲੀ ਨੂੰਹ ਵੀ ਸਨ।ਉਨ੍ਹਾਂ ਆਪਣੀ ਘਰ-ਗ੍ਰਹਿਸਤੀ ਸਾਂਭਣ ਦੇ ਨਾਲ-ਨਾਲ ਆਪਣੇ ਪਤੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕਦਮ ਨਾਲ ਕਦਮ ਮੇਚ ਕੇ ਇਪਟਾ ਦੀਆਂ ਰੰਗਮੰਚੀ ਅਤੇ ਲੋਕ-ਹਿਤੈਸ਼ੀ ਅਤੇ ਨਿਰੋਈਆਂ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲਿਆ।ਗੁਰਦੀਪ ਕੌਰ ਗਾਉਂਦੇ ਵੀ ਵਧੀਆਂ ਸਨ।ਸ਼ਾਇਦ ਇਸੇ ਲਈ ਅਮਰਜੀਤ ਗੁਰਦਾਸਪੁਰੀ ਹੋਰਾਂ ਦੀ ਗਾਇਕੀ ਦੇ ਹਮੇਸ਼ਾ ਅੰਗ-ਸੰਗ ਰਹੇ।ਗੁਰਦੀਪ ਕੌਰ ਹੋਰੀਂ ਇਪਟਾ ਦੇ ਮੁਢਲੇ ਕਾਰਕੁਨ, ਸ਼ਾਨਦਾਰ ਅਦਾਕਾਰ ਅਤੇ ਗਾਇਕ ਜੁਗਿੰਦਰ ਬਾਹਰਲੇ ਦੇ ਗੀਤ-ਨਾਟਕ ਹਾੜੀ-ਸੌਣੀ ਨੂੰ ਬਹੁਤ ਹੀ ਚਾਅ ਅਤੇ ਲਗਨ ਨਾਲ ਗਾਉਂਦੇ। ਅਮਰਜੀਤ ਗੁਰਦਾਪੁਰੀ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਨੇੜਤਾ ਆਪਣੀ ਹੀ ਕਿਸਮ ਦੀ ਸੀ।ਸ਼ਿਵ ਨੇ ਕਈ ਕਈ ਦਿਨ ਅਮਰਜੀਤ ਹੋਰਾਂ ਕੋਲ ਉਨ੍ਹਾਂ ਦੇ ਘਰ ਟਿੱਕੇ ਰਹਿਣਾ।ਸ਼ਿਵ ਨੇ ਗੁਰਦੀਪ ਕੌਰ ਨੂੰ ਆਪਣੀ ਵੱਡੀ ਭੈਣ ਦਾ ਰੁਤਬਾ ਦਿੱਤਾ ਹੋਇਆ ਸੀ, ਵੱਡੀ ਭੈਣ ਵੀ ਸ਼ਿਵ ਨੂੰ ਛੋਟੇ ਭਰਾ ਵਾਂਗ ਪਿਆਰ ਵੀ ਕਰਦੀ ਤੇ ਦਾਰੂ ਪੀਣ ਤੋਂ ਸਖ਼ਤੀ ਨਾਲ ਵਰਜਦੀ ਵੀ। ਇਪਟਾ ਦੀ 50ਵਾਂ ਸਥਾਪਨਾ ਦਿਵਸ ਲੁਧਿਆਣਾ ਵਿਖੇ ਬਲਰਾਜ ਸਾਹਨੀ ਓਪਨ ਥੀਏਟਰ, ਪੰਜਾਬੀ ਭਵਨ, ਲੁਧਿਆਣਾ ਵਿਖੇ ਮਨਾਇਆ ਗਿਆ। ਜਿਸ ਵਿਚ ਪ੍ਰਮੁੱਖ ਤੌਰ 'ਤੇ ਸ਼ਮੂਲੀਅਤ ਕਰਨ ਵਾਲੇ ਰਾਸ਼ਟਰੀ ਪੱਧਰ ਦੇ ਇਪਟਾ ਕਾਰਕੁਨਾ ਵਿਚ ਕੈਫ਼ੀ ਆਜ਼ਮੀ ਅਤੇ ਉਨ੍ਹਾਂ ਦੀ ਪਤਨੀ ਸ਼ੌਕਤ ਆਜ਼ਮੀ ਵੀ ਸਨ। ਅਮਰਜੀਤ ਹੋਰਾਂ ਦੀ ਦਿਲ-ਟੁੰਬਵੀਂ ਗਾਇਕੀ ਨੇ ਸ਼ੌਕਤ ਆਜ਼ਮੀ ਨੂੰ ਏਨ੍ਹਾਂ ਕਾਇਲ ਕਰ ਦਿੱਤਾ ਕਿ ਉਨ੍ਹਾਂ ਕਿਹਾ, ਪੰਜਾਬ ਵਾਲੋ ਮੇਰਾ ਸਬ ਕੁਛ ਲੈ ਲੋ ਪਰ ਮੁਝੇ ਅਮਰਜੀਤ ਦੇ ਦੋ। ਇਸ ਮੰਜ਼ਰ ਦੀ ਗਵਾਹ ਸੀ ਆਪਣੇ ਅਮਰਜੀਤ ਦੀ ਦੀਪ।

**- ਸੰਜੀਵਨ ਸਿੰਘ**
**ਮੋਬਾ. 94174-60656**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਕੂਨ ਦੀ ਪ੍ਰਾਪਤੀ ਲਈ ਭਟਕਦੇ ਪਾਤਰਾਂ ਦੀਆਂ ਕਹਾਣੀਆਂ




ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਭੁਪਿੰਦਰ ਕੌਰ**

## ਰੌਂਗ ਨੰਬਰ

(ਕਹਾਣੀ ਸੰਗ੍ਰਹਿ)
**ਪਵਿੱਤਰ ਕੌਰ ਮਾਟੀ**
**ਸਫੇ : 135, ਮੁੱਲ : 280**
**ਊੜਾ ਪਬਲੀਕੇਸ਼ਨ, ਮੋਗਾ**

'ਰੌਂਗ ਨੰਬਰ' ਪਵਿੱਤਰ ਕੌਰ ਮਾਟੀ ਦੀ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੀਆਂ ਦੋ ਕਹਾਣੀ ਦੀਆਂ ਪੁਸਤਕਾਂ 'ਰਿਸ਼ਤਿਆਂ ਦੇ ਮਾਰੂਥਲ ਤੋਂ ਪਾਰ' ਤੇ 'ਸ਼ਾਹ ਰਗ ਤੋਂ ਨੇੜੇ' ਆਈ ਹੈ। ਇੱਕ ਕਾਵਿ ਸੰਗ੍ਰਹਿ 'ਰੰਗਾਵਲੀ' ਤੇ ਹੁਣ ਇਹ ਚੌਥੀ ਪੁਸਤਕ 'ਰੌਂਗ ਨੰਬਰ'। ਪੁਸਤਕ ਸਮਰਪਿਤ ਹੈ ਲੇਖਿਕਾ ਦੇ ਪਾਪਾ ਨੂੰ, ਜੋ ਇਕ ਰੱਬੀ ਰੂਹ ਸਨ, ਜਿਨ੍ਹਾਂ ਦੀ ਪਿਆਰੀ ਯਾਦ ਉਸ ਦੇ ਸਾਹਾਂ 'ਚ ਸਮਾਈ ਹੈ, ਜੋ ਹਰ ਰੋਜ਼ ਸਵੇਰੇ ਉੱਠਦੇ ਹੀ ਉਸ ਦੇ ਸਿਰ 'ਤੇ ਹੱਥ ਰੱਖ ਕੇ ਅਸੀਸਾਂ ਦਿੰਦੇ ਸੀ। ਪੁਸਤਕ ਵਿੱਚ ਕੁੱਲ ਦਸ ਕਹਾਣੀਆਂ ਹਨ। ਕਹਾਣੀਆਂ ਉਨ੍ਹਾਂ ਪਾਤਰਾਂ ਦੀਆਂ ਕਹਾਣੀਆਂ ਹਨ, ਜੋ ਸਕੂਨ ਦੀ ਤਲਾਸ਼ ਵਿੱਚ ਭਟਕਦੇ ਰਹੇ, ਪਰ ਕਿਸੇ ਨੂੰ ਸਕੂਨ ਮਿਲਿਆ ਤੇ ਕਿਸੇ ਨੂੰ ਨਹੀਂ ਮਿਲਿਆ। ਜ਼ਿਆਦਾਤਰ ਪ੍ਰਵਾਸੀ ਜੀਵਨ ਨਾਲ ਸੰਬੰਧਤ ਹਨ। ਸਭ ਤੋਂ ਪਹਿਲੀ ਕਹਾਣੀ 'ਯੂ-ਟਰਨ' ਹੈ, ਪ੍ਰਵਾਸ ਇਕ ਕੈਸੀ ਦਲਦਲ ਹੈ, ਜਿੱਥੇ ਬੰਦਾ ਜੇ ਫਸ ਜਾਵੇ ਤਾਂ ਉਸ ਲਈ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ। ਕਹਾਣੀ ਦਾ ਮੁੱਖ ਪਾਤਰ ਹੈਪੀ ਵੀ ਇਸ ਦਲਦਲ ਵਿੱਚ ਫਸਿਆ ਰਿਹਾ। ਉਸ ਨੂੰ ਸਕੂਨ ਹੀ ਨਹੀਂ ਸੀ। ਕਹਾਣੀ ਦਾ ਆਰੰਭ ਹੀ ਉਸ ਦੀ ਭਟਕਣਾ ਤੋਂ ਸ਼ੁਰੂ ਹੁੰਦਾ ਹੈ, ਤੁਸੀਂ ਕਹਿੰਦੇ ਹੋ ਨਾ ਬਈ ਤੇਰੇ ਤਾਂ ਐਸ਼ ਆ ਐਸ਼। ਕਾਹਦੀ ਐਸ਼ ਬਾਈ....? ਬਸ ਏਥੋਂ ਦੀਆਂ ਫੋਟੋਆਂ ਤੇ ਫੀਲਿੰਗਾਂ ਹੀ ਘੈਂਟ ਆ....। ਉਂਝ ਹੈ ਕੱਖ ਨੀ....। ਮੈਂ ਸੱਚ ਆਹਨਾਂ। ਤੁਸੀਂ ਯਕੀਨ ਕਰੋ ਜਾਂ ਨਾ ਕਰੋ। ਏਥੇ ਤਾਂ ਇਕ ਭਵਜਲ ਗੇੜ ਆ। ਉਹਦੇ 'ਚ ਬੰਦਾ ਚਾਈਂ-ਚਾਈਂ ਵੜ ਜਾਂਦਾ.....ਫਿਰ ਸਾਰੀ ਉਮਰ ਨਿਕਲ ਨਹੀਂ ਸਕਦਾ। ਜਿਵੇਂ ਸੜਕਾਂ 'ਤੇ ਬੋਰਡ ਲੱਗੇ ਹੁੰਦੇ, ਲਿਖਿਆ ਹੁੰਦਾ, ਓਨਲੀ ਵਨ-ਵੇ। ਬੱਸ ਏਦਾਂ ਹੀ ਜਾਣ ਦਾ ਰਸਤਾ ਹੈ, ਪਰ ਵਾਪਸ ਮੁੜਨ ਦਾ ਰਸਤਾ ਕੋਈ ਨਹੀਂ। ਹੈਪੀ ਕਿਸੇ ਤਰੀਕੇ ਬਾਹਰਲੀ ਧਰਤੀ 'ਤੇ ਪਹੁੰਚਣਾ ਚਾਹੁੰਦਾ ਸੀ। ਜੇ ਪਹਿਲਾਂ ਉਹ ਕਮਲ ਨਾਲ ਵਿਆਹ ਕਰਾ ਕੇ ਪਹੁੰਚਦਾ ਹੈ ਤਾਂ ਠੱਗਿਆ ਜਾਂਦਾ ਹੈ ਕਿਉਂਕਿ ਕਮਲ ਕਿਸੇ ਹੋਰ ਨੂੰ ਪਿਆਰ ਕਰਦੀ ਹੈ, ਜਿਸ ਕਰਕੇ ਉਸ ਨੇ ਜਾਂਦੇ ਹੀ ਹੈਪੀ ਨੂੰ ਛੱਡ ਦਿੱਤਾ ਤੇ ਦੂਸਰੀ ਵਾਰ ਉਸ ਦਾ ਬਾਹਰਲੀ ਧਰਤੀ 'ਤੇ ਕਦਮ ਰੱਖਣ ਦਾ ਜ਼ਰੀਆ ਪੈਵੀ ਬਣਦੀ ਹੈ, ਜੋ ਸਿਰਫ਼ ਤੇ ਸਿਰਫ਼ ਆਪਣੇ ਬੱਚਿਆਂ ਬਾਰੇ ਹੀ ਸੋਚਦੀ ਹੈ।ਉਹ ਹੈਪੀ ਵਿੱਚੋਂ ਵੀ ਕੋਈ ਬੱਚਾ ਨਹੀਂ ਚਾਹੁੰਦੀ।ਹੈਪੀ ਨੂੰ ਸਾਰੀ ਜ਼ਿੰਦਗੀ ਸਕੂਨ ਹੀ ਨਹੀਂ ਮਿਲਦਾ, ਉਹ ਸਕੂਨ ਦੀ ਤਲਾਸ਼ ਲਈ ਤੜਪਦਾ ਹੈ ਤੇ ਅਖੀਰ ਉਹ ਯੂ ਟਰਨ ਲੈਂਦਾ ਹੋਇਆ ਵਾਪਸ ਆਪਣੀ ਧਰਤੀ 'ਤੇ ਪਹੁੰਚ ਹੀ ਜਾਂਦਾ ਹੈ ਤੇ ਉਸ ਦੇ ਅੰਦਰ ਸਕੂਨ ਮਿਲਣ ਦੇ ਚਾਅ ਵਿੱਚ ਕੋਈ ਅੱਥਰੀ ਖੁਸ਼ੀ ਚਾਂਭੜਾਂ ਮਾਰਦੀ ਹੋਈ ਪ੍ਰਤੀਤ ਹੁੰਦੀ ਹੈ।

ਪਰਵਾਸ ਦੀ ਤ੍ਰਾਸਦੀ ਤੇ ਬਜ਼ੁਰਗਾਂ ਦੇ ਜੀਵਨ ਨੂੰ ਪੇਸ਼ ਕਰਦੀ ਕਹਾਣੀ ਹੈ 'ਹੁਣ ਮੈਂ ਸੁਰਖ਼ਰੂ ਹਾਂ'। ਜਿਨ੍ਹਾਂ ਮਾਪਿਆਂ ਨੇ ਆਪਣੇ ਬੱਚਿਆਂ 'ਤੇ ਸਾਰੀਆਂ ਕਮਾਈਆਂ ਲਾ ਦਿੱਤੀਆਂ, ਉਹੀ ਬੱਚੇ ਮਾਪਿਆਂ ਦੀ ਇੱਜ਼ਤ ਨਹੀਂ ਕਰਦੇ। ਗੈਰੀ ਤੇ ਸੰਦੀਪ ਐਸੇ ਹੀ ਕਿਸਮ ਦੇ ਪਾਤਰ ਸਨ, ਜੋ ਬੀਬੀ ਪਾਪੇ ਨੂੰ ਜ਼ਮੀਨ ਵੇਚਣ ਲਈ ਮਜਬੂਰ ਕਰਦੇ ਹਨ, ਪਰ ਪਾਪਾ ਜੀ ਨਹੀਂ ਮੰਨਦੇ, ਪਰ ਤਾਏ ਦਾ ਪਤਾ ਲੈਣ ਗਏ ਪਾਪਾ ਜੀ ਪਾਤਰ ਦਾ ਸਾਰਾ ਭਰਮ ਟੁੱਟ ਜਾਂਦਾ ਹੈ। ਜਦੋਂ ਉਹ ਇੰਡੀਆ ਤੇ ਅਮਰੀਕਾ ਦੇ ਜੀਵਨ ਦੀ ਤੁਲਨਾ ਕਰਦਾ ਹੈ, ਅਮਰੀਕਾ 'ਚ ਇਸ ਗੱਲੋਂ ਦਾਤੇ ਦਾ ਸ਼ੁਕਰ ਆ, ਆਪਦੇ ਢਿੱਡੋਂ ਜਾਏ ਦੁਰਕਾਰ ਦਿੰਦੇ ਨੇ। ਸਰਕਾਰਾਂ ਪ੍ਰਾਹੁਣਿਆਂ ਵਾਂਗੂੰ ਸਾਂਭਦੀਆਂ, ਮੁਫਤ ਦਵਾਈਆਂ, ਨਾਲ ਪੈਨਸ਼ਨਾਂ... ਬੁਢਾਪੇ ਦੀ ਡੰਗੋਰੀ ਨੇ ਸਰਕਾਰਾਂ.....। ਪਾਪਾ ਦਾ ਮਨ ਨਹੀਂ ਸੀ ਟਿਕਦਾ, ਪਰ ਜਦੋਂ ਇੰਡੀਆ ਦੇ ਹਾਲਾਤ ਦੇਖੇ ਤਾਂ ਉਹ ਟਿਕ ਗਿਆ। ਉਸ ਦੀ ਸੋਚ ਹੀ ਬਦਲ ਗਈ, ਸਿੰਮੀ ਨੂੰ ਕਹਿੰਦੇ ਹੁਣ ਪੁੱਤ ਮਰਨਾ ਤਾਂ ਇੱਥੇ ਹੀ ਆ। ਪਿੰਡ ਦੇ ਸਿਵਿਆਂ 'ਚੋਂ ਤਾਂ ਸਾਂਝ ਮੁੱਕਗੀ। ਦਲੀਪੋ ਬੁੜ੍ਹੀ ਦੇ ਸੰਸਕਾਰ ਆਲੇ ਦਿਨ ਸਿਵਿਆਂ 'ਚ ਗਿਆ ਮੱਥਾ ਟੇਕ ਆਇਆ ਕਿ ਏਥੇ ਚਹੁੰ ਗਜ਼ਾਂ ਦੀ ਥਾਂ 'ਚ ਮੇਰੀ ਸਾਂਝ ਹੈ ਨੀ। ਹੁਣ ਤਾਂ ਡੱਬੇ ਜਿਹੇ 'ਚ ਪਾ ਕੇ ਬਟਨ ਦੱਬਣਗੇ....। ਉਸ ਨੂੰ ਬਹੁਤ ਦੁੱਖ ਲੱਗਾ, ਜਦੋਂ ਇਹ ਪਤਾ ਲੱਗਾ ਕਿ ਗੈਰੀ ਉਸ ਤੋਂ ਚੋਰੀ ਆੜ੍ਹਤੀਏ ਤੋਂ ਬਿਆਨਾ ਫੜ ਕੇ ਲੈ ਗਿਆ ਕਿ ਜ਼ਮੀਨ ਵੇਚਣੀ ਹੈ, ਸਾਡੇ ਬੁੜ੍ਹੇ ਨੂੰ ਨਾ ਪਤਾ ਲੱਗੇ, ਪਰ ਕਹਾਣੀ ਦਾ ਪਾਤਰ ਪਾਪਾ ਆਪਣੇ ਆਪ ਨੂੰ ਉਸ ਸਮੇਂ ਸੁਰਖਰੂ ਸਮਝਦਾ ਹੈ ਜਦੋਂ ਉਹ ਆਪਣੇ ਪੁੱਤ ਨੂੰ ਜ਼ਮੀਨ ਤੋਂ ਬੇਦਖ਼ਲ ਕਰ ਦਿੰਦਾ ਹੈ ਤੇ ਵਸੀਅਤ ਤੁੜਾ ਕੇ ਨਵੀਂ ਬਣਵਾ ਲੈਂਦਾ ਹੈ।

'ਰੌਂਗ ਨੰਬਰ' ਵੀ ਅਮਰੀਕਾ ਦੀ ਧਰਤੀ 'ਤੇ ਰਹਿ ਰਹੇ ਗੁਰਦੀਪ ਸਿੰਘ, ਪ੍ਰੀਤਮ ਕੌਰ, ਗੀਤ ਤੇ ਸੰਨੀ ਦੇ ਜੀਵਨ ਦੀ ਕਹਾਣੀ ਹੈ। ਗੁਰਦੀਪ ਕੌਰ ਆਪਣੀ ਨੂੰਹ ਦੇ ਆਦੇਸ਼ਾਂ ਦੀ ਪਾਲਣਾ ਕਰਦੀ ਰਹਿੰਦੀ, ਕਿਉਂਕਿ ਉਸ ਨੂੰ ਕਲੇਸ਼ ਤੋਂ ਡਰ ਲੱਗਦਾ। ਉਹ ਸੰਨੀ ਨੂੰ ਅਕਸਰ ਗੀਤ ਨੂੰ ਸਮਝਾਉਣ ਲਈ ਕਹਿੰਦੇ, ਕਿਉਂਕਿ ਉਸ ਦਾ ਗੀਤ ਦਾ ਫੈਸ਼ਨਾਂ, ਸ਼ਰਾਬਾਂ ਤੇ ਕਲੱਬਾਂ 'ਚ ਪੈਸੇ ਉਡਾਉਣਾ ਉਨ੍ਹਾਂ ਨੂੰ ਚੰਗਾ ਨਾ ਲੱਗਦਾ। ਉਹ ਅਕਸਰ ਕਹਿੰਦੇ ਕਿ ਆਪਾਂ ਇੱਥੇ ਆ ਕੰਜਰਖਾਨਾ ਵੇਖਣ ਨੂੰ ਬੈਠੇ ਆਂ? ਸਨੀ ਗੀਤ ਦੇ ਦੀਆਂ ਗਲਤੀਆਂ 'ਤੇ ਪਰਦਾ ਪਾਉਂਦਾ ਰਹਿੰਦਾ। ਜਦੋਂ ਕਦੀ ਗੀਤ ਗੁੱਸੇ ਵਿੱਚ ਆ ਜਾਂਦੀ ਤਾਂ ਉਹ ਅਕਸਰ ਇਹ ਕਹਿੰਦੀ ਵੱਟ ਨੌਨਸੈਂਸ....! ਤੂੰ ਮੈਨੂੰ ਅਕਲ ਸਿਖਾਏਂਗਾ? ਮੈਂ ਤੈਨੂੰ ਅਮਰੀਕਾ ਦਿਖਾਈ, ਅਮਰੀਕਨ ਲਾਈਫ਼ ਦਿੱਤੀ, ਲਾਇਸੈਂਸ, ਜਾਬ, ਏ-ਟੂ-ਜ਼ੈੱਡ, ਐਵਰੀਥਿੰਗ। ਹੁਣ ਤੂੰ ਮੈਨੂੰ ਇੱਥੋਂ ਦੇ ਰੂਲ-ਰੈਗੂਲੇਸ਼ਨ ਵੀ ਸਿਖਾਏਂਗਾ? ਐਵੇਂ ਹੁਣ ਮੇਰੀ ਜ਼ੁਬਾਨ ਗੰਦੀ ਨਾ ਕਰਾ.....। ਜਿੱਥੇ ਗੀਤ ਸੰਨੀ ਨੂੰ ਜਾਂ ਮਾਂ ਨੂੰ ਔਖਾ ਬੋਲਦੀ, ਉਥੇ ਆਪਣੀ ਬੱਚੀ ਦਾ ਬਿਲਕੁਲ ਵੀ ਧਿਆਨ ਨਾ ਰੱਖਦੀ, ਜਿਸ ਗੱਲ ਦਾ ਬਜ਼ੁਰਗਾਂ ਨੂੰ ਦੁੱਖ ਸੀ। ਕਹਾਣੀ ਦਾ ਅੰਤ ਉਥੇ ਹੁੰਦਾ ਹੈ, ਜਦੋਂ ਆਪਣੇ ਪਤੀ ਤੇ ਮਾਂ 'ਤੇ ਰੋਹਬ ਪਾਣ ਵਾਲੀ ਪ੍ਰੀਤ ਜ਼ਿਆਦਾ ਡਰਿੰਕ ਕਰਨ ਤੇ ਆਪਣੀ ਬੱਚੀ ਅਮਾਨਤ ਦੀ ਬੇਹੋਸ਼ੀ ਦਾ ਕਾਰਨ ਬਣਦੀ ਹੈ ਤੇ ਪ੍ਰੀਤਮ ਸਿੰਘ ਜਦੋਂ 'ਨਾਈਨ ਵਨ ਵਨ' 'ਤੇ ਡਾਇਲ ਕਰਦਾ ਹੈ, ਉਸ ਸਮੇਂ ਗੀਤ ਦਾ ਸਾਰਾ ਨਸ਼ਾ ਉਤਰ ਜਾਂਦਾ ਹੈ। ਉਹ ਪ੍ਰੀਤਮ ਸਿੰਘ ਦੀਆਂ ਮਿੰਨਤਾਂ ਕਰਦੀ ਹੈ ਕਿ ਜੇ ਐਂਬੂਲੈਂਸ ਆਵੇਗੀ ਤਾਂ ਕਹਿਣਾ ਕਿ ਸੌਰੀ ਰੌਂਗ ਨੰਬਰ, ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਸਰਕਾਰ ਅਮਾਨਤ ਨੂੰ ਆਪਣੀ ਕਸਟਡੀ ਵਿੱਚ ਲੈ ਗਈ ਤਾਂ ਉਸ ਦੇ ਅਠਾਰਾਂ ਸਾਲ ਹੋਣ ਤੱਕ ਉਸ ਨੂੰ ਅਮਾਨਤ ਨਹੀਂ ਮਿਲੇਗੀ।

'ਤੜਪ ਅਜੇ ਬਰਕਰਾਰ' ਕਹਾਣੀ ਉਨ੍ਹਾਂ ਬਜ਼ੁਰਗ ਪਾਤਰਾਂ ਦੀ ਕਹਾਣੀ ਹੈ, ਜੋ ਬੱਚਿਆਂ ਦੀ ਯਾਦ ਲਈ ਤੜਫਦੇ ਰਹੇ। ਇਕ ਬਿਰਧ ਆਸ਼ਰਮ ਵਿੱਚ ਰਹਿ ਰਹੇ ਪਾਤਰਾਂ ਰਜਨੀ, ਸ਼ਾਂਤੀ, ਪ੍ਰਸ਼ੋਤਮ ਦਾਸ, ਰਾਮ ਸਰੂਪ, ਲੱਖਾ, ਨੰਬਰਦਾਰ ਤੇ ਗੁਰਜੰਟ ਹਰ ਇਕ ਦੀ ਆਪਣੀ ਕਹਾਣੀ ਹੈ। ਕਹਾਣੀ ਹਰ ਪਾਤਰ ਦੀ ਤੜਪ ਨੂੰ ਬਿਆਨਦੀ ਹੈ। ਜਿੱਥੇ ਬਾਕੀ ਪਾਤਰ ਦੇਸਾਂ-ਪ੍ਰਦੇਸਾਂ ਵਿੱਚ ਵਸਦੇ ਆਪਣੇ ਬੱਚਿਆਂ ਲਈ ਤੜਪਦੇ ਰਹੇ ਕਿ ਉਹ ਉਹਨਾਂ ਨੂੰ ਲੈਣ ਆਉਣਗੇ, ਉਥੇ ਗੁਰਜੰਟ ਇਕ ਐਸਾ ਪਾਤਰ ਹੈ, ਜੋ ਪ੍ਰਦੇਸ਼ ਵਿੱਚ ਵਸਣ ਕਰਕੇ ਆਪਣੇ ਮਾਪਿਆਂ ਦੇ ਅੰਤਿਮ ਸਮੇਂ ਉਹਨਾਂ ਦਾ ਸਾਥ ਨਾ ਦੇ ਸਕਿਆ ਤੇ ਪਛਤਾਵੇ ਵਜੋਂ ਇਸ ਬਿਰਧ ਆਸ਼ਰਮ ਰਾਹੀਂ ਬਜ਼ੁਰਗਾਂ ਦੀ ਸੇਵਾ ਕਰ ਰਿਹਾ ਹੈ। ਕਹਾਣੀ ਦੱਸਦੀ ਹੈ ਕਿ ਮਾਂ-ਬਾਪ ਪਰਮਾਤਮਾ ਨੇ ਐਸੀ ਚੀਜ਼ ਬਣਾਈ ਹੈ, ਜੋ ਬੱਚਿਆਂ ਦਾ ਆਰੋਪ ਵੀ ਆਪਣੇ ਸਿਰ 'ਤੇ ਲੈ ਜਾਂਦੇ ਹਨ। ਕਹਾਣੀ ਵਿਚਲੀ ਵਾਰਤਾਲਾਪ ਮਾਪਿਆਂ ਦੇ ਦਰਦ ਨੂੰ ਬਿਆਨਦੀ ਹੈ:-

ਲੱਖਿਆ, ਸਾਰੀ ਉਮਰ ਤੂੰ ਕਾਲੇ ਬਲਦ ਵਾਂਗ ਕਮਾਇਆ ਏਨ੍ਹਾ ਬੱਚਿਆਂ ਦੇ ਭਵਿੱਖ ਲਈ, ਕਦੇ ਦਿਨ ਨਾ ਦੇਖਣਾ, ਰਾਤ ਨਾ ਦੇਖਣੀ.... ਉਹ ਤਾਂ ਵਿਦੇਸ਼ਾਂ 'ਚ ਬੈਠੇ ਸਵਰਗ ਦੇ ਝੂਟੇ ਲੈਂਦੇ, ਉਹਨਾਂ ਕਦੇ ਪਿੱਛੇ ਮੁੜ ਕੇ ਨ੍ਹੀ ਦੇਖਿਆ, ਪਰ ਤੂੰ ਕਿੰਨੀ ਫਾਲਤੂ ਤੇ ਬੇਮਾਇਨੇ ਚੀਜ਼ ਹੋ ਗਿਆਂ। ਘਰ 'ਚ ਪਈ ਕਿਸੇ ਕਬਾੜ ਤੋਂ ਵੀ ਘਟੀਆ...।

ਮਨ 'ਤੇ ਕੀ ਲਾਉਣਾ.... ਹੁਣ ਤਾਂ ਸਭ ਆਸਾਂ ਦੇ ਬੂਹੇ ਭੇੜ ਦੇ..... ਨਾ ਕਿਸੇ ਆ ਕੇ ਬੂਹੇ ਖੜਕਾਏ, ਨਾ ਕੋਈ ਝਾਕ ਰੱਖੀਏ।

ਏਦੂ ਤਾਂ ਜਾਂਦੇ-ਜਾਂਦੇ ਗਲ ਘੁੱਟ ਜਾਂਦੇ.... ਮਾਰ ਜਾਂਦੇ ਮੈਨੂੰ। ਹੁਣ ਆਵਦੀ ਅਰਥੀ ਆਵਦੇ ਮੋਢਿਆਂ 'ਤੇ ਨਹੀਂ ਚੁੱਕੀ ਜਾਂਦੀ ਮੈਥੋਂ।

ਬੇਸ਼ੱਕ ਗੁਰਜੰਟ ਵਰਗਾ ਪਾਤਰ ਬਜ਼ੁਰਗਾਂ ਦੀ ਸੇਵਾ ਕਰਕੇ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰ ਰਿਹਾ ਸੀ, ਪਰ ਸਕੂਨ ਨਾ ਮਿਲਣ ਦੀ ਇੱਕ ਤੜਪ ਅਜੇ ਵੀ ਬਰਕਰਾਰ ਸੀ।

ਜਿਵੇਂ 'ਹੁਣ ਮੈਂ ਸੁਰਖ਼ਰੂ ਹਾਂ' ਦਾ ਪਾਤਰ ਆਪਣੀ ਸਾਰੀ ਜ਼ਮੀਨ ਵੇਚ ਕੇ ਤੇ ਪੁੱਤ ਨੂੰ ਜ਼ਮੀਨ ਤੋਂ ਬੇਦਖਲ ਕਰਕੇ ਸੁਰਖਰੂ ਹੋ ਜਾਂਦਾ ਹੈ। ਇਸੇ ਤਰ੍ਹਾਂ 'ਕਾਂਗਿਆਰੀ' ਕਹਾਣੀ ਦੀ ਮਾਂ ਜਿਸ ਦੇ ਬੱਚੇ ਉਸ ਦੀ ਸੇਵਾ ਨਹੀਂ ਕਰਦੇ, ਇਕ ਕੰਮ ਵਾਲੀ ਨਾਜੋ, ਜੋ ਉਸ ਦੀ ਰੂਹ ਨਾਲ ਸੇਵਾ ਕਰਦੀ ਹੈ।ਬੱਚੇ ਪਰਦੇਸਾਂ ਵਿੱਚ ਜਾ ਵਸੇ ਉਸ ਦੇ ਪੁੱਤ ਗੁਰਚਰਨ ਗੈਵੀ ਨੇ ਗੋਰੀ ਨਾਲ ਕੰਟਰੈਕਟ ਵਿਆਹ ਕਰਾ ਲਿਆ। ਗੈਵੀ ਵੀ ਹੋਰ ਕਹਾਣੀਆਂ ਦੇ ਪਾਤਰਾਂ ਵਾਂਗ ਕੋਠੀ ਵੇਚ ਕੇ ਬਾਹਰ ਸੈੱਟ ਹੋਣ ਦੀਆਂ ਤਰਕੀਬਾਂ ਲੜਾਉਂਦਾ ਹੈ, ਪਰ ਬਿਰਤਾਂਤਕਾਰ ਮਾਂ ਨਹੀਂ ਮੰਨਦੀ। ਅੰਤ ਵਿੱਚ ਉਹ ਰੋਹ ਵਿੱਚ ਆ ਕੇ ਕੋਠੀ ਨਾਜੋ ਦੇ ਨਾਂਅ ਹੀ ਕਰ ਦਿੰਦੀ ਹੈ। ਅਜਿਹਾ ਕਰਕੇ ਬਿਰਤਾਂਤਕਾਰ ਦੀਆਂ ਅੱਖਾਂ 'ਚ ਜਿੱਤ ਦਾ ਜਲੌਅ ਸੀ, ਉਸ ਨੂੰ ਇੰਝ ਜਾਪ ਰਿਹਾ ਸੀ ਕਿ ਅੱਜ ਉਹ ਬਿਨਾਂ ਗੋਲੀਆਂ ਤੋਂ ਹੀ ਸਕੂਨ ਨਾਲ ਗੂੜ੍ਹੀ ਨੀਂਦ ਸੌਂਵੇਗੀ।

ਪਵਿੱਤਰ ਕੌਰ ਦੀਆਂ ਕੁਝ ਕਹਾਣੀਆਂ ਸਮਾਜ ਦੇ ਯਥਾਰਥ ਨੂੰ ਚਿੱਤਰਦੀਆਂ ਹਨ। 'ਧੁਆਂਖੀ ਕਿਰਨ' ਵੀ ਇਸੇ ਕਿਸਮ ਦੀ ਕਹਾਣੀ ਹੈ। ਕਹਾਣੀ ਦੱਸਦੀ ਹੈ ਕਿ ਗਰੀਬੀ ਬੰਦੇ ਤੋਂ ਕੀ ਕੁਝ ਕਰਵਾ ਦਿੰਦੀ ਹੈ। ਸੁਖੀ ਗਰੀਬੀ ਤੋਂ ਤੰਗ ਆ ਕੇ, ਦੁਖੀ ਬੱਚਿਆਂ ਦੇ ਢਿੱਡ ਦੀ ਖਾਤਰ ਬਲਦੇਵ ਨਾਲ ਸਾਂਝ ਬਣਾਉਂਦੀ ਹੈ, ਪਰ ਹੌਲੀ-ਹੌਲੀ ਇਸ ਦਾ ਫਾਇਦਾ ਕਈ ਲੋਕ ਚੁੱਕਣ ਲੱਗਦੇ ਹਨ। ਉਹ ਸਾਰੇ ਪਿੰਡ ਵਿੱਚ ਭੋਲੀ ਦੀ ਤਰ੍ਹਾਂ ਬਦਨਾਮ ਹੋ ਜਾਂਦੀ ਹੈ। ਜਦੋਂ ਬਲਦੇਵ ਦੀ ਮਾੜੀ ਨਜ਼ਰ ਉਸ ਦੀ ਧੀ 'ਤੇ ਪੈਂਦੀ ਹੈ ਤਾਂ ਉਹ ਘੋਟਣਾ ਮਾਰ ਕੇ ਉਸ ਦਾ ਸਿਰ ਪਾੜ ਦਿੰਦੀ ਹੈ।ਉਸ ਦਾ ਰੋਹ ਉਸ ਦੀ ਜ਼ੁਬਾਨ ਰਾਹੀਂ ਉਜਾਗਰ ਹੁੰਦਾ ਹੈ-'ਵੇ ਲੋਕੋ ਸੁਣ ਲੋ, ਅੱਖਾਂ ਕੱਢਦੂੰ ਜੇ ਕਿਸੇ ਨੇ ਮੇਰੇ ਘਰ ਵੱਲ ਮੈਲੀ ਅੱਖ ਨਾਲ ਵੇਖਿਆ। ਵਿਚਾਲਿਉਂ ਪਾੜ ਦੂੰ, ਵੇਖੇ ਤਾਂ ਸਹੀ ਕੋਈ ਸਾਡੀ ਹਵਾ ਵੱਲ ਵੀ।' ਏਨਾ ਕਹਿ ਕੇ ਉਸ ਦੇ ਮਨ ਤੋਂ ਮਣਾਂਮੂੰਹੀਂ ਭਾਰ ਲਹਿ ਜਾਂਦਾ ਹੈ। 'ਸੂਰਜ ਦਾ ਛਪਾਅ' ਗਗਨ ਦੀ ਕਹਾਣੀ ਹੈ, ਜੋ ਇਕ ਸੂਰਜ ਦੀ ਤਰ੍ਹਾਂ ਸੀ। ਇਹ ਕਹਾਣੀ ਹੈ ਉਸ ਦੇ ਛਪਾਅ ਦੀ, ਉਸ ਦੇ ਹੌਲੀ-ਹੌਲੀ ਮੌਤ ਵੱਲ ਜਾਣ ਦੀ ਕਹਾਣੀ ਹੈ। ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੇ ਉਸ ਨੂੰ ਕਾਸੇ ਜੋਗਾ ਨਹੀਂ ਛੱਡਿਆ, ਪਰ ਉਸ ਨੇ ਹਿੰਮਤ ਨਹੀਂ ਹਾਰੀ। ਬੜਾ ਦਲੇਰ ਸੀ ਬਿਮਾਰੀ ਦੀ ਹਾਲਤ ਵਿੱਚ ਵੀ ਖੁਸ਼ ਰਹਿਣ ਵਾਲਾ। ਉਹ ਬਿਮਾਰੀ ਦਾ ਕਾਰਨ ਇਲਾਕੇ ਦਾ ਗੰਦਾ ਪਾਣੀ ਦੱਸਦਾ ਹੈ। ਲੋਕਾਂ ਨੂੰ ਜਾਗਰੂਕ ਕਰਦਾ ਹੈ ਤਾਂ ਕਿ ਲੋਕ ਇਸ ਪਾਣੀ ਰਾਹੀਂ ਹੋਰ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ। ਮਾਂ ਆਪਣੇ ਪੁੱਤ ਨੂੰ ਬਹੁਤ ਪਿਆਰ ਕਰਦੀ ਹੈ ਤੇ ਉਸ ਨੂੰ ਗਵਾਉਣਾ ਨਹੀਂ ਚਾਹੁੰਦੀ। ਕਹਾਣੀ ਵਿੱਚ ਦੋ ਪੀੜ੍ਹੀਆਂ ਦੀ ਸੋਚ ਨੂੰ ਦਰਸਾਇਆ ਗਿਆ ਹੈ। ਬੇਜੀ ਚਾਹੁੰਦੇ ਹਨ ਕਿ ਗਗਨ ਵੱਲੋਂ ਬੱਚਾ ਪੈਦਾ ਕਰਨ ਵਾਲੇ ਕਢਵਾਏ ਗਏ ਕਣਾਂ ਰਾਹੀਂ ਬੱਚਾ ਪੈਦਾ ਕਰਵਾਇਆ ਜਾਵੇ। ਹੋ ਸਕਦਾ ਹੈ ਰੱਬ ਗਗਨ ਨੂੰ ਹੀ ਵਾਪਸ ਭੇਜ ਦੇਵੇ, ਪਰ ਮਾਂ ਨਹੀਂ ਮੰਨਦੀ। ਮਾਂ ਲਈ ਧੀ ਤੇ ਪੁੱਤ ਵਿੱਚ ਕੋਈ ਅੰਤਰ ਨਹੀਂ। ਉਸ ਲਈ ਧੀ ਅਰਸ਼ ਵੀ ਗਗਨ ਵਰਗੀ ਹੈ। ਕਹਾਣੀ ਦੇ ਅੰਤ ਵਿੱਚ ਕਮਰੇ ਦਾ ਰੋਸ਼ਨੀ ਨਾਲ ਭਰ ਜਾਣਾ ਸੰਕੇਤ ਹੈ ਕਿ ਗਗਨ ਤੋਂ ਬਾਅਦ ਅਰਸ਼ ਉਸ ਦੀ ਜ਼ਿੰਦਗੀ ਦਾ ਪ੍ਰਕਾਸ਼ ਹੋਵੇਗੀ। ਕਹਾਣੀ ਕੁੜੀ ਮੁੰਡੇ ਦੇ ਅੰਤਰ ਵਿੱਚੋਂ ਨਿਕਲਣ ਦਾ ਹੋਕਾ ਦਿੰਦੀ ਹੈ।

'ਨਜ਼ਰੀਆ ਤੇਰੀ ਮੁਹੱਬਤ ਦਾ' ਇਕ ਸਾਧਾਰਨ ਜਿਹੀ ਖ਼ੂਬਸੂਰਤ ਕੁੜੀ ਦਾ ਚੰਡੀਗੜ੍ਹ ਦੇ ਹਾਈਫਾਈ ਰਾਜਨ ਨਾਲ ਵਿਆਹੇ ਜਾਣ ਦੀ ਕਹਾਣੀ ਹੈ। ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਨਾਈਟ ਪਾਰਟੀਆਂ ਤੇ ਵਾਈਫ ਸਵੈਪਿੰਗ ਵਰਗੀਆਂ ਖੇਡਾਂ ਤੇ ਸ਼ਰਾਬ ਦੇ ਨਸ਼ੇ ਨੇ ਨੀਰੂ ਦਾ ਸਭ ਕੁਝ ਉਜਾੜ ਕੇ ਰੱਖ ਦਿੱਤਾ। ਬੂਮਰੈਂਗ ਵਿਧੀ ਰਾਹੀਂ ਇਹ ਕਹਾਣੀ ਜਿਥੋਂ ਸ਼ੁਰੂ ਹੋਈ, ਚੇਤਨਾ ਪ੍ਰਵਾਹ ਦੀ ਜੁਗਤ ਰਾਹੀਂ ਵਿਸਤਾਰ ਤੇ ਅੰਤ ਉਸੇ ਥਾਂ 'ਤੇ ਪਹੁੰਚਦੀ ਹੈ।ਸਕੂਨ ਇਨ੍ਹਾਂ ਪਾਤਰਾਂ ਦੀ ਜ਼ਿੰਦਗੀ ਵਿੱਚ ਵੀ ਨਹੀਂ। ਅਸੀਂ ਕਹਿੰਦੇ ਹਾਂ ਕਿ ਸਮਾਜ ਨੇ ਅੰਤਰਜਾਤੀ ਵਿਆਹ ਨੂੰ ਸਵੀਕਾਰ ਕਰ ਲਿਆ ਹੈ, ਪਰ ਕਿਤੇ ਨਾ ਕਿਤੇ ਵਿਰੋਧ ਅਜੇ ਵੀ ਜਾਰੀ ਹੈ। ਜਾਤ-ਪਾਤ ਦਾ ਕੀੜਾ ਅਜੇ ਵੀ ਮਨਾਂ ਵਿੱਚ ਉਸੇ ਤਰ੍ਹਾਂ ਹੈ। ਕਈ ਵਾਰ ਸਮਾਜ ਦੇ ਨਾਲ-ਨਾਲ ਪਰਵਾਰ ਦੇ ਜੀਅ ਵੀ ਵਿਰੋਧ ਕਰਨ 'ਤੇ ਉੱਤਰ ਆਉਂਦੇ ਹਨ। 'ਰਾਖ ਹੋਇਆ ਪਰਬਤ' ਕਹਾਣੀ ਇਸ ਦੀ ਮਿਸਾਲ ਹੈ ਜੱਟਾਂ ਦਾ ਧਰਮ ਤੇ ਤਰਖਾਣਾਂ ਦੀ ਛਿੰਦਰ ਜਵਾਨੀ ਦੇ ਜੋਸ਼ ਵਿੱਚ ਵਿਆਹ ਦਾ ਕਰਵਾ ਲੈਂਦੇ ਹਨ, ਪਰ ਵੱਡੀ ਉਮਰ ਵਿੱਚ ਬੱਚਿਆਂ ਦੇ ਸਵਾਲਾਂ ਦੇ ਜਵਾਬ ਨਾ ਦੇਣ ਦੀ ਸੂਰਤ ਵਿੱਚ ਉਹਨਾਂ ਦੀ ਸਥਿਤੀ ਇਸ ਪ੍ਰਕਾਰ ਹੋ ਜਾਂਦੀ ਹੈ, ਜਿਵੇਂ ਪਰਬਤ ਰਾਖ ਹੋ ਜਾਂਦਾ ਹੈ। ਸੱਸ ਤੇ ਘਰਵਾਲੇ ਦੇ ਨਾਲ-ਨਾਲ ਬੱਚੇ ਵੀ ਛਿੰਦਰ ਦੇ ਵਿਰੋਧੀ ਹੋ ਗਏ।'ਕੌਡੀਓਂ ਖੋਟੇ' ਵੀ ਇਸੇ ਕਿਸਮ ਦੀ ਕਹਾਣੀ ਹੈ। ਅੰਮ੍ਰਿਤ ਨੇ ਕਿਰਤ ਨਾਲ ਲਵ-ਮੈਰਿਜ ਕੀਤੀ, ਪਰ ਸੁੱਖ ਨਹੀਂ ਮਿਲਿਆ। ਕਹਾਣੀ ਇਹ ਵੀ ਦੱਸਦੀ ਹੈ ਕਿ ਕਈ ਵਾਰ ਮਾਪੇ ਆਪਣੇ ਨਸ਼ਈ ਤੇ ਅਮਲੀ ਪੁੱਤ ਦਾ ਵਿਆਹ ਕਰਕੇ ਨੂੰਹ ਦੀ ਜ਼ਿੰਦਗੀ ਵੀ ਤਬਾਹ ਕਰ ਦਿੰਦੇ ਹਨ ਕਿ ਸ਼ਾਇਦ ਮੁੰਡਾ ਵਿਆਹ ਤੋਂ ਬਾਅਦ ਸੁਧਰ ਜਾਏਗਾ। ਕਹਾਣੀ ਦਾ ਕਿਰਤ ਨਾ ਸੁਧਰਿਆ ਤੇ ਹਰ ਵਾਰ ਅੰਮ੍ਰਿਤ ਦਾ ਸਿਰ ਹੀ ਨੀਵਾਂ ਹੋਇਆ। ਅੰਮ੍ਰਿਤ ਨੂੰ ਸੱਸ-ਸਹੁਰੇ ਦਾ ਹੀ ਸਹਾਰਾ ਸੀ, ਪਰ ਜਦੋਂ ਸਹੁਰੇ ਨੇ ਹੀ ਆਪਣਾ ਰੰਗ ਵਿਖਾ ਦਿੱਤਾ ਤਾਂ ਅੰਮ੍ਰਿਤ ਦੀ ਨਜ਼ਰ ਵਿੱਚ ਉਹ ਕੌਡੀਓਂ ਖੋਟੇ ਹੋ ਗਏ।ਉਹ ਘਰ ਛੱਡ ਕੇ ਸਕੂਨ ਪ੍ਰਾਪਤ ਕਰਨ ਲਈ ਆਪਣੀ ਜ਼ਿੰਦਗੀ ਦਾ ਸੁਪਨਾ ਪੂਰਾ ਕਰਨ ਲਈ ਤੁਰ ਪਏ। ਸੋ, ਪਵਿੱਤਰ ਕੌਰ ਮਾਟੀ ਬੜੀ ਸੁਲਝੀ ਹੋਈ ਕਹਾਣੀਕਾਰ ਹੈ। ਉਹ ਸਾਰੀਆਂ ਹੀ ਕਹਾਣੀਆਂ ਵਿੱਚ ਪਾਤਰਾਂ ਦੇ ਸਕੂਨ ਦੀ ਗੱਲ ਕਰਦੀ ਹੈ। ਭਾਵੇਂ ਉਹ ਆਪਣੇ ਮੁਲਕ ਵਿੱਚ ਰਹਿ ਰਹੇ ਹੋਣ ਜਾਂ ਬਾਹਰਲੇ ਮੁਲਕ ਵਿੱਚ, ਸਕੂਨ ਕਿਤੇ ਵੀ ਨਹੀਂ ਹੈ। ਕਈ ਪਾਤਰਾਂ ਨੂੰ ਸਕੂਨ ਮਿਲ ਜਾਂਦਾ ਹੈ, ਪਰ ਕਈ ਜ਼ਿੰਦਗੀ ਭਰ ਸਕੂਨ ਲਈ ਤੜਪਦੇ ਰਹਿੰਦੇ ਹਨ।

# ਗੁਰੂ ਨਾਨਕ ਦੇ ਫਲਸਫ਼ੇ ਤੱਕ ਪਹੁੰਚਣ ਦਾ ਯਤਨ

## ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ...

**ਵਰਿਆਮ ਸਿੰਘ ਸੰਧੂ**
**ਪੰਨੇ : 212, ਮੁੱਲ : 275 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਸਾਹਿਤ ਚਿੰਤਨ**

**ਕੁਲਦੀਪ ਸਿੰਘ ਬੇਦੀ**

ਗੁਰੂ ਨਾਨਕ ਦੇਵ ਜੀ ਬਾਰੇ ਜਾਣਨਾ, ਉਨ੍ਹਾ ਨੂੰ ਪੜ੍ਹਨਾ, ਉਨ੍ਹਾ ਦੀ ਵਿਚਾਰਧਾਰਾ ਨੂੰ ਸਮਝਣਾ, ਵਿਚਾਰਧਾਰਾ ਨੂੰ ਅਮਲੀ ਰੂਪ 'ਚ ਅਪਨਾਉਣਾ, ਇਹ ਸਾਰੀਆਂ ਵੱਖੋ-ਵੱਖ ਸਥਿਤੀਆਂ ਹਨ। ਗੁਰੂ ਨੂੰ ਸਰਬ-ਵਿਆਪਕ ਕਹਿਣਾ ਤੇ ਫਿਰ ਗੁਰੂ ਘਰਾਂ ਨੂੰ ਉਸਾਰਨਾ ਤੇ ਪੂਜਾ ਦੇ ਕਾਰ-ਵਿਹਾਰਾਂ 'ਚ ਗੁਰੂ ਦੇ ਸ਼ਰਧਾਲੂਆਂ ਨੂੰ ਰੁਝਿਆ/ ਉਲਝਿਆ ਵੇਖ ਕੇ ਕਈ ਵਾਰ ਬਹੁਤ ਹੈਰਾਨੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਲਿਖੀ ਹੋਈ ਬਾਣੀ ਨੂੰ ਪੜ੍ਹਨਾ, ਉਸ ਬਾਰੇ ਸੰਵਾਦ ਰਚਾਉਣਾ ਤੇ ਇਸ ਸੰਵਾਦ ਰਾਹੀਂ ਸੁਣਨ ਵਾਲਿਆਂ ਨੂੰ ਕੀਲ ਲੈਣਾ ਅਜਿਹੀਆਂ ਸਥਿਤੀਆਂ ਹਨ, ਜੋ ਗੁਰੂ ਦੀ ਲਿਖਤ ਤੇ ਬਾਣੀ ਦੇ ਭਾਵ ਨੂੰ ਆਪਣੇ ਆਪ 'ਚ ਸਮੋਅ ਲੈਣ ਦੀ ਸਥਿਤੀ ਤੋਂ ਬਹੁਤ ਉਰੇ ਦੀਆਂ ਗੱਲਾਂ ਹਨ। ਵਰਿਆਮ ਸਿੰਘ ਸੰਧੂ ਦੀ ਪੁਸਤਕ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ...' ਇਸੇ ਸਥਿਤੀ ਨੂੰ ਸਮਝਣ/ ਸਮਝਾਉਣ ਦੀ ਚੇਸ਼ਟਾ ਹੈ।

ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦਾ ਉੱਚ-ਦੁਮਾਲੜਾ ਲੇਖਕ ਹੈ। ਉਸ ਨੂੰ ਸੁਆਦਲੀ ਵਾਰਤਕ ਲਿਖਣ ਦੀ ਲੰਮੀ ਮੁਹਾਰਤ ਹੈ। ਉਸ ਦੇ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ, ਇਤਿਹਾਸ ਦੀ ਸਮਝ ਹੈ ਤੇ ਉਸ ਨੂੰ ਪਤਾ ਹੈ ਕਿ ਗੱਲ ਨੂੰ ਕਿਵੇਂ ਫੜ ਕੇ ਸਿਖਰ ਤੱਕ ਲੈ ਕੇ ਜਾਣਾ ਹੈ। ਇਸ ਪੁਸਤਕ ਵਿਚ ਉਸ ਵੱਲੋਂ ਵੱਖ-ਵੱਖ ਸਮਿਆਂ ਦੌਰਾਨ ਲਿਖੇ ਗਏ 16 ਲੇਖ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਲੇਖਾਂ ਦਾ ਪਾਠ ਕਰਨ ਉਪਰੰਤ ਪਾਠਕ ਇਹ ਗੱਲ ਭਲੀਭਾਂਤ ਜਾਣ ਲੈਂਦਾ ਹੈ ਕਿ ਇਹ ਲੇਖ ਗੁਰੂ ਸਾਹਿਬ ਲਈ ਸਿਰਫ਼ ਸ਼ਰਧਾ ਦੇ ਵੱਸ ਹੋ ਕੇ ਨਹੀਂ ਲਿਖੇ ਗਏ, ਸਗੋਂ ਬਾਬਾ ਨਾਨਕ ਦੇ ਵਿਅਕਤੀਤਵ ਨੂੰ ਚਿਤਰਦਿਆਂ ਬਾਬਾ ਨਾਨਕ ਦੀ ਬਾਣੀ ਦੇ ਹਵਾਲਿਆਂ ਨਾਲ ਉਸ ਦੀ ਰੂਹ ਤੱਕ ਪਹੁੰਚਣ ਦਾ ਇਕ ਯਤਨ ਹੈ। ਗੁਰੂ ਨਾਨਕ ਨੂੰ ਚਿਤਰਦਾ ਹੋਇਆ ਲੇਖਕ ਸਮਾਜ 'ਚ ਪਹਿਲਾਂ ਹੀ ਪਏ ਰੰਗਾਂ ਨੂੰ ਚੁੱਕ ਕੇ ਪਾਸੇ ਰੱਖ ਦਿੰਦਾ ਹੈ ਤੇ ਨਾਨਕ ਨੂੰ ਆਪਣੇ ਵੱਖਰੇ ਰੰਗਾਂ ਨਾਲ ਇਸ ਤਰ੍ਹਾਂ ਚਿਤਰ ਜਾਂਦਾ ਹੈ ਕਿ ਤੁਹਾਨੂੰ ਜਾਪਦਾ ਹੈ ਕਿ ਅਸਲ ਵਿਚ ਤਾਂ ਨਾਨਕ ਇਹ ਹੈ।

ਬਾਬੇ ਨਾਨਕ ਦੀ ਜ਼ਿੰਦਗੀ ਨਾਲ ਜੁੜੇ ਹੋਏ ਅਨੰਤ ਚਮਤਕਾਰ ਹਨ, ਜਿਨ੍ਹਾਂ ਨੂੰ ਗੁਰੂ ਘਰਾਂ ਵਿਚ ਆਮ ਤੌਰ 'ਤੇ ਪ੍ਰਚਾਰਿਆ ਜਾਂਦਾ ਹੈ, ਜਦੋਂ ਕਿ ਗੁਰਬਾਣੀ ਚਮਤਕਾਰਾਂ ਦਾ ਹਮੇਸ਼ਾ ਖੰਡਨ ਕਰਦੀ ਹੈ। ਸਾਡਾ ਸਾਰਾ ਜ਼ੋਰ ਇਸੇ ਪ੍ਰਚਾਰ 'ਤੇ ਲੱਗਿਆ ਹੋਇਆ ਹੈ, ਖ਼ੂਬਸੂਰਤ ਇਮਾਰਤਾਂ, ਇਮਾਰਤਾਂ ਦੀ ਸਾਂਭ-ਸੰਭਾਲ, ਅਡੰਬਰ ਤੇ ਕਰਮ-ਕਾਂਡਾਂ ਤੱਕ ਸਭ ਕੁਝ ਸੀਮਤ ਹੋ ਕੇ ਰਹਿ ਗਿਆ ਹੈ। ਸੀਮਤ ਹੀ ਨਹੀਂ, ਸਗੋਂ ਬਾਬੇ ਦੇ ਜਿਨ੍ਹਾਂ ਬੋਲਾਂ ਤੱਕ ਪਹੁੰਚਣ, ਉਨ੍ਹਾਂ ਨੂੰ ਸਮਝਣ ਅਤੇ ਜੀਵਨ 'ਚ ਧਾਰਨ ਕਰਨ ਦੀ ਲੋੜ ਹੈ, ਉਸ 'ਤੇ ਕੋਈ ਬਲ ਨਹੀਂ ਦਿੱਤਾ ਜਾ ਰਿਹਾ। ਸ਼ਬਦ ਨੂੰ ਗੁਰੂ ਤਾਂ ਮੰਨ ਲਿਆ ਗਿਆ, ਪਰ ਉਸ ਸ਼ਬਦ ਨੂੰ ਜੀਵਨ 'ਚ ਧਾਰਿਆ ਨਹੀਂ ਗਿਆ। ਲੇਖਕ ਕਹਿੰਦਾ ਹੈ, 'ਸਿਧਾਂਤ ਤੋਂ ਤੁਰ ਕੇ ਅਮਲ ਵਿਚ ਆਉਣਾ ਹੀ ਗੁਰੂ ਦੇ ਰਾਹ 'ਤੇ ਤੁਰਨਾ ਹੈ। ਗੁਰੂ ਤਾਂ ਸਾਨੂੰ ਸ਼ਬਦ ਦੇ ਲੜ ਲਾ ਗਿਆ ਏ। ਸੱਚ ਦਾ ਰਾਹ ਵੀ ਵਿਖਾ ਗਿਆ ਹੈ। ਜ਼ੁਲਮ ਵਿਰੁੱਧ ਲੜਨਾ ਵੀ ਸਿਖਾ ਗਿਆ ਏ। ਹੁਣ ਆਪਣੇ ਹਿੱਸੇ ਦੀ ਲੜਾਈ ਤਾਂ ਅਸੀਂ ਆਪ ਹੀ ਲੜਨੀ ਹੈ।'

ਲੇਖਕ ਬਾਬੇ ਨਾਨਕ ਦੀ ਅਜ਼ਮਤ ਦੀ ਵਿਆਖਿਆ ਕਰਦਾ-ਕਰਦਾ ਸਮਾਜ ਵਿਚੋਂ ਬਹੁਤ ਸਾਰੀਆਂ ਅਜਿਹੀਆਂ ਸਥਿਤੀਆਂ ਨੂੰ ਲੈ ਕੇ ਬਾਬੇ ਦੀ ਸੋਚ ਨਾਲ ਮੇਲਣ ਦਾ ਯਤਨ ਕਰਦਾ ਹੈ ਤੇ ਦੱਸਦਾ ਹੈ ਕਿ ਬਾਬੇ ਨਾਨਕ ਦੇ ਨਾਂਅ 'ਤੇ ਕਿਵੇਂ ਅਸੀਂ ਆਪਣੇ ਕਾਰੋਬਾਰਾਂ ਨੂੰ ਲਿਸ਼ਕਾਉਂਦੇ ਹਾਂ ਤੇ ਕਿਵੇਂ ਉਸਦੀ ਅਸਲ ਸੋਚ ਵੱਲੋਂ ਪਾਸਾ ਮੋੜ ਲੈਂਦੇ ਹਾਂ। ਲੇਖਕ ਦੀ ਇਹ ਮਨਸ਼ਾ ਬਿਲਕੁਲ ਨਹੀਂ ਕਿ ਉਹ ਬਾਬੇ ਦੀਆਂ ਪ੍ਰਚੱਲਤ ਸਾਖੀਆਂ ਦਾ ਵਿਸਥਾਰ ਕਰਕੇ ਆਪਣੇ ਪਾਠਕਾਂ ਦੀ ਸੰਵੇਦਨਾ ਨੂੰ ਟੁੰਬਣ ਦਾ ਯਤਨ ਕਰੇ, ਸਗੋਂ ਉਹ ਆਪਣੀਆਂ ਤਸ਼ਬੀਹਾਂ ਅਤੇ ਸ਼ਬਦਾਂ ਦੇ ਸੰਚਾਰ ਨਾਲ ਪਾਠਕਾਂ ਨੂੰ ਹਲੂਣਦਾ ਹੈ ਕਿ ਬਾਬਾ ਨਾਨਕ ਤਾਂ ਆਹ ਸੀ, ਤੁਸੀਂ ਉਸ ਨੂੰ ਕਿਵੇਂ ਦਾ ਬਣਾ ਕੇ ਪੇਸ਼ ਕਰ ਰਹੇ ਹੋ। ਲੇਖਕ ਵੱਲੋਂ ਬਾਬੇ ਨਾਨਕ ਦੇ ਅਸਥਾਨਾਂ ਦਾ ਵਰਨਣ ਕਰਦਿਆਂ ਪ੍ਰਚੱਲਤ ਸਾਖੀਆਂ ਨੂੰ ਆਪਣੀ ਵਿਧੀ ਰਾਹੀਂ ਅਸਲ ਅਰਥਾਂ 'ਚ ਸਮਝਾਉਣ ਦਾ ਯਤਨ ਕੀਤਾ ਹੈ। ਅਸੀਂ ਜਾਣਦੇ ਹਾਂ ਕਿ ਬਾਬੇ ਨਾਨਕ ਨਾਲ ਜੁੜੀਆਂ ਸਾਖੀਆਂ ਹੋਰ ਵੀ ਕਈ ਧਾਰਮਕ ਸ਼ਖ਼ਸੀਅਤਾਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਲੇਖਾਂ 'ਚ ਬਾਬੇ ਨਾਨਕ ਨੂੰ ਦੈਵੀ ਸ਼ਕਤੀ ਨਾਲੋਂ ਇਕ ਮਨੁੱਖ ਵਜੋਂ ਪੇਸ਼ ਕੀਤਾ ਗਿਆ ਹੈ। ਲੇਖਕ ਦਾ ਮੰਨਣਾ ਹੈ ਕਿ ਬਾਬਾ ਨਾਨਕ ਇਸ ਧਰਤੀ ਦਾ ਮਨੁੱਖ ਸੀ ਅਤੇ ਮਨੁੱਖਾਂ ਵਿਚ ਵਿਚਰਦਾ ਹੋਇਆ, ਉਨ੍ਹਾਂ ਦੀ ਬੋਲੀ ਤੇ ਬਾਣੇ 'ਚ ਮਨੁੱਖਤਾ ਦਾ ਪ੍ਰਚਾਰ ਕਰ ਰਿਹਾ ਸੀ। ਉਹ ਇਕ ਵਿਉਂਤ ਅਧੀਨ ਇਸ ਧਰਤੀ 'ਤੇ ਆਇਆ ਤੇ ਉਸ ਨੇ ਪੜਾਅਵਾਰ ਆਪਣੇ ਕਾਰਜ ਮੁਕੰਮਲ ਕੀਤੇ। ਬਾਬਾ ਨਾਨਕ ਕਿਸੇ ਇਕ ਧਰਮ ਨਾਲ ਨਹੀਂ ਜੁੜਿਆ ਹੋਇਆ, ਉਸ ਦੀ ਬੁੱਕਲ ਬੜੀ ਵਿਸ਼ਾਲ ਹੈ। ਉਸ ਨੇ ਪੂਰੀ ਮਨੁੱਖਤਾ ਨੂੰ ਕਲਾਵੇ 'ਚ ਲਿਆ, ਪਰ ਅਸੀਂ ਉਸ ਨੂੰ ਸਿਰਫ਼ ਆਪਣਾ ਕਹਿ ਕੇ ਸੀਮਤ ਕਰ ਲਿਆ।




ਇਸ ਪੁਸਤਕ ਦੇ ਲੇਖ 'ਖੋਜੀ ਉਪਜੈ ਬਾਨੀ ਬਿਨਸੈ' ਵਿਚ ਲੇਖਕ ਨੇ ਗੁਰੂ ਸਾਹਿਬ ਦੀ 'ਕਿਛੁ ਸੁਣੀਐ ਕਿਛ ਕਹੀਐ' ਵਾਲੀ ਬਿਰਤੀ ਦਾ ਉਲੇਖ ਕਰਦਿਆਂ ਲਿਖਿਆ ਹੈ, 'ਗੁਰੂ ਸਾਹਿਬ ਦੀ ਬਿਬੇਕ-ਬੁੱਧ ਅਤੇ ਸੰਵਾਦੀ ਬਿਰਤੀ ਦੀ ਪ੍ਰਮਾਣਿਕ ਮਿਸਾਲ ਵੇਖਣੀ ਹੋਵੇ ਤਾਂ ਗੁਰੂ ਸਾਹਿਬ ਦੀ ਸਿੱਧਾਂ ਨਾਲ ਕੀਤੀ ਗੋਸ਼ਟ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਸੰਵਾਦ ਵਿਚ ਹਿੱਸਾ ਲੈਣ ਵਾਲੀਆਂ ਦੋਵੇਂ ਧਿਰਾਂ ਬਿਬੇਕ-ਬੁੱਧ ਦੀਆਂ ਮਾਲਕ ਹਨ। ਸਿੱਧ ਆਪਣੇ ਧਰਮ-ਮਾਰਗ 'ਚ ਤੇ ਗੁਰੂ ਸਾਹਿਬ ਆਪਣੇ ਧਰਮ-ਮਾਰਗ ਦੇ ਭਰਪੂਰ ਗਿਆਤਾ ਹਨ।' ਅੱਜ ਅਸੀਂ ਵਾਦ-ਵਿਵਾਦ ਕਰਦਿਆਂ ਕੁਤੱਤਣ 'ਚ ਆ ਜਾਂਦੇ ਹਾਂ। ਇਹ ਬਾਬੇ ਨਾਨਕ ਨੇ ਹੀ ਸਮਝਾਇਆ ਕਿ ਵਾਦ-ਵਿਵਾਦ ਕੁਤੱਤਣ ਤੋਂ ਰਹਿਤ ਹੋਣਾ ਚਾਹੀਦਾ ਹੈ।


ਲੇਖਾਂ ਵਿਚ ਲੇਖਕ ਨੇ ਆਪਣੀ ਪਾਕਿਸਤਾਨ ਦੀ ਯਾਤਰਾ ਦੇ ਸੰਸਮਰਣਾਂ ਨੂੰ ਪੇਸ਼ ਕਰਦਿਆਂ ਬਾਬੇ ਨਾਨਕ ਦੇ ਜੀਵਨ ਫ਼ਲਸਫ਼ੇ ਨੂੰ ਜ਼ਿੰਦਗੀ 'ਚ ਵਿਚਰਦੇ ਆਮ ਲੋਕਾਂ ਨਾਲ ਜੋੜ ਕੇ ਪ੍ਰਗਟਾਉਣ ਦਾ ਯਤਨ ਕੀਤਾ ਹੈ। ਬਾਬੇ ਨਾਨਕ ਦੀ ਵੱਡੀ ਬੁੱਕਲ ਦੀ ਗੱਲ ਕਰਦਿਆਂ ਕਈ ਵਾਰ ਲੇਖਕ ਭਾਵੁਕ ਵੀ ਹੋ ਜਾਂਦਾ ਹੈ, ਪਰ ਉਹ ਯਥਾਰਥ ਦਾ ਪੱਲਾ ਫਿਰ ਵੀ ਨਹੀਂ ਛੱਡਦਾ। ਉਹ ਇਸ ਧਰਤੀ 'ਤੇ ਵਿਚਰਦੇ ਆਮ ਲੋਕਾਂ ਦੇ ਵਰਤਾਰੇ 'ਚ ਬਾਬੇ ਨਾਨਕ ਦੇ ਫ਼ਲਸਫ਼ੇ ਨੂੰ ਲੱਭਣ ਦਾ ਯਤਨ ਕਰਦਾ ਹੈ। ਅਸਲ ਵਿਚ ਜਦੋਂ ਅਸੀਂ ਬਾਬੇ ਨੂੰ ਇਕ ਮਨੁੱਖ ਸਮਝ ਕੇ ਉਸ ਦੀ ਬਾਣੀ ਨੂੰ ਵਿਚਾਰਾਂਗੇ ਤਾਂ ਅਸੀਂ ਉਸ ਦੇ ਸਹੀ ਅਰਥਾਂ ਤੱਕ ਪਹੁੰਚ ਸਕਾਂਗੇ। ਫਿਰ ਇਹ ਸਹੀ ਅਰਥ, ਜਦੋਂ ਜ਼ਿੰਦਗੀ ਦੇ ਕਾਰ-ਵਿਹਾਰ 'ਚ ਵਰਤਦੇ ਹੋਏ ਦੇਖਾਂਗੇ ਤਾਂ ਹੀ ਅਸੀਂ ਬਾਬੇ ਨਾਨਕ ਨੂੰ ਪੂਰੀ ਤਰ੍ਹਾਂ ਸਮਝ ਸਕਾਂਗੇ। ਬਾਬੇ ਨਾਨਕ ਦੇ ਫ਼ਲਸਫ਼ੇ ਨੂੰ ਜੇ ਸਧਾਰਨ ਲਫ਼ਜ਼ਾਂ ਵਿਚ ਸਮਝਣਾ ਹੋਏ ਤਾਂ ਇਹ ਪੁਸਤਕ ਆਮ ਬੰਦੇ ਨੂੰ ਬਾਬੇ ਦੇ ਮਨੋਰਥ ਬਾਰੇ ਜਾਣਕਾਰੀ ਦੇ ਸਕਦੀ ਹੈ।

ਪੁਸਤਕ ਦੇ ਅੰਤ ਤੱਕ ਪਹੁੰਚਦਿਆਂ ਲੇਖਕ ਨੇ ਬਾਬੇ ਨਾਨਕ ਦੀ ਇਕ ਲੇਖਕ ਵਜੋਂ ਵਡਿਆਈ ਕਰਦਿਆਂ ਉਸ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਲੇਖਕਾਂ ਦਾ ਵਰਨਣ ਕੀਤਾ ਹੈ। ਉਹ ਲੇਖਕ ਜਿਨ੍ਹਾਂ ਆਪਣੀ ਲੇਖਣੀ ਨਾਲ ਸਮਾਜ ਨੂੰ ਸੱਚ ਤੋਂ ਜਾਣੂ ਕਰਾਇਆ ਤੇ ਸਮਾਜ ਦੀ ਦੁਖਦੀ ਰਗ 'ਤੇ ਹੱਥ ਰੱਖਿਆ। ਆਪਣੇ ਅੰਤਲੇ ਲਫ਼ਜ਼ਾਂ 'ਚ ਪੰਜਾਬੀ ਦੀ ਹੋਂਦ ਦੇ ਗੁਆਚਣ ਨੂੰ ਲੈ ਕੇ ਆਪਣੇ ਸ਼ੰਕੇ ਜ਼ਾਹਰ ਕੀਤੇ ਹਨ ਕਿ ਕਿਵੇਂ ਇਸ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਸੱਜਰਾ ਸਾਹਿਤ

## ਲੀਹਾਂ

**ਡਾ. ਅਮਨ ਅੱਚਰਵਾਲ**
**ਸਫੇ : 84, ਮੁੱਲ 150 ਰੁਪਏ**
**ਗੋਰਕੀ ਪ੍ਰਕਾਸ਼ਨ ਲੁਧਿਆਣਾ**




ਡਾ. ਅਮਨ ਦਾ ਇਹ 'ਲੀਹਾਂ' ਦੂਸਰਾ ਗੀਤ ਸੰਗ੍ਰਹਿ ਹੈ। ਇਸ ਪੁਸਤਕ 'ਚ ਦਰਜ ਗੀਤ ਇਸ ਗੱਲ/ਪੱਖ ਦੀ ਗਵਾਹੀ ਦਿੰਦੇ ਹਨ ਕਿ ਉਹ ਆਪਣੀ ਲੀਹ ਤੋਂ ਪਿਛਾਂਹ ਨਹੀਂ ਹਟਿਆ, ਸਗੋਂ ਅੱਗੇ ਵਧਿਆ ਹੈ। ਉਸ ਦੇ ਗੀਤਾਂ ਨੂੰ ਪੜ੍ਹ ਕੇ ਤਸੱਲੀ ਮਿਲਦੀ ਹੈ ਅਤੇ ਇਹ ਸੋਚ ਪੁਖਤਾ ਹੁੰਦੀ ਹੈ ਕਿ ਅਜੇ ਕੁਝ ਕਵੀ/ਗੀਤਕਾਰ ਹਨ ਜੋ ਗੀਤਕਾਰੀ ਨਾਲ ਗੂੜੇ ਸੰਬੰਧ ਬਣਾਈ ਬੈਠੇ ਹਨ। ਡਾ. ਅਮਨ ਦੇ ਸਾਹਿਤਕ ਗੀਤ ਹਨ ਅਤੇ ਇਨ੍ਹਾਂ ਦੀ ਸਮਾਜਿਕ ਸਾਰਥਿਕਤਾ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਸ ਤਰ੍ਹਾਂ ਅਮਨ ਅੱਚਰਵਾਲ ਦੀ ਉਸਾਰੂ ਗੀਤਕਾਰੀ ਲੱਚਰਵਾਦੀ ਅਤੇ ਗੈਂਗਸਟਰਵਾਦੀ ਗੀਤਕਾਰੀ ਦਾ ਬਦਲ ਵੀ ਬਣਦੀ ਹੈ।

-ਡਾ. ਸੁਰਜੀਤ ਬਰਾੜ

## ਇੰਜ ਮਿਲਿਆ ਰੱਬ ਮੈਨੂੰ

(ਕਵਿਤਾਵਾਂ)
**ਅਮਰਜੀਤ ਕਸਕ**
**ਸਫੇ : 110, ਮੁੱਲ : 250 ਰੁਪਏ**
**ਪ੍ਰਿਥਮ ਪ੍ਰਕਾਸ਼ਨ, ਪਟਿਆਲਾ**




ਸਮੁੱਚੇ ਜੀਵਨ ਨੂੰ ਸਮੁੱਚ ਵਿੱਚ ਹੀ ਜਾਨਣ ਦੇ ਆਹਰ ਵਿੱਚ ਹਾਂ। ਇਵੇਂ ਹੀ ਹੋਣਾ ਚਾਹੀਦਾ। ਸਮੁੱਚਾ ਜੀਵਨ ਦ੍ਰਿਸ਼, ਆਦ੍ਰਿਸ਼ ਸਾਰੇ ਵਰਤਾਰਿਆਂ ਨੂੰ ਮਿਲਾ ਕੇ ਬਣਦੇ ਜਾਣਿਆ ਕਿ ਕੋਈ ਵੀ ਹੋਂਦ ਕਿਰਿਆ ਰਹਿਤ ਨਹੀਂ। ਕਿਰਿਆ ਕਿਸੇ ਕਾਰਨ ਹੈ ਤਾਂ ਉਹ ਕਾਰਨ ਜੀਵਨ ਹੀ ਹੈ। ਆਪਣੀ ਹੀ ਨਹੀਂ ਕਿਸੇ ਸਾਂਝੀ ਮੰਜ਼ਲ ਵੀ ਤੁਰ ਰਹੇ ਹਾਂ ਅਸੀਂ ਇੰਜ ਵੀ ਲੱਗਾ ਕਿ 'ਰਚਨਾਵਾਂ' ਦੀ ਆਪਣੀ ਵੀ ਇੱਕ ਹੋਂਦ ਹੈ। ਜਿਵੇਂ ਬੰਦੇ ਨੂੰ ਸਿਰਜਣਾ ਨੇ ਚੁਣਿਆ ਹੋਵੇ ਤੇ ਬਾਕੀ ਸਭ ਮਾਰਮਿਕ ਘਟਨਾਵਾਂ ਸਬੱਬ ਬਣੀਆਂ ਹੋਣ। ਇੱਕ ਇਹ ਵੀ ਕਿ ਜਿਸ ਵਰਤਾਰੇ ਜਾਂ ਤੱਤ ਬਾਰੇ ਜਿਵੇਂ ਸੋਚਿਆ ਬਿਆਨਿਆ ਜਾਂ ਚੁੱਕੈ ਕੀ ਉਸ ਬਾਰੇ ਕੋਈ ਹੋਰ ਪਹੁੰਚ ਵੀ ਹੈ। ਅਚੰਭਾ ਹੀ ਹੈ ਕਿ ਇਹ ਹੁੰਦੀ ਹੈ।

- ਅਮਰਜੀਤ ਕਸਕ

## ਵਲਵਲਿਆਂ ਦੀ ਦੁਨੀਆ

**ਬਲਵਿੰਦਰ ਕੌਰ 'ਥਿੰਦ'**
**ਸਫੇ : 112, ਮੁੱਲ : 200 ਰੁਪਏ**
**ਗੁਸਈਆਂ ਪਬਲੀਕੇਸ਼ਨ, ਪਟਿਆਲਾ**




ਸਮੁੱਚੇ ਕਾਵਿ ਦਾ ਅਧਿਐਨ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਬਲਵਿੰਦਰ ਕੌਰ ਥਿੰਦ ਜਨ ਸਧਾਰਨ ਦੀ ਕਵਿਤਰੀ ਹੈ ਤੇ ਉਸ ਕੋਲ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਸਮਰੱਥਾ ਹੈ। ਉਹਦੀ ਕਲਮ ਕੋਲ ਸ਼ਬਦਾ ਦੀ ਉਦਾਸੀ ਹੀ ਨਹੀਂ, ਸਮਾਜ ਦੇ ਮਖੌਟਾਧਾਰੀ ਲੋਕਾਂ ਦੇ ਮਨ ਦੇ ਕੁਹਜ ਅਤੇ ਦੋਗਲੇ ਕਿਰਦਾਰ ਨੂੰ ਨੰਗਾ ਕਰਨ ਵਾਲੀ ਦ੍ਰਿਸ਼ਟੀ ਵੀ ਹੈ। ਉਹ ਸਮਾਜ ਦੇ ਕਰੂਰ ਵਰਤਾਰਿਆਂ ਨੂੰ ਬਹੁਤ ਨੀਝ ਨਾਲ ਦੇਖਦੀ ਹੈ ਪਰਖਦੀ ਹੈ ਤੇ ਅਨੁਭਵ ਕਰਦੀ ਹੋਈ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਉਂਦੀ ਹੈ।

- ਬਲਬੀਰ ਜਲਾਲਾਬਾਦੀ

## ਦੱਸ ਕੀ ਆਖਾਂ

(ਕਵਿਤਾ ਸੰਗ੍ਰਿਹ)
**ਪ੍ਰਸ਼ੋਤਮ ਪੱਤੋ**
**ਸਫੇ : 100, ਮੁੱਲ : 180 ਰੁਪਏ**
**ਸਾਦਿਕ ਪਬਲੀਕੇਸ਼ਨ, ਬਠਿੰਡਾ**




ਪ੍ਰਸ਼ੋਤਮ ਪੱਤੋ ਇੱਕ ਸੁਚੇਤ ਸ਼ਾਇਰ ਹੈ। ਹੁਣ ਤੱਕ ਉਹ ਪੰਜ ਪੁਸਤਕਾਂ 'ਸੂਖਮ ਪਰਤਾਂ', 'ਚਾਨਣ ਦੇ ਰਾਹੀਂ', 'ਸੱਜਰੀ ਸਵੇਰ', 'ਮੈਂ ਸੋਚਦੀ ਹਾਂ', 'ਪੀੜ ਦਰ ਪੀੜਾਂ' ਮਾਂ ਬੋਲੀ ਦੀ ਝੋਲੀ ਪਾ ਚੁੱਕਿਆ ਹੈ। ਉਹ ਸਮੇਂ-ਸਮੇਂ 'ਤੇ ਆਪਣੀ ਕਵਿਤਾ ਵਿੱਚ ਕਟਾਕਸ਼ ਕਰਦਾ ਰਹਿੰਦਾ ਹੈ। ਉਹ ਸੰਸਾਰ ਵਿੱਚ ਨਾ-ਬਰਾਬਰੀ ਵੇਖ ਕੇ ਤੇ ਮਹਿਸੂਸ ਕਰਕੇ ਕੁਰਲਾ ਉਠਦਾ ਹੈ। ਉਹ ਸੰਸਾਰ, ਸਮਾਜਿਕ, ਰਾਜਨੀਤਿਕ ਪਾੜਿਆਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਕੇ ਕਾਵਿਕ ਸੁਰ ਰਾਹੀਂ ਕਾਗਜ਼ ਦੀ ਹਿੱਕ 'ਤੇ ਉਲੀਕ ਦਿੰਦਾ ਹੈ ਤੇ ਵਿਦਰੋਹ ਵਾਲੀ ਕਵਿਤਾ ਸੁਰ ਰਾਹੀ ਕਾਜ਼ ਦੀ ਹਿੱਕ 'ਤੇ ਉਲੀਕ ਦਿੰਦਾ ਹੈ ਤੇ ਵਿਦਰੋਹ ਵਾਲੀ ਕਵਿਤਾ ਬਣ ਜਾਂਦੀ ਹੈ। ਉਸ ਦੀ ਤਰਕ ਨਾਲ ਤੇਜ ਹੋਈ ਤਿਰਸ਼ੀ ਨਜ਼ਰ ਵਰਤਾਰਿਆਂ 'ਤੇ ਡੂੰਘੀ ਕਾਵਿਕ ਸੱਟ ਸਾਬਤ ਹੁੰਦੀ ਹੈ।

- ਅਮਰ ਘੋਲੀਆ

# ਪੁਸਤਕ ਰੀਵਿਊ

## ਚਾਣੱਕ ਅੰਨ੍ਹੇ ਹਨ

**ਅਜਾਇਬ ਕਮਲ**
**ਸਫ਼ੇ : 64 ਮੁੱਲ : 150**
**ਸੁੰਦਰ ਬੁੱਕ ਡਿਪੋ, ਜਲੰਧਰ**

ਅਜਾਇਬ ਕਮਲ ਬਹੁਤ ਸਾਰੀਆਂ ਇਕਹਿਰੀਆਂ ਪ੍ਰਤਿਭਾਵਾਂ ਦਾ ਇੱਕ ਸੰਯੁਕਤ ਸਮੁੱਚ ਹੈ, ਜਿਨ੍ਹਾਂ ਨੇ 50 ਤੋਂ ਉੱਪਰ ਮੌਲਿਕ ਪੁਸਤਕਾਂ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ। ਉਨ੍ਹਾਂ ਦਾ 'ਚਾਣੱਕ ਅੰਨ੍ਹੇ ਹਨ' ਕਾਵਿ ਨਾਟਕ, ਜਿਸ ਵਿੱਚ ਉਨ੍ਹਾਂ ਨੇ ਇਸ ਮੰਡੀਵਾਦ, ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਵਿੱਚ ਆ ਰਿਹਾ ਆਤਮ-ਨਿਘਾਰ ਤੇ ਦੋ-ਮੂੰਹੇ ਵਿਗਿਆਨ ਦੇ ਪਮਾਰੂ ਪ੍ਰਭਾਵ ਨੂੰ ਮੁੱਖ ਤੌਰ 'ਤੇ ਪੇਸ਼ ਕੀਤਾ ਹੈ। ਮਨੁੱਖ ਦੁਆਰਾ ਸਿਰਜੀਆਂ ਮਸ਼ੀਨਾਂ ਮਨੁੱਖ ਨੂੰ ਗੁਲਾਮ ਕਰ ਰਹੀਆ ਹਨ, ਮਨੁੱਖ ਅੰਦਰੋਂ ਪਿਆਰ, ਸਹਾਨਭੂਤੀ, ਨੈਤਿਕਤਾ, ਇਨਸਾਨੀਅਤ, ਸਿਰਜਣਾ ਨੂੰ ਖਾਰਜ ਕਰਦਾ ਜਾ ਰਿਹਾ ਹੈ। ਕੁਦਰਤ ਦਾ ਘਾਣ ਤੇ ਮਨੁੱਖ ਦੇ ਆਲੇ-ਦੁਆਲੇ ਊਲਜਲੂਲ ਦਾ ਜੰਜਾਲ ਵਧ ਰਿਹਾ ਹੈ।

ਅਸਲ ਵਿੱਚ ਨਾਟਕਕਾਰ ਨਵੀਆਂ ਕਾਢਾਂ ਨਵੀਨ ਟੈਕਨਾਲੋਜੀ ਤੇ ਸੂਚਨਾ ਕ੍ਰਾਂਤੀ ਤੇ ਇਨ੍ਹਾਂ ਰਾਹੀਂ ਪ੍ਰਾਪਤ ਹੋਣ ਵਾਲੀਆਂ ਸੁੱਖ ਸੁਵਿਧਾਵਾਂ ਤੇ ਸੁਰੱਖਿਆ ਭਾਵਨਾ, ਇਨ੍ਹਾਂ ਦੁਆਰਾ ਉਤਪੰਨ ਹੋ ਰਹੇ ਭਾਰੂ ਪ੍ਰਭਾਵਾਂਪ੍ਰਤੀ ਚਿੰਤਾ ਪ੍ਰਗਟ ਕਰਦਾ ਹੋਇਆ ਸਮਾਜ ਵਿੱਚ ਸੋਚ ਦੀ ਤਬਦੀਲੀ ਚਾਹੁੰਦਾ ਹੈ। ਉਹ ਸਿਆਸੀ ਸੱਤਾ ਦੇ ਭੁੱਖੇ ਨੇਤਾਵਾਂ ਦਾ ਵਰਨਣ ਨਹੀਂ ਕਰਦਾ, ਸਗੋਂ ਅੰਧ ਸੱਤਾ ਵਿੱਚ ਪਿਸ ਰਹੀ ਲੋਕਾਈ ਦੇ ਹੱਕਾਂ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਦਾ ਹੈ।

ਨਾਟਕਕਾਰ ਨਾਟਕ 'ਚਾਣੱਕ ਅੰਨ੍ਹੇ ਹਨ' ਵਿੱਚ ਨਵੇਂ ਪ੍ਰਯੋਗ ਕਰਦਾ ਹੋਇਆ ਨਜ਼ਰ ਆਉਂਦਾ ਹੈ। ਅਜਾਇਬ ਕਮਲ ਇਸ ਨਾਟਕ ਦੀ ਸਿਰਜਣਾ ਲਈ ਕਹਿੰਦਾ ਹੈ ਕਿ 'ਮੈਂ ਇਕ ਸਿਨਮੈਟਿਕ ਤਕਨੀਕ 'ਤੇ ਕਿਤਾਬੀ ਸਾਈਜ਼ ਦੀ ਲੰਮੀ ਕਵਿਤਾਂ ਮਨੁੱਖ ਤੇ ਖਲਾਅ, ਲਿਖੀ ਸੀ, ਉਸ ਤੋਂ 'ਚਾਣੱਕ ਅੰਨ੍ਹੇ ਹਨ' ਮੇਰੇ ਕਾਵਿ ਨਾਟਕ ਦਾ ਅਗਲਾ ਵਿਕਾਸ ਹੈ' ਨਾਟਕਕਾਰ ਨੇ ਬਹੁਤ ਸਾਰੀਆਂ ਮੰਚੀ ਜੁਗਤਾਂ ਨੂੰ ਵਰਤਿਆ ਹੈ, ਜਿਵੇਂ ਪਰਛਾਵਿਆਂ ਦੀ ਵਰਤੋਂ, ਮਨੋਬਚਨੀ ਅੰਦਾਜ਼, ਹਿਪਨੋਟਿਸਟ ਸਟੇਜ 'ਤੇ ਆਉਣਾ, ਫਲੈਸ਼ ਬੈਕ ਕਈ ਤਰ੍ਹਾਂ ਦੀਆਂ ਸੰਗੀਤਕ ਧੁਨਾਂ, ਰੀਵਾਲਵਿੰਗ ਮਨੁੱਖਾਂ ਦੀਆਂ ਖੇਲਾ, ਤੇਜ਼ ਲਾਈਟਾਂ ਸਟੇਜ 'ਤੇ ਦਿਖਾ ਕੇ ਦਰਸ਼ਕ ਦੇ ਮਾਨਸਿਕ ਤਣਾਅ, ਐਬਸਰਡ, ਕਰੁਣਾਇਕ, ਉਕਸਾਊ, ਭੜਕਾਊ ਸਥਿਤੀ ਨੂੰ ਪੇਸ਼ ਕਰਦਾ ਹੋਇਆ ਅੱਜ ਦੇ ਮਨੁੱਖ ਦੇ ਅੰਦਰ ਇਸ ਤਰ੍ਹਾਂ ਦੇ ਉਤਰਾਵਾਂ ਚੜ੍ਹਾਵਾਂ ਦੇ ਖੌਲਦੇ ਸਮੁੰਦਰ ਵਿੱਚ ਹੱਥ ਪਾਉਂਦਾ ਹੈ। ਨਾਟਕਕਾਰ ਆਧੁਨਿਕ ਢੰਗ ਦੇ ਥੀਏਟਰ ਦਾ ਚਾਹਵਾਨ ਹੈ। ਉਹ ਨਾਟਕ 'ਚ ਨਵੀਆਂ ਥੀਏਟਰੀ ਵਿਧੀਆਂ ਦੀ ਵਰਤੋਂ ਕਰਦਾ ਹੋਇਆ ਕਾਵਿ ਨਾਟਕ ਦੀ ਤਰਲਤਾ ਤੇ ਲੈਅ ਨੂੰ ਬਰਕਰਾਰ ਰੱਖਦਾ ਹੈ, ਇਹ ਕਾਵਿ ਨਾਟਕ ਦੀ ਪ੍ਰਾਪਤੀ ਹੈ।

ਅਜਾਇਬ ਕਮਲ ਇਕ ਬਹੁ-ਦਿਸ਼ਾਵੀ, ਬਹੁਕਾਲਿਕ ਟੈਕਸਟ ਸਿਰਜ ਕੇ ਅਸਿੱਧੇ ਰੂਪ ਵਿੱਚ ਅਨੇਕਾਂ ਰੰਗਮੰਚੀ ਵਿਧੀਆਂ ਅਤੇ ਲੇਖਨ ਵਿਧੀਆਂ ਦੀ ਪਹੁੰਚ ਨੂੰ ਅਪਣਾਉਂਦਾ ਹੈ। ਇਉਂ ਸਹਿਮਤੀ ਤੇ ਅਸਹਿਮਤੀ ਦੇ ਅਨੇਕਾਂ ਪ੍ਰਸ਼ਨ ਇਹ ਟੈਕਸਟ ਪਾਠਕ ਦੇ ਮਨ ਵਿੱਚ ਬੀਜ ਕੇ ਪੰਜਾਬੀ ਨਾਟਕ ਵਿੱਚ ਵਿਧੀ ਦੇ ਤੌਰ 'ਤੇ ਨਵੇਂ ਯੁੱਗ ਦਾ ਆਰੰਭ ਕਰਦਾ ਹੈ।

- ਗੁਰਜੀਤ ਕੌਰ

## ਡੁੱਬ ਰਿਹਾ ਪਿੰਡ

**ਸੁਰਜੀਤ ਬਰਾੜ**
**ਸਫੇ - 222, ਮੁੱਲ-300 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

"ਡੁੱਬ ਰਿਹਾ ਪਿੰਡ" ਨਾਵਲ ਸੁਰਜੀਤ ਬਰਾੜ ਦਾ ਨਾਵਲ ਹੈ। ਸੁਰਜੀਤ ਬਰਾੜ ਨੇ ਆਲੋਚਕ ਹੋਣ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਵੀ ਬਹੁਤ ਸਾਰਾ ਸਾਹਿਤ ਪਾਇਆ ਹੈ। ਹੱਥਲਾ ਨਾਵਲ "ਡੁੱਬ ਰਿਹਾ ਪਿੰਡ" ਹੈ, ਜਿਸ ਨੂੰ ਨਾਵਲਕਾਰ ਨੇ ਕੁੱਲ 23 ਕਾਂਡਾਂ ਵਿੱਚ ਤਕਸੀਮ ਕੀਤਾ ਹੈ।

ਨਾਵਲਕਾਰ ਨੇ ਨਾਵਲ ਵਿੱਚ ਪਿੰਡ ਬਾਗਪੁਰ ਦੀ ਗੱਲ ਕੀਤੀ ਹੈ ਕਿ ਸਮੁੱਚੇ ਪੰਜਾਬ ਦੇ ਪਿੰਡਾਂ ਦਾ ਦੌਰ ਹੀ ਇਹ ਚੱਲ ਰਿਹਾ ਹੈ ਕਿ ਕੋਈ ਵੀ ਸੁਖੀ ਨਹੀਂ ਹੈ, ਲੋਕ ਚਿੰਤਾਵਾਂ ਵਿੱਚ ਡੁੱਬੇ ਹੋਏ ਹਨ, ਹਰ ਕਿਸੇ ਦਾ ਘਰ ਕੁਰੂਕਸ਼ੇਤਰ ਬਣਿਆ ਹੋਇਆ ਹੈ, ਲੜਾਈਆਂ, ਝਗੜੇ ਵਧ ਚੁੱਕੇ ਹਨ, ਲੋਕ ਤਣਾਓ ਦਾ ਸ਼ਿਕਾਰ ਹਨ ਤੇ ਰੋਗਾਂ ਵਿੱਚ ਗ੍ਰਹਿਸੇ ਪਏ ਹਨ, ਸਾਰਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ, ਪਾਣੀ ਵੀ ਸਾਫ ਨਹੀਂ ਮਿਲਦਾ, ਹਰੇਕ ਮੁੰਡੇ-ਕੁੜੀ ਦੇ ਹੱਥਾਂ ਵਿੱਚ ਫੋਨ ਹਨ, ਸੋਸ਼ਲ ਮੀਡੀਆ ਦਾ ਜ਼ਮਾਨਾ ਹੈ, ਫੋਨ ਹੀ ਮੁੰਡੇ-ਕੁੜੀਆਂ ਦਾ ਸੰਸਾਰ ਬਣ ਚੁੱਕਿਆ ਸੀ, ਉਹ ਆਪਣੇ ਹੀ ਸੰਸਾਰ ਵਿੱਚ ਮਸਤ ਸਨ। ਨਾਵਲ ਦਾ 19ਵਾਂ ਕਾਂਡ ਜੋ ਜਾਤੀਵਾਦ, ਧਾਰਮਿਕ ਤੇ ਸੱਭਿਆਚਾਰਕ ਮਾਹੌਲ ਪੈਦਾ ਹੋ ਰਿਹਾ ਹੈ, ਉਸ ਵਿੱਚ ਵਿਚਰ ਰਹੇ ਲੋਕਾਂ ਦੀ ਤਰਜਮਾਨੀ ਕਰਦਾ ਹੈ, ਜਿਸ ਵਿੱਚ ਪਿੰਡ ਦੇ ਲੋਕਾਂ ਦਾ ਬਾਹਰ ਜਾਣ ਦਾ ਰੁਝਾਨ ਤੇ ਪੱਛਮੀ ਸੱਭਿਆਚਾਰ ਦੀ ਨਕਲ ਕਰਨ ਲਈ ਘੋਰ ਤ੍ਰਾਸਦਿਕ ਰੂਪ ਧਾਰਨ ਹੋ ਚੁੱਕਿਆ ਹੈ, ਬਾਰੇ ਦੱਸਿਆ ਗਿਆ ਹੈ। ਇਸ ਕਾਰਨ ਲੋਕਾਂ ਦੀ ਮਾਨਸਿਕਤਾ ਵਿੱਚ ਗਿਰਾਵਟ ਆ ਚੁੱਕੀ ਹੈ ਅਤੇ ਰਿਸ਼ਤਿਆਂ-ਨਾਤਿਆਂ ਦੀ ਕੋਈ ਕਦਰ ਨਹੀਂ ਰਹੀ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਨੇ ਨਾਵਲ ਦੇ ਕੁੱਲ 23 ਕਾਂਡਾਂ ਵਿੱਚ ਹੀ ਲੋਕਾਂ ਦੀ ਮਾਨਸਿਕਤਾ ਦੀ ਤ੍ਰਾਸਦੀ ਅਤੇ ਘਿਨੌਣੀਆਂ ਹਰਕਤਾਂ ਤੇ ਪੱਛਮੀਕਰਨ ਵਿੱਚ ਗ੍ਰੱਸੇ ਜਾਣ ਦੀ ਬਾਤ ਪਾਈ ਹੈ ਕਿ ਪਿੰਡਾਂ ਦੇ ਲੋਕ ਵੀ ਆਪਣੇ ਪਿੰਡ ਦੀ ਗੱਲ ਨਹੀਂ ਕਰਦੇ, ਸਗੋਂ ਉਹ ਫੋਨ ਨਾਲ ਜੁੜ ਚੁੱਕੇ ਹਨ, ਉਹਨਾਂ ਦਾ ਸੰਸਾਰ ਉਹੀ ਹੈ। ਸਮੁੱਚਾ ਨਾਵਲ ਤ੍ਰਾਸਦਿਕ ਘਟਨਾਵਾਂ 'ਤੇ ਅਧਾਰਤ ਹੈ, ਜੋ ਚਲੰਤ ਮਾਮਲਿਆਂ ਦੀ ਗੱਲ ਕਰਦਾ ਹੈ। ਇਹ ਨਾਵਲ ਪੜ੍ਹਨਯੋਗ ਹੈ ਅਤੇ ਪਾਠਕਾਂ ਲਈ ਸੇਧਵਰਧਕ ਹੈ। ਲੇਖਕ ਨੂੰ ਮੁਬਾਰਕਬਾਦ।

—ਡਾ. ਗੁਰਬਿੰਦਰ ਕੌਰ ਬਰਾੜ

## ਪੁੱਤ ! ਮੈਂ ਇੰਡੀਆ ਜਾਣੈਂ

**ਸੁਰਿੰਦਰ ਸਿੰਘ ਰਾਏ**
**ਪੰਨੇ-110, ਮੁੱਲ : 295 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**

ਕਹਾਣੀਕਾਰ ਸੁਰਿੰਦਰ ਸਿੰਘ ਰਾਏ ਕਹਾਣੀ ਸੰਗ੍ਰਹਿ 'ਪੁੱਤ! ਮੈਂ ਇੰਡੀਆ ਜਾਣੈਂ', ਤੋਂ ਪਹਿਲਾਂ ਹੈਲੋ ਇੰਡੀਅਨ, ਮਿਸ ਕਾਲ, ਪੱਗ, ਕੰਟਰੈਕਟ ਮੈਰਿਜ, ਸ਼ੋਅ ਪੀਸ, ਇੱਕ ਟੱਕ ਹੋਰ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾ ਚੁੱਕਾ ਹੈ।

ਕਹਾਣੀ ਸੰਗ੍ਰਹਿ ਪੁੱਤ! ਮੈਂ ਇੰਡੀਆ ਜਾਵੈਂ, ਵਿੱਚ ਲੇਖਕ ਨੇ ਕੁਲ ਦਸ ਕਹਾਣੀਆਂ ਮਾਮੀ ਜੀ, ਮਠਿਆਈ ਦਾ ਡੱਬਾ, ਓਹਦੇ ਬਦੇਸ਼ ਜਾਣ ਤੋਂ ਬਾਅਦ, ਮਾਡਰਨ ਢਾਬਾ, ਉੱਚੀ ਅੱਡੀ ਵਾਲੇ ਬੂਟ, ਕੁੰਜੀਆਂ, ਨਕਦਾਂ ਦੀ ਹੱਟੀ, ਖੁੰਡੇ, ਮੋਟੇ ਹੋਣ ਲਈ ਮਿਲੋ ਅਤੇ ਪੁੱਤ! ਮੈਂ ਇੰਡੀਆ ਜਾਣੈਂ ਨੂੰ ਸ਼ਾਮਲ ਕੀਤਾ ਹੈ। ਲੇਖਕ ਨੇ ਆਪਣੀਆਂ ਕਹਾਣੀਆਂ ਵਿੱਚ ਵਿਭਿੰਨ ਵਿਸ਼ਿਆਂ ਨੂੰ ਪੇਸ਼ ਕਰਕੇ ਮਨੁੱਖੀ ਜ਼ਿੰਦਗੀ ਵਿਚਲੇ ਮਨੋਭਾਵਾਂ ਦੀਆਂ ਗੁੰਝਲਦਾਰ/ਦੁਖਾਂਤਕ ਪ੍ਰਸਥਿਤੀਆਂ ਦੇ ਉਪਜਣ ਪਿੱਛੇ ਸਮਾਜਿਕ, ਆਰਥਿਕ, ਭਾਈਚਾਰਕ ਸਾਂਝ, ਪਰਵਾਸੀ ਜੀਵਨ ਕਰਕੇ ਪਹਿਲੀ ਪੀੜ੍ਹੀ ਦੁਆਰਾ ਹੰਢਾਈ ਜਾ ਰਹੀ ਸੰਤਾਪਮਈ ਜ਼ਿੰਦਗੀ ਨੂੰ ਰੂਪਮਾਨ ਕੀਤਾ ਹੈ।

ਕਹਾਣੀਕਾਰ ਸੁਰਿੰਦਰ ਸਿੰਘ ਰਾਏ ਨੇ ਆਪਣੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਵਾਰਤਾਲਾਪ ਨੂੰ ਪਾਤਰਾਂ ਦੇ ਜੀਵਨ ਪੱਧਰ ਦੇ ਅਨੁਸਾਰ ਬਣਾ ਕੇ ਵਾਰਤਾਲਾਪ ਵਿਚਲੀ ਬੋਲੀ, ਕਥਾ ਦੇ ਪ੍ਰਵਾਹ ਨੂੰ ਨਿਰੰਤਰ ਆਪਣੀ ਚਾਲ 'ਤੇ ਤੋਰ ਕੇ ਕਹਾਣੀ ਦੇ ਵਿਸ਼ਾ-ਵਸਤੂ ਨੂੰ ਬਹੁਤ ਹੀ ਸੁਚੱਜੇ ਰੂਪ 'ਚ ਪੇਸ਼ ਕੀਤਾ ਹੈ।

ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿੱਚ ਪੇਂਡੂ ਰਹਿਤਲ ਨਾਲ ਜੁੜੀ ਲੋਕਾਈ ਦੇ ਜੀਵਨ ਪੱਧਰ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਖੁਸ਼ਹਾਲੀ ਵਾਲੀ ਜ਼ਿੰਦਗੀ, ਪੜ੍ਹੇ-ਲਿਖੇ ਅਤੇ ਅਨਪੜ੍ਹ ਮਰਦ/ਔਰਤ ਦੇ ਜੀਵਨ ਵਿਚਲੇ ਦਵੰਦ ਨੂੰ ਬਾਖੂਬੀ ਪੇਸ਼ ਕੀਤਾ ਹੈ।

ਲੇਖਕ ਨੇ ਮਨੁੱਖ ਨੂੰ ਪਦਾਰਥਕ ਸੋਚ ਦੇ ਧਾਰਨੀ ਅਤੇ ਮਨੁੱਖੀ ਰਿਸ਼ਤਿਆਂ ਤੋਂ ਬੇਮੁੱਖ ਹੋਣਾ, ਨਕਲੀ ਮੋਹ ਭਾਵੀ ਰਿਸ਼ਤਿਆਂ ਦਾ ਪ੍ਰਗਟਾਵਾ ਕਰਨਾ, ਆਪਣੇ ਆਪ ਨੂੰ ਸੱਭਿਅਕ ਸਮਾਜ ਦੇ ਪ੍ਰਾਣੀ ਸਮਝ ਕੇ ਦੂਸਰੇ ਮਨੁੱਖ ਨੂੰ ਮੂਰਖ ਬਣਾਉਣਾ ਆਦਿ ਮੁੱਖ ਤੌਰ 'ਤੇ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਪਰਵਾਸੀ ਜ਼ਿੰਦਗੀ ਬਤੀਤ ਕਰਦੇ ਮਨੁੱਖ ਦੀ ਤਾਂਘ ਆਪਣੇ ਪਿਛਲੇ ਰਿਸ਼ਤੇ-ਨਾਤੇ ਵਿੱਚ ਜਕੜੇ ਹੋਣ ਵਾਲੀ ਹੈ ਅਤੇ ਵਿਦੇਸ਼ੀ ਧਰਤੀ 'ਤੇ ਜ਼ਿੰਦਗੀ ਨੂੰ ਖੁਸ਼ਹਾਲ ਕਰਨ ਲਈ ਜੱਦੋ-ਜਹਿਦ ਕਰਦੇ ਹੋਏ ਵਰਤਮਾਨ ਅਤੇ ਅਤੀਤ ਨਾਲ ਜੁੜਿਆ ਰਹਿਣ ਲਈ ਮਜਬੂਰ ਮਨੁੱਖ ਦੁਖਾਂਤਕ ਜ਼ਿੰਦਗੀ ਬਤੀਤ ਕਰਦੇ ਹੋਏ ਮਨੁੱਖ ਨੂੰ ਲੇਖਕ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਕਹਾਣੀ ਪੁੱਤ! ਮੈਂ ਇੰਡੀਆ ਜਾਣੇ, ਵਿਚਲਾ ਪਾਤਰ (ਮੈਂ) ਆਰਥਿਕ ਤੌਰ 'ਤੇ ਖੁਸ਼ਹਾਲ ਹੋਣ ਲਈ ਸੁਪਨੇ ਸੰਜੋਈ ਵਿਦੇਸ਼ ਵਿੱਚ ਕਾਫ਼ੀ ਸਮੇਂ ਤੋਂ ਰਹਿ ਰਿਹਾ ਹੈ ਅਤੇ ਉਸ ਦੇ ਮਾਤਾ ਪਿੱਛੇ ਇਕੱਲੀ ਰਹਿੰਦੀ ਹੋਈ ਆਪਣੇ ਪੁੱਤਰ ਅਤੇ ਪਰਵਾਰ ਦੇ ਬਾਰੇ ਸੋਚਦੀ ਹੈ। ਆਪਣੇ ਪਰਵਾਰ ਕੋਲ ਰਹਿਣ ਦੀ ਤਾਂਘ ਰੱਖਦੀ ਹੈ, ਪਰ ਜਦੋਂ ਉਸ ਦਾ ਪੁੱਤਰ ਉਸ ਨੂੰ ਕੈਨੇਡਾ ਲੈ ਜਾਂਦਾ ਹੈ ਤਾਂ ਉਥੇ ਵੀ ਉਸ ਦਾ ਮਨ ਨਹੀਂ ਲੱਗਦਾ। ਬਦੇਸ਼ੀ ਸੱਭਿਆਚਾਰ ਅਤੇ ਉਥੋਂ ਦੇ ਰਹਿਣ-ਸਹਿਣ ਤੋਂ ਵੱਖਰੇ-ਵੱਖਰੇ ਹੋਣ ਕਰਕੇ ਮੁੜ ਮਾਤ ਭੂਮੀ 'ਤੇ ਪਰਤਣ ਲਈ ਉਤਾਵਲੀ ਪਾਤਰ (ਮਾਂ) ਨੂੰ ਸਮੁੱਚੀ ਕਹਾਣੀ ਵਿੱਚ ਪ੍ਰਮੁੱਖ ਰੱਖਿਆ ਹੈ। ਲੇਖਕ ਨੇ ਸਾਰੀ ਕਹਾਣੀ ਦਾ ਵਿਸ਼ਾ-ਵਸਤੂ ਅਤੇ ਵਾਰਤਾਲਾਪ ਸਾਰੇ ਪਾਤਰਾਂ ਦੇ ਅਨੁਕੂਲ ਬਣਾ ਕੇ ਪੇਸ਼ ਕੀਤਾ ਹੈ। ਕਹਾਣੀਕਾਰ ਸੁਰਿੰਦਰ ਸਿੰਘ ਰਾਏ ਆਧੁਨਿਕ ਪੰਜਾਬੀ ਕਹਾਣੀ ਦੇ ਪੈਟਰਨ ਅਨੁਸਾਰ ਕਹਾਣੀਆਂ ਦੀ ਰਚਨਾ/ਸਿਰਜਨਾ ਕਰ ਰਿਹਾ ਹੈ। ਕਹਾਣੀਕਾਰ ਸੁਰਿੰਦਰ ਸਿੰਘ ਰਾਏ ਦੇ ਕਹਾਣੀ ਸੰਗ੍ਰਹਿ 'ਪੁੱਤ ! ਮੈਂ ਇੰਡੀਆ ਜਾਣੈ' ਦਾ ਪੰਜਾਬੀ ਸਾਹਿਤ ਵਿੱਚ ਸਵਾਗਤ ਹੈ।

- ਡਾ. ਬਲਵਿੰਦਰ ਸਿੰਘ

# ਫਰਿਜ਼ਨੋ ਦਾ ਗ਼ਦਰੀ ਬਾਬਿਆਂ ਦਾ ਮੇਲਾ

**ਅਮਰੀਕਾ** : ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਨੇ 23 ਮਾਰਚ ਨੂੰ ਤਿੰਨਾਂ ਸ਼ਹੀਦਾਂ ਦੇ ਨਾਲ-ਨਾਲ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਤੇ ਸ਼ਹੀਦ ਸ਼ਫ਼ਾਕਤ ਉੱਲਾ ਨੂੰ ਸਮਰਪਿਤ ਮੇਲੇ 'ਚ ਸ਼ਿਰਕਤ ਕਰਕੇ ਮਨਾਇਆ। ਇਹ ਮੇਲਾ ਗ਼ਦਰੀ ਦੇਸ਼ਭਗਤਾਂ ਦੀ ਵਿਰਾਸਤ ਨੂੰ ਸਮਰਪਿਤ ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵੱਲੋਂ ਆਪਣੀ ਸਿਲਵਰ ਜੁਬਲੀ ਮੌਕੇ ਕਰਵਾਇਆ ਗਿਆ ਸੀ। 'ਮੇਲਾ ਗ਼ਦਰੀ ਬਾਬਿਆਂ ਦਾ' ਦੇ ਰੂਪ 'ਚ ਇਹ ਮੇਲਾ ਫੋਰਮ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ।

ਮੇਲੇ ਦੇ ਮੁੱਖ ਮਹਿਮਾਨ ਵਜੋਂ ਡਾਕਟਰ ਹਰਸ਼ਿੰਦਰ ਕੌਰ ਨੂੰ ਬੁਲਾਇਆ ਗਿਆ ਸੀ, ਜਿਨ੍ਹਾ ਆਪਣੀ ਭਾਵਪੂਰਤ ਤਕਰੀਰ ਨਾਲ ਘੰਟਾ ਭਰ ਸਰੋਤਿਆਂ ਨੂੰ ਜਿੱਥੇ ਕੀਲੀ ਰੱਖਿਆ, ਉੱਥੇ ਸੋਚਣ ਲਈ ਮਜਬੂਰ ਵੀ ਕਰ ਦਿੱਤਾ। ਉਨ੍ਹਾ ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੀ ਇਸ ਪੱਖੋਂ ਸ਼ਲਾਘਾ ਕੀਤੀ ਕਿ ਉਸ ਨੇ ਗ਼ਦਰੀ ਦੇਸ਼-ਭਗਤਾਂ ਦੀਆਂ ਪੈੜਾਂ 'ਤੇ ਚੱਲਦਿਆਂ ਧਰਮਾਂ-ਫਿਰਕਿਆਂ ਦੇ ਨਾਂਅ 'ਤੇ ਲੋਕਾਂ ਨੂੰ ਵੰਡਣ ਦੀਆਂ ਚਾਲਾਂ ਦੇ ਇਰਾਦਿਆਂ ਨੂੰ ਨਾਕਾਮ ਕਰਦਿਆਂ ਭਾਈਚਾਰੇ ਵਿਚਲੀ ਇੱਕਸੁਰਤਾ ਨੂੰ ਬਰਕਰਾਰ ਰੱਖਿਆ ਹੈ।

ਆਪਣਾ ਸੰਬੋਧਨ 'ਮੈਂ ਬਾਗ਼ੀ' ਕਵਿਤਾ ਨਾਲ ਸ਼ੁਰੂ ਕਰਦਿਆਂ ਡਾਕਟਰ ਹਰਸ਼ਿੰਦਰ ਕੌਰ ਨੇ ਕਿਹਾ ਕਿ ਸਰਕਾਰਾਂ ਸਿਹਤ, ਸਿੱਖਿਆ ਤੇ ਰੁਜ਼ਗਾਰ ਵਰਗੇ ਲੋਕਾਂ ਦੇ ਭਖਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਜਵਾਨੀ ਨੂੰ ਨਸ਼ਿਆਂ 'ਚ ਉਲਝਾ ਰਹੀਆਂ ਹਨ। ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਦੀ ਸ਼ਲਾਘਾ ਕਰਦਿਆਂ ਡਾਕਟਰ ਹਰਸ਼ਿੰਦਰ ਕੌਰ ਨੇ ਕਿਹਾ ਕਿ ਤੁਸੀਂ ਵਿਦੇਸ਼ਾਂ 'ਚ ਰਹਿੰਦਿਆਂ ਵੀ ਆਪਣੇ ਸ਼ਹੀਦਾਂ ਨੂੰ ਭੁੱਲੇ ਨਹੀਂ, ਪਰ ਭਾਰਤ ਅੰਦਰ ਅਜਿਹਾ ਨਹੀਂ ਹੈ, ਸਗੋਂ ਗਿਣੇ-ਮਿੱਥੇ ਢੰਗ ਨਾਲ ਦੇਸ਼ ਭਗਤਾਂ ਦੀ ਧਰਮ ਨਿਰਪੱਖ ਵਿਰਾਸਤ ਨੂੰ ਮਲੀਆਮੇਟ ਕੀਤਾ ਜਾ ਰਿਹਾ ਹੈ। ਉਨ੍ਹਾ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਲਾਲਾ ਹਰਦਿਆਲ ਦਾ ਨਾਂਅ ਲੈਂਦਿਆਂ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਨੂੰ ਪੰਜਾਬ ਦੀ ਉਹੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਅੱਗੇ ਆਉਣਾ ਪਵੇਗਾ।

ਇਸ ਮੌਕੇ ਨਾਮਵਰ ਸ਼ਖ਼ਸੀਅਤਾਂ ਡਾਕਟਰ ਅਰਜਨ ਸਿੰਘ ਜੋਸਨ ਨੇ ਫੋਰਮ ਵੱਲੋਂ ਗ਼ਦਰੀਆਂ ਦੀ ਵਿਰਾਸਤ ਨੂੰ ਜਿਊਂਦਾ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਨਾਲ-ਨਾਲ ਬੱਚਿਆਂ ਵਿੱਚ ਉਸਾਰੂ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਕਰਵਾਏ ਜਾਣ ਦੀ ਭਰਪੂਰ ਸ਼ਲਾਘਾ ਕੀਤੀ।



ਮੇਲੇ ਦੀ ਸ਼ੁਰੂਆਤ ਫੋਰਮ ਦੇ ਸਕੱਤਰ ਹਰਜਿੰਦਰ ਸਿੰਘ ਢੇਸੀ ਵੱਲੋਂ ਡਾ. ਮਨਮੋਹਣ ਸਿੰਘ, ਸੁਰਜੀਤ ਪਾਤਰ, ਸੀਤਾ ਰਾਮ ਯੇਚੁਰੀ ਤੋਂ ਇਲਾਵਾ ਸ਼ਾਨੇ ਪੰਜਾਬ ਦੇ ਮਾਲਕ ਸ. ਸੁਖਦੇਵ ਸਿੰਘ ਦੇ ਛੋਟੇ ਬੇਟੇ ਨਿਰਮਲ ਸਿੰਘ ਅਤੇ ਫਰਿਜ਼ਨੋ 'ਚ ਇੱਕ ਹਾਦਸੇ ਦੌਰਾਨ ਮਾਰੇ ਗਏ ਬੱਚਿਆਂ ਹਰਜਾਪ ਸਿੰਘ ਤੇ ਅੰਤਰਦੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਰੱਖੇ ਗਏ ਮਾਤਮੀ ਮਤੇ ਨਾਲ ਹੋਈ।

ਸਟੇਜ ਦਾ ਸੰਚਾਲਨ ਕਰਦਿਆਂ ਉੱਘੀ ਐਂਕਰ ਆਸ਼ਾ ਸ਼ਰਮਾ ਨੇ ਬਹੁਤ ਭਾਵਪੂਰਤ ਸ਼ਬਦਾਂ ਨਾਲ ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਸ. ਗੁਰਬਖ਼ਸ਼ ਸਿੰਘ ਸਾਬਕਾ ਵਿਧਾਇਕ ਤੇ ਸ. ਗੁਰਦੀਪ ਸਿੰਘ ਅਣਖੀ ਹੁਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਮਰਹੂਮ ਸ਼ਖ਼ਸੀਅਤਾਂ ਵੱਲੋਂ ਆਪਣੇ ਭਾਈਚਾਰੇ ਨੂੰ ਅੱਗੇ ਲਾ ਕੇ ਖੜਾ ਕੀਤਾ ਗਿਆ ਇਹ ਸੰਗਠਨ ਆਪਣਾ 25 ਸਾਲ ਦਾ ਸ਼ਾਨਾਮੱਤਾ ਸਫ਼ਰ ਤੈਅ ਕਰ ਚੁੱਕਾ ਹੈ, ਜਿਸ ਲਈ ਤੁਸੀਂ ਸਭ ਵਧਾਈ ਦੇ ਪਾਤਰ ਹੋ। ਪ੍ਰੀਤਮ ਸਿੰਘ ਤੇ ਪ੍ਰੋ. ਸਾਹਿਬ ਵੱਲੋਂ ਸਥਾਪਤ 'ਹਰਸ਼ ਚੈਰੀਟੇਬਲ ਟਰੱਸਟ' ਸਿਸਟਮ ਤੋਂ ਦੁਖੀ ਹੋ ਕੇ ਖ਼ੁਦਕੁਸ਼ੀਆਂ ਕਰ ਗਏ ਮਜ਼ਦੂਰਾਂ-ਕਿਸਾਨਾਂ ਦੀਆਂ 431 ਬੇਟੀਆਂ ਨੂੰ ਸਿੱਖਿਆ ਪ੍ਰਾਪਤ ਕਰਨ 'ਚ ਅਹਿਮ ਯੋਗਦਾਨ ਪਾ ਕੇ ਇੱਕ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਇਸ ਮੌਕੇ ਡਾਕਟਰ ਮਲਕੀਤ ਸਿੰਘ ਕਿੰਗਰਾ ਨੇ ਭਾਰਤ ਸਰਕਾਰ ਵੱਲੋਂ ਹਕੀਕੀ ਕੁਰਬਾਨੀਆਂ ਦੇਣ ਵਾਲੇ ਗ਼ਦਰੀ ਬਾਬਿਆਂ ਦੀ ਬਜਾਏ ਗ਼ੱਦਾਰ ਸਾਵਰਕਰ ਵਰਗੀਆਂ ਨੂੰ ਪਰਮੋਟ ਕਰਨ ਦੀ ਨਿਖੇਧੀ ਕੀਤੀ। ਮੇਲੀਆਂ ਨੂੰ ਸੰਬੋਧਿਤ ਹੁੰਦਿਆਂ ਕਾਂਗਰਸਮੈਨ ਜਿਮ ਕੋਸਟਾ ਨੇ ਅਮਰੀਕੀ ਅਰਥਚਾਰੇ 'ਚ ਸਖ਼ਤ ਮਿਹਨਤ ਕਰਨ ਵਾਲੇ ਪੰਜਾਬੀਆਂ ਦੇ ਯੋਗਦਾਨ ਦਾ ਜ਼ਿਕਰ ਕੀਤਾ।

ਇਸ ਮੌਕੇ ਫੋਰਮ ਦੇ ਪ੍ਰਧਾਨ ਨਵਦੀਪ ਧਾਲੀਵਾਲ, ਇੰਦਰਜੀਤ ਚੁਗਾਵਾਂ, ਪ੍ਰਿੰਸੀਪਲ ਬਲਵਿੰਦਰ ਸਿੰਘ ਵੱਲੋਂ ਸਿਹਤ, ਸਾਹਿਤ ਤੇ ਸਮਾਜ ਸੇਵਾ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਲਈ ਡਾਕਟਰ ਹਰਸ਼ਿੰਦਰ ਕੌਰ ਨੂੰ ਇੱਕ ਪ੍ਰਸੰਸਾ ਪੱਤਰ ਭੇਟ ਕੀਤਾ ਗਿਆ। ਫੋਰਮ ਦੇ ਇਸਤਰੀ ਵਿੰਗ, ਪਾਲ ਸਹੋਤਾ, ਪਾਲ ਕੈਲੇ, ਨਿੱਜਰ ਬ੍ਰਦਰਜ਼, ਅਟਵਾਲ ਬ੍ਰਦਰਜ਼ ਵੱਲੋਂ ਵੀ ਡਾਕਟਰ ਸਾਹਿਬਾ ਨੂੰ ਸਨਮਾਨਿਤ ਕੀਤਾ ਗਿਆ।

ਮੇਲੇ ਦੌਰਾਨ ਨਾਮਵਰ ਗਾਇਕਾ ਜੋਤ ਰਣਜੀਤ ਕੌਰ ਨੇ ਬੁਲੰਦ ਆਵਾਜ਼ 'ਚ ਵਾਰਾਂ ਤੇ ਗੀਤ ਪੇਸ਼ ਕਰਕੇ ਹਾਜ਼ਰੀਨ ਨੂੰ ਮੰਤਰ-ਮੁਗਧ ਕਰ ਦਿੱਤਾ। 'ਮੌਤ ਸ਼ਹੀਦਾਂ ਦੀ ਜੋ ਲੋਕੀ ਮਰਦੇ ਨੇ, ਉਹ ਅੰਬਰ 'ਤੇ ਤਾਰਾ ਬਣ ਕੇ ਚੜ੍ਹਦੇ ਨੇ' ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਪੇਸ਼ ਵਾਰ ਗਾ ਕੇ ਜੋਤ ਮਾਹੌਲ ਅੰਦਰ ਦੇਸ਼-ਭਗਤੀ ਦੀ ਜੋਤ ਜਗਾ ਕੇ ਰੱਖ ਦਿੱਤੀ।

ਮੇਲੇ ਦੌਰਾਨ ਨੂੰਹ-ਸੱਸ ਰਮਨਦੀਪ ਕੌਰ ਤੇ ਸ਼ਰਨਦੀਪ ਕੌਰ ਦੀ ਨਿਵੇਕਲੀ ਜੋੜੀ ਨੇ ਸ਼ਹੀਦ ਭਗਤ ਸਿੰਘ ਬਾਰੇ ਕਵੀਸ਼ਰੀ ਪੇਸ਼ ਕਰਕੇ ਖ਼ੂਬ ਪ੍ਰਸੰਸਾ ਖੱਟੀ। ਰੂਬੀ ਕੌਰ ਨੇ ਭਗਤ ਸਿੰਘ ਤੇ ਸਾਥੀਆਂ ਨੂੰ ਸਮਰਪਿਤ ਗੀਤ ਗਾਇਆ।

ਮੇਲੇ ਦੀ ਸ਼ੁਰੂਆਤ ਮੌਕੇ ਨਿੱਕੇ ਬੱਚਿਆਂ ਅਸ਼ਲੀਨ ਕੌਰ ਔਜਲਾ, ਉਦੈਦੀਪ ਸਿੰਘ ਨੇ ਵੀ ਹਾਜ਼ਰੀ ਲਗਵਾਈ।

ਬੱਚਿਆਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੇ ਹੋਰ ਮੌਕੇ ਦੇਣ ਲਈ ਇਸ ਸਾਲ ਤੋਂ ਡਰਾਇੰਗ ਮੁਕਾਬਲੇ ਕਰਵਾਏ ਗਏ। ਇਸ ਵਿਚ ਬੱਚਿਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਨੂੰ ਫੋਰਮ ਦੇ ਨੌਜਵਾਨ ਮੈਂਬਰ ਹਰਮਨ ਗਿੱਲ ਨੇ ਆਪਣੇ ਪਿਤਾ ਦਲੀਪ ਸਿੰਘ ਘੋਲੀਆਂ ਦੀ ਯਾਦ ਵਿਚ ਸਪਾਂਸਰ ਕੀਤਾ।

ਇਸ ਮੇਲੇ ਵਿਚ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਇਕ ਪ੍ਰਦਰਸ਼ਨੀ ਵੀ ਲਗਾਈ ਗਈ, ਫੋਰਮ ਵੱਲੋਂ ਲਗਾਏ ਚਾਹ-ਪਕੌੜਿਆਂ ਦੇ ਲੰਗਰ ਦੇ ਨਾਲ-ਨਾਲ ਸ਼ੇਰੇ ਪੰਜਾਬ ਰੈਸਟੋਰੈਂਟ ਵੱਲੋਂ ਜਲੇਬੀਆਂ ਦਾ ਅਤੇ ਇਕ ਹੋਰ ਪਰਵਾਰ ਵੱਲੋਂ ਦੁੱਧ-ਕੌਫੀ ਦਾ ਲੰਗਰ ਵੀ ਲਗਾਇਆ ਗਿਆ। ਅੰਤ 'ਚ ਫੋਰਮ ਦੇ ਉੱਪ ਪ੍ਰਧਾਨ ਪਰਗਟ ਸਿੰਘ ਧਾਲੀਵਾਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਬਲਬੀਰ ਮਾਧੋਪੁਰੀ ਢਾਹਾਂ ਪੁਰਸਕਾਰ ਕਮੇਟੀ ਦੇ ਚੇਅਰਮੈਨ

**ਕੈਨੇਡਾ**-ਢਾਹਾਂ ਪੁਰਸਕਾਰ ਦੇ ਪ੍ਰਬੰਧਕਾਂ ਨੇ ਆਪਣੀ ਵੈਬਸਾਈਟ 'ਤੇ ਇਹ ਜਾਣਕਾਰੀ ਸਾਂਝੀ ਕੀਤੀ ਕਿ ਬਲਬੀਰ ਮਾਧੋਪੁਰੀ ਨੂੰ ਢਾਹਾਂ ਪੁਰਸਕਾਰ ਸਲਾਹਕਾਰ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਗਿਆ ਹੈ। ਉਨ੍ਹਾ ਕਿਹਾ, 'ਸਾਨੂੰ ਨਵੀਂ ਦਿੱਲੀ ਪੁਰਸਕਾਰ ਜੇਤੂ ਲੇਖਕ ਬਲਬੀਰ ਮਾਧੋਪੁਰੀ ਨੂੰ ਢਾਹਾਂ ਪੁਰਸਕਾਰ ਸਲਾਹਕਾਰ ਕਮੇਟੀ ਦੇ 2025 ਦੇ ਚੇਅਰਮੈਨ ਵਜੋਂ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ।' ਇਸ ਮਹੱਤਵਪੂਰਨ ਭੂਮਿਕਾ ਵਿੱਚ ਮਾਧੋਪੁਰੀ ਜਿਊਰੀ ਮੈਂਬਰਾਂ ਦੀ ਚੋਣ ਅਤੇ ਆਨਬੋਰਡਿੰਗ ਵਿੱਚ ਸਹਾਇਤਾ ਕਰਨਗੇ, ਜਦੋਂ ਕਿ ਸਮੁੱਚੀ ਸਲਾਹਕਾਰ ਕਮੇਟੀ ਤੋਂ ਇਨਪੁਟ ਪ੍ਰਾਪਤ ਕਰਨਗੇ। ਉਹ ਢਾਹਾਂ ਪੁਰਸਕਾਰ ਪ੍ਰਬੰਧਨ ਟੀਮ ਨੂੰ ਰਿਪੋਰਟ ਕਰਨਗੇ ਅਤੇ ਜਵਾਬਦੇਹ ਹੋਣਗੇ। ਮਾਧੋਪੁਰੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੇ ਕਿ ਜਿਊਰੀ ਇਨਾਮ ਦੇ ਨਿਰਣਾਇਕ ਅਤੇ ਯੋਗਤਾ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ, ਜਿਨ੍ਹਾਂ ਵਿੱਚੋਂ ਘੱਟੋ-ਘੱਟ ਨਿਰਪੱਖਤਾ ਅਤੇ ਪੱਖਪਾਤ ਤੋਂ ਬਿਨਾਂ ਜੇਤੂ ਕਿਤਾਬਾਂ ਦੀ ਚੋਣ ਹੈ।ਪੰਜਾਬ ਦੇ ਮਾਧੋਪੁਰ ਪਿੰਡ ਵਿੱਚ ਇੱਕ ਦਲਿਤ ਮਜ਼ਦੂਰ ਵਜੋਂ ਸ਼ੁਰੂਆਤ ਤੋਂ, ਉਪਰੰਤ ਬਲਬੀਰ ਮਾਧੋਪੁਰੀ ਨੇ ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ 'ਚ ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਭਾਈ।



ਉਨ੍ਹਾ ਲਾਇਲਪੁਰ ਖਾਲਸਾ ਕਾਲਜ, ਜਲੰਧਰ ਤੋਂ ਪੰਜਾਬੀ ਵਿੱਚ ਪੋਸਟ ਗ੍ਰੈਜੂਏਟ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਗਲਪ ਅਤੇ ਕਵਿਤਾ ਦੀਆਂ ਚੌਦਾਂ ਕਿਤਾਬਾਂ ਦੀ ਸਿਰਜਣਾ ਕੀਤੀ, ਜਿਨ੍ਹਾਂ ਵਿੱਚ ਮੌਲਿਕ ਤੇ ਅਨੁਵਾਦ ਕਾਰਜ ਸ਼ਾਮਲ ਹਨ।ਮਾਧੋਪੁਰੀ ਦੀ ਲਿਖੀ 'ਛਾਂਗਿਆ ਰੁੱਖ : ਅਗੇਂਸਟ ਦ ਨਾਈਟ' (2002) ਇੱਕ ਮਹੱਤਵਪੂਰਨ ਆਤਮਕਥਾ ਹੈ ਜਿਸ ਦਾ ਅੰਗਰੇਜ਼ੀ, ਹਿੰਦੀ, ਉਰਦੂ, ਰੂਸੀ ਅਤੇ ਪੋਲਿਸ਼ ਵਿੱਚ ਅਨੁਵਾਦ ਕੀਤਾ ਗਿਆ ਹੈ। ਅੰਗਰੇਜ਼ੀ ਵਿੱਚ ਇਸ ਨੂੰ 2010 ਵਿੱਚ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਉਨ੍ਹਾਂ ਦੇ ਨਾਵਲ 'ਮਿੱਟੀ ਬੋਲ ਪਈ' ਜੋ ਕਿ 2021 ਦੇ ਢਾਹਾਂ ਪੁਰਸਕਾਰ ਦੇ ਫਾਈਨਲਿਸਟ ਸਨ, ਦੀ ਤੁਲਨਾ ਥਾਮਸ ਹਾਰਡੀ, ਫਿਓਡੋਰ ਦੋਸਤੋਵਸਕੀ ਅਤੇ ਚਾਰਲਸ ਡਿਕਨਜ਼ ਦੀਆਂ ਲਿਖਤਾਂ ਨਾਲ ਕੀਤੀ ਗਈ ਹੈ। ਉਨ੍ਹਾਂ ਦੀਆਂ ਕਿਤਾਬਾਂ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ।

## ਸ਼ਾਇਰ ਤਰਸੇਮ ਨਾਲ ਰੂਬਰੂ

**ਪਟਿਆਲਾ** : ਸਾਹਿਤਕਾਰਾਂ ਦਾ ਕਮਰਾ ਪਟਿਆਲਾ ਵਿਖੇ ਪੰਜਾਬੀ ਸ਼ਾਇਰ, ਅਨੁਵਾਦਕ ਤੇ ਬਾਲ ਸਾਹਿਤ ਲੇਖਕ ਤਰਸੇਮ ਬਰਨਾਲਾ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਤਰਸੇਮ ਦੁਆਰਾ ਪ੍ਰਸਿੱਧ ਹਿੰਦੀ ਸ਼ਾਇਰ ਰਾਜੇਸ਼ ਜੋਸ਼ੀ ਦੀ ਅਨੁਵਾਦ ਕੀਤੀ ਪੁਸਤਕ 'ਬੱਚੇ ਸਕੂਲ ਚੱਲੇ ਨੇ' ਰਿਲੀਜ਼ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸ਼ਾਇਰ, ਆਲੋਚਕ ਡਾ. ਗੁਰਮੀਤ ਕੱਲਰਮਾਜਰੀ ਦੁਆਰਾ ਕੀਤੀ ਗਈ। ਤਰਸੇਮ ਨੇ ਕਿਹਾ ਕਿ ਜ਼ਿੰਦਗੀ ਸਿੱਧੀ-ਸਾਦੀ ਨਹੀਂ ਮਿਲੀ, ਬਹੁਤ ਸਾਰੇ ਸੰਘਰਸ਼ਾਂ, ਸੰਕਟਾਂ 'ਚੋਂ ਲੰਘ ਕੇ ਸਫਰ ਤੈਅ ਕੀਤਾ ਹੈ ਤੇ ਇਸ ਸੰਘਰਸ਼ੀ ਅਨੁਭਵ ਵਿੱਚੋਂ ਹੀ ਉਹਨਾਂ ਸਿਰਜਣਾ ਕੀਤੀ। ਤਰਸੇਮ ਨੇ ਆਪਣੀਆਂ ਕੁੱਝ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ ।ਇਸ ਮੌਕੇ ਡਾ. ਕੁਲਦੀਪ ਸਿੰਘ ਦੀਪ, ਡਾ. ਸੰਤੋਖ ਸੁੱਖੀ, ਨਰਿੰਦਰਪਾਲ ਕੌਰ, ਦੀਪਕ ਧਲੇਵਾਂ, ਸੁਖਵਿੰਦਰ, ਚਿੱਟਾ ਸਿੱਧੂ, ਹਰਜੀਤ ਸਿੰਘ, ਸਤਪਾਲ ਭੀਖੀ ਆਦਿ ਨੇ ਕੁੱਝ ਸਵਾਲ ਕੀਤੇ ।ਡਾਕਟਰ ਗੁਰਮੀਤ ਕੱਲਰਮਾਜਰੀ ਨੇ ਬੋਲਦਿਆਂ ਕਿਹਾ ਕਿ ਇਹ ਤਰਸੇਮ ਨੇ ਇੱਕ ਸੰਸਥਾ ਜਿੰਨਾ ਕੰਮ ਕੀਤਾ ਹੈ। ਉਸ ਨੇ ਭਾਰਤੀ ਭਾਸ਼ਾਵਾਂ ਨੂੰ ਪੰਜਾਬੀ ਅਤੇ ਪੰਜਾਬੀ ਭਾਸ਼ਾ ਨੂੰ ਭਾਰਤੀ ਭਾਸ਼ਾਵਾਂ ਵਿੱਚ ਪਹੁੰਚਾ ਕੇ ਇੱਕ ਵੱਡੇ ਪੁਲ ਦਾ ਕੰਮ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਬਿਨਾਂ ਤਰਸੇਮ ਡਕਾਲਾ, ਪਰਮ ਅੰਟਾਲ, ਹਸਨਪਰੀਤ, ਚਮਕੌਰ ਬਿੱਲਾ, ਬਖਸ਼ਪ੍ਰੀਤ, ਕਮਲ ਬਾਲਦ ਕਲਾਂ, ਸੁਖਚੈਨ, ਨਵਜੋਤ ਸਿੰਘ, ਹਰਮੀਤ ਧਾਲੀਵਾਲ, ਜਸਵੀਰ ਸਿੰਘ, ਗੁਰਮੀਤ ਕੌਰ ਸ਼ਾਮਲ ਸਨ।



## ਪ੍ਰੇਮ ਪ੍ਰਕਾਸ਼ ਤੇ ਹਰਜਿੰਦਰ ਅਟਵਾਲ ਨੂੰ ਸ਼ਰਧਾਂਜਲੀ

**ਬਠਿੰਡਾ**-ਹਾਲ ਹੀ ਵਿੱਚ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼, ਅਲੋਚਕ ਹਰਜਿੰਦਰ ਸਿੰਘ ਅਟਵਾਲ, ਉੱਘੇ ਮਾਰਕਸਵਾਦੀ ਆਲੋਚਕ ਡਾ. ਮੁਹੰਮਦ ਏਜਾਜ਼ ਯੂ.ਕੇ., ਸ਼ਾਇਰ ਕੇਵਲ ਸ਼ਰਮਾ, ਸੁਰਜੀਤ ਭਗਤ, ਰੰਗਕਰਮੀ ਵੀਰਪਾਲ ਸਮਰਾ ਅਤੇ ਭੁਪਿੰਦਰ ਸੰਧੂ ਨਮਿਤ ਇੱਥੋਂ ਦੇ ਟੀਚਰਜ਼ ਹੋਮ ਵਿਖੇ ਇਕ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ।ਇਸ ਸ਼ੋਕ ਸਭਾ ਵਿੱਚ ਬਠਿੰਡਾ ਸ਼ਹਿਰ ਦੀਆਂ ਲੇਖਕ ਸਭਾਵਾਂ ਕ੍ਰਮਵਾਰ ਪੰਜਾਬੀ ਸਾਹਿਤ ਸਭਾ, ਸਾਹਿਤ ਸਿਰਜਣਾ ਮੰਚ, ਸਾਹਿਤ ਤੇ ਸੱਭਿਆਚਾਰਕ ਮੰਚ, ਸਾਹਿਤ ਜਾਗ੍ਰਤੀ ਸਭਾ ਅਤੇ ਟੀਚਰਜ਼ ਹੋਮ ਟਰੱਸਟ ਨਾਲ ਸੰਬੰਧਤ ਲੱਗਭੱਗ ਦੋ ਦਰਜਨ ਲੇਖਕ ਅਤੇ ਸਾਹਿਤ ਪ੍ਰੇਮੀ ਹਾਜ਼ਰ ਹੋਏ। ਸ਼ੋਕ ਸਭਾ ਦੇ ਆਰੰਭ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਹਾਜ਼ਰ ਲੇਖਕਾਂ ਵੱਲੋਂ ਵਿੱਛੜੇ ਲੇਖਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਸੁਰਿੰਦਰਪ੍ਰੀਤ ਘਣੀਆ ਨੇ ਉਕਤ ਲੇਖਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦੇ ਸਾਹਿਤਕ ਯੋਗਦਾਨ ਦਾ ਜ਼ਿਕਰ ਤੇ ਪ੍ਰਸੰਸਾ ਕੀਤੀ।ਕਹਾਣੀਕਾਰ ਅਤਰਜੀਤ ਨੇ ਪ੍ਰੇਮ ਪ੍ਰਕਾਸ਼ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਕਹਾਣੀ ਦਾ ਇੱਕ ਵਿਸ਼ੇਸ਼ ਟਰੈਂਡ ਸੈੱਟ ਕਰਨ ਦੇ ਨਾਲ-ਨਾਲ ਕਹਾਣੀ ਨੂੰ ਕਲਾਤਮਿਕ ਤੌਰ 'ਤੇ ਸਮਰਿੱਧ ਕੀਤਾ। ਜਸਪਾਲ ਮਾਨਖੇੜਾ ਨੇ ਪ੍ਰੇਮ ਪ੍ਰਕਾਸ਼ ਦੇ ਸਾਹਿਤਕ ਯੋਗਦਾਨ ਦੇ ਹਵਾਲੇ ਨਾਲ ਕਿਹਾ ਕਿ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਵਿੱਚ ਆਧੁਨਿਕ ਮਨੁੱਖ ਦੀ ਅੰਦਰਲੀ ਟੁੱਟ-ਭੱਜ ਨੂੰ ਬਾਖ਼ੂਬੀ ਪੇਸ਼ ਕਰਦਿਆਂ ਪੰਜਾਬੀ ਕਹਾਣੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਪ੍ਰੋ. ਹਰਜਿੰਦਰ ਸਿੰਘ ਅਟਵਾਲ, ਡਾ. ਮੁਹੰਮਦ ਏਜਾਜ਼, ਭੁਪਿੰਦਰ ਸੰਧੂ ਦੇ ਸਾਹਿਤਕ ਯੋਗਦਾਨ ਦੀ ਵੀ ਉਹਨਾਂ ਪ੍ਰਸੰਸਾ ਕੀਤੀ। ਮੰਚ ਸੰਚਾਲਨ ਲਛਮਣ ਮਲੂਕਾ ਨੇ ਕੀਤਾ।



## ਧਨੰਜਯ ਕੀਰ ਦੀ ਪੁਸਤਕ 'ਡਾ. ਬਾਬਾ ਸਾਹਿਬ ਅੰਬੇਡਕਰ ਦੀ ਜੀਵਨੀ' ਲੋਕ ਅਰਪਣ



**ਜਲੰਧਰ** : ਭਾਰਤੀ ਮੁਕਤੀ ਮੋਰਚਾ ਨਵੀਂ ਦਿੱਲੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ 'ਮੂਲ ਨਿਵਾਸੀ ਸਮਾਜ ਜੋੜੋ ਯਾਤਰਾ ਦਾ ਸਮਾਗਮ ਆਯੋਜਤ ਕੀਤਾ ਗਿਆ। ਪ੍ਰਧਾਨਗੀ ਮੋਰਚੇ ਦੇ ਰਾਸ਼ਟਰੀ ਪ੍ਰਧਾਨ ਵਾਮਸ ਮੇਸ਼ਰਾਮ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕਹਾਣੀਕਾਰ ਮੋਹਨ ਲਾਲ ਫਿਲੌਰੀਆ, ਦਰਸ਼ਨ ਸਿੰਘ ਐਡਵੋਕੇਟ, ਡਾ. ਬਲਦੇਵ ਸਿੰਘ ਬੱਦਨ, ਐਡ. ਅਸ਼ੋਕ ਸਹੋਤਾ, ਓ. ਪੀ. ਨਈਅਰ, ਦਲਜੀਤ ਸਿੰਘ, ਡਾ. ਦਲਜੀਤ ਸਿੰਘ ਸ਼ਾਮਲ ਹੋਏ। ਇਸ ਮੌਕੇ ਤੇ ਵਾਮਨ ਮੇਸ਼ਰਾਮ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਉੱਤੇ ਧਨੰਜਯ ਕੀਰ ਦੀ ਲਿਖੀ ਤੇ ਡਾ. ਬਲਦੇਵ ਸਿੰਘ ਬੱਦਨ ਵੱਲੋਂ ਅਨੁਵਾਦ ਕੀਤੀ 'ਡਾ. ਬਾਬਾ ਸਾਹਿਬ ਅੰਬੇਡਕਰ ਦੀ ਜੀਵਨੀ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤੀ ਗਈ। ਇਸ ਮੌਕੇ ਡਾ. ਬੱਦਨ ਨੂੰ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਮੋਹਨ ਲਾਲ ਫਿਲੌਰੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

## 'ਥੰਮ੍ਹੀਆਂ' ਤੇ 'ਹਸਰਤ' ਦਾ ਲੋਕ ਅਰਪਣ ਸਮਾਗਮ

**ਗੁਰਦਾਸਪੁਰ** : ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਵੱਲੋਂ ਸਥਾਨਕ ਗੋਲਡਨ ਗਰੁੱਪ ਆਫ ਇੰਸਟੀਚਿਊਸ਼ਨਜ਼ ਗੁਰਦਾਸਪੁਰ ਵਿਖੇ ਕਹਾਣੀ ਸੰਗ੍ਰਹਿ 'ਥੰਮ੍ਹੀਆਂ' ਤਰਸੇਮ ਸਿੰਘ ਭੰਗੂ ਅਤੇ ਗ਼ਜ਼ਲ ਸੰਗ੍ਰਹਿ 'ਹਸਰਤ' ਪ੍ਰਤਾਪ ਪਾਰਸ ਦੀਆਂ ਪੁਸਤਕਾਂ ਦਾ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਭਾ ਦੇ ਕਨਵੀਨਰ ਸੁਭਾਸ਼ ਦੀਵਾਨਾ ਵੱਲੋਂ ਦੋਵਾਂ ਪੁਸਤਕਾਂ ਦੇ ਲੇਖਕਾਂ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਕਹਾਣੀ ਸੰਗ੍ਰਹਿ 'ਥੰਮ੍ਹੀਆਂ' 'ਤੇ ਸੀਤਲ ਸਿੰਘ ਗੁੰਨੋਪੁਰੀ ਅਤੇ ਗ਼ਜ਼ਲ ਸੰਗ੍ਰਹਿ 'ਹਸਰਤ' 'ਤੇ ਪਾਲ ਗੁਰਦਾਸਪੁਰੀ ਵੱਲੋਂ ਤਰਤੀਬਵਾਰ ਪਰਚੇ ਪੜ੍ਹੇ ਗਏ। ਡਾਕਟਰ ਲੇਖ ਰਾਜ ਅਤੇ ਮੰਗਤ ਚੰਚਲ ਵੱਲੋਂ ਪੜ੍ਹੇ ਗਏ ਪਰਚਿਆਂ 'ਤੇ ਚਰਚਾ ਕਰਦੇ ਹੋਏ ਭਾਵਪੂਰਤ ਟਿੱਪਣੀਆਂ ਕੀਤੀਆਂ ਗਈਆਂ। ਤਰਸੇਮ ਸਿੰਘ ਭੰਗੂ ਅਤੇ ਪ੍ਰਤਾਪ ਪਾਰਸ ਨੇ ਵਿਦਵਾਨਾਂ ਦੀਆਂ ਟਿੱਪਣੀਆਂ ਦੇ ਤਸੱਲੀਬਖ਼ਸ਼ ਜੁਆਬ ਦਿੱਤੇ। ਮੱਖਣ ਕੁਹਾੜ, ਰਜਨੀਸ਼ ਵਸ਼ਿਸ਼ਟ, ਹਰਪਾਲ ਬੈਂਸ, ਸੁਨੀਲ ਕੁਮਾਰ, ਕੇ ਪੀ ਸਿੰਘ, ਯੁਵਰਾਜ, ਜਸਪਾਲ ਮਿਤਵਾ, ਅਸ਼ੋਕ ਪੰਕਜ, ਜਗਨਨਾਥ ਉਦੋਕੇ, ਗੋਪਾਲ ਸ਼ਰਮਾ ਅਤੇ ਵਰਗਿਸ ਸਲਾਮਤ ਆਦਿ ਨੇ ਆਪਣੇ ਕਲਾਮ ਕਹੇ। ਸਟੇਜ ਦੀ ਕਾਰਵਾਈ ਪ੍ਰਤਾਪ ਪਾਰਸ ਨੇ ਬਾਖ਼ੂਬੀ ਨਿਭਾਈ।




## 'ਵਿਅਕਤੀਤਵ ਦੇ ਵਿਕਾਸ ਵਿੱਚ ਯੋਗ ਵਿਗਿਆਨ ਦਾ ਪ੍ਰਭਾਵ' ਵਿਸ਼ੇ 'ਤੇ ਗੋਸ਼ਟੀ

**ਹੁਸ਼ਿਆਰਪੁਰ**-ਦ੍ਰਿਸ਼ਟੀ ਦਾ ਵਿਜ਼ਨ ਮੰਚ, ਹੁਸ਼ਿਆਰਪੁਰ ਵੱਲੋਂ ਸਥਾਨਕ ਵਿੱਦਿਆ ਮੰਦਰ ਸ਼ਿਮਲਾ ਪਹਾੜੀ ਵਿਖੇ "ਵਿਅਕਤੀਤਵ ਦੇ ਵਿਕਾਸ ਤੇ ਯੋਗ ਵਿਗਿਆਨ ਦਾ ਪ੍ਰਭਾਵ" ਵਿਸ਼ੇ 'ਤੇ ਇੱਕ ਸਫ਼ਲ ਗੋਸ਼ਟੀ ਦਾ ਅਯੋਜਨ ਕੀਤਾ ਗਿਆ। ਇਸ ਵਿਸ਼ੇ 'ਤੇ ਰਿਟਾ. ਪ੍ਰਿੰਸੀਪਲ ਡਾਕਟਰ ਭੁਪਿੰਦਰ ਸਿੰਘ ਨੇ ਆਪਣਾ ਰੀਸਰਚ ਪੇਪਰ ਪੇਸ਼ ਕੀਤਾ, ਜਿਸ ਵਿੱਚ ਉਨ੍ਹਾ ਯੋਗ ਦੇ ਪ੍ਰਾਚੀਨ ਇਤਿਹਾਸ, ਸਰੀਰਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਵਿੱਚ ਯੋਗ ਦੀ ਪ੍ਰਸੰਗਕਤਾ ਤੇ ਉਪਯੋਗਤਾ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਯੋਗ ਰਾਹੀਂ ਆਪਣੇ ਅੰਦਰ ਸਕਾਰਾਤਮਕਤਾ (ਪਾਜ਼ੀਟੀਵਿਟੀ) ਪੈਦਾ ਕਰਕੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਕਈ ਲਾਇਲਾਜ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਵਿਸ਼ੇਸ਼ ਕਰਕੇ ਜਿਹੜੇ ਨੌਜਵਾਨ ਮਾਨਸਿਕ ਤਣਾਅ (ਮੇਂਟਲ ਸਟ੍ਰੈਸ) ਕਰਕੇ ਖ਼ੁਦਕੁਸ਼ੀ ਦੇ ਰਾਹ ਪੈ ਰਹੇ ਹਨ, ਉਹ ਯੋਗ ਵਿਗਿਆਨ ਦੀ ਮਦਦ ਨਾਲ ਇਹ ਬੁਜ਼ਦਿਲਾਨਾ ਕਦਮ ਚੁੱਕਣੋਂ ਬਚ ਸਕਦੇ ਹਨ। ਇਸ ਰੀਸਰਚ ਪੇਪਰ 'ਤੇ ਡਾਕਟਰ ਕੁਲਦੀਪ ਸਿੰਘ, ਇੰਦਰਜੀਤ ਚੌਧਰੀ, ਨੀਰਜ ਧੀਮਾਨ, ਹੰਸ ਰਾਜ ਰਾਹੀ, ਆਰ.ਸੀ. ਮਹਿਤਾ ਅਤੇ ਡਾਕਟਰ ਧਰਮਪਾਲ ਸਾਹਿਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਮੰਚ ਵੱਲੋਂ ਮਈ ਵਿੱਚ "ਸਾਇਬਰ ਕ੍ਰਾਈਮ ਤੋਂ ਬਚਾਅ" ਵਿਸ਼ੇ 'ਤੇ ਭਰਵਾਂ ਸੈਮੀਨਾਰ ਕਰਾਉਣ ਦਾ ਵੀ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਡਾ. ਸਾਹਿਲ ਨੇ ਨਿਭਾਈ।



# ਸਮਕਾਲ

### ਸਿਰਜਣਾ : ਪੰਜ ਕਹਾਣੀਆਂ

'ਸਿਰਜਣਾ'-216 ਦੇ ਅੰਕ ਵਿੱਚ ਇਸ ਵਾਰ ਪੰਜ ਚਰਚਿਤ ਕਹਾਣੀਕਾਰਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸਿਰਜਣਾ 'ਚ ਛਪੀ ਹਰ ਕਹਾਣੀ ਨੂੰ ਗਹੁ ਨਾਲ ਪੜ੍ਹਿਆ ਜਾਂਦਾ ਹੈ। ਹੱਥਲੇ ਅੰਕ ਵਿੱਚ ਠੱਕ-ਠੱਕ (ਹਰਪ੍ਰੀਤ ਸੇਖਾ), ਕਾਲਾ ਨਾਗ਼ (ਗੁਰਮੀਤ ਕੜਿਆਲਵੀ), ਵਗਦੇ ਪਾਣੀ (ਦੀਪਤੀ ਬਬੂਟਾ), ਇਕ ਦਿਨ (ਅੰਬਰ ਹੁਸੈਨੀ) ਦੀਆਂ ਸਮਕਾਲੀ ਸਰੋਕਾਰਾਂ ਦੀ ਇਤਿਹਾਸਕਾਰੀ ਕਰਦੀਆਂ ਕਹਾਣੀਆਂ ਛਪੀਆਂ ਹਨ। ਸੰਪਾਦਕੀ 'ਬਰਾਬਰੀ ਦਾ ਸੁਫਨਾ ਅਤੇ ਹਕੀਕਤ' 'ਚ ਲੈਨਿਨ ਦੀ ਵਿਚਾਰਧਾਰਾ ਤੇ ਆਰਥਿਕਤਾ ਦੀ ਗੱਲ ਸੰਪਾਦਕ ਵੱਲੋਂ ਕੀਤੀ ਗਈ ਹੈ। ਇਸ ਅੰਕ ਵਿੱਚ ਉੱਘੇ ਸ਼ਾਇਰ ਲਖਵਿੰਦਰ ਜੌਹਲ ਦੀਆਂ ਛੇ ਕਵਿਤਾਵਾਂ ਤੋਂ ਇਲਾਵਾ ਆਦੇਸ਼ ਅੰਕੁਸ਼ ਦੀਆਂ ਦੋ ਗ਼ਜ਼ਲਾਂ, ਸੁਰਿੰਦਰ ਗਿੱਲ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਰਾਜਿੰਦਰ ਪਾਲ ਬਰਾੜ ਨੇ ਰਾਜਪਾਲ ਸਿੰਘ ਦਾ ਸ਼ਬਦ ਚਿੱਤਰ ਲਿਖਿਆ ਹੈ। ਬਲਦੇਵ ਚੱਕ ਸਕੰਦਰ ਦੀ ਵਾਰਤਾ 'ਹੋਮਿਓਪੈਥੀ', ਸਈਅਦ ਭੁੱਟਾ ਦਾ ਲੇਖ 'ਬਾਬਾ ਫਰੀਦ ਤੋਂ ਪਹਿਲਾਂ ਪੰਜਾਬੀ ਅਦਬ ਤੇ ਮੁਹਾੜ' ਕਈ ਪਹਿਲੂਆਂ ਤੋਂ ਮਹੱਤਵਪੂਰਨ ਹਨ। ਹਰਿੰਦਰ ਸਿੰਘ ਬਰਾੜ ਨੇ ਆਪਣੇ ਲੇਖ ਵਿੱਚ ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਦਾ ਵਿਸ਼ਲੇਸ਼ਣ ਕੀਤਾ ਹੈ। ਬਲਜੀਤ ਬਾਸੀ ਦੇ ਲੇਖ ਤੈਮੂਰ ਦੇ ਪੁਆੜੇ' ਵੀ ਮਹੱਤਪੂਰਨ ਹੈ। ਜਸਵੰਤ ਦੀਦ ਦੀ ਕਾਵਿ ਕਿਤਾਬ 'ਬੇਸਮੈਂਟ ਕਵਿਤਾਵਾਂ', ਡਾ. ਰਵਿੰਦਰ ਦੀ ਕਿਤਾਬ 'ਮਨ ਹੋਆ ਵਣਜਾਰਾ', ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ', ਬਲਬੀਰ ਪਰਵਾਨਾ ਦੇ ਨਾਵਲ 'ਰੌਲ਼ਿਆਂ ਵੇਲੇ', ਦੇ ਸਾਰਥਕ ਤੇ ਮਹੱਤਵਪੂਰਨ ਨੁਕਤੇ ਉਭਾਰਨ ਵਾਲੇ ਰੀਵਿਊ ਕ੍ਰਮਵਾਰ ਡਾ. ਦੇਵਿੰਦਰ ਸੈਫ਼ੀ, ਚੰਦਰ ਮੋਹਨ, ਜੇ ਬੀ ਸੇਖੋਂ, ਹਰਿੰਦਰ ਸਿੰਘ ਬਰਾੜ ਵੱਲੋਂ ਲਿਖੇ ਵੀ ਪ੍ਰਕਾਸ਼ਤ ਹੋਏ ਹਨ। ਪਰਚਾ ਮਹੱਤਵਪੂਰਨ ਤੇ ਨਿੱਗਰ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਸਿਰਜਣਾ ਦੇ ਸਫ਼ੇ: 96, ਮੁੱਲ: 50 ਰੁਪਏ ਹੈ। ਸੰਪਰਕ ਪਤਾ ਹੈ: ਸੰਪਾਦਕ ਸਿਰਜਣਾ, 1728, ਸੈਕਟਰ 43-ਬੀ, ਚੰਡੀਗੜ੍ਹ-1600693




ਸਿਰਜਣਾ ਦੇ ਸੰਪਾਦਕ : ਰਘਬੀਰ ਸਿੰਘ (91-172-2601693) ਹਨ।

### ਮੀਰਜ਼ਾਦਾ ਬੋਲਿਆ : ਵਿਅੰਗ ਹੀ ਵਿਅੰਗ


ਤ੍ਰੈ ਮਾਸਿਕ ਮੀਰਜ਼ਾਦਾ ਬੋਲਿਆ ਦਾ ਅਪ੍ਰੈਲ-ਜੂਨ, 2025 ਅੰਕ ਪ੍ਰਕਾਸ਼ਤ ਹੋ ਗਿਆ ਹੈ। ਵੇਲਾ ਵਿਹਾ ਚੁੱਕੇ ਪੰਜਾਬੀ ਵਿਅੰਗ ਦੀ ਗੱਲ ਸੰਪਾਦਕੀ ਵਿੱਚ ਕੀਤੀ ਗਈ ਹੈ। ਹੱਥਲੇ ਅੰਕ ਵਿੱਚ ਹਰੀ ਕਾਦਿਆਨੀ (ਇਕ ਇੱਛਾ ਕੁੱਤੇ ਦੀ ਜੂਨ ਦੀ), ਰਾਮ ਸ਼ਰਨ ਜੋਸ਼ੀ (ਯੋਗਤਾ), ਡਾ. ਮੋਨੋਜੀਤ (ਹੁਣ ਪਿਆਰ 'ਅੰਧਾ' ਨਹੀਂ ਰਿਹਾ), ਇੰਦਰਜੀਤ ਸਿੰਘ ਜੀਤ (ਚੀਨੀ ਤੇ ਨੁਕਤਾਚੀਨੀ), ਪਰਮਜੀਤ ਢੀਂਗਰਾ (ਆਸ਼ਕ ਵਿਆਹੇ ਨਹੀਂ ਜਾਂਦੇ), ਕੈਲਾਸ਼ ਮੰਡਲੇਕਰ (ਕਾਲੋਨੀ 'ਚ ਦੰਦਾਂ ਦੇ ਡਾਕਟਰ), ਸੁਰਜੀਤ ਸਿੰਘ ਕਾਲੇਕੇ (ਤੇਜਾ ਸਨਕੀ), ਮਨਦੀਪ ਰਿੰਪੀ (ਯੂ ਆਰ ਗ੍ਰੇਟ), ਸ਼ਿਆਮ ਜਾਂਗਿੜ ਅਨੁ. ਕੇਸਰਾ ਰਾਮ (ਇਕ ਸਤੀ ਦੀ ਆਖਰੀ ਪਰਿਕਰਮਾ), ਤਰਸੇਮ ਸਿੰਘ ਭੰਗੂ (ਲੱਲੂ ਪੁੱਤ ਨਾ ਜੰਮਦਾ ਧੀ ), ਰਵਿੰਦਰ ਰੁਪਾਲ (ਚੱਕ ਲੈ ਓਏ), ਸਨੇਹਇੰਦਰ ਮੀਲੂ (ਬੜਕ ਬਨਾਮ ਲਲਕਾਰਾ), ਨੂਰ ਸੰਤੋਖਪੁਰੀ (ਵੇ ਤੂੰ ਕਾਹਦਾ ਸਰਪੰਚ), ਮਾਲਵਿੰਦਰ ਸ਼ਾਇਰ (ਇੱਲਤੀ ਸੁਭਾਅ ਦਾ ਰਾਮਬਾਣ ), ਸੁਭਾਸ਼ ਸ਼ਰਮਾ (ਗਾਂਧੀ ਜੀ ਥੱਕ ਗਏ ਹਨ) ਆਦਿ ਪੜ੍ਹਨਯੋਗ ਵਿਅੰਗ ਪ੍ਰਕਾਸ਼ਤ ਹੋਏ ਹਨ। ਕੁਲਦੀਪ ਸਿੰਘ ਬੇਦੀ ਨੇ ਸਮਕਾਲੀ ਪਰਚਿਆਂ ਤੇ ਸੰਤੁਲਿਤ ਤੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਪਰਚੇ ਵਿੱਚ ਕੁਝ ਵਿਅੰਗ ਕਵਿਤਾਵਾਂ ਵੀ ਛਾਪੀਆਂ ਗਈਆਂ ਹਨ। ਪਰਚੇ ਦੀ ਦਿੱਖ ਅੱਛੀ ਹੈ। ਮੀਰਜ਼ਾਦਾ ਦੇ ਸਫ਼ੇ 52 ਤੇ ਮੁੱਲ 50 ਰੁਪਏ ਹੈ। ਸੰਪਰਕ ਪਤਾ ਹੈ: ਸੰਪਾਦਕ ਮੀਰਜ਼ਾਦਾ ਬੋਲਿਆ, 12, ਬਸੰਤ ਨਗਰ, ਸੋਡਲ ਰੋਡ, ਜਲੰਧਰ-144004




ਮੀਰਜ਼ਾਦਾ ਬੋਲਿਆ ਦੇ ਸੰਪਾਦਕ : ਕੁਲਦੀਪ ਸਿੰਘ ਬੇਦੀ (98760-95392) ਹਨ।

### ਪ੍ਰਾਇਮਰੀ ਸਿੱਖਿਆ : ਅਪ੍ਰੈਲ,2025

ਹੱਥਲੇ ਅੰਕ ਵਿੱਚ ਮਨਜੀਤ ਕੌਰ (ਆਟੇ ਦੀ ਚਿੜੀ), ਰਘੁਵੀਰ ਸਿੰਘ ਕਲੋਆ (ਨਕਲ ਅਤੇ ਅਕਲ), ਨਵ ਸੰਗੀਤ ਸਿੰਘ (ਅਹਿਸਾਨ ਫ਼ਰਾਮੋਸ਼), ਦਰਸ਼ਨ ਸਿੰਘ ਆਸ਼ਟ (ਦੋਸਤੀ), ਹਰਦੇਵ ਚੌਹਾਨ (ਫ਼ੌਬ), ਮਨਦੀਪ ਕੌਰ ਰਤਨ (ਪਰੀ ਖਿਡੌਣਾ), ਮਹਿੰਗਾ ਸਿੰਘ ਕਲਸੀ (ਜੈਸੀ ਕਰਨੀ ਵੈਸੀ ਭਰਨੀ) ਬਾਲ ਕਹਾਣੀਆਂ ਤੋਂ ਇਲਾਵਾ ਰਾਮ ਸਿੰਘ ਪਾਠਕ, ਕਮਲਜੀਤ ਸਿੰਘ ਮਤੋਈ, ਅਮਰੀਕ ਹਮਰਾਜ਼, ਜਗਜੀਤ ਸਿੰਘ ਲੱਡਾ, ਮਨਿੰਦਰ ਕੌਰ ਬਸੀ, ਮੇਜਰ ਸਿੰਘ, ਹਰਪ੍ਰੀਤ ਪੱਤੋ, ਸ਼ਸ਼ੀ ਲਤਾ, ਵਿਵੇਕ, ਪਰਮਜੀਤ ਸੰਧੂ, ਦੇਸ ਰਾਜ ਬਾਲੀ, ਪਰਮਿੰਦਰ ਕੌਰ, ਮਹਿੰਦਰ ਸਿੰਘ ਮਾਨ, ਕਰਨੈਲ ਸਿੰਘ ਥਿੰਦ, ਹਰਿੰਦਰ ਸਿੰਘ ਗੋਗਨਾ, ਨਿਤਿੰਨ ਸੁਮਨ, ਕੁਲਵੰਤ ਸਿੰਘ ਢੰਡ ਦੀਆਂ ਕਵਿਤਾਵਾਂ ਤੇ ਲੇਖ ਛਪੇ ਹਨ। ਪਰਚਾ ਸੁੰਦਰ ਗਲੇਜ਼ਡ ਪੇਪਰ ਤੇ ਰੰਗਦਾਰ ਛਪਿਆ ਹੈ। ਪ੍ਰਾਇਮਰੀ ਸਿੱਖਿਆ ਦੇ ਸਫ਼ੇ 36 ਤੇ ਮੁੱਲ : 20 ਰੁਪਏ ਹੈ। ਸੰਪਰਕ ਪਤਾ ਹੈ ਸੰਪਾਦਕ ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-160062




ਪ੍ਰਾਇਮਰੀ ਸਿੱਖਿਆ ਦੇ ਸੰਪਾਦਕ ਪਰਮਿੰਦਰ ਕੌਰ (ਸੰਪਰਕ : 0172-5227395) ਹਨ।

### ਜਾਗੋ ਇੰਟਰਨੈਸ਼ਨਲ : ਜੋਗਾ ਸਿੰਘ ਮੰਡੇਰ ਅੰਕ

ਜਾਗੋ ਇੰਡਰਨੈਸ਼ਨਲ ਦਾ ਹੱਥਲਾ ਅੰਕ 12 ਮਹੀਨੇ ਦਾ ਇਕੋ ਅੰਕ ਦੇ ਰੂਪ ਵਿੱਚ 'ਜੋਰਾ ਸਿੰਘ ਮੰਡੇਰ ਵਿਸ਼ੇਸ਼ ਅੰਕ' ਦੇ ਤੌਰ ਤੇ ਪ੍ਰਕਾਸ਼ਤ ਕੀਤਾ ਗਿਆ ਹੈ। ਸੰਪਾਦਕੀ ਵਿੱਚ 'ਜੋਰਾ ਸਿੰਘ ਮੰਡੇਰ ਦੀ ਗਾਲਪਨਿਕ ਰਚਨਾਵਾਂ ਦੀ ਪੇਸ਼ਕਾਰੀ ਰੂਸੀ ਸਾਹਿਤਕਾਰ ਤੁਰਗਨੇਵ, ਗੋਰਕੀ, ਦੋਸਤੋਵਸਕੀ ਤੇ ਟਾਲਸਟਾਇ ਦੀਆਂ ਗਲਪੀ ਜੁਗਤਾਂ ਦੇ ਨੇੜੇ ਤੇੜੇ ਜਾਪਦੀ' ਲਿਖ ਕੇ ਸੰਪਾਦਕ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ। ਤੇਜਵੰਤ ਮਾਨ, ਅਨੋਖ ਸਿੰਘ ਵਿਰਕ, ਡਾ. ਚਰਨਜੀਤ ਸਿੰਘ, ਫਤਹਿ ਪ੍ਰਭਾਕਰ, ਜੋਗਿੰਦਰ ਧਾਮੀ, ਸੁਖਦੇਵ ਢਿੱਲੋਂ,ਡਾ. ਨਰਵਿੰਦਰ ਸਿੰਘ ਕੌਸ਼ਲ, ਸੁਖਦੇਵ ਸਿੰਘ ਔਲਖ, ਜੋਗਿੰਦਰ ਅਗਨੀਹੋਤਰੀ, ਡਾ. ਭਗਵੰਤ ਸਿੰਘ, ਡਾ. ਰਮਿੰਦਰ ਕੌਰ ਨੇ ਜੋਰਾ ਸਿੰਘ ਦੀਆਂ ਰਚਨਾਵਾਂ ਦੀ ਪਰਖ ਕਰਦੇ ਲੇਖ ਛਾਪੇ ਗਏ ਹਨ। ਅੱਗੇ ਜੋਰਾ ਸਿੰਘ ਦੀਆਂ ਕਵਿਤਾਵਾਂ, ਵਾਰਤਕ, ਕਹਾਣੀਆਂ ਨੂੰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਅੰਤਲੇ ਪੰਨਿਆਂ ਉੱਤੇ ਸੰਦੀਪ ਸਿੰਘ, ਗੁਰਤੇਜ ਸਿੰਘ, ਫਰੈਡ ਪੀਅਰਸ, ਜਤਿੰਦਰ ਮੋਹਨ, ਨਰਿੰਦਰ ਚਹਿਲ, ਉਜਾਗਰ ਸਿੰਘ, ਤੇਜਾ ਸਿੰਘ ਤਿਲਕ, ਸੁਖਜੀਤ ਕੌਰ ਸੋਹੀ ਦੀਆਂ ਵੱਖ ਵੱਖ ਰਚਨਾਵਾਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਪਰਚੇ ਦੇ ਸਫ਼ੇ 200, ਮੁੱਲ 200 ਰੁਪਏ ਹੈ। ਸੰਪਰਕ ਪਤਾ ਹੈ: ਸੰਪਾਦਕ : ਜਾਗੋ ਇੰਟਰਨੈਸ਼ਨਲ, ਆਈ-109, ਲੇਨ-5, ਮਜੀਠੀਆ ਇਨਕਲੇਵ, ਨੇੜੇ 24 ਨੰ. ਫਾਟਕ, ਪਟਿਆਲਾ।




ਜਾਗੋ ਇੰਟਰਨੈਸ਼ਨਲ ਦੇ ਮੁੱਖ ਸੰਪਾਦਕ : ਡਾ. ਭਗਵੰਤ ਸਿੰਘ (98148-51500) ਹਨ।

### ਸੁਰਖ਼ ਲੀਹ : ਮਾਰਚ-ਅਪ੍ਰੈਲ,2025

'ਸੁਰਖ਼ ਲੀਹ' ਦੇ ਹੱਥਲੇ ਅੰਕ ਵਿੱਚ ਹਾਕਮ ਸਰਕਾਰਾਂ ਦੀਆਂ ਨੀਤੀਆਂ ਨੂੰ ਲੰਮੇ ਹੱਥੀਂ ਲਿਆ ਹੈ। ਸਾਮਰਾਜਵਾਦ, ਪਰਵਾਸ ਮਜ਼ਬੂਰੀ ਤੇ ਕੌਮੀ ਨਮੋਸ਼ੀ ਤੇ ਕਿਸਾਨ ਜਥੇਬੰਦੀਆਂ ਤੇ ਮੁੱਖ ਮੱਤਰੀ ਨੂੰ ਡਾਢੀ ਔਖ ਕਿਉਂ (ਪਵੇਲ), ਮੁੜ ਮੁੜ ਨਸ਼ਰ ਹੁੰਦੀ ਨਵ ਬਸਤੀਵਾਦੀ ਅਧੀਨ ਹੈਸੀਅਤ (ਦੀਪ), ਪ੍ਰਮਾਣੂ ਊਰਜਾ ਬਾਰੇ ਕਾਨੂੰਨ (ਸ਼ੀਰੀ), ਭਾਰਤ ਅਤੇ ਅਮਰੀਕਾ ਮੁਕਤ ਵਪਾਰ, ਜ਼ਮੀਨਾਂ ਦੀ ਰਾਖੀ ਤੇ ਪ੍ਰਾਪਤੀ ਦੇ ਹੱਕਾਂ ਲਈ ਸੰਘਰਸ਼,ਪੈਪਸੂ ਮੁਜ਼ਾਰਾ ਲਹਿਰ, ਕਾਰਪੋਰੇਟ ਤੇ ਜਗੀਰਦਾਰ, ਪਿੰਡ ਜਿਓਂਦ ਦੇ ਜ਼ਮੀਨ ਮਸਲੇ ਦਾ ਸੰਖੇਪ ਪਿਛੋਕੜ, ਔਰਤ ਆਜ਼ਾਦੀ ਤੇ ਬਰਾਬਰੀ ਸੱਤਾ ਖਿਲਾਫ਼ ਪ੍ਰਵਚਨ ਉਸਾਰਦੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਅਗਲੇ ਪੰਨਿਆਂ ਉੱਤੇ ਸੱਤਾ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ਼ ਵਿਦਰੋਹ ਦੇ ਜ਼ਮੀਨੀ ਪੱਧਰ ਉੱਤੇ ਹੋਏ ਘੋਲ਼ਾ ਦੀ ਰਿਪੋਰਟਿੰਗ ਛਾਪੀ ਗਈ ਹੈ। ਸੁਰਖ਼ ਲੀਹ ਦੇ ਸਫ਼ੇ 56 ਤੇ ਮੁੱਲ : 30 ਰੁਪਏ ਹੈ। ਸੰਪਰਕ ਪਤਾ ਹੈ ਸੰਪਾਦਕ ਸੁਰਖ਼ ਲੀਹ, ਨਕਈ ਵਾਲੀ ਪਹੀ, ਪੁੱਡਾ ਕਲੋਨੀ, ਗਾਂਧੀ ਨਗਰ, ਰਾਮਪੁਰਾ ਫੂਲ, ਬਠਿੰਡਾ। ਸੁਰਖ਼ ਲੀਹ ਦੇ ਮੁੱਖ ਸੰਪਾਦਕ : ਜਸਪਾਲ ਜੱਸੀ ਤੇ ਸੰਪਾਦਕ : ਪਵੇਲ ਹਨ।




**- ਭਗਵੰਤ ਰਸੂਲਪੁਰੀ**

# ਪਾਠਕਾਂ ਦੇ ਝਰੋਖੇ 'ਚੋਂ

### ਐਤਵਾਰ ਦਾ ਅੰਕ ਬਾਕਮਾਲ

ਨਵਾਂ ਜ਼ਮਾਨਾ ਅਖ਼ਬਾਰ ਦਾ ਐਤਵਾਰ ਦਾ ਅੰਕ ਸੱਚਮੁੱਚ ਬਾਕਮਾਲ ਹੁੰਦਾ ਹੈ। ਖ਼ਾਸ ਕਰਕੇ 'ਪੁਸਤਕ ਸੱਭਿਆਚਾਰ' ਸਫ਼ਾ ਪੰਜਾਬੀ ਸਾਹਿਤਕ ਪਾਠਕਾਂ ਲਈ ਕਾਫੀ ਲਾਹੇਵੰਦ ਸਾਬਿਤ ਹੁੰਦਾ ਹੈ, ਕਿਉਂਕਿ ਇਸ ਨਾਲ ਪੰਜਾਬੀ ਪਾਠਕਾਂ ਨੂੰ ਨਵੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। 'ਸੱਜਰਾ ਸਾਹਿਤ' ਕਾਲਮ ਵਿਚ ਪੰਜਾਬੀ ਦੇ ਨਵ-ਪ੍ਰਕਾਸ਼ਿਤ ਰਸਾਲਿਆਂ ਬਾਰੇ ਵੀ ਸੰਖੇਪ ਰੂਪ ਵਿਚ ਜਾਣਕਾਰੀ ਦਿੱਤੀ ਜਾਂਦੀ ਹੈ। ਸਰਗਰਮੀਆਂ ਪੰਨੇ 'ਤੇ ਕਵੀ ਦਰਬਾਰਾਂ, ਸੈਮੀਨਾਰਾਂ ਤੇ ਹੋਰ ਸਾਹਿਤਕ ਗਤੀਵਿਧੀਆਂ ਬਾਰੇ ਪਤਾ ਲੱਗਦਾ ਹੈ। ਕੁਲ ਮਿਲਾ ਕੇ 'ਨਵਾਂ ਜ਼ਮਾਨਾ' ਦਾ ਐਤਵਾਰਤਾ ਸਾਂਭਣਯੋਗ ਅੰਕ ਹੁੰਦਾ ਹੈ। ਇਕ ਸ਼ਾਇਰ ਦੀਆਂ ਕਵਿਤਾਵਾਂ ਨਾਲੋਂ ਜੇਕਰ ਵੱਧ ਸ਼ਾਇਰਾਂ ਦੀਆਂ ਕਵਿਤਾਵਾਂ ਪ੍ਰਕਾਸ਼ਿਤ ਕੀਤੀਆਂ ਜਾਣ ਤਾਂ ਜਿਆਦਾ ਵਧੀਆ ਰਹੇਗਾ। ਹਰ ਰੋਜ਼ ਸੰਪਾਦਕੀ ਸਫੇ 'ਤੇ ਛਪਦਾ ਮਿਡਲ ਜਿੱਥੇ ਆਮ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਦਾ ਹੈ, ਉੱਥੇ ਅੰਧਵਿਸ਼ਵਾਸਾਂ, ਪਾਖੰਡਾਂ ਅਤੇ ਧਾਰਮਿਕ ਆਡੰਬਰਾਂ 'ਤੇ ਕਰਾਰੀ ਸੱਟ ਵੀ ਮਾਰਦਾ ਹੈ। ਖ਼ੈਰ, ਨਵਾਂ ਜ਼ਮਾਨਾ ਦੀ ਸਮੁੱਚੀ ਟੀਮ ਦਾ ਬਹੁਤ ਧੰਨਵਾਦ।

**—ਡਾ. ਨਿਸ਼ਾਨ ਸਿੰਘ ਰਾਠੌਰ,**
**ਕੁਰੂਕਸ਼ੇਤਰ (ਹਰਿਆਣਾ)**

### ਮਰਹੂਮ ਕਥਾਕਾਰ ਪ੍ਰੇਮ ਪ੍ਰਕਾਸ਼

6 ਅਪ੍ਰੈਲ ਦੇ 'ਐਤਵਾਰਤਾ' ਵਿਚ ਕਹਾਣੀਕਾਰ ਜਿੰਦਰ ਨੇ ਮਰਹੂਮ ਕਥਾਕਾਰ ਪ੍ਰੇਮ ਪ੍ਰਕਾਸ਼ ਨਾਲ ਕੀਤੀਆਂ ਸਾਧਾਰਨ ਗੱਲਾਂ ਨੂੰ ਵਿਸ਼ੇਸ਼ ਰੂਪ ਵਿਚ ਪੇਸ਼ ਕੀਤਾ ਹੈ । ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਸੁਭਾਅ ਵਿਚ ਆਪਣਾਪਣ ਸੀ । ਉਸ ਦੇ ਵਿਚਾਰਾਂ ਵਿਚ ਤਰਕਸ਼ੀਲਤਾ ਅਤੇ ਸਹਿਜ ਸੀ। ਉਹ ਹਮੇਸ਼ਾ ਮਨਆਈ ਕਰਦਾ ਸੀ ।ਉਹ ਕਿਸੇ ਬੰਦਿਸ਼ ਵਿਚ ਰਹਿ ਕੇ ਰਾਜ਼ੀ ਨਹੀਂ ਸੀ । ਸਾਹਿਤਕਾਰਾਂ ਵਿਚ ਰਹਿ ਕੇ ਉਸ ਦਾ ਮਨ ਖੁਸ਼ ਹੁੰਦਾ ਸੀ। ਉਹ ਗੈਰ ਸਾਹਿਤਕ ਬੰਦਿਆਂ ਤੋਂ ਦੂਰ ਰਹਿੰਦਾ ਸੀ। ਉਸ ਦਾ ਇਹ ਸੁਭਾਅ ਪੱਕ ਚੁੱਕਾ ਸੀ ।ਜਿੰਦਰ ਨੇ ਇਸ ਗੱਲਬਾਤ ਵਿਚ ਪ੍ਰੇਮ ਪ੍ਰਕਾਸ਼ ਨੂੰ ਜ਼ਿੰਦਾ ਕਰ ਦਿੱਤਾ ਹੈ, ਪੜ੍ਹ ਕੇ ਰੂਹ ਖ਼ੁਸ਼ ਹੋ ਗਈ । ਉਸ ਨੇ ਭਾਰਤੀ ਇਤਿਹਾਸ-ਮਿਥਿਹਾਸ ਦਾ ਗਹਿਰਾ ਅਧਿਐਨ ਕੀਤਾ ਸੀ ।ਡਾ. ਲਖਵਿੰਦਰ ਸਿਮਘ ਜੌਹਲ ਨੇ ਡਾ. ਹਰਜਿੰਦਰ ਸਿੰਘ ਅਟਵਾਲ ਦੀ ਸ਼ਖਸੀਅਤ ਬਾਰੇ ਬਹੁਤ ਸੰਜੀਦਾ ਅਤੇ ਪ੍ਰਭਾਵਸ਼ਾਲੀ ਲਿਖਿਆ ਹੈ। ਸਾਹਿਤਕ ਖੇਤਰ ਵਿਚ ਡਾ. ਅਟਵਾਲ ਸਦਾ ਯਾਦ ਰਹਿਣਗੇ ।ਉਨ੍ਹਾਂ ਨੇ ਕਈ ਸਾਹਿਤਕ ਸੰਸਥਾਵਾਂ ਵਿਚ ਰਹਿ ਕੇ ਕੰਮ ਕੀਤਾ । ਨਵਾਂ ਜ਼ਮਾਨਾ ਵਿਚ ਡਾ. ਅਟਵਾਲ ਦਾ ਕਿਤਾਬਾਂ ਦਾ ਵਿਸ਼ਲੇਸ਼ਣ ਤੇ ਕਾਲਮ ਯਾਦ ਰਹਿਣਗੇ । ਇਸ ਅੰਕ 'ਚ ਰਾਜਨੀਤੀ ਪੰਨੇ 'ਤੇ ਰੱਬ ਨੂੰ ਉਮਰ ਕੈਦ (ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ) ਪੜ੍ਹ ਕੇ ਪਾਖੰਡੀ ਰੱਬ ਦੇ ਪਾਜ ਖੁੱਲ੍ਹੇ ।ਬਹੁਤ ਕੁਝ ਖਬਰਾਂ ਵਿਚ ਇਸ ਪਾਦਰੀ ਬਾਰੇ ਛਪ ਚੁੱਕਾ ਹੈ, ਸਗੋਂ ਇਕ ਹੋਰ ਪਾਦਰੀ ਦੀ ਵੀ ਪੁਲਸ ਨੂੰ ਤਲਾਸ਼ ਹੈ। ਪੰਜਾਬ ਦੀ ਧਰਤੀ 'ਤੇ ਇਹ ਪਾਖੰਡ ਨਹੀਂ ਚੱਲਣੇ ਚਾਹੀਦੇ। ਲੋਕਾਂ ਨੂੰ ਵੀ ਡੇਰਾਵਾਦੀ ਕਲਚਰ ਛੱਡਣ ਵਿਚ ਹੀ ਭਲਾ ਹੈ। ਨਵਾਂ ਜ਼ਮਾਨਾ ਤੋਂ ਰੌਸ਼ਨੀ ਲੈਣ ਦੀ ਲੋੜ ਹੈ । ਵਿਜੇ ਬੰਬੇਲੀ ਨੇ ਨਵਾਂ ਸ਼ਹਿਰ ਦਾ ਇਤਿਹਾਸ ਲਿਖ ਕੇ ਚੰਗੀ ਜਾਣਕਾਰੀ ਦਿੱਤੀ ਹੈ। ਰੂਪ ਲਾਲ ਰੂਪ ਦਾ ਐੱਮ ਐੱਲ ਏ ਨਾਲ ਸਫਰ ਸੁਹਾਵਣਾ ਲੱਗਾ ।ਹੁਣ ਇਹੋ ਜਿਹੇ ਐੱਮ ਐੱਲ ਏ ਲੱਭਣੇ ਮੁਸ਼ਕਲ ਹਨ । ਅਵਲ ਤਾਂ ਅਸੀਂ ਵਿਧਾਇਕਾਂ ਨੂੰ ਮਿਲ ਹੀ ਨਹੀਂ ਸਕਦੇ ।ਕਿਤਾਬਾਂ ਵਿਚ ਸਾਊ ਕੁੜੀਆਂ ਦਾ ਡਾ. ਪਰਮਜੀਤ ਢੀਂਗਰਾ ਦਾ ਵਿਸ਼ਲੇਸ਼ਣ ਕਿਤਾਬ ਬਾਰੇ ਚੰਗੀ ਜਾਣਕਾਰੀ ਦੇ ਗਿਆ ।ਹੁਣ ਸਾਊ ਦੇ ਮਾਇਨੇ ਬਦਲ ਚੁੱਕੇ ਹਨ ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

### ਡਾ. ਹਰਜਿੰਦਰ ਸਿੰਘ ਅਟਵਾਲ ਦਾ ਬੇਵਕਤ ਤੁਰ ਜਾਣਾ ਬੇਹੱਦ ਦੁਖਦਾਇਕ

6 ਅਪਰੈਲ ਦੇ 'ਐਤਵਾਰਤਾ' ਵਿੱਚ ਛਪੇ ਡਾ. ਲਖਵਿੰਦਰ ਸਿੰਘ ਜੌਹਲ ਦੇ ਲੇਖ 'ਸਹਿਜ ਅਤੇ ਸਿਰੜੀ ਸ਼ਖ਼ਸੀਅਤ ਡਾ. ਅਟਵਾਲ' ਮਨ ਨੂੰ ਪਸੀਜ ਦੇਣ ਵਾਲੀ ਭਾਵੁਕ ਸੁਰ ਵਿੱਚ ਲਿਖਿਆ ਗਿਆ ਆਰਟੀਕਲ ਹੈ। ਡਾ. ਜੌਹਲ ਨੇ ਬਿਲਕੁਲ ਠੀਕ ਲਿਖਿਆ ਹੈ ਕਿ ਅਟਵਾਲ ਦਾ ਤੁਰ ਜਾਣਾ ਅਸਹਿ ਤੇ ਅਕਹਿ ਦਰਦ ਬਣ ਕੇ ਬਹੁੜਨ ਵਾਲੀ ਮਨਹੂਸ ਘਟਨਾ ਹੈ।

ਡਾ. ਹਰਜਿੰਦਰ ਸਿੰਘ ਅਟਵਾਲ ਨੂੰ ਮੈਂ ਪਿਛਲੇ 42 ਸਾਲਾਂ ਤੋਂ ਜਾਣਦਾ ਹਾਂ। ਅਕਾਦਮਿਕ ਹਲਕਿਆਂ ਵਿੱਚ ਸਨਮਾਨਯੋਗ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਪ੍ਰਸਿੱਧ ਲੇਖਕ ਤੇ ਆਲੋਚਕ ਡਾ. ਹਰਜਿੰਦਰ ਸਿੰਘ ਅਟਵਾਲ ਦੇ ਬੇਵਕਤ ਤੁਰ ਜਾਣ ਦੀ ਖਬਰ ਬਹੁਤ ਦੁਖਦਾਇਕ ਹੈ। ਡਾ. ਅਟਵਾਲ ਨੇ ਅਜੇ ਬਹੁਤ ਕੰਮ ਕਰਨੇ ਸਨ, ਜਿਨ੍ਹਾਂ ਨੂੰ ਉਹ ਅਧੂਰੇ ਛੱਡ ਕੇ ਚਲਾ ਗਿਆ ਹੈ। ਉਸ ਦੇ ਕੀਤੇ ਕੰਮਾਂ ਨੂੰ ਯਾਦ ਕਰਕੇ ਤੇ ਉਨ੍ਹਾਂ ਦਾ ਮੁਲਾਂਕਣ ਕਰਕੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਜਾ ਸਕਦੀ ਹੈ।

**— ਡਾ. ਪ੍ਰਿਤਪਾਲ ਸਿੰਘ ਮਹਿਰੋਕ**

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

**ਗ਼ਦਰ ਪਾਰਟੀ ਦੀ ਸਥਾਪਨਾ ਦਿਵਸ 'ਤੇ ਵਿਸ਼ੇਸ਼**

**ਅਰੁਣਾ ਆਸਿਫ਼ ਅਲੀ ਦੇ ਅੰਦੋਲਨ ਦੀ ਨਾਇਕ : ਅਨਿਲ ਰਾਜਿਮਵਾਲੇ**

**'ਅਰਬਿੰਦੋ' : ਅਸ਼ਵਨੀ ਗੁਪਤਾ, (ਫੋਕਸ) ਡਾ. ਅਨੁਰਾਗ ਸ਼ਰਮਾ**

**ਸਿਆਮ ਸੁੰਦਰ ਦੀਪਤੀ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**



ਜਗਦੀਸ਼ ਰਾਣਾ, ਜੋ ਕਿ ਲੰਬੇ ਸਮੇਂ ਤੋਂ ਗ਼ਜ਼ਲ ਕਹਿੰਦਾ ਆ ਰਿਹਾ ਹੈ,ਉਸ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਅਧਖਿੜੇ ਗੁਲਾਬ' ਲੋਕ ਅਰਪਣ ਕਰਨ ਦਾ ਅਵਸਰ ਮੈਨੂੰ ਪ੍ਰਾਪਤ ਹੋਇਆ।ਉਸ ਦੇ ਇਸ ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਉਸ ਦਾ ਗੀਤ ਸੰਗ੍ਰਹਿ 'ਯਾਦਾਂ ਦੇ ਗਲੋਟੇ' 2011 ਈ.ਵਿੱਚ ਪ੍ਰਕਾਸ਼ਿਤ ਹੋਇਆ ਸੀ।ਇਸ ਗੀਤ ਸੰਗ੍ਰਹਿ ਵਿਚਲੇ ਗੀਤਾਂ ਨੂੰ ਉਸ ਸਮੇਂ ਦੇ ਨਾਮਵਰ ਗਾਇਕਾਂ ਵਲੋਂ ਗਾਇਆ ਗਿਆ ਸੀ।

ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਦੇ ਅਨੇਕਾਂ ਵਿਸ਼ੇ : ਮੁਹੱਬਤ ਸੰਯੋਗ-ਵਿਯੋਗ, ਦੁੱਖ- ਸੁੱਖ, ਗ਼ਰੀਬੀ-ਅਮੀਰੀ,ਉਚ- ਨੀਚ, ਧਾਰਮਿਕ ਕੱਟੜਤਾ, ਸਮਾਜਿਕ ਅਸਮਾਨਤਾ ਅਤੇ ਰਾਜਨੀਤਕ ਵਿਵਸਥਾ ਨਾਲ ਸੰਬੰਧਿਤ ਹਨ ਕਿਉਂਕਿ ਗ਼ਜ਼ਲ ਦਾ ਹਰ ਇਕ ਸ਼ਿਆਰ ਵੱਖ- ਵੱਖ ਵਿਸ਼ਿਆਂ,ਰੂਪਕ ਬੰਦਿਸ਼ ਅਧੀਨ ਹੀ ਕਿਹਾ ਜਾਂਦਾ ਹੈ।ਗ਼ਜ਼ਲਾਂ ਦੇ ਸ਼ਿਅਰ 'ਵਿਵਸਥਾ' ਨੂੰ ਸੰਬੋਧਿਤ ਹਨ ਅਤੇ 'ਵਿਵਸਥਾ' ਦੀਆਂ ਅਨੈਤਿਕ ਕਾਰਵਾਈਆਂ ਦੇ ਖ਼ਿਲਾਫ ਜੂਝਦੇ ਸੰਘਰਸ਼ੀ ਯੋਧਿਆਂ ਦੀ ਗਾਥਾ ਕਹਿਣ ਵੱਲ ਵੱਧਦੇ ਹਨ। 'ਨਵਾਂ ਜ਼ਮਾਨਾ' ਦੇ ਪਾਠਕਾਂ ਲਈ ਉਸ ਦੀਆਂ ਕੁਝ ਗਜ਼ਲਾਂ ਪੇਸ਼ ਕਰਦਿਆਂ ਖੁਸ਼ੀ ਮਹਿਸੂਸ ਕਰਦਾ ਹਾਂ

-ਸੰਧੂ ਵਰਿਆਣਵੀ

# ਜਗਦੀਸ਼ ਰਾਣਾ ਦੀਆਂ ਨਵੀਆਂ .ਗ਼ਜ਼ਲਾਂ

(1)

ਸਮਝੀ ਨਾ ਏਨੀ ਗੱਲ ਵੀ ਕਿਉਂ ਬੇਸਮਝ ਸੰਸਾਰ ਨੇ।
ਇਹ ਪਦਵੀਆਂ ਇਹ ਦੌਲਤਾਂ, ਇਕ ਮੋੜ 'ਤੇ ਬੇਕਾਰ ਨੇ ।

ਧੋਖਾ ਤੇਰਾ ਸੁਭਾਅ ਰਿਹੈ, ਫਿਰ ਵੀ ਨਿਭਾਈ ਮੈਂ ਸਦਾ,
ਤੇਰੇ ਜਿਹੇ ਹਜ਼ਾਰ ਪਰ, ਮੇਰੇ ਜਿਹੇ ਦੋ ਚਾਰ ਨੇ ।

ਐ ਕਾਤਿਲੋ ! ਨਾ ਸਮਝਿਓ ਉਹ ਮਰ ਗਿਆ ਸਦਾ ਲਈ,
ਮਰਿਆ ਉਦ੍ਹਾ ਸਰੀਰ ਹੈ, ਜ਼ਿੰਦਾ ਉਦ੍ਹੇ ਵਿਚਾਰ ਨੇ ।

ਸਾਦਿਕ-ਅਮੀਨ ਕੌਣ ਹੈ ? ਸਾਰੇ ਹੀ ਠੱਗ ਨੇ ਇਸ ਜਗ੍ਹਾ,
ਗੱਲਾਂ ਦੇ ਨਾਲ਼ ਹੀ ਇਨ੍ਹਾਂ ਹੁਣ ਮਹਿਲ ਹਨ ਉਸਾਰਨੇ ।

ਗੋਬਿੰਦ, ਅਸ਼ੋਕ, ਭੀਮ ਦੇ ਵਾਰਿਸ ਅਸੀਂ ਹਾਂ ਯਾਦ ਰੱਖ,
ਰੱਖੀਏ ਬੁਲੰਦ ਹੌਂਸਲੇ, ਸਿੱਖੇ ਨਾ ਯੁੱਧ ਹਾਰਨੇ।

ਮੇਰੇ ਅਜ਼ੀਜ਼ ਪਿਆਰਿਓ, ਰੁਖ਼ਸਤ ਜਦੋਂ ਮੈਂ ਹੋ ਗਿਆ,
ਪਾਣੀ 'ਚ ਫੁੱਲ ਨਾ ਤਾਰ ਕੇ ਖੇਤਾਂ 'ਚ ਹਨ ਖਿਲਾਰਨੇ ।

ਕਿੱਦਾਂ ਸਮਾਂ ਲੰਘਾ ਰਿਹੈ, ਪੁੱਛੋ ਕਿਸੇ ਗ਼ਰੀਬ ਨੂੰ,
ਮਹਿੰਗਾਈ ਨੇ ਤਾਂ ਜਾਪਦੈ ਸਾਰੇ ਗ਼ਰੀਬ ਮਾਰਨੇ।

ਦੁਸ਼ਮਣ ਦਾ ਹੱਕ ਦੁਸ਼ਮਣੀ, ਪਰ ਦੋਸਤਾਂ ਨੂੰ ਕੀ ਕਹਾਂ ?
ਪਤਝੜ 'ਤੇ ਕੀ ਗਿਲਾ ਕਰਾਂ ਜਦ ਲੁੱਟਿਆ ਬਹਾਰ ਨੇ ।

ਸੁੱਟ ਦੇ ਕਲ਼ਮ ਨੂੰ ਤੋੜ ਕੇ ਫ਼ਾਇਦਾ ਕੀ ਲਿਖਣ ਦਾ ਜੇ ਤੂੰ,
ਮਸਲੇ ਦੁਖੀ ਸਮਾਜ ਦੇ ਗ਼ਜ਼ਲਾਂ 'ਚ ਨਈਂ ਉਭਾਰਨੇ।

ਅਪਣੇ ਵਿਛਾਏ ਜਾਲ਼ ਵਿਚ, ਅੱਜ ਆਪ ਹੀ ਉਹ ਫਸ ਗਏ,
'ਰਾਣੇ' ਸ਼ਿਕਾਰੀ ਆਪ ਹੀ ਅੱਜ ਹੋ ਗਏ ਸ਼ਿਕਾਰ ਨੇ।

(2)

ਜਿੱਤੀ ਬਾਜ਼ੀ ਹਾਰਨ ਵਾਲ਼ੇ ਸਾਡੇ ਹੀ ਨੇ ਸਾਡੇ ਹੀ ਨੇ।
ਸਾਨੂੰ ਜੀਂਦੇ ਮਾਰਨ ਵਾਲ਼ੇ ਸਾਡੇ ਹੀ ਨੇ ਸਾਡੇ ਹੀ ਨੇ ।

ਦਸਮ ਪਿਤਾ ਨੇ ਸਿਰ ਮੰਗੇ ਜਦ, ਸੋਚਾਂ ਵਿਚ ਸਭ ਲੋਕ ਪਏ ਸਨ,
ਭੀੜ 'ਚੋਂ ਉੱਠੇ ਸਿਰ ਵਾਰਨ ਵਾਲ਼ੇ,ਸਾਡੇ ਹੀ ਨੇ ਸਾਡੇ ਹੀ ਨੇ।

ਸ਼ਿਕਵੇ ਕਰੀਏ ਜਾਂ ਸ਼ੁਕਰਾਨੇ ਏਹੋ ਗੱਲ਼ ਨਾ ਖਾਨੇ ਪੈਂਦੀ,
ਸਾਨੂੰ ਡੋਬਣ ਤਾਰਨ ਵਾਲ਼ੇ,ਸਾਡੇ ਹੀ ਨੇ ਸਾਡੇ ਹੀ ਨੇ ।

ਕਿਰਤੀ ਦੇ ਪੁੱਤ ਕੱਚੇ ਘਰ ਵਿਚ, ਸਾਰਾ ਜੀਵਨ ਜੀਂਦੇ ਫਿਰ ਵੀ,
ਇਹ ਜੋ ਮਹਿਲ ਉਸਾਰਨ ਵਾਲ਼ੇ, ਸਾਡੇ ਹੀ ਨੇ ਸਾਡੇ ਹੀ ਨੇ।

ਜ਼ਰਦਾਰਾਂ ਤੋਂ ਡਰ ਕੇ ਸਾਰੇ ਚੁੱਪ ਧਾਰੀ ਬੈਠੇ ਨੇ ਐਪਰ,
ਜ਼ਾਲਿਮ ਨੂੰ ਲਲਕਾਰਨ ਵਾਲ਼ੇ,ਸਾਡੇ ਹੀ ਨੇ ਸਾਡੇ ਹੀ ਨੇ ।

ਸਦੀਆਂ ਤੀਕਰ ਏਸ ਜ਼ਮਾਨੇ, ਜਿਹਨਾਂ ਨੂੰ ਇਨਸਾਨ ਨਾ ਮੰਨਿਆ,
ਏਡੇ ਜ਼ੁਲਮ ਸਹਾਰਨ ਵਾਲ਼ੇ ਸਾਡੇ ਹੀ ਨੇ ਸਾਡੇ ਹੀ ਨੇ।

ਮਤਲਬਖ਼ੋਰ ਜ਼ਮਾਨੇ ਦੇ ਵਿਚ, ਕੌਣ ਕਿਸੇ ਦਾ ਦੁੱਖ ਸਮਝਦਾ,
ਇਹ ਜੋ ਦੁੱਖ ਨਿਵਾਰਨ ਵਾਲ਼ੇ ਸਾਡੇ ਹੀ ਨੇ, ਸਾਡੇ ਹੀ ਨੇ ।

ਜਿਹਨਾਂ ਨੇ ਗ਼ੱਦਾਰੀ ਕੀਤੀ ਉਹ ਸਾਡੇ ਕਿੰਝ ਹੋ ਸਕਦੇ ਹਨ ?
ਦੇਸ਼ ਤੋਂ ਜਾਨਾਂ ਵਾਰਨ ਵਾਲ਼ੇ, ਸਾਡੇ ਹੀ ਨੇ ਸਾਡੇ ਹੀ ਨੇ ।

ਮੌਤ ਨੂੰ ਮਾਸੀ ਕਹਿਣ ਹਮੇਸ਼ਾ, ਮਾਫ਼ੀ ਮੰਗ ਨਾ ਜਾਨ ਛੁਡਾਉਂਦੇ,
ਹਾਕਮ ਨੂੰ ਵੰਗਾਰਨ ਵਾਲ਼ੇ ਸਾਡੇ ਹੀ ਨੇ ਸਾਡੇ ਹੀ ਨੇ।

(3)

ਨਾ ਮੈਂ ਹਿੰਦੂ ਨਾ ਮੈਂ ਬੋਧੀ ਨਾ ਮੈਂ ਮੁਸਲਿਮ, ਸਿੱਖ, ਈਸਾਈ।
ਮੈਨੂੰ ਸਾਰੇ ਆਪਣੇ ਲੱਗਣ, ਮੈਂ ਹਾਂ ਸਭ ਦਾ 'ਰਾਣਾ' ਭਾਈ।

ਮਟਕਾ ਚੌਂਕ 'ਚ ਧਰਨਾ ਲਾ ਕੇ, ਮੰਗ ਰਹੀ ਰੁਜ਼ਗਾਰ ਕਦੋਂ ਦੀ,
ਹਾਕਮ ਗੂੰਗਾ ਅੰਨ੍ਹਾ ਬੋਲ਼ਾ ਇਸ ਨੇ ਜਨਤਾ ਮਾਰ ਮੁਕਾਈ। ।

ਦੋ ਵੇਲੇ ਦੀ ਰੋਟੀ ਖਾਤਿਰ, ਸੌ-ਸੌ ਪਾਪੜ ਵੇਲ ਰਹੇ ਹਾਂ,
ਹਾਕਮ ਧਿਰ ਨੂੰ ਹਾਲੇ ਵੀ ਪਰ ਦਿਸਦੀ ਕਿੱਧਰੇ ਨਾ ਮਹਿੰਗਾਈ ।

ਕਿਰਤੀ ਦਾ ਕਿਉਂ ਖੀਸਾ ਖਾਲੀ, ਕਿਰਤੀ ਦਾ ਕਿਉਂ ਚੁੱਲ੍ਹਾ ਠੰਢਾ ?
ਐ ਸ਼ਾਸਕ ! ਤੂੰ ਕੁਝ ਤਾਂ ਦੱਸ ਦੇ ਕਿਰਤੀ ਪੱਲੇ ਕਿਉਂ ਰੁਸਵਾਈ ?

ਮਜ਼ਦੂਰਾਂ ਦੇ ਦਿਹਾੜੇ ਦੇ ਵਿਚ ਜਿਸ ਦਿਨ ਦੀ ਖੁਸ਼ਹਾਲੀ ਆਊ,
ਫਿਰ ਹੋਵੇਗੀ ਈਦ ਮੁਬਾਰਕ, ਦੀਵਾਲ਼ੀ ਦੀ ਫੇਰ ਵਧਾਈ।

ਹੁਣ ਵੀ ਆਸ ਹੈ ਝੱਲੇ ਦਿਲ ਨੂੰ, ਇਕ ਦਿਨ ਤਾਂ ਮੁੜ ਆਵੇਗਾ ਉਹ,
ਪਰਦੇਸਾਂ ਵਿਚ ਪੱਕਾ ਹੋ ਕੇ,ਜਿਸ ਨੇ ਸਾਡੀ ਯਾਦ ਭੁਲਾਈ ।

ਤਿਲ-ਤਿਲ ਕਰ ਕੇ ਮਰਦੇ ਲੋਕੋ ਡਰਨਾ ਛੱਡੋ, ਲੜਨਾ ਸਿੱਖੋ,
ਜਿੱਦਣ ਸਾਰੇ ਉੱਠ ਖੜ੍ਹੇ ਤਾਂ ਸਮਝੋ ਸ਼ਾਮਤ ਉਸ ਦੀ ਆਈ।

ਸੱਚ ਦਾ ਸੂਰਜ ਚੜ੍ਹ ਕੇ ਰਹਿਣਾ ਝੂਠ ਹਨੇਰਾ ਮਿਟ ਜਾਵੇਗਾ,
ਸੱਚ 'ਤੇ ਪਰਦਾ ਤਾਂ ਪੈ ਸਕਦੈ ਪਰ ਨਾ ਮਰਦੀ ਹੈ ਸੱਚਾਈ ।

ਅੱਤ ਖ਼ੁਦਾ ਦਾ ਵੈਰ ਹੈ ਹੁੰਦਾ ਮੁੱਢ ਤੋਂ ਏਹੀ ਸੁਣਦੇ ਆਏ,
ਹੁਣ ਸੰਗਰਾਮ ਹੈ ਕਰਨਾ ਪੈਣਾ, ਜ਼ਾਲਿਮ ਨੇ ਹੈ ਅੱਤ ਮਚਾਈ।

(4)

ਗ਼ਲਤ ਨੂੰ ਤੂੰ ਗ਼ਲਤ ਜੇ ਕਹਿਣਾ ਨਹੀਂ ਹੈ।
ਫੇਰ ਅਪਣਾ ਸਾਥ ਵੀ ਰਹਿਣਾ ਨਹੀਂ ਹੈ।

ਜੇ ਕਲੀ ਕਚਨਾਰ ਦੀ ਤੂੰ ਫਿਰ ਮਧੋਲੀ,
ਮਾਲੀਆ ਹੁਣ ਭੌਰ ਨੇ ਸਹਿਣਾ ਨਹੀਂ ਹੈ।

ਖ਼ੂਬਸੂਰਤ ਏਂ ਬਹੁਤ, ਪਰ ਹੈ ਕਮੀ ਇਹ,
ਕੋਲ਼ ਤੇਰੇ ਸ਼ਰਮ ਦਾ ਗਹਿਣਾ ਨਹੀਂ ਹੈ ।

ਪੜ੍ਹ ਲਿਆ ਇਤਿਹਾਸ ਜਿਸ ਨੇ ਰਹਿਬਰਾਂ ਦਾ,
ਫੇਰ ਉਸ ਨੇ ਟਿਕ ਕੇ ਤਾਂ ਬਹਿਣਾ ਨਹੀਂ ਹੈ।

ਪਿੰਗਲਿਆਂ ਦੇ ਨਾਲ਼ ਤੋਰੇਂ ਰਜਨੀਆਂ ਤੂੰ,
ਪਾਪ ਹੈ ਇਹ ਹੁਣ ਕਿਸੇ ਸਹਿਣਾ ਨਹੀਂ ਹੈ।

ਮੰਗਵੇਂ ਖੰਭਾਂ 'ਤੇ ਜੇ ਉਡਦਾ ਰਿਹਾ ਤੂੰ,
ਫਿਰ ਭਰੋਸਾ ਖ਼ੁਦ 'ਤੇ ਹੀ ਰਹਿਣਾ ਨਹੀਂ ਹੈ ।

ਚੜ੍ਹ ਗਿਆ ਹੈ ਰੰਗ ਰੂਹ 'ਤੇ ਆਸ਼ਿਕੀ ਦਾ,
ਇਹ ਮਜੀਠੀ ਰੰਗ ਹੁਣ ਲਹਿਣਾ ਨਹੀਂ ਹੈ।

ਰਹਿਣਗੇ ਬਦਕਾਰ ਭਾਰੂ, ਚੰਗਿਆਂ ਨੇ,
ਜੇ ਬਦੀ ਦੇ ਸੰਗ ਹੀ ਖਹਿਣਾ ਨਹੀਂ ਹੈ।

ਸੁੱਕ ਗਏ ਪਥਰਾਅ ਗਏ ਹਨ ਨੈਣ 'ਰਾਣੇ',
ਹੁਣ ਮਿਲੇਂ ਵੀ ਤੂੰ, ਇਨ੍ਹਾਂ ਵਹਿਣਾ ਨਹੀਂ ਹੈ।

(5)

ਦਿੱਤੇ ਜੋ ਬੇਵਫ਼ਾ ਨੇ, ਸਦਮੇ ਹੰਢਾ ਰਹੇ ਹਾਂ।
ਅਪਣੇ ਹੀ ਹੱਥੀਂ ਰੀਝਾਂ ਸੂਲ਼ੀ ਚੜ੍ਹਾ ਰਹੇ ਹਾਂ।

ਚਾਨਣ ਦੀ ਗੱਲ ਕਰੀਏ ਭਾਵੇਂ ਹਰੇਕ ਥਾਂ 'ਤੇ,
ਨੇਰ੍ਹੇ ਦੇ ਨਾਲ਼ ਵੀ ਪਰ ਸਾਂਝਾਂ ਵਧਾ ਰਹੇ ਹਾਂ।

ਮਹਿੰਗਾਈ ਡੈਣ ਨੇ ਜਦ, ਹੱਥਾਂ 'ਚੋਂ ਖੋਹੇ ਟੁੱਕਰ,
ਇਹ ਕਹਿਰ ਹੈ ਸਮੇਂ ਦਾ ਅੰਗਿਆਰ ਖਾ ਰਹੇ ਹਾਂ।

ਗੇਹੂੰ, ਜਵਾਰ, ਦਲ਼ੀਆ ਤੇ ਬਾਜਰਾ ਛੁਡਾ ਕੇ,
ਪੀਜ਼ੇ ਤੇ ਬਰਗਰਾਂ 'ਤੇ ਬੱਚੇ ਲਗਾ ਰਹੇ ਹਾਂ।

ਏਨੇ ਕੁ ਲਾਲਚੀ ਹਾਂ ਉਪਜਾਂ ਵਧਾਉਣ ਖ਼ਾਤਿਰ,
ਧਰਤੀ ਦੀ ਕੁੱਖ ਵਿੱਚ ਨਿੱਤ
ਜ਼ਹਿਰਾਂ ਮਿਲ਼ਾ ਰਹੇ ਹਾਂ ।

ਮਾਂ-ਬਾਪ ਦੀ ਕਦੇ ਵੀ ਨਾ ਸਾਰ ਪੁੱਛਣੀ ਹੈ,
ਸੰਤਾਂ ਦੇ ਪੈਰ ਘੁੱਟ ਕੇ ਸੇਵਾ ਕਮਾ ਰਹੇ ਹਾਂ।

ਪੜ੍ਹ ਲਿਖ ਕੇ ਕਰਕੇ ਮਿਹਨਤ,
ਮੰਜ਼ਿਲ 'ਤੇ ਪਹੁੰਚਣਾ ਹੈ,
ਅਪਣੇ ਨਸੀਬ ਆਪਾਂ, ਆਪੇ ਬਣਾ ਰਹੇ ਹਾਂ।

ਰਾਹਬਰ ਦਾ ਆਖਣਾ ਸੀ, 'ਇੱਕ ਝੰਡੇ ਹੇਠ ਰਹਿਣਾ',
ਝੰਡੇ ਅਲੱਗ ਕਰਕੇ, ਝੰਡੇ ਝੁਲਾ ਰਹੇ ਹਾਂ।

ਮਸਲਾ ਹੈ ਆਸਥਾ ਦਾ, 'ਰਾਣੇ' ਨਾ ਬੋਲ ਕੁਝ ਵੀ,
ਮੜ੍ਹੀਆਂ ਨੂੰ ਪੂਜਦੇ ਹਾਂ ਡੇਰੇ ਧਿਆ ਰਹੇ ਹਾਂ ।

(6)

ਗ਼ਰੀਬ ਦਾ ਹੱਕ ਖਾ ਰਿਹਾ ਏ। ਚਲਾਕ ਅਪਣੀ ਚਲਾ ਰਿਹਾ ਏ।

ਵਜ਼ੀਰ ਕਿੱਦਾਂ ਦਾ ਚੁਣ ਲਿਆ ਹੈ,
ਕਿ ਰੋਜ਼ ਜੁਮਲੇ ਸੁਣਾ ਰਿਹਾ ਏ।

ਅਖ਼ੀਰ ਝੁਕਣਾ ਪਵੇਗਾ, ਉਸ ਨੂੰ,
ਅਵਾਮ ਨੂੰ ਜੋ ਝੁਕਾ ਰਿਹਾ ਏ।

ਸਮਾਜ ਸੇਵਕ ਕਹਾਉਣ ਵਾਲ਼ਾ, ਸਮਾਜ ਨੂੰ ਹੀ ਦਬਾ ਰਿਹਾ ਏ।

ਸੁਨਾਰ ਦੀ ਸੌ, ਲੁਹਾਰ ਦੀ ਇਕ,
ਇਹ ਗੱਲ ਕਿਉਂ ਉਹ ਭੁਲਾ ਰਿਹਾ ਏ ?

ਇਲਾਜ ਚਾਹੁੰਦੈ ਹਰੇਕ ਬੰਦਾ, ਹਕੀਮ ਚਾਰੇ ਬਤਾ ਰਿਹਾ ਏ।

ਹਬੀਬ ਵੀ ਹੈ ਰਕੀਬ ਹੋਇਆ,
ਸਮਾਂ ਇਹ ਦਿਨ ਵੀ ਦਿਖਾ ਰਿਹਾ ਏ।

ਫ਼ਕੀਰ ਮੰਗੇ ਜਹਾਨ ਦਾ ਸੁੱਖ, ਕਮਾਈ ਕਿੰਨੀ ਕਮਾ ਰਿਹਾ ਏ।

ਵਿਦੇਸ਼ ਜਾ ਕੇ ਜੇ ਵਸ ਗਏ ਸਨ,
ਵਤਨ ਉਨ੍ਹਾਂ ਤੂੰ ਬੁਲਾ ਰਿਹਾ ਏ।

ਅਜੀਬ ਚੱਲਦਾ ਸਮਾਂ ਹੈ 'ਰਾਣੇ',
ਡਰੇ ਨੂੰ ਹਰ ਇਕ ਡਰਾ ਰਿਹਾ ਏ।

# ਚੇਤਿਆਂ ਦੀ ਕੈਨਵਸ 'ਤੇ ਉੱਕਰਿਆ ਫਰੈਂਕਫਰਟ

ਜਰਮਨੀ ਦੇ ਦਸ ਵੱਡੇ ਸ਼ਹਿਰਾਂ ਵਿੱਚ ਫਰੈਂਕਫਰਟ ਪੰਜਵਾਂ ਵੱਡਾ ਸ਼ਹਿਰ ਹੈ।2019 ਦੀ ਜਨਗਣਨਾ ਅਨੁਸਾਰ ਇਸ ਦੀ ਅਬਾਦੀ ਲੱਗਭੱਗ 7.53 ਲੱਖ ਹੈ।ਪੂਰਾ ਸ਼ਹਿਰ ਦੋ ਵੱਡੇ ਭਾਗਾਂ ਵਿੱਚ ਵੰਡਿਆ ਹੋਇਆ ਹੈ ।(Frankfurt Oder and Frankfurt AM Mine)।ਉੱਚੀਆਂ-ਉੱਚੀਆਂ ਬਿਲਡਿੰਗਾਂ ਦਾ ਕਰਕੇ ਇਸ ਨੂੰ Mainhutten ਵੀ ਕਿਹਾ ਜਾਂਦਾ ਹੈ।ਜਰਮਨ ਦੇ ਵੈਸਟਰਨ ਹਿੱਸੇ ਵਿੱਚ ਵੱਸੇ ਇਸ ਸ਼ਹਿਰ ਅੰਦਰ ਅੰਤਰਰਾਸ਼ਟਰੀ ਦਫ਼ਤਰ, ਅੰਬਰ ਛੂੰਹਦੀਆਂ ਇਮਾਰਤਾਂ ਤੇ ਮਲਟੀਕਲਚਰ ਪਾਪੂਲੇਸ਼ਨ ਕਰਕੇ ਇਸ ਸ਼ਹਿਰ ਦਾ ਆਪਣਾ ਹੀ ਰੰਗ-ਢੰਗ ਹੈ।ਮੇਨ ਦਰਿਆ (ਜਿਸ ਨੂੰ ਇੱਥੇ ਮਾਈਨ ਰਿਵਰ ਬੋਲਿਆ ਜਾਂਦਾ ਹੈ) ਦੇ ਕੰਢੇ-ਕੰਢੇ ਵੱਸਿਆ ਫਰੈਂਕਫਰਟ ਬਹੁਤ ਹੀ ਖ਼ੂਬਸੂਰਤ ਸ਼ਹਿਰ ਹੈ।ਇਸ ਦਰਿਆ ਵਿੱਚ ਛੋਟੇ-ਵੱਡੇ ਜਹਾਜ਼ਾਂ ਰਾਹੀਂ ਟ੍ਰਾਂਸਪੋਰਟੇਸ਼ਨ ਦਾ ਕਾਫੀ ਕੰਮ ਕੀਤਾ ਜਾਂਦਾ ਹੈ। ਦਸੰਬਰ 2023 ਵਿੱਚ ਮੈਨੂੰ ਇਹ ਨਜ਼ਾਰਾ ਦੇਖਣ ਦਾ ਮੌਕਾ ਮਿਲਿਆ।05 ਦਸੰਬਰ 2023 ਤੋਂ 29 ਦਸੰਬਰ 2023 ਤੱਕ ਮੈਂ ਜਰਮਨ ਦੇ ਸ਼ਹਿਰ ਫਰੈਂਕਫਰਟ ਵਿੱਚ ਰਿਹਾ। ਇੱਥੋਂ ਦਾ ਆਵਾਜਾਈ ਦਾ ਸਿਸਟਮ ਮੈਨੂੰ ਬਹੁਤ ਹੀ ਵਧੀਆ ਲੱਗਾ।ਸ਼ਹਿਰ ਦੇ ਹਰੇਕ ਕੋਨੇ ਤੱਕ ਤੁਸੀਂ ਪਬਲਿਕ ਟ੍ਰਾਂਸਪੋਰਟ ਰਾਹੀਂ ਬਹੁਤ ਹੀ ਅਸਾਨੀ ਨਾਲ ਆ-ਜਾ ਸਕਦੇ ਹੋ।ਤੁਸੀਂ ਡੇ ਟਿਕਟ ਲ਼ੈ ਕੇ ਸਾਰਾ ਦਿਨ (24 ਘੰਟੇ) ਸ਼ਹਿਰ ਵਿੱਚ ਕਿਤੇ ਵੀ ਆ-ਜਾ ਸਕਦੇ ਓ।ਇਹ ਟਿਕਟ ਬੱਸ ਵਿੱਚ, ਟਰੇਨ ਵਿੱਚ, ਮੈਟਰੋ ਵਿੱਚ ਜਾਂ ਟਰਾਮ ਵਿੱਚ ਚੱਲਣਯੋਗ ਹੁੰਦੀ ਹੈ।ਵੈਸੇ ਰੋਜ਼ਾਨਾ ਸਫ਼ਰ ਕਰਨ ਵਾਲਿਆਂ ਨੇ ਤਾਂ ਤਿੰਨ ਮਹੀਨੇ ਦਾ ਪਾਸ ਬਣਾਇਆ ਹੁੰਦਾ ਹੈ।ਐਤਵਾਰ ਵਾਲੇ ਦਿਨ ਔਰਤ ਸਵਾਰੀ ਇਸ ਪਾਸ ਉੱਤੇ ਆਪਣੇ ਨਾਲ ਇੱਕ ਸਵਾਰੀ ਹੋਰ ਲੈ ਕੇ ਜਾ ਸਕਦੀ ਹੈ। ਯੂਰਪ ਦੇ ਹਰ ਸ਼ਹਿਰ ਵਿੱਚ ਦਸੰਬਰ ਦੇ ਮਹੀਨੇ ਕ੍ਰਿਸਮਿਸ ਮਾਰਕੀਟ ਲੱਗਦੀ ਹੈ, ਪਰ ਕੁਝ ਸ਼ਹਿਰਾਂ ਦੀ ਇਹ ਮਾਰਕੀਟ ਬਹੁਤ ਮਸ਼ਹੂਰ ਹੈ ਤੇ ਉਨ੍ਹਾਂ ਵਿੱਚੋਂ ਜਰਮਨੀ ਦੇ ਸ਼ਹਿਰ ਫਰੈਂਕਫਰਟ ਦੀ ਕ੍ਰਿਸਮਿਸ ਮਾਰਕੀਟ ਦਾ ਵੀ ਆਪਣਾ ਹੀ ਰੰਗ ਹੈ ।ਇਹ ਦਸੰਬਰ ਦੇ ਪਹਿਲੇ ਹਫ਼ਤੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਤੇ 24 ਦਸੰਬਰ ਦੀ ਰਾਤ 12 ਵਜੇ ਤੱਕ ਦੇਖਣਯੋਗ ਹੁੰਦੀ ਹੈ। ਵੈਸੇ ਤਾਂ ਇਹ ਮਾਰਕੀਟ ਸਾਰਾ ਦਿਨ ਹੀ



ਖੁੱਲ੍ਹੀ ਹੁੰਦੀ ਹੈ, ਪਰ ਸ਼ਾਮ ਹੁੰਦੇ ਹੀ ਇਸ ਦੀਆਂ ਰੰਗੀਨੀਆਂ ਦਾ ਰੰਗ ਉੱਘੜਨ ਲੱਗਦਾ ਹੈ ।ਸਾਰਾ ਦਿਨ ਦੇ ਆਪਣੇ ਕੰਮ-ਕਾਰ ਕਰਨ ਤੋਂ ਵਿਹਲੇ ਹੋ ਕੇ ਲੋਕ ਇਸ ਮਾਰਕੀਟ ਵਿੱਚ ਇਕੱਠੇ ਹੋ ਕੇ ਅਨੰਦ ਮਾਣਦੇ ਨੇ। 25 ਦਸੰਬਰ ਸਵੇਰ ਨੂੰ ਇੱਥੇ ਸੁੰਨ ਪੱਸਰ ਜਾਂਦੀ ਹੈ।ਸਭ ਦੁਕਾਨਦਾਰ ਆਪਣਾ ਸਾਮਾਨ ਸਮੇਟ ਕੇ ਚਲੇ ਜਾਂਦੇ ਹਨ। 25 ਦਸੰਬਰ ਨੂੰ ਸਭ ਲੋਕ ਆਪਣੇ-ਆਪਣੇ ਘਰਾਂ ਵਿੱਚ ਬੈਠ ਕੇ ਕ੍ਰਿਸਮਿਸ ਮਨਾਉਂਦੇ ਹਨ।ਬੱਚੇ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਨਾਲ ਪਰਵਾਰ ਸਮੇਤ ਘਰਾਂ ਅੰਦਰ ਅੰਗੀਠੀਆਂ ਬਾਲ ਕੇ ਜ਼ਿੰਦਗੀ ਦਾ ਅਨੰਦ ਮਾਣਦੇ ਹਨ। ਮੇਰਾ ਖਿਆਲ ਹੈ ਇਸ ਦਿਨ ਪਰਵਾਰ ਦੇ ਸਾਰੇ ਮੈਂਬਰਜ਼ ਆਪਣੇ ਜੱਦੀ ਘਰ ਵਿੱਚ ਇਕੱਠੇ ਹੁੰਦੇ ਹਨ। 8 ਦਸੰਬਰ ਦੀ ਸ਼ਾਮ ਮੈਂ ਤੇ ਮੇਰਾ ਹੋਸਟ ਗੁਰਪ੍ਰੀਤ ਕ੍ਰਿਸਮਿਸ ਮਾਰਕਿਟ ਘੁੰਮਣ ਗਏ। ਘਰੋਂ ਨਿਕਲ ਕੇ ਥੋੜ੍ਹੀ ਦੂਰ ਤੁਰ ਕੇ ਟਰਾਮ ਲੈ ਕੇ ਅਸੀਂ ਇਸ ਮਾਰਕੀਟ ਪਹੁੰਚ ਗਏ।ਕ੍ਰਿਸਮਿਸ ਦੇ ਦਿਨਾਂ ਵਿੱਚ ਹਰ ਸ਼ਾਮ ਨੂੰ ਇਹ ਦੇਖਣਯੋਗ ਹੁੰਦੀ ਹੈ।ਸਭ ਪਾਸੇ ਰੰਗ-ਬਰੰਗੀਆਂ ਰੌਸ਼ਨੀਆਂ ਇਸ ਨਜ਼ਾਰੇ ਨੂੰ ਹੋਰ ਵੀ ਦਿਲਕਸ਼ ਬਣਾ ਦਿੰਦੀਆਂ ਨੇ।ਇੱਥੋਂ ਦੇ ਲੋਕਾਂ ਦਾ ਬਹੇਵੀਅਰ ਤੁਹਾਨੂੰ ਪ੍ਰਭਾਵਤ ਕਰਦਾ ਹੈ। ਹਰ ਬੰਦਾ ਆਪਣੀ ਮੌਜ ਵਿੱਚ ਘੁੰਮਦਾ ਹੋਇਆ ਕ੍ਰਿਸਮਿਸ ਦਾ ਅਨੰਦ ਮਾਣਦਾ ਹੈ।ਕੋਈ ਵੀ ਕਿਸੇ ਨਾਲ ਬਦਤਮੀਜ਼ੀ ਨਹੀਂ ਕਰਦਾ।ਹਰ ਕੋਈ ਆਪਣੀ ਪਸੰਦ ਮੁਤਾਬਕ ਖਾ-ਪੀ ਰਿਹਾ ਹੁੰਦਾ ਹੈ। ਤੁਰਦੇ-ਤੁਰਦੇ ਲੋਕ ਕਾਫੀ, ਬੀਅਰ, ਵਿਸਕੀ, ਵਾਇਨ ਪੀ ਰਹੇ ਹੁੰਦੇ। ਹਲਕੀ-ਹਲਕੀ ਸਰਦੀ ਵਿੱਚ ਵੱਡੇ ਸਾਰੇ ਕੱਪ ਵਿੱਚ ਗਰਮ-ਗਰਮ ਵਾਇਨ ਤੇ ਨਾਲ ਗਰਮ-ਗਰਮ ਮੱਛੀ ਦਾ ਆਪਣਾ ਹੀ ਸੁਆਦ ਹੁੰਦਾ ਹੈ।ਦੁਕਾਨਦਾਰ ਇਸ ਕੱਪ ਬਦਲੇ 2 ਯੂਰੋ ਰੱਖ ਲੈਂਦਾ ਹੈ ਤੇ ਇੱਕ ਟੋਕਨ ਤੁਹਾਨੂੰ ਦੇ ਦਿੰਦਾ ਹੈ।ਫਿਰ ਕੱਪ ਖਾਲੀ ਹੋਣ 'ਤੇ ਇਹ ਟੋਕਨ ਵਾਪਸ ਕਰਨ 'ਤੇ 2 ਯੂਰੋ ਤੁਹਾਨੂੰ ਵਾਪਸ ਮਿਲ ਜਾਂਦੇ ਨੇ ।ਮੇਲੇ ਵਿੱਚ ਬਹੁਤ ਹੀ ਵਧੀਆ ਤੇ ਦਿਲਕਸ਼ ਪੰਘੂੜੇ ਲੱਗੇ ਹੋਏ ਸੀ। ਜਿਸ ਵਿੱਚ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕ ਇਸ ਦੀ ਸਵਾਰੀ ਕਰਦੇ ਪੂਰਾ ਅਨੰਦ ਮਾਣ ਰਹੇ ਸੀ।ਲੋਕ ਕ੍ਰਿਸਮਿਸ ਤਿਉਹਾਰ ਨੂੰ ਪੂਰੀ ਸ਼ਰਧਾ ਨਾਲ ਮਨਾਉਂਦੇ ਇੱਕ-ਦੂਸਰੇ ਨੂੰ ਗਿਫਟ ਭੇਟ ਕਰਦੇ।ਇਹ ਮਾਰਕੀਟ ਪੰਜਾਬ ਦੇ ਮੇਲਿਆਂ ਦਾ ਭੁਲੇਖਾ ਪਾਉਂਦੀ ਹੈ। ਫਰਕ ਸਿਰਫ ਇਹ ਸੀ ਕਿ ਇਸ ਵਿੱਚ ਲੋਕ ਬੀਅਰ, ਵਾਇਨ, ਵਿਸਕੀ ਦਾ ਸੇਵਨ



ਆਮ ਕਰਦੇ।ਬਾਕੀ ਖਾਣ-ਪੀਣ ਦੀਆਂ ਦੁਕਾਨਾਂ ਤੇ ਹੋਰ ਖ਼੍ਰੀਦੋ-ਫਰੋਖਤ ਦੀਆਂ ਦੁਕਾਨਾਂ ਆਪਣੇ ਮੇਲਿਆਂ ਦੀ ਤਰ੍ਹਾਂ ਹੀ ਹੁੰਦੀਆਂ। ਇਹ ਅਦਭੁੱਤ ਨਜ਼ਾਰੇ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਨੇ ਤੇ ਫਿਰ ਜਦੋਂ ਬੰਦਾ ਇਨ੍ਹਾਂ ਬੀਤੇ ਪਲਾਂ ਨੂੰ ਯਾਦ ਕਰਦਾ ਹੈ ਤਾਂ ਨਿਹਾਲ ਹੋ ਜਾਂਦਾ ਹੈ।ਬਾਕੀ ਮੈਂ ਦੇਖਿਆ ਕਿ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਲੋਕ ਭਾਵੇਂ ਅਲੱਗ-ਅਲੱਗ ਹੋਣ, ਭਾਸ਼ਾਵਾਂ ਅਲੱਗ-ਅਲੱਗ ਹੋਣ, ਪਰ ਚਿਹਰੇ ਤੋਂ ਝਲਕਦੀ ਖੁਸ਼ੀ ਜਾਂ ਦੁੱਖ ਸਭ ਮਨੁੱਖਾਂ ਦਾ ਇੱਕੋ ਜਿਹਾ ਹੀ ਪ੍ਰਤੀਤ ਹੁੰਦਾ ।ਜਰਮਨੀ ਜਾਂ ਯੂਰਪ ਦੇ ਬਾਕੀ ਦੇਸ਼ਾਂ ਦੇ ਲੋਕਾਂ ਦੀ ਖੁਸ਼ਹਾਲੀ ਉਨ੍ਹਾਂ ਦੇ ਚਿਹਰਿਆਂ ਤੋਂ ਸਾਫ ਝਲਕਦੀ ਹੈ।

ਸਵੇਰ ਦੀ ਸੈਰ ਕਰਦੇ ਸਮੇਂ ਬਿਨਾਂ ਕਿਸੇ ਭਿੰਨ-ਭੇਦ ਦੇ ਉਨ੍ਹਾਂ ਵੱਲੋਂ ਕੀਤੀ ਗੁੱਡ ਮਾਰਨਿੰਗ ਬੰਦੇ ਨੂੰ ਜ਼ਿੰਦਗੀ ਜਿਊਣ ਦਾ ਸੁਨੇਹਾ ਦੇ ਜਾਂਦੀ ਹੈ।ਯੂਰਪ ਦੀ 24 ਦਿਨਾਂ ਦੀ ਯਾਤਰਾ ਦੌਰਾਨ ਫਰੈਂਕਫਰਟ ਵਿੱਚ ਮੈਂ ਲੱਗਭੱਗ 15 ਦਿਨ ਸਟੇਅ ਕੀਤਾ ਸੀ ।ਹਰ ਰੋਜ਼ ਸਵੇਰ ਨੂੰ ਮੈਂ ਮਾਈਨ ਰਿਵਰ ਦੇ ਕੰਢੇ-ਕੰਢੇ 10 ਤੋਂ 12 ਕਿੱਲੋਮੀਟਰ ਸੈਰ ਕਰਨ ਨਿਕਲ ਜਾਂਦਾ ।ਰੋਜ਼ਾਨਾ ਆਉਣ-ਜਾਣ ਵਾਲੇ ਗੋਰੇ ਲੋਕ ਮੈਨੂੰ ਬੜੀ ਉਚੇਚ ਨਾਲ ਗੁੱਡ ਮਾਰਨਿੰਗ ਆਖਦੇ । ਮੈਂ ਵੀ ਬੜੇ ਆਦਰ ਸਹਿਤ ਉਨ੍ਹਾਂ ਨੂੰ ਗੁੱਡ ਮਾਰਨਿੰਗ ਆਖਦਾ ਆਪਣੀ ਤੋਰੇ ਤੁਰਿਆ ਜਾਂਦਾ ।ਮਾਈਨ ਰਿਵਰ 'ਚ ਤੇਜ਼ ਵਗਦੇ ਪਾਣੀ ਦੀਆਂ ਲਹਿਰਾਂ ਮੇਰੀ ਤੋਰ ਨੂੰ ਹੋਰ ਤੇਜ਼ ਕਰ ਦਿੰਦੀਆਂ ਤੇ ਫਿਰ ਮੈਂ ਹੋਰ ਤੇਜ਼ ਗਤੀ ਨਾਲ ਤੁਰਨ ਲੱਗਦਾ ।ਮੈਨੂੰ ਪਤਾ ਈ ਨਾ ਲੱਗਦਾ ਕਿ ਮੈਂ ਕਿੰਨੀ ਦੂਰ ਨਿਕਲ ਆਇਆ ਹਾਂ।ਕਦੇ-ਕਦੇ ਮੈਂ ਮਾਈਨ ਰਿਵਰ ਦੇ ਕਿਨਾਰੇ ਲੱਗੇ ਬੈਂਚਾਂ ਉੱਤੇ ਬੈਠ ਜਾਂਦਾ ਤੇ ਰਿਵਰ 'ਚ ਤੈਰਦੇ ਪੰਛੀਆਂ ਦੀਆਂ ਅਠਖੇਲੀਆਂ ਨੂੰ ਬਹੁਤ ਨੇੜੇ ਤੋਂ ਨਿਹਾਰਦਾ ਆਪਣੀਆਂ ਸੋਚਾਂ ਦੇ ਸਮੁੰਦਰ ਵਿੱਚ ਤੈਰਨ ਲੱਗਦਾ ਤੇ ਫਿਰ ਜਦੋਂ ਰਿਵਰ 'ਚੋਂ ਲੰਘਦਾ ਕੋਈ ਸਟੀਮਰ ਹਾਰਨ ਮਾਰਦਾ ਤਾਂ ਮੇਰੇ ਖਿਆਲਾਂ ਦੀ ਲੜੀ ਟੁੱਟ ਜਾਂਦੀ ਤੇ ਫਿਰ ਮੈਂ ਆਪਣੀ ਤੋਰੇ ਤੁਰ ਪੈਂਦਾ।ਫਰੈਂਕਫਰਟ ਦੀਆਂ ਖ਼ੂਬਸੂਰਤ ਥਾਵਾਂ, ਵਗਦੇ ਪਾਣੀ, ਸਾਈਕਲ ਚਲਾਉਂਦੇ ਗੁੱਡ ਮਾਰਨਿੰਗ ਆਖਦੇ ਗੋਰੇ, ਮਾਈਨ ਰਿਵਰ 'ਚ ਤੈਰਦੇ ਪੰਛੀ ਅੱਜ ਵੀ ਮੇਰੇ ਚੇਤਿਆਂ ਦੀ ਕੈਨਵੱਸ 'ਤੇ ਉੱਕਰੇ ਹੋਏ ਨੇ। ਸ਼ਾਲਾ! ਉਹ ਸਾਰੀਆਂ ਥਾਵਾਂ, ਉਹ ਪੰਛੀ, ਉਹ ਵਗਦੇ ਪਾਣੀ ਤੇ ਮੇਰੇ ਹੋਸਟ ਗੁਰਪ੍ਰੀਤ ਤੇ ਉਸ ਦਾ ਪਰਵਾਰ ਸਦਾ ਸਲਾਮਤ ਰਹੇ।

**— ਗੁਰਭਜਨ ਲਾਸਾਨੀ**

## 'ਗਮਨ' ਫਿਲਮ ਦੀ ਚਰਚਾ

**ਤਰਸੇਮ ਬਸ਼ਰ**

# ਸੀਨੇ ਮੇਂ ਜਲਨ .....ਆਂਖੋਂ ਮੇਂ ਤੂਫ਼ਾਨ ਸਾ ਕਿਉਂ ਹੈ...

'ਸੀਨੇ ਮੇਂ ਜਲਨ .....ਆਂਖੋਂ ਮੇਂ ਤੂਫ਼ਾਨ ਸਾ ਕਿਉਂ ਹੈ......' ਜੇਕਰ ਤੁਹਾਨੂੰ ਇਹ ਗ਼ਜ਼ਲ ਪਸੰਦ ਹੈ , ਤੁਸੀਂ ਇਹ ਗੀਤ ਦੇਖਿਆ ਹੈ , ਤੁਸੀਂ ਉਸ ਆਦਮੀ (ਫਾਰੂਕ ਸ਼ੇਖ) ਬਾਰੇ ਜਾਨਣ ਦੀ ਚਾਹਤ ਰੱਖਦੇ ਹੋ , ਜੋ ਉਦਾਸ, ਨਿਰਾਸ਼, ਭੀੜ 'ਚ ਇਕੱਲਾ ਦਿਖਾਈ ਦੇ ਰਿਹਾ ਹੈ ਤਾਂ ਤੁਹਾਨੂੰ 'ਗਮਨ' ਫਿਲਮ ਬਾਰੇ ਜ਼ਰੂਰ ਜਾਨਣਾ ਚਾਹੀਦਾ ਹੈ।

ਨਿਰਸੰਦੇਹ 'ਗਮਨ' ਫਿਲਮ ਕਲਾ ਦੇ ਬੇਹਤਰੀਨ ਉਦਾਹਰਨਾਂ 'ਚੋਂ ਇੱਕ ਹੈ, ਜੋ ਪ੍ਰਬੁੱਧ ਦਰਸ਼ਕਾਂ ਲਈ ਬਣੀ ਹੈ, ਖਾਸ ਕਰ ਉਹਨਾਂ ਲਈ, ਜਿਹਨਾਂ ਵਾਸਤੇ ਸਿਨਮਾ ਸਿਰਫ ਮਨੋਰੰਜਨ ਦਾ ਸਾਧਨ ਨਹੀਂ, ਇਹ ਆਪਣੇ ਆਪ 'ਚ ਪੂਰਨ ਕਲਾ ਹੈ, ਕੁਝ ਕਹਿਣ ਦਾ ਸੂਖਮ ਤੇ ਕਲਾਤਮਕ ਜ਼ਰੀਆ ਹੈ। ਗਮਨ, ਮਹੀਨ ਵਰਤਾਰਿਆਂ, ਬਲਕਿ ਅਦਿੱਖ ਵਰਤਾਰਿਆਂ ਨੂੰ ਪ੍ਰਦਰਸ਼ਤ ਕਰਦੀ ਰਚਨਾ ਹੈ। ਵੈਸੇ ਤਾਂ ਇਹ ਪਰਵਾਸ ਦੀ ਕਹਾਣੀ ਹੈ, ਪਰ ਗਮਨ ਫਿਲਮ ਦਾ ਨਿਰਦੇਸ਼ਕ ਜਦੋਂ ਫਿਲਮ ਦੀ ਕਹਾਣੀ ਦੇ ਪਿੱਛੇ ਦੀਆਂ ਕਹਾਣੀਆਂ ਨੂੰ ਜਦੋਂ ਤੁਹਾਡੇ ਅੱਗੇ ਰੱਖਦਾ ਹੈ ਤਾਂ ਪ੍ਰਵਾਸ ਦੇ ਇਸ ਪ੍ਰਸੰਗ ਦਾ ਪਸਾਰਾ ਬਹੁਤ ਵੱਡਾ ਤੇ ਅਸਰਦਾਈ ਹੋ ਜਾਂਦਾ ਹੈ। ਇਹ ਕਈ ਕਹਾਣੀਆਂ ਤੇ ਕਿਰਦਾਰਾਂ ਦਾ ਸੰਤੁਲਿਤ ਸੰਯੋਜਨ ਹੈ।

'ਗਮਨ' ਦੇਖਦਿਆਂ ਵੀ ਤੇ ਅਕਸਰ ਅਜਿਹੀਆਂ ਬੇਮਿਸਾਲ ਫਿਲਮਾਂ ਦੇਖਦਿਆਂ ਮੈਂ ਕਈ ਵਾਰ ਸੋਚਿਆ ਹੈ। ਯਥਾਰਥਵਾਦੀ ਸਿਨਮਾ ਨੂੰ ਸਮਾਂਤਰ ਸਿਨਮਾ ਕਹਿ ਕੇ ਮੁੱਖ ਧਾਰਾ ਤੋਂ ਅਲੱਗ ਕਿਉਂ ਕੀਤਾ ਜਾਂਦਾ ਹੈ। ਪਹਿਲਾਂ ਹੀ ਇੱਕ ਲਕੀਰ ਖਿੱਚ ਦਿੱਤੀ ਜਾਂਦੀ ਹੈ ਕਿ ਇਹ ਸਿਨੇਮਾ ਬੁੱਧੀਜੀਵੀਆਂ ਲਈ ਹੈ, ਇਹ ਸਿਨਮਾ ਬੁੱਧੀਜੀਵੀਆਂ ਲਈ ਨਹੀਂ ਹੈ, ਵਾਧੂ ਦੀ ਸ਼੍ਰੇਣੀ ਵੰਡ ।

ਬਾਹਰਹਾਲ, ਗੱਲ ਗਮਨ ਦੀ ਹੋ ਰਹੀ ਸੀ, ਫਿਲਮ ਦੀ ਕਹਾਣੀ ਹਿਰਦਯ ਲਾਣੀ ਦੀ ਲਿਖੀ ਹੈ, ਕੈਮਰਾ ਨਦੀਮ ਖਾਨ ਦਾ ਹੈ ਅਤੇ ਸੰਪਾਦਨਾ ਜੇਠ ਮੰਡਲ ਦੀ ਹੈ ।

ਗਮਨ, ਜਿਸ ਦਾ ਦੂਜਾ ਅਰਥ ਪਰਵਾਸ ਵੀ ਹੈ, ਰੋਜ਼ੀ-ਰੋਟੀ ਲਈ ਮੁੰਬਈ ਗਏ ਲੋਕਾਂ ਦੀ ਕਹਾਣੀ ਹੈ, ਜੋ ਪਰਵਾਸ ਦੇ ਦੁਖਾਂਤ ਨੂੰ ਜਿੱਥੇ ਸਰਲ ਢੰਗ ਨਾਲ ਸਾਡੇ ਸਾਹਮਣੇ ਰੱਖਦੀ ਹੈਸ, ਉੱਥੇ ਹੀ ਪਰਵਾਸ ਨੂੰ ਸਮੁੱਚੇ ਤੌਰ 'ਤੇ ਪਰਿਭਾਸ਼ਿਤ ਕਰਨ ਦੀ ਵੀ ਇੱਕ ਕੋਸ਼ਿਸ਼ ਹੈ।

ਮੌਜੂਦਾ ਮਾਹੌਲ ਵਿੱਚ ਖਾਸ ਕਰਕੇ ਪੰਜਾਬ ਦੇ ਸੰਦਰਭ ਵਿੱਚ ਕੋਈ ਨਵਾਂ ਸ਼ਬਦ ਨਹੀਂ ਹੈ। ਪਰਵਾਸ ਸਿਰਫ ਕਿਸੇ ਨਵੀਂ ਥਾਂ 'ਤੇ ਜਾਣਾ ਨਹੀਂ ਹੁੰਦਾ, ਉਥੇ ਪਹਿਚਾਣ ਦਾ ਸੰਘਰਸ਼ ਵੀ ਸਾਹਮਣੇ ਹੁੰਦਾ ਹੈ। ਇਸ ਸਥਾਨਕ ਲੋਕਾਂ ਦਾ ਪ੍ਰਵਾਸ ਕਰਕੇ ਆਏ ਲੋਕਾਂ ਪ੍ਰਤੀ ਵਤੀਰਾ ਵੀ ਹੁੰਦਾ ਹੈ। ਇਹ ਵਤੀਰਾ ਦੇਖਦਿਆਂ ਅਕਸਰ ਲੋਕ ਆਪਣੇ ਜਨਮ ਭੂਮੀ ਉਪਰ ਆਪਣੀ ਸ਼ਾਨ, ਆਪਣੀ ਪਛਾਣ ਨੂੰ ਯਾਦ ਕਰਦਿਆਂ ਪਰੇਸ਼ਾਨ ਹੋ ਜਾਂਦੇ ਹਨ, ਭਾਵੁਕ ਹੁੰਦੇ ਹਨ ।

ਇਹ ਮਾਨਸਿਕ ਟੁੱਟ-ਭੱਜ ਮੁਸਲਸਲ ਚੱਲਦੀ ਹੈ ਤੇ ਕਿਸੇ ਮਰਹਲੇ 'ਤੇ ਆ ਕੇ ਫਿਰ ਉਹ ਸੋਚਦੇ ਹਨ ਕਿ ਆਪਣੀ ਧਰਤੀ ਹੀ ਸਭ ਤੋਂ ਬੇਹਤਰੀਨ ਜਗ੍ਹਾ ਹੈ।

'ਗਮਨ' ਦੇ ਨਿਰਦੇਸ਼ਕ ਮੁਜ਼ੱਫਰ ਅਲੀ ਹਨ। ਉਹਨਾ ਦਾ ਆਪਣਾ ਪਿਛੋਕੜ ਉਤਰ ਪ੍ਰਦੇਸ ਦਾ ਹੈ ਤੇ ਫਿਲਮ ਦੀ ਕਹਾਣੀ ਵੀ ਉੱਤਰ ਪ੍ਰਦੇਸ਼ ਦੇ ਇੱਕ ਪਿੰਡ ਨਾਲ ਬਾਵਸਤਾ ਹੈ। ਯਾਦ ਰਹੇ ਗਮਨ ਤੋਂ ਬਾਅਦ ਮੁਜ਼ੱਫਰ ਅਲੀ ਨੂੰ ਉਨ੍ਹਾ ਦੀ ਪੇਸ਼ਕਸ਼ 'ਉਮਰਾਓ ਜਾਨ' ਵਾਸਤੇ ਯਾਦ ਕੀਤਾ ਜਾਂਦਾ ਹੈ। 'ਉਮਰਾਓ ਜਾਨ' ਅਵਧ ਦੇ ਸੱਭਿਆਚਾਰ ਵਿੱਚੋਂ ਇੱਕ ਨਰਤਕੀ ਦੇ ਕਿਰਦਾਰ ਦੀ ਕਹਾਣੀ ਸੀ। ਸੰਗੀਤ ਦਾ ਪੱਖ ਮੁਜ਼ੱਫਰ ਅਲੀ ਦੀਆਂ ਫਿਲਮਾਂ ਵਿੱਚ ਹਮੇਸ਼ਾ ਮਜ਼ਬੂਤ ਰਿਹਾ ਹੈ, ਨਹੀਂ ਤਾਂ ਆਮ ਤੌਰ 'ਤੇ ਮਿਥ ਇਹੀ ਹੈ ਕਿ ਸਮਾਂਤਰ ਸਿਨੇਮਾ ਵਿੱਚ ਸੰਗੀਤ ਲਈ ਕੋਈ ਬਹੁਤੀ ਜਗ੍ਹਾ ਨਹੀਂ ਹੁੰਦੀ। 'ਗਮਨ' ਦੇ ਗੀਤ ਅਸਲ 'ਚ ਗ਼ਜ਼ਲਾਂ ਅੱਜ ਵੀ ਬੜੇ ਪਸੰਦ ਕੀਤੇ ਜਾਂਦੇ ਹਨ । ਉਹਨਾਂ ਦੀ ਵੀ ਗੱਲ ਕਰਦੇ ਹਾਂ, ਪਹਿਲਾਂ ਫਿਲਮ ਦੀ ਕਹਾਣੀ ਨੂੰ ਸਮਝਣ ਦਾ ਯਤਨ ਕਰਦੇ ਹਾਂ।

ਗੁਲਾਮ ਹਸਨ (ਫਾਰੂਕ ਸ਼ੇਖ) ਬਦਾਯੂੰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਆਪਣੀ ਮਾਂ ਅਤੇ ਪਤਨੀ ਖੈਰੁਣ (ਸਮਿਤਾ ਪਾਟਿਲ) ਨਾਲ ਰਹਿੰਦਾ ਹੋਇਆ ਗਰੀਬੀ ਤੋਂ ਆਵਾਜਾਰ ਹੈ। ਉਨ੍ਹਾ ਦੇ ਹੀ ਪਿੰਡ ਦਾ ਇੱਕ ਵਿਅਕਤੀ ਲੱਲੂ ਤਿਵਾੜੀ ਮੁੰਬਈ ਰਹਿੰਦਾ ਹੈ, ਪਿੰਡ ਦੇ ਲੋਕ ਉਸ ਨੂੰ ਮਤਲਬ ਲੱਲੂ ਤਿਵਾੜੀ ਨੂੰ ਖੁਸ਼ਹਾਲ ਸਮਝਦੇ ਹਨ। ਅਸਲ ਵਿੱਚ ਲੱਲੂ ਤਿਵਾੜੀ ਨੇ ਪਿੰਡ ਵਿੱਚ ਪ੍ਰਭਾਵ ਹੀ ਇਹ ਪੈਦਾ ਕੀਤਾ ਹੋਇਆ ਹੈ ਕਿ ਮੁੰਬਈ ਜਾ ਕੇ ਲੋਕ ਖ਼ੁਸ਼ਹਾਲ ਹੋ ਜਾਂਦੇ ਹਨ। ਗੁਲਾਮ ਹਸਨ, ਜੋ ਗਰੀਬੀ ਕਾਰਨ ਬੇਚੈਨ ਅਤੇ ਪਰੇਸ਼ਾਨ ਹੈ, ਲੱਲੂ ਤਿਵਾੜੀ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਸ ਦੀ ਰਹਿਣੀ-ਬਹਿਣੀ ਦੇਖ ਕੇ ਉਸ ਤੋਂ ਪ੍ਰਭਾਵਤ ਹੋ ਜਾਂਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਉਹ ਵੀ ਮੁੰਬਈ ਜਾ ਕੇ ਘਰ ਦੇ ਹਾਲਾਤ ਬਦਲਣ ਲਈ ਯਤਨ ਕਰੇਗਾ।

ਮੁੰਬਈ, ਜੋ ਕਿ ਇੱਕ ਵੱਡਾ ਸ਼ਹਿਰ ਹੈ, ਉਸ ਦਾ ਆਪਣਾ ਇੱਕ ਮਿਜ਼ਾਜ ਹੈ। ਕਾਹਲਾ, ਗੁੱਸੇਖੋਰਾ ਬੇਤਰਸ।

ਜਿੱਥੇ ਲੋਕ ਅਸਹਿਜ ਹਨ, ਜਿਨ੍ਹਾਂ ਕੋਲ ਹਮੇਸ਼ਾ ਸਮੇਂ ਦੀ ਘਾਟ ਹੁੰਦੀ ਹੈ।

ਫਿਲਮ ਨਿਰਦੇਸ਼ਕ ਮੁਜ਼ੱਫਰ ਅਲੀ ਨੇ ਵੱਡੇ ਸ਼ਹਿਰਾਂ ਵਿੱਚ ਮਨੁੱਖੀ ਵਰਤਾਓ ਨੂੰ ਬੜੇ ਸੁਭਾਵਿਕ ਢੰਗ ਨਾਲ ਬਦਲਦੇ ਹੋਏ ਅਤੇ ਨਿਰੰਕੁਸ਼ ਹੁੰਦੇ ਹੋਏ ਦਿਖਾਇਆ ਹੈ, ਅਸਲ ਵਿੱਚ ਇਸ ਕੌੜੀ ਸੱਚਾਈ ਨੂੰ ਵੀ ਚਿਤਰਿਆ ਹੈ ਕਿ ਕਿਸ ਤਰ੍ਹਾਂ ਮਨੁੱਖ ਭੌਤਿਕਵਾਦੀ ਦੌਰ ਵਿੱਚ ਆਪਣੀ ਮਾਸੂਮੀਅਤ ਤੋਂ ਅਲੱਗ ਹੋ ਰਿਹਾ ਹੈ, ਪੇਂਡੂ ਇਲਾਕਿਆਂ ਵਿੱਚ ਹਾਲੇ ਵੀ ਇਹ ਕੋਮਲਤਾ ਜ਼ਿੰਦਾ ਹੈ। ਮੁੰਬਈ ਵਿੱਚ ਆਇਆ ਹੋਇਆ ਗੁਲਾਮ ਹਸਨ ਵੀ ਇਸੇ ਕੋਮਲ ਪਿੱਠ ਭੂਮੀ ਤੋਂ ਆਇਆ ਹੈ ਤੇ ਮੁੰਬਈ ਦੇ ਬੇਨਿਆਜ਼ ਨਜ਼ਰੀਏ ਨੂੰ ਸਮਝਣ ਦੀ ਪ੍ਰਕਿਰਿਆ ਵਿੱਚੋਂ ਲੰਘ ਰਿਹਾ ਹੈ।

ਇੱਕ ਦ੍ਰਿਸ਼ ਵਿੱਚ ਟਰੇਨ ਇਸ ਕਰਕੇ ਰੁਕ ਗਈ ਹੈ ਕਿ ਉਸ ਥੱਲੇ ਕੋਈ ਬੰਦਾ ਆ ਗਿਆ ਹੈ, ਲੋਕ ਦੁਖੀ ਹਨ, ਪਰ ਇਸ ਕਰਕੇ ਹਨ ਕਿ ਉਹ ਲੇਟ ਹੋ ਰਹੇ ਹਨ, ਉਹਨਾਂ ਨੂੰ ਉਸ ਬੰਦੇ ਨਾਲ ਕੋਈ ਮਤਲਬ ਨਹੀਂ ਕਿ ਕੋਈ ਇਨਸਾਨ ਮਰ ਗਿਆ ਹੈ, ਵੱਡੇ ਸ਼ਹਿਰਾਂ ਦੀ ਜ਼ਿੰਦਗੀ ਵਿਚਲੀ ਬੇਰਹਿਮੀ ਨੂੰ ਪ੍ਰਦਰਸ਼ਤ ਕਰਦਿਆਂ ਕੁਝ ਹੋਰ ਘਟਨਾਵਾਂ ਨਾਲ ਕਹਾਣੀ ਅੱਗੇ ਤੁਰਦੀ ਰਹਿੰਦੀ ਹੈ।

ਗੁਲਾਮ ਹਸਨ, ਜੋ ਇੱਕ ਸ਼ਾਂਤ ਅਤੇ ਗੰਭੀਰ ਇਨਸਾਨ ਹੈ,




ਇਹਨਾਂ ਵਰਤਾਰਿਆਂ ਨੂੰ ਦੇਖ ਕੇ ਅੰਦਰੋਂ ਬੇਚੈਨ ਹੋ ਜਾਂਦਾ ਹੈ। ਇਹ ਕਿਸ ਤਰ੍ਹਾਂ ਦੇ ਸ਼ਹਿਰ ਹਨ, ਜਿੱਥੇ ਇਨਸਾਨੀਅਤ ਲਈ ਹੀ ਜਗ੍ਹਾ ਨਹੀਂ ਬਚ ਰਹੀ।

ਇੱਕ ਹੋਰ ਪੱਖ, ਜਿਸ ਨੂੰ ਨਿਰਦੇਸ਼ਕ ਬਹੁਤ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ, ਉਹ ਇਸ ਤਰਾਂ ਹੈ, ਕਿਉਂਕਿ ਗੁਲਾਮ ਹਸਨ ਉੱਥੇ ਆਟੋ ਚਲਾਉਂਦਾ ਹੈ ਤਾਂ ਇਕ ਦਿਨ ਉਹ ਇਕ ਪਾਰਸੀ ਸੱਜਣ ਨੂੰ ਛੱਡਣ ਜਾ ਰਿਹਾ ਹੈ। ਰਸਤੇ ਵਿੱਚ ਭੀੜ-ਭੜੱਕਾ ਹੈ। ਪਾਰਸੀ ਸੱਜਣ, ਜੋ ਕਿ ਮੁੰਬਈ ਦਾ ਮੂਲ ਨਿਵਾਸੀ ਹੈ, ਉਹ ਪ੍ਰਵਾਸੀਆਂ ਦੇ ਮੁੰਬਈ ਆਉਣ 'ਤੇ ਮੰਦਾ-ਚੰਗਾ ਬੋਲਦੇ ਹਨ। ਉਹਨਾ ਅਨੁਸਾਰ ਮੁੰਬਈ ਵਿੱਚ ਸਭ ਤੋਂ ਵੱਧ ਖੱਪ ਪ੍ਰਵਾਸੀਆਂ ਦੇ ਆਉਣ ਕਾਰਨ ਪਈ ਹੈ, ਉਨ੍ਹਾਂ ਸਾਡੇ ਸੋਹਣੇ ਸ਼ਹਿਰ ਦਾ ਸਤਿਆਨਾਸ ਕਰ ਦਿੱਤਾ ਹੈ ।

ਗੁਲਾਮ ਹਸਨ ਖੁਦ ਪ੍ਰਵਾਸੀ ਹੈ, ਚੁੱਪਚਾਪ ਇਹ ਸੁਣਦਾ ਰਹਿੰਦਾ ਹੈ। ਉਹ ਸਮਝ ਜਾਂਦਾ ਹੈ ਕਿ ਮੂਲ ਨਿਵਾਸੀ ਉਥੇ ਆਏ ਹੋਏ ਪ੍ਰਵਾਸੀਆਂ ਨੂੰ ਪਸੰਦ ਨਹੀਂ ਕਰਦੇ ਤੇ ਸ਼ਾਇਦ ਹੀ ਕਦੇ ਕਰਨ।

ਇਹ 70ਵੇਂ ਦਹਾਕੇ ਵਿੱਚ ਰਹਿ ਰਹੀ ਮੁੰਬਈ ਦੀ ਕਹਾਣੀ ਹੈ। ਅੱਜ ਹਾਲਾਤ ਹੋਰ ਜ਼ਿਆਦਾ ਪੇਚੀਦਾ ਹੋ ਗਏ ਹੋਣਗੇ, ਅਸੀਂ ਉਹ ਰੌਲਾ ਬਾਖੂਬੀ ਦੇਖ ਚੁੱਕੇ ਹਾਂ, ਜਦੋਂ ਮੂਲ ਨਿਵਾਸੀਆ ਤੇ ਪ੍ਰਵਾਸੀਆਂ ਵਿਚਾਲੇ ਨਫਰਤ ਦੀ ਲਕੀਰ ਖਿੱਚ ਦਿੱਤੀ ਗਈ ਸੀ ।

ਖ਼ੈਰ, ਫਿਲਮ ਵਿਚ ਗੁਲਾਮ ਹੁਸੈਨ ਜਿਵੇਂ-ਜਿਵੇਂ ਹਾਲਾਤ ਸਮਝਦਾ ਹੈ, ਵਿਚਲਿਤ ਹੋ ਰਿਹਾ ਹੁੰਦਾ ਹੈ। ਉਸ ਦਾ ਆਉਣ-ਜਾਣ ਉਹਨਾਂ ਲੋਕਾਂ ਨਾਲ ਹੈ, ਜੋ ਉੱਤਰ ਪ੍ਰਦੇਸ਼ ਤੋਂ ਹੀ ਆਏ ਹੋਏ ਹਨ ਤਾਂ ਉਹ ਸਮਝਦਾ ਹੈ ਕਿ ਬਹੁਤੇ ਲੋਕ ਅੰਦਰੂਨੀ ਤੌਰ 'ਤੇ ਦੁਖੀ ਹਨ, ਉੱਥੇ ਰਹਿ ਰਹੇ ਹਨ, ਪਰ ਟੁੱਟੇ ਹੋਏ ਹਨ।

ਫਿਲਮ ਦਾ ਇੱਕ ਦ੍ਰਿਸ਼ ਪੂਰੇ ਹਾਲਾਤ ਨੂੰ ਬਿਆਨ ਕਰ ਦਿੰਦਾ ਹੈ । ਇਹ ਬਹੁਤ ਮਾਰਮਿਕ ਦ੍ਰਿਸ਼ ਹੈ।

ਉੱਤਰ ਪ੍ਰਦੇਸ਼ ਤੋਂ ਮੁੰਬਈ ਆਇਆ ਇੱਕ ਵਿਅਕਤੀ ਇਹਨਾਂ ਵਿਚਲਿਤ ਹੈ ਕਿ ਉਹ ਸਮੁੰਦਰ ਨੂੰ ਜਲਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਆਪਣਾ ਮਾਨਸਿਕ ਸੰਤੁਲਨ ਗਵਾ ਰਿਹਾ ਹੈ। ਉਸੇ ਸਮੁੰਦਰ ਨੂੰ ਜਲਾ ਦੇਣਾ ਚਾਹੁੰਦਾ ਹੈ, ਜਿਸ ਨੂੰ ਦੇਖਣ ਲਈ ਉਸ ਨੇ ਆਪਣੇ ਅੰਦਰ ਕਦੇ ਰੀਝਾਂ ਪਾਲੀਆਂ ਸਨ।

ਅਖੀਰ ਆਦਮੀ ਆਪਣੀਆਂ ਵਿਪਰੀਤ ਮਨੋਸਥਿਤੀਆਂ ਨਾਲ ਕਿੰਨਾ ਕੁ ਚਿਰ ਸਹਿਜ ਹੋ ਕੇ ਜੀ ਸਕਦਾ ਹੈ।

ਲੱਲੂ ਸਥਾਨਕ ਨਿਵਾਸੀਆਂ ਦੀ ਲੜਕੀ ਯਸ਼ੋਦਰਾ ਨਾਲ ਇਸ਼ਕ ਕਰਦਾ ਹੈ, ਜੋ ਕਿ ਉਸ ਦੇ ਘਰਦਿਆਂ ਨੂੰ ਬਿਲਕੁਲ ਪਸੰਦ ਨਹੀਂ। ਇਥੇ ਹੀ ਫਿਲਮੀ ਪਰਦੇ 'ਤੇ ਪਹਿਲੀ ਵਾਰ ਨਾਨਾ ਪਾਟੇਕਰ ਨਜ਼ਰ ਆਉਂਦੇ ਹਨ। ਯਾਦ ਰਹੇ ਨਾਨਾ ਪਾਟੇਕਰ ਦੀ ਇਹ ਪਹਿਲੀ ਫਿਲਮ ਸੀ।

ਲੱਲੂ ਅਤੇ ਯਸ਼ੋਦਰਾ ਨੂੰ ਮਾਰ ਦੇਣ ਦੀ ਯੋਜਨਾ ਬਣ ਜਾਂਦੀ ਹੈ ਅਤੇ ਉਹਨਾਂ ਦਾ ਕਤਲ ਵੀ ਕਰ ਦਿੱਤਾ ਜਾਂਦਾ ਹੈ ।

ਇਸ ਕਤਲ ਨਾਲ ਗੁਲਾਮ ਹਸਨ ਬੁਰੀ ਤਰ੍ਹਾਂ ਡਰ ਜਾਂਦਾ ਹੈ, ਉਸ ਦੇ ਅੰਦਰ ਪਹਿਲਾਂ ਤੋਂ ਹੀ ਓਪਰੀ ਧਰਤੀ ਦਾ ਸਹਿਮ ਹੈ ਤਾਂ ਉਹ ਹੁਣ ਵਾਪਸ ਜਾਣਾ ਚਾਹੁੰਦਾ ਹੈ ਆਪਣੇ ਪਿੰਡ।

ਸਾਈਂ ਪਰਾਂਜਪੇ , ਜੋ ਕਿ ਖੁਦ ਇੱਕ ਮਸ਼ਹੂਰ ਮਹਿਲਾ ਫਿਲਮ ਨਿਰਦੇਸ਼ਕ ਹਨ, ਫਿਲਮ ਵਿੱਚ ਚੁੱਕੇ ਗਏ ਮੁੱਦੇ 'ਤੇ ਗੱਲ ਕਰਦਿਆਂ ਲਿਖਦੇ ਹਨ—ਸਮਾਜਿਕ ਵਿਵਸਥਾ ਵਿੱਚ ਹੁਣ ਇੱਕ ਅਜਿਹੀ ਸ਼੍ਰੇਣੀ ਵੀ ਸ਼ਾਮਿਲ ਹੋ ਗਈ ਹੈ, ਜਿਨ੍ਹਾਂ ਨੂੰ ਪ੍ਰਵਾਸੀ ਕਿਹਾ ਜਾਂਦਾ ਹੈ, ਇਹ ਖ਼ੁੜ੍ਹਾਂ ਮਾਰੇ ਲੋਕ ਬਹੁਤ ਮਾਨਸਿਕ ਪੀੜਾ ਸਹਿੰਦੇ ਹਨ.....ਅਫਸੋਸ ਕਿ ਇਹਨਾਂ ਦੀ ਗੱਲ ਕਿਸੇ ਨੇ ਨਹੀਂ ਸੀ ਕੀਤੀ, 'ਗਮਨ' ਇਹਨਾਂ ਦੇ ਦੁੱਖਾਂ ਦੀ ਕਹਾਣੀ ਹੈ ।

ਕੋਝੀ ਵਿਵਸਥਾ ਅਧੀਨ ਜੀ ਰਹੇ ਇਹਨਾਂ ਲੋਕਾਂ ਦੇ ਗਮ ਦੀ ਦਾਸਤਾਨ ਉਦੋਂ ਦੇਖਣ ਵਾਲੇ ਨੂੰ ਹਲੂਣ ਕੇ ਰੱਖ ਦਿੰਦੀ ਹੈ, ਜਦੋਂ ਫਿਲਮ ਦੇ ਅੰਤਲੇ ਦ੍ਰਿਸ਼ਾਂ ਵਿੱਚ ਗੁਲਾਮ ਹਸਨ, ਜੋ ਕਿ ਘਰ ਜਾਣ ਲਈ ਤਤਪਰ ਹੈ, ਪਰ ਹਾਲਾਤ ਅਜਿਹੇ ਹਨ ਕਿ ਜਾਣਾ ਮੁਮਕਿਨ ਨਹੀਂ, ਟਰੇਨਾਂ ਜਾ ਰਹੀਆਂ ਹਨ, ਪਰ ਗੁਲਾਮ ਹਸਨ ਹਸਰਤ ਭਰੀ ਨਜ਼ਰ ਨਾਲ ਉਹਨਾਂ ਨੂੰ ਜਾਂਦਿਆਂ ਦੇਖ ਰਿਹਾ ਹੈ, ਕਿਉਂਕਿ ਉਸ ਦੇ ਹਾਲਾਤ ਨਹੀਂ ਕਿ ਉਹ ਵਾਪਸ ਘਰ ਜਾ ਸਕੇ, ਉਹ ਉੱਥੇ ਹੀ ਰਹਿਣ ਲਈ ਮਜਬੂਰ ਹੈ, ਜਿੱਥੇ ਕਿ ਉਹ ਕੁਝ ਪਲ ਵੀ ਨਹੀਂ ਰਹਿ ਸਕਦਾ।

ਭਾਵੇਂ ਕਿ 'ਗਮਨ' ਫਿਲਮ ਬਣੀ ਨੂੰ 40 ਸਾਲ ਤੋਂ ਉਪਰ ਹੋ ਚੱਲੇ ਹਨ, ਪਰ ਇਸ ਦੀ ਕਹਾਣੀ ਅੱਜ ਵੀ ਪ੍ਰਸੰਗਿਕ ਹੈ ਤੇ ਜਿਸ ਤਰ੍ਹਾਂ ਸਮਾਜ ਵਿੱਚ ਆਪਾਧਾਪੀ ਫੈਲੀ ਹੋਈ ਹੈ, ਲੋਕ ਤਰੱਕੀ ਵਾਸਤੇ ਓਪਰੀਆਂ ਥਾਵਾਂ ਵੱਲ ਰੁਖ ਕਰ ਰਹੇ ਹਨ, ਆਉਣ ਵਾਲੇ ਸਮੇਂ ਵਿੱਚ ਵੀ ਇਹ ਪ੍ਰਸੰਗਿਕ ਰਹੇਗੀ।

ਫਿਲਮ ਦੇ ਸੰਗੀਤ ਨੂੰ, ਜੋ ਕਿ ਜੈਦੇਵ ਦੁਆਰਾ ਤਿਆਰ ਕੀਤਾ ਗਿਆ ਸੀ, ਨੂੰ ਉਸ ਸਾਲ ਦਾ ਰਾਸ਼ਟਰੀ ਪੁਰਸਕਾਰ ਵੀ ਦਿੱਤਾ ਗਿਆ ਸੀ। ਛਾਇਆ ਗਾਂਗਲੀ ਨੂੰ ਉਹਨਾ ਦੇ ਗੀਤ 'ਆਪਕੀ ਯਾਦ ਆਤੀ ਰਹੀ ਰਾਤ ਭਰ' ਲਈ ਵੀ ਰਾਸ਼ਟਰੀ ਅਵਾਰਡ ਮਿਲਿਆ ਸੀ।

'ਗਮਨ' ਰਾਹੀਂ ਹੀ ਪ੍ਰਸਿੱਧ ਗਜ਼ਲ ਗਾਇਕ ਹਰੀ ਹਰਨ ਦਾ ਫਿਲਮੀ ਸਫਰ ਸ਼ੁਰੂ ਹੋਇਆ ਸੀ। ਇਸ ਵਿੱਚ ਉਨ੍ਹਾ ਦੀ ਗਾਈ ਹੋਈ ਇੱਕ ਗਜ਼ਲ ਹੈ—

ਅਜੀਬ ਸਾਨਿਹਾ ਮੁਝ ਪਰ ਗੁਜਰ ਗਯਾ ਯਾਰੋ,
ਮੈਂ ਆਪਣੇ ਸਾਏ ਸੇ ਕਲ ਰਾਤ ਡਰ ਗਯਾ ਯਾਰੋ।

ਸੁਰੇਸ਼ ਵਾਡੇਕਰ ਦੀ ਗਾਈ ਹੋਈ ਤੇ ਸਹਰਯਾਰ ਦੀ ਲਿਖੀ ਗਜ਼ਲ ਗਮਨ ਝੱਲ ਰਹੇ ਲੋਕਾਂ ਦੀ ਪੀੜ ਦੀ ਪ੍ਰਤੀਨਿਧਤਾ ਕਰਦੀ ਹੋਈ ਪ੍ਰਤੀਤ ਹੁੰਦੀ ਹੈ—

'ਸੀਨੇ ਮੇਂ ਜਲਨ ਆਂਖੋਂ ਮੇਂ ਤੂਫ਼ਾਨ ਸਾ ਕਿਉਂ ਹੈ,
ਇਸ ਸ਼ਹਿਰ ਮੇਂ ਹਰ ਸ਼ਖਸ ਪਰੇਸ਼ਾਨ ਸਾ ਕਿਉਂ ਹੈ।'

ਫਿਲਮ ਸੰਗੀਤ ਦੇ ਪੱਖ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਇਸਤਰੀ ਬੋਲਾਂ ਵਿੱਚ ਉਸ ਔਰਤ ਦੀ ਤੜਫ ਹੈ, ਜੋ ਆਪਣੇ ਖਾਵੰਦ ਦੇ ਵਾਪਸ ਪਰਤਣ ਦੀ ਉਡੀਕ ਕਰ ਰਹੀ ਹੈ ਤੇ ਪੁਰਸ਼ ਬੋਲ ਉਹਨਾਂ ਲੋਕਾਂ ਦੀ ਤਰਜਮਾਨੀ ਕਰਦੇ ਹਨ, ਜੋ ਵੱਡੇ ਸ਼ਹਿਰਾਂ ਦੀ ਬੇਦਿਲੀ ਕਾਰਨ ਬੇਚੈਨ ਹਨ, ਪਰੇਸ਼ਾਨ ਹਨ ।

ਸਮਿਤਾ ਪਾਟਿਲ ਦੀ ਭੂਮਿਕਾ ਛੋਟੀ ਜਿਹੀ ਹੈ, ਪਰ ਉਹ ਸ਼ਾਨਦਾਰ ਪ੍ਰਦਰਸ਼ਨ 'ਚ ਸਫਲ ਹੈ। ਲੱਲੂ ਤਿਵਾੜੀ ਦੀ ਭੂਮਿਕਾ ਜਲਾਲ ਆਗਾ ਨੇ ਵੀ ਸੁਭਾਵਿਕ ਨਿਭਾਈ ਹੈ । ਉਹਨਾ ਦੀ ਅਦਾਇਗੀ ਪ੍ਰਭਾਵਤ ਕਰਦੀ ਹੈ।

ਮੁੱਖ ਭੂਮਿਕਾ ਵਿੱਚ ਫਾਰੂਕ ਸ਼ੇਖ ਦੀ ਭੂਮਿਕਾ ਪ੍ਰਭਾਵਤ ਕਰਦੀ ਹੈ। ਉਹਨਾ ਗੁਲਾਮ ਹਸਨ ਦਾ ਕਿਰਦਾਰ ਜਿਵੇਂ ਆਤਮਸਾਤ ਕਰ ਲਿਆ ਸੀ। ਉਹਨਾ ਨੂੰ ਦੇਖਦਿਆਂ ਉਹ ਫਾਰੂਕ ਸ਼ੇਖ ਨਹੀਂ, ਗੁਲਾਮ ਹਸਨ ਹੀ ਲੱਗਦੇ ਹਨ, ਜੋ ਆਪਣੀ ਜਨਮ ਭੂਮੀ ਤੋਂ ਬਾਹਰ ਜਾ ਕੇ ਉਦਰੇਵੇਂ ਦਾ ਸ਼ਿਕਾਰ ਹੋ ਜਾਂਦਾ ਹੈ।

*ਸੰਪਰਕ 98141-63071*

# ਜਲ੍ਹਿਆਂਵਾਲਾ ਬਾਗ਼ ਸਦੀ ਦਾ ਮਹਾਂ-ਦੁਖਾਂਤ

## ਹਕੀਮ ਅਜ਼ਮਲ ਖ਼ਾਨ

**ਅਨੁਵਾਦ : ਹਰੀਸ਼ ਜੈਨ**

*ਸਰਬ ਭਾਰਤੀ ਮੁਸਲਿਮ ਲੀਗ ਦਾ ਬਾਰ੍ਹਵਾਂ ਸੈਸ਼ਨ 30 ਦਸੰਬਰ 1919 ਨੂੰ ਅੰਮ੍ਰਿਤਸਰ ਵਿਖੇ ਹੋਇਆ ਸੀ। ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਅਤੇ ਪੰਜਾਬ ਵਿੱਚ ਮਾਰਸ਼ਲ ਲਾਅ ਵੱਲੋਂ ਢਾਹੇ ਜ਼ੁਲਮ ਕਾਨਫ਼ਰੰਸ ਦੀ ਕਾਰਵਾਈ ਦਾ ਜ਼ਿਕਰਯੋਗ ਹਿੱਸਾ ਸਨ। ਇਸ ਦਰਦਨਾਕ ਘਟਨਾ ਅਤੇ ਸੰਬੰਧਤ ਹਾਲਾਤ ਬਾਰੇ ਸੈਸ਼ਨ ਦੇ ਪ੍ਰਧਾਨ ਹਕੀਮ ਅਜਮਲ ਖ਼ਾਨ ਦਾ ਪ੍ਰਧਾਨਗੀ ਭਾਸ਼ਣ ਇੱਕ ਅਹਿਮ ਇਤਿਹਾਸਕ ਦਸਤਾਵੇਜ਼ ਹੈ। ਹਕੀਮ ਅਜਮਲ ਖ਼ਾਨ ਨੇ ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਤੋਂ ਪਹਿਲਾਂ ਅਤੇ ਬਾਅਦ ਦੇ ਹਾਲਾਤ 'ਤੇ ਬੇਲਾਗ ਤਬਸਰਾ ਕੀਤਾ ਹੈ। ਉਨ੍ਹਾਂ ਦੀ ਤੱਥ ਭਰਪੂਰ ਤਕਰੀਰ ਅਤੇ ਵਿਅੰਗਮਈ ਭਾਸ਼ਾ ਦੀ ਵਰਤੋਂ ਬਹੁਤ ਹੀ ਦਿਲਚਸਪ ਅਤੇ ਅੱਖਾਂ ਖੋਲ੍ਹਣ ਵਾਲੀ ਹੈ। ਭਾਸ਼ਣ ਦੇ ਪੰਜਾਬ ਨਾਲ ਸੰਬੰਧਤ ਹਿੱਸੇ ਦਾ ਪੰਜਾਬੀ ਅਨੁਵਾਦ :*

ਅੰਮ੍ਰਿਤਸਰ, ਜਿੱਥੇ ਆਪਾਂ ਹੁਣ ਕਾਂਗਰਸ ਅਤੇ ਸਰਬ ਭਾਰਤੀ ਮੁਸਲਿਮ ਲੀਗ ਦੀ ਸਾਲਾਨਾ ਇਕੱਤਰਤਾ ਲਈ ਇਕੱਠੇ ਹੋਏ ਹਾਂ, ਅਜਿਹੀਆਂ ਹਿਰਦੇਵੇਦਕ ਘਟਨਾਵਾਂ ਦਾ ਗਵਾਹ ਹੈ, ਹਮੇਸ਼ਾ ਭਾਰਤ ਵਿੱਚ ਬ੍ਰਿਟਿਸ਼ ਰਾਜ ਦੇ ਇਤਿਹਾਸ 'ਤੇ ਸਦੀਵੀ, ਅਮਿੱਟ, ਕਾਲਾ ਧੱਬਾ ਰਹੇਗਾ, ਪਰੰਤੂ ਅਜਿਹੇ ਉਦਾਸ ਅਤੇ ਨਿਰਾਸ਼ਤਾ ਦੇ ਮਾਹੌਲ ਵਿੱਚ ਕਾਂਗਰਸ ਅਤੇ ਲੀਗ ਦੇ ਸਮਾਗਮ ਕਰਨਾ ਅੰਮ੍ਰਿਤਸਰ ਨਿਵਾਸੀਆਂ ਦੀ ਹੌਸਲੇ ਭਰੀ ਦੇਸ਼ ਭਗਤੀ, ਸਾਹਸ ਅਤੇ ਮਰਦਾਊਪਣੇ ਦੀ ਨਿਸ਼ਾਨੀ ਹੈ, ਜਿਸ ਦੀ ਖੁੱਲ੍ਹੇ ਮਨ ਨਾਲ ਦਾਦ ਦੇਣੀ ਬਣਦੀ ਹੈ। ਉਨ੍ਹਾਂ ਦੇ ਇਸ ਉੱਚ ਵਿਹਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਾਰਸ਼ਲ ਲਾਅ ਵਰਗੇ ਵਹਿਸ਼ੀ ਕਾਨੂੰਨ ਅਤੇ ਅਜਿਹੀਆਂ ਅਮਾਨਵੀ ਦਰਿੰਦਗੀਆਂ ਸੋਚ ਦੀ ਆਵਾਜ਼ ਨੂੰ ਦਬਾਉਣ ਵਿੱਚ ਓਨੀਆਂ ਹੀ ਸਾਹ-ਸਤਹੀਣ ਹਨ, ਜਿਵੇਂ ਇਹ ਹੋਣੀਆਂ ਚਾਹੀਦੀਆਂ ਹਨ, ਪਰੰਤੂ ਬੀਤੇ ਸਮੇਂ ਵਿੱਚ ਹੋਈਆਂ ਘਟਨਾਵਾਂ ਲਈ ਚਾਹੇ ਉਹ ਲਾਹੌਰ, ਅੰਮ੍ਰਿਤਸਰ ਜਾਂ ਕਸੂਰ ਆਦਿ ਕਿਤੇ ਵੀ ਵਾਪਰੀਆਂ ਹੋਣ, ਦੀ ਜ਼ਿੰਮੇਵਾਰੀ ਸਿੱਧੀ-ਸਿੱਧੀ ਸਰਕਾਰ ਦੀ ਹੈ, ਜੋ ਆਪਣੀ ਪਰਜਾ ਦੀ ਮਰਜ਼ੀ ਨੂੰ ਜਾਣੇ ਅਤੇ ਉਸ ਉੱਤੇ ਧਿਆਨ ਦਿੱਤੇ ਬਿਨਾਂ ਮਨਮਰਜ਼ੀ ਦਾ ਰਾਜ ਚਲਾ ਰਹੀ ਹੈ ਅਤੇ ਰੋਲਟ ਐਕਟ ਦਾ ਪਾਸ ਕੀਤਾ ਜਾਣਾ ਇਸ ਦੀ ਨਿੱਗਰ ਉਦਾਹਰਨ ਹੈ। ਅਸੈਂਬਲੀ ਦੇ ਸਾਰੇ ਚੁਣੇ ਹੋਏ ਭਾਰਤੀ ਮੈਂਬਰਾਂ ਨੇ ਇਸ ਬਿੱਲ ਦਾ ਸਰਬਸੰਮਤੀ ਨਾਲ ਪੁਰਜ਼ੋਰ ਵਿਰੋਧ ਕੀਤਾ ਸੀ ਅਤੇ ਭਾਰਤ ਦੇ ਹਰ ਵਰਗ ਅਤੇ ਹਰ ਇਲਾਕੇ ਨੇ ਵੀ ਇਸ ਦਾ ਪੂਰੀ ਸ਼ਿੱਦਤ ਨਾਲ ਵਿਰੋਧ ਕੀਤਾ, ਪਰੰਤੂ ਸਰਕਾਰ ਨੇ ਇਨ੍ਹਾਂ ਸਭਨਾਂ ਦੀ ਆਵਾਜ਼ 'ਤੇ ਕੋਈ ਕੰਨ ਨਾ ਧਰਿਆ ਅਤੇ ਆਪਣੀ ਫੋਕੀ ਸ਼ਾਨ ਅਤੇ ਹੰਕਾਰ 'ਤੇ ਅੜੀ ਰਹੀ। ਇਸ ਦਾ ਸਿੱਟਾ ਦਿੱਲੀ ਅਤੇ ਪੰਜਾਬ ਦੀਆਂ ਮਨ ਵਲੂੰਧਰਵੀਆਂ ਘਟਨਾਵਾਂ ਵਿੱਚ ਨਿਕਲਿਆ, ਜਿਸ ਨੂੰ ਅਸੀਂ ਅਤੇ ਸਾਡੀਆਂ ਆਉਂਦੀਆਂ ਨਸਲਾਂ ਕਦੇ ਨਹੀਂ ਭੁੱਲਣਗੀਆਂ। ਰੋਲਟ ਐਕਟ ਨੂੰ ਲਾਗੂ ਕਰਨ ਦੀ ਕੋਈ ਤੁਕ ਵੀ ਸਮਝ ਨਹੀਂ ਆਉਂਦੀ। ਇਸ ਲਈ ਹੀ ਇਹ ਸਵਾਲ ਆਮ ਪੁੱਛਿਆ ਜਾਂਦਾ ਹੈ ਕਿ ਰੋਲਟ ਐਕਟ ਨੂੰ ਇੰਝ ਪਾਸ ਕਰਨਾ ਇੰਨਾ ਜ਼ਰੂਰੀ ਕਿਉਂ ਸਮਝਿਆ ਗਿਆ, ਜਦੋਂ ਕਿ 'ਸਿਡਿਸ਼ਿਯਸ ਮੀਟਿੰਗਸ ਐਕਟ' ਅਤੇ 'ਡਿਫੈਂਸ ਆਫ਼ ਇੰਡੀਆ ਰੂਲ ਐਕਟ' ਵਰਗੇ ਦਮਨਕਾਰੀ ਕਾਨੂੰਨ ਦੀਆਂ ਧਾਰਾਵਾਂ ਦਾ ਅਸਲਾਖ਼ਾਨਾ ਮੌਜੂਦ ਸੀ ਅਤੇ ਭਾਵੇਂ ਇਸ ਨੂੰ ਠੀਕ ਜਾਂ ਗ਼ਲਤ ਕੁਝ ਵੀ ਮੰਨਿਆ ਜਾਵੇ, ਸਰਕਾਰ ਕੋਲ ਆਰਡੀਨੈਂਸ ਰਾਹੀਂ ਮਾਰਸ਼ਲ ਲਾਅ ਲਗਾਉਣ ਦਾ ਅਧਿਕਾਰ ਹਮੇਸ਼ਾ ਹੀ ਮੌਜੂਦ ਹੈ, ਪਰੰਤੂ ਜੇ ਇਸ ਮਸਲੇ 'ਤੇ ਸਿਰਫ਼ ਸਰਕਾਰ ਦੇ ਵੱਕਾਰ ਦਾ ਹੀ ਮੁੱਦਾ ਹੈ ਅਤੇ ਸਿਰਫ਼ ਇਸ ਲਈ ਹੀ ਉਹ ਕਾਨੂੰਨ ਨੂੰ ਪਾਸ ਕਰਨ ਲਈ ਬਜ਼ਿੱਦ ਹੈ, ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਕਾਨੂੰਨ ਨੂੰ ਧੱਕੇਸ਼ਾਹੀ ਨਾਲ ਪਾਸ ਕਰਕੇ ਸਰਕਾਰ ਨੇ ਕੋਈ ਗਿਣਤੀਯੋਗ ਪ੍ਰਾਪਤੀ ਨਹੀਂ ਕੀਤੀ, ਸਗੋਂ ਆਪਣੀ ਪਹਿਲਾਂ ਤੋਂ ਡਿੱਗਦੀ ਸਾਖ਼ ਨੂੰ ਹੋਰ ਢਾਅ ਲਾਈ ਹੈ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਹਾਲਾਤ ਨਾਲੋਂ ਇਸ ਦਾ ਪ੍ਰਭਾਵ ਲੋਕ ਮਨਾਂ 'ਤੇ ਜ਼ਿਆਦਾ ਮਾੜਾ ਪਿਆ ਹੈ।'

ਸਰਕਾਰ ਦੀ ਇਸ ਬੱਜਰ ਮੁਢਲੀ ਭੁੱਲ ਤੋਂ ਅਗਾਂਹ ਹੁਣ ਆਪਾਂ ਪੰਜਾਬ ਦੀ ਗੱਲ ਕਰਦੇ ਹਾਂ, ਜੋ ਸਰਕਾਰ ਦੇ ਗੁਨਾਹਾਂ ਦੀ ਗਰਦਿਸ਼ ਨਾਲ ਨੱਕੋ-ਨੱਕ ਭਰਿਆ ਹੈ। ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਸਾਬਕਾ ਲੈਫ਼ਟੀਨੈਂਟ ਗਵਰਨਰ ਦੀ ਮਹਾਨਤਾ ਦੀ ਹੀ ਗੱਲ ਕਰਦੇ ਹਾਂ, ਜਿਨ੍ਹਾਂ ਪ੍ਰੋਵਿੰਸ਼ੀਅਲ ਅਸੈਂਬਲੀ ਦੀ ਅਜ਼ੀਮ ਸਟੇਜ ਤੋਂ ਐਲਾਨਿਆ ਸੀ ਕਿ ਮਾਰਸ਼ਲ ਲਾਅ ਦੇ ਹੁਕਮਾਂ ਦੀ ਅਤੇ ਕਾਨੂੰਨ ਦੀ ਮੁਖ਼ਾਲਫ਼ਤ ਕਰਨ ਵਾਲਿਆਂ ਵਿਰੁੱਧ ਬਹੁਤ ਕਠੋਰ ਕਾਰਵਾਈ ਕੀਤੀ ਜਾਵੇਗੀ। ਮੈਨੂੰ ਸਮਝ ਨਹੀਂ ਹੈ ਕਿ ਇੱਕ ਸੰਵਿਧਾਨਕ ਸਰਕਾਰ ਦੇ ਪ੍ਰਤੀਨਿਧੀ ਵੱਲੋਂ ਅਜਿਹੀ ਧਮਕੀ ਦੇਣੀ ਕਿੰਨੀ ਕੁ ਜਾਇਜ਼ ਕਰਾਰ ਦਿੱਤੀ ਜਾ ਸਕਦੀ ਹੈ, ਕਿਉਂਕਿ ਰੋਲਟ ਐਕਟ ਦੇ ਵਿਰੋਧ ਵਿੱਚ ਪੰਜਾਬ ਵਿੱਚ ਹੋ ਰਹੀਆਂ ਸਾਰੀਆਂ ਗਤੀਵਿਧੀਆਂ ਪੂਰਨ ਤੌਰ 'ਤੇ ਸੰਵਿਧਾਨਕ ਦਾਇਰੇ ਦੀਆਂ ਹੱਦਾਂ ਵਿੱਚ ਸਨ। ਬ੍ਰਿਟਿਸ਼ ਸਾਮਰਾਜ ਦੇ ਸਾਬਕਾ ਸੂਬੇਦਾਰ ਦੇ ਉੱਪਰ ਦੱਸੇ ਧਮਕੀ ਭਰੇ ਲਫ਼ਜ਼ਾਂ ਦਾ ਅਰਥ ਕਿਸੇ ਕਾਨੂੰਨ ਦੇ ਸੰਵਿਧਾਨਕ ਢੰਗਾਂ ਨਾਲ ਕੀਤੇ ਜਾ ਰਹੇ ਵਿਰੋਧ ਨੂੰ ਸਰਕਾਰ ਅਤੇ ਸਮਾਜ ਪ੍ਰਤੀ ਜੁਰਮ ਗਰਦਾਨਣਾ ਸੀ, ਪਰੰਤੂ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਸ ਕਾਨੂੰਨ ਤਹਿਤ ਅਜਿਹੀ ਕਾਰਵਾਈ ਕਰ ਸਕਦਾ ਸੀ। ਇਸ ਦੇ ਜਵਾਬ ਵਿੱਚ ਤਾਂ ਉਹ ਡਿਫੈਂਸ ਆਫ਼ ਇੰਡੀਆ ਦੀ ਅੰਨ੍ਹੇਵਾਹ ਵਰਤੋਂ ਹੀ ਕਰ ਸਕਦਾ ਸੀ, ਜਿਸ ਨਾਲ ਸਮਾਜ ਵੱਲੋਂ ਸੰਵਿਧਾਨਕ ਢੰਗ ਨਾਲ ਕੀਤਾ ਜਾ ਰਿਹਾ ਕੋਈ ਵੀ ਪ੍ਰੋਟੈਸਟ ਸਜ਼ਾਯੋਗ ਬਣ ਸਕਦਾ ਸੀ। ਦੂਸਰੇ ਪ੍ਰਾਂਤਾਂ ਵਿੱਚ ਵੀ ਰੋਲਟ ਐਕਟ ਦੇ ਵਿਰੁੱਧ ਜ਼ੋਰ-ਸ਼ੋਰ ਨਾਲ ਹੜਤਾਲਾਂ ਅਤੇ ਪ੍ਰਦਰਸ਼ਨ ਹੋਏ ਹਨ, ਪਰੰਤੂ ਉਨ੍ਹਾਂ ਦੇ ਰਾਜ ਪ੍ਰਮੁੱਖਾਂ ਨੇ ਅਜਿਹੀਆਂ ਧਮਕੀਆਂ ਜਾਰੀ ਕਰਨੀਆਂ ਕਤਈ ਜ਼ਰੂਰੀ ਨਹੀਂ ਸਮਝੀਆਂ ਅਤੇ ਨਾ ਹੀ ਉਨ੍ਹਾਂ ਨੂੰ ਲੋਕਾਂ 'ਤੇ ਗੋਲੀ ਚਲਾਉਣ ਅਤੇ ਉਨ੍ਹਾਂ ਦਾ ਕਤਲ ਕਰਨ ਦੇ ਰਾਹ ਪੈਣਾ ਪਿਆ ਅਤੇ ਨਾ ਹੀ ਉਨ੍ਹਾਂ ਆਪਣੇ ਪ੍ਰਾਂਤਾਂ ਨੂੰ ਮਾਰਸ਼ਲ ਲਾਅ ਲਾਗੂ ਕਰਨ ਲਈ ਮਿਲਟਰੀ ਦੇ ਹਵਾਲੇ ਕੀਤਾ।ਇਹ ਉਸ ਦੀ ਪੰਜਾਬ ਬਾਰੇ ਨਿਰੀ ਭ੍ਰਮਕ ਅਤੇ ਦਮਨਕਾਰੀ ਸੋਚ ਸੀ, ਜਿਸ ਦਾ ਸਿੱਟਾ 3 ਅਤੇ 5 ਅਪ੍ਰੈਲ ਦੀ ਕਾਰਵਾਈ ਵਿੱਚ ਨਿਕਲਿਆ ਅਤੇ ਅੰਮ੍ਰਿਤਸਰ ਦੇ ਦੋ ਹਰਮਨ ਪਿਆਰੇ ਆਗੂ ਡਾ. ਸੈਫ਼ੂਦੀਨ ਕਿਚਲੂ ਅਤੇ ਡਾ. ਸਤਪਾਲ ਨੂੰ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਬੇਵਕੂਫ਼ੀ ਤੋਂ ਵੀ ਸੰਤੁਸ਼ਟੀ ਨਾ ਹੋਈ ਅਤੇ ਅਜਿਹੀਆਂ ਗ੍ਰਾਮਕ ਕਾਰਵਾਈਆਂ ਵਿੱਚ ਤੇਜ਼ੀ ਲਿਆਉਂਦੇ ਹੋਏ 10 ਅਪ੍ਰੈਲ ਨੂੰ ਦੋਵਾਂ ਲੀਡਰਾਂ ਨੂੰ ਅੰਮ੍ਰਿਤਸਰ ਤੋਂ ਨਿਕਾਲਾ ਦੇ ਦਿੱਤਾ ਗਿਆ। ਇਹ ਜਲਾਵਤਨੀ ਉਸ ਸਮੇਂ ਵਾਪਰੀ, ਜਦੋਂ ਜ਼ਿੰਮੇਵਾਰ ਅਫ਼ਸਰ ਅਜਿਹੀ ਕਾਰਵਾਈ ਦੇ ਮਾੜੇ ਨਤੀਜਿਆਂ ਬਾਰੇ ਚੇਤੰਨ ਸਨ, ਜਿਵੇਂ ਕਿ ਸਰ ਚਿਮਨ ਲਾਲ ਸੀਤਲਵਾੜ ਦੀ ਜਿਰ੍ਹਾ ਦੌਰਾਨ ਮਾਇਲਸ ਇਰਵਿੰਗ ਨੇ



ਮੰਨਿਆ ਕਿ ਡਾ. ਕਿਚਲੂ ਅਤੇ ਡਾ. ਸਤਪਾਲ ਦੀ ਜਲਾਵਤਨੀ ਵਿਰੁੱਧ ਹੋਣ ਵਾਲੀ ਹੜਤਾਲ ਤੇ ਪ੍ਰਦਰਸ਼ਨਾਂ ਦਾ ਉਸ ਨੂੰ ਪੂਰਾ ਅੰਦੇਸ਼ਾ ਸੀ।

ਇਨ੍ਹਾਂ ਹਾਲਤਾਂ ਵਿੱਚ ਜਲਾਵਤਨੀ ਦੇ ਬੇਵਕੂਫ਼ੀ ਭਰੇ ਹੁਕਮਾਂ ਦੇ ਸਿੱਟੇ ਵਜੋਂ ਫੈਲੀ ਅਫ਼ਰਾਤਫ਼ਰੀ ਦੀ ਸਾਰੀ ਜ਼ਿੰਮੇਵਾਰੀ ਸਿੱਧੀ ਸਰਕਾਰ ਦੀ ਬਣਦੀ ਹੈ ਅਤੇ ਉਨ੍ਹਾਂ ਅਫ਼ਸਰਾਂ ਨੂੰ ਜੁਆਬਦੇਹ ਬਣਾਉਣਾ ਚਾਹੀਦਾ ਹੈ, ਜਿਨ੍ਹਾਂ ਅਜਿਹੇ ਨਾਕਸ ਹੁਕਮ ਜਾਰੀ ਕੀਤੇ, ਖ਼ਾਸ ਤੌਰ 'ਤੇ ਜਦੋਂ ਇਹ ਸਪੱਸ਼ਟ ਸੀ ਕਿ ਜਲਾਵਤਨੀ ਦੇ ਹੁਕਮਾਂ ਤੋਂ ਪਹਿਲਾਂ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਨਹੀਂ ਸਨ। ਜਲਾਵਤਨੀ ਦੇ ਹੁਕਮਾਂ ਉਪਰੰਤ ਜਿਵੇਂ ਕਿ ਹੋਣਾ ਹੀ ਸੀ, ਸ਼ਹਿਰ ਵਿੱਚ ਹੜਤਾਲ ਹੋਈ, ਪਰੰਤੂ ਜਿਵੇਂ ਕਿ ਅੰਮ੍ਰਿਤਸਰ ਮਿਉਂਸਿਪਲ ਇੰਜੀਨੀਅਰ ਮਿਸਟਰ ਜਰਮਨ ਨੇ ਦੱਸਿਆ ਕਿ ਹੜਤਾਲ ਹੋਣ ਦੇ ਬਾਵਜੂਦ ਸ਼ਹਿਰ ਵਿੱਚ ਕੋਈ ਵੀ ਬਦਅਮਨੀ ਨਹੀਂ ਸੀ, ਸਿਰਫ਼ ਵਪਾਰ ਬੰਦ ਸੀ। ਦਰਅਸਲ ਇਰਵਿੰਗ ਨੇ ਵੀ ਆਪਣੇ ਬਿਆਨ ਵਿੱਚ ਮੰਨਿਆ ਕਿ ਪੁਲ 'ਤੇ ਗੋਲੀ ਚੱਲਣ ਤੋਂ ਪਹਿਲਾਂ ਭੀੜ ਦਾ ਦੰਗਾ ਕਰਨ ਜਾਂ ਕੋਈ ਹੋਰ ਹਿੰਸਕ ਇਰਾਦਾ ਨਹੀਂ ਸੀ ਲਗਦਾ। ਉਹ ਸਿਰਫ਼ ਜਲਾਵਤਨ ਕੀਤੇ ਨੇਤਾਵਾਂ ਦੀ ਵਾਪਸੀ ਲਈ ਜ਼ਿਲ੍ਹਾ ਮੁਖੀ ਨੂੰ ਮੈਮੋਰੰਡਮ ਦੇਣਾ ਚਾਹੁੰਦੇ ਸਨ। ਸਰਕਾਰੀ ਬਿਆਨਾਂ ਵਿੱਚ ਉਪਰੋਕਤ ਤੱਥ ਨੂੰ ਉਲਟਾਉਂਦੀ ਕੋਈ ਵੀ ਗਵਾਹੀ ਨਹੀਂ ਹੈ, ਜਿਸ ਤੋਂ ਭੀੜ ਦੀ ਦੰਗਾਈ ਪ੍ਰਵਿਰਤੀ ਬਾਰੇ ਸ਼ੱਕ ਕੀਤਾ ਜਾ ਸਕੇ। ਇਹ ਵੀ ਤੱਥ ਹੈ ਕਿ ਜਲੂਸ ਡੀ.ਸੀ. ਦੇ ਬੰਗਲੇ ਵੱਲ ਜਾਂਦਾ ਹੋਇਆ ਰਾਹ ਵਿੱਚ ਯੂਰਪੀਅਨ ਅਤੇ ਸਰਕਾਰੀ ਇਮਾਰਤਾਂ ਨੂੰ ਬਿਨਾਂ ਕੋਈ ਨੁਕਸਾਨ ਪਹੁੰਚਾਏ ਪਾਰ ਕਰਦਾ ਆਇਆ ਸੀ ਅਤੇ ਨਾ ਹੀ ਉਨ੍ਹਾਂ ਦੇ ਹੱਥਾਂ ਵਿੱਚ ਡਾਂਗਾਂ, ਸੋਟੀਆਂ ਆਦਿ ਕੋਈ ਹਥਿਆਰ ਸਨ, ਜਿਸ ਤੋਂ ਉਨ੍ਹਾਂ ਦੇ ਹਿੰਸਕ ਇਰਾਦਿਆਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੋਵੇ, ਪਰੰਤੂ ਇਸ ਸਭ ਦੇ ਬਾਵਜੂਦ ਉਨ੍ਹਾਂ 'ਤੇ ਗੋਲੀ ਵਰ੍ਹਾਉਣ ਦਾ ਹੁਕਮ ਦਿੱਤਾ ਗਿਆ, ਜਿਸ ਦੇ ਸਿੱਟੇ ਵਜੋਂ ਰੇਲਵੇ ਸਟੇਸ਼ਨ, ਬੈਂਕਾਂ ਅਤੇ ਹੋਰ ਥਾਵਾਂ 'ਤੇ ਯੂਰਪੀ ਵੱਸੋਂ ਦੇ ਜਾਨ-ਮਾਲ ਦਾ ਨੁਕਸਾਨ ਹੋਇਆ।

ਆਉਂਦੇ ਦਿਨ ਵਿਸਾਖੀ ਦਾ ਮਹੱਤਵਪੂਰਨ ਤਿਉਹਾਰ ਸੀ ਅਤੇ ਜਲ੍ਹਿਆਂਵਾਲਾ ਬਾਗ਼ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਹੋਇਆ, ਜਿਸ ਉੱਤੇ ਜਨਰਲ ਡਾਇਰ ਨੇ ਪੂਰੇ ਹੌਸਲੇ ਅਤੇ ਬਹਾਦਰੀ ਨਾਲ ਹਮਲਾ ਕੀਤਾ, ਜਿਸ ਨੇ ਕਿ ਉੱਥੇ ਪਹੁੰਚਣ ਤੋਂ ਬਹੁਤ ਪਹਿਲਾਂ ਹੀ ਗੋਲੀ ਚਲਾਉਣ ਦਾ ਫ਼ੈਸਲਾ ਕਰ ਲਿਆ ਸੀ। ਹੰਟਰ ਕਮੇਟੀ ਸਾਹਮਣੇ ਆਪਣੇ ਬਿਆਨ ਵਿੱਚ ਉਸ ਨੇ ਬਹੁਤ ਮਾਣ ਨਾਲ ਸ਼ੇਖੀ ਮਾਰੀ ਕਿ ਉਸ ਨੇ ਗੋਲੀ ਚਲਾਈ ਅਤੇ ਗੋਲੀ ਪੂਰੇ ਧਿਆਨ ਨਾਲ ਚਲਾਈ, ਕਿਉਂਕਿ ਮਾੜੀ-ਮੋਟੀ ਗੋਲੀ ਚਲਾਉਣਾ ਉਸ ਦੇ ਹਿਸਾਬ ਅਨੁਸਾਰ ਕੋਈ ਮਾਅਨੇ ਨਹੀਂ ਸੀ ਰੱਖਦੀ।ਉਸ ਨੇ ਇਹ ਵੀ ਮੰਨਿਆ ਕਿ ਗੋਲੀਬਾਰੀ ਨਾਲ ਜ਼ਖ਼ਮੀ ਹੋਣ ਵਾਲਿਆਂ ਦੀ ਡਾਕਟਰੀ ਸਹਾਇਤਾ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ, ਕਿਉਂਕਿ ਸ਼ਹਿਰ ਦੇ ਹਸਪਤਾਲ ਸਭ ਲਈ ਖੁੱਲ੍ਹੇ ਸਨ। ਸਾਹਿਬਜ਼ਾਦਾ ਸੁਲਤਾਨ ਅਹਿਮਦ ਖ਼ਾਨ ਦੇ ਸਵਾਲਾਂ ਦੇ ਜਵਾਬ ਵਿੱਚ ਡਾਇਰ ਨੇ ਕਿਹਾ ਕਿ ਉਸ ਦੇ ਅਨੁਸਾਰ ਸਿਵਲ ਬਦਅਮਨੀ ਜਾਂ ਬਗ਼ਾਵਤ ਵਿੱਚ ਕੋਈ ਅੰਤਰ ਨਹੀਂ ਹੈ। ਇਸ ਗੱਲ ਦੀ ਘੋਰ ਨਿੰਦਾ ਕਰਨੀ ਬਣਦੀ ਹੈ ਕਿ ਬ੍ਰਿਟਿਸ਼ ਸਾਮਰਾਜ ਦੀ ਪਰਜਾ ਅਜਿਹੇ ਅਹਿਲਕਾਰਾਂ ਦੇ ਮਾਤਹਿਤ ਹੈ, ਜੋ 'ਗੋਲੀ ਚਲਾਉਣ' ਅਤੇ 'ਪੂਰੇ ਧਿਆਨ ਨਾਲ ਗੋਲੀ ਚਲਾਉਣ' ਨੂੰ ਬੜੀ ਸ਼ੇਖੀ ਨਾਲ ਦੱਸ ਸਕਦੇ ਹਨ, ਜੋ ਆਮ ਦੰਗਿਆਂ ਦੇ ਜੁਰਮ ਅਤੇ ਬਗ਼ਾਵਤ ਵਰਗੇ ਸੰਗੀਨ ਜੁਰਮ ਵਿੱਚ ਅੰਤਰ ਕਰਨ ਦੀ ਕਾਬਲੀਅਤ ਨਹੀਂ ਰੱਖਦੇ ਅਤੇ ਜਿਨ੍ਹਾਂ ਵਿੱਚ ਇੰਨੀ ਸਮਝ ਵੀ ਨਹੀਂ ਹੈ ਕਿ ਜ਼ਖ਼ਮੀ ਬਿਨਾਂ ਕਿਸੇ ਦੀ ਮਦਦ ਤੋਂ ਹਸਪਤਾਲ ਨਹੀਂ ਪੁੱਜ ਸਕਦੇ।ਹੱਕੀ ਅਤੇ ਪ੍ਰਜਾਤੰਤਰਕ ਪ੍ਰਬੰਧ ਅੰਦਰ ਕਿਸੇ ਮੈਂਬਰ ਦੇ ਮਨ ਵਿੱਚ ਆਪਣੇ ਸਾਥੀ ਮਨੁੱਖਾਂ 'ਤੇ ਬਿਨਾਂ ਕੋਈ ਧਿਆਨ ਧਰੇ ਗੋਲੀ ਚਲਾਉਣ ਦੇ ਘਿਨਾਉਣੇ ਵਿਚਾਰ ਦਾ ਮਨ ਵਿੱਚ ਪਨਪਣਾ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਨਿਰਦਈ ਅਤੇ ਅੱਤਿਆਚਾਰੀ ਵੀ ਹੈ। ਭਰੇ ਮਨ ਨਾਲ ਇਹ ਬਿਆਨ ਕਰਨਾ ਪੈ ਰਿਹਾ ਹੈ ਕਿ ਜਲ੍ਹਿਆਂਵਾਲਾ ਬਾਗ਼ ਵਿੱਚ ਬਹੁਤ ਬੇਦਰਦੀ ਨਾਲ ਭਾਰਤੀ ਖ਼ੂਨ ਡੋਲ੍ਹਿਆ ਗਿਆ, ਜਿਸ ਦੇ ਸਿੱਟੇ ਵਜੋਂ ਹੁਣ ਤੱਕ 500 ਮੌਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਚੁੱਕੀ ਹੈ। ਅਸੈਂਬਲੀ ਵਿੱਚ ਪੰਡਿਤ ਮਦਨ ਮੋਹਨ ਮਾਲਵੀਆ ਦੇ ਸਵਾਲ ਦੇ ਜਵਾਬ ਵਿੱਚ ਸਰਕਾਰ ਨੇ 290 ਮੌਤਾਂ ਹੋਣ ਨੂੰ ਸਵੀਕਾਰ ਕੀਤਾ ਹੈ, ਪਰੰਤੂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਬਹੁਤ ਹੀ ਹਾਸੋਹੀਣੇ ਢੰਗ ਨਾਲ ਸਚਾਈ ਨੂੰ 3, 4, 5 ਸੌ ਮੰਨ ਕੇ ਕਬੂਲਿਆ ਹੈ।

ਸਰਕਾਰ ਦੀ ਨਿਗਾਹ ਵਿੱਚ ਸੈਂਕੜੇ ਮੌਤਾਂ ਦਾ ਕਿੰਨਾ ਕੁ ਮਾਇਨਾ ਹੈ, ਇਸ ਸਿਤਮਜ਼ਰੀਫ਼ੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਗਿਣਤੀ ਦੀ ਜ਼ਿਆਦਾ ਤਸਦੀਕ ਜਨਰਲ ਡਾਇਰ ਦੀ ਜ਼ੁਬਾਨੀ ਹੁੰਦੀ ਹੈ ਕਿ ਉਸ ਨੇ 1650 ਗੋਲੀਆਂ ਚਲਾਈਆਂ, ਜਿਸ ਨਾਲ ਉਸ ਦੇ ਵਿਚਾਰ ਅਨੁਸਾਰ 400 ਤੋਂ 500 ਬੰਦੇ ਮਰਨੇ ਚਾਹੀਦੇ ਹਨ। ਜਲ੍ਹਿਆਂਵਾਲਾ ਬਾਗ ਦੀ ਗੋਲੀਬਾਰੀ ਜਿੰਨੀ ਗ਼ੈਰ-ਜ਼ਿੰਮੇਵਾਰਾਨਾ ਕਾਰਵਾਈ ਸੀ, ਓਨੀ ਹੀ ਦੁਖਦਾਈ।ਜਦੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਗ਼ ਵਿੱਚ ਇਕੱਠੀ ਹੋਈ ਭੀੜ ਨੂੰ ਖਿੰਡਾਉਣ ਲਈ ਕਿਸੇ ਵੀ ਤਰ੍ਹਾਂ ਦੇ ਬਲ ਦੀ ਵਰਤੋਂ ਦੀ ਲੋੜ ਨਹੀਂ ਸੀ ਅਤੇ ਇਹ ਗੱਲ ਜਨਰਲ ਡਾਇਰ ਨੇ ਖ਼ੁਦ ਆਪਣੀ ਜਿਰ੍ਹਾ ਦੌਰਾਨ ਮੰਨੀ ਸੀ। ਇੱਕ ਹੋਰ ਜ਼ਰੂਰੀ ਮਸਲਾ, ਜਿਸ 'ਤੇ ਗ਼ੌਰ ਕਰਨਾ ਜ਼ਰੂਰੀ ਹੈ ਕਿ 15 ਅਤੇ 16 ਅਪ੍ਰੈਲ ਦੀਆਂ ਰਾਤਾਂ ਵਿਚਕਾਰ ਮਾਰਸ਼ਲ ਲਾਅ ਇਸ ਦੇ ਐਲਾਨ ਕੀਤੇ ਜਾਣ ਤੋਂ ਪਹਿਲਾਂ ਹੀ ਲਾਗੂ ਕਰ ਦਿੱਤਾ ਗਿਆ ਸੀ। ਜ਼ਿਲ੍ਹੇ ਦਾ ਪ੍ਰਬੰਧ 11 ਅਪ੍ਰੈਲ ਨੂੰ ਜਨਰਲ ਡਾਇਰ ਦੇ ਹਵਾਲੇ ਕਰ ਦਿੱਤਾ ਗਿਆ ਸੀ ਅਤੇ ਸਜ਼ਾਵਾਂ ਅਤੇ ਹੁਕਮ ਵੀ ਉਹ ਹੀ ਜਾਰੀ ਕਰ ਰਿਹਾ ਸੀ, ਪਰੰਤੂ ਇਹ ਸੋਚ ਕੇ ਬਹੁਤ ਹੈਰਾਨੀ ਹੋ ਰਹੀ ਹੈ ਕਿ ਇਹ ਹੁਕਮ ਅਤੇ ਸਜ਼ਾਵਾਂ ਕਿਸ ਕਾਨੂੰਨ ਅਧੀਨ ਜਾਰੀ ਕੀਤੀਆਂ ਜਾ



ਰਹੀਆਂ ਸਨ। ਕੀ ਇਹ ਨਿਹੱਕੀਆਂ 500 ਮੌਤਾਂ ਇਨ੍ਹਾਂ ਗ਼ੈਰਕਾਨੂੰਨੀ, ਗ਼ੈਰ-ਸੰਵਿਧਾਨਕ ਕਾਰਵਾਈਆਂ ਦਾ ਹੀ ਸਿੱਟਾ ਸਨ? ਕੀ ਇਹ ਜ਼ਰੂਰੀ ਨਹੀਂ ਹੈ ਕਿ ਅਜਿਹੀਆਂ ਅਮਾਨਵੀ ਅਤੇ ਗ਼ੈਰਕਾਨੂੰਨੀ ਕਾਰਵਾਈਆਂ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਬਣਦੀ ਸਜ਼ਾ ਦਿੱਤੀ ਜਾਵੇ?

ਜਨਰਲ ਡਾਇਰ ਦੇ ਹੱਤਕ ਭਰੇ ਉਸ ਹੁਕਮ ਨੂੰ ਕੌਣ ਭੁੱਲ ਸਕਦਾ ਹੈ, ਜਿਸ ਅਨੁਸਾਰ ਮਨੁੱਖਾਂ ਨੂੰ ਗਲੀ ਪਾਰ ਕਰਨ ਲਈ ਜਾਨਵਰਾਂ ਵਾਂਗ ਘਿਸਰ ਕੇ ਜਾਣ ਲਈ ਮਜਬੂਰ ਕੀਤਾ ਗਿਆ ਅਤੇ ਚੌਕਾਂ ਵਿੱਚ ਨੰਗੇ ਕਰਕੇ ਟਿਕਟਿਕੀਆਂ 'ਤੇ ਬੰਨ੍ਹ ਕੇ ਮਾਰੇ ਗਏ ਕੋੜਿਆਂ ਨੂੰ ਤਾਂ ਕੌਣ ਭੁੱਲ ਸਕਦਾ ਹੈ।ਅੰਮ੍ਰਿਤਸਰ ਵਿੱਚ ਵਾਪਰੀਆਂ ਘਟਨਾਵਾਂ ਦਾ ਲਾਹੌਰ ਅਤੇ ਪੰਜਾਬ ਦੇ ਬਾਕੀ ਸ਼ਹਿਰਾਂ ਵਿੱਚ ਫ਼ੌਰੀ ਅਸਰ ਹੋਇਆ। ਅੰਮ੍ਰਿਤਸਰ ਵਿੱਚ ਹੋਏ ਅੱਤਿਆਚਾਰਾਂ ਨਾਲ ਪੂਰੇ ਪ੍ਰਾਂਤ ਵਿੱਚ ਗੁੱਸੇ ਦੀ ਲਹਿਰ ਫੈਲ ਗਈ। ਲਾਹੌਰ ਵਿੱਚ 6 ਅਪ੍ਰੈਲ ਨੂੰ ਹੋਈ ਹੜਤਾਲ ਪੁਰਅਮਨ ਰਹੀ ਸੀ, ਪਰੰਤੂ ਪੰਜਾਬ ਦੇ ਸਾਬਕਾ ਸੂਬੇਦਾਰ ਦੇ ਹੁਕਮਾਂ ਨਾਲ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਨਾਲ ਲੋਕ ਮੁੜ ਭਾਰੀ ਗਿਣਤੀ ਵਿੱਚ ਇਕੱਠੇ ਹੋ ਗਏ, ਤਾਂ ਜੋ ਇਨ੍ਹਾਂ ਹੁਕਮਾਂ ਨੂੰ ਮਨਸੂਖ ਕਰਵਾਉਣ ਲਈ ਲੈਫ਼ਟੀਨੈਂਟ ਗਵਰਨਰ ਨੂੰ ਪਹੁੰਚ ਕਰਕੇ ਅਪੀਲ ਕਰ ਸਕਣ। ਇਸ ਜਲੂਸ ਨੂੰ ਰੋਕ ਦਿੱਤਾ ਗਿਆ ਅਤੇ ਮਾਲ ਰੋਡ ਤੋਂ ਵਾਪਸ ਹੋਣ ਲਈ ਕਹਿ ਦਿੱਤਾ ਗਿਆ।ਇਹ ਦੱਸਿਆ ਜਾਂਦਾ ਹੈ ਕਿ ਜਲੂਸ ਜਦੋਂ ਵਾਪਸ ਜਾ ਰਿਹਾ ਸੀ, ਤਾਂ ਇਸ ਉੱਤੇ ਗੋਲੀ ਚਲਾਈ ਗਈ ਅਤੇ ਫਿਰ ਲਾਹੌਰੀ ਗੇਟ ਦੇ ਨੇੜੇ ਪੁੱਜਣ 'ਤੇ ਦੁਬਾਰਾ ਗੋਲੀ ਚਲਾਈ ਗਈ।11 ਅਪ੍ਰੈਲ ਨੂੰ ਲੋਕ ਗੋਲੀ ਨਾਲ ਮਰੇ ਸਾਥੀਆਂ ਦਾ ਮਾਤਮ ਕਰ ਰਹੇ ਸਨ ਅਤੇ 13 ਅਪ੍ਰੈਲ ਨੂੰ ਬਾਦਸ਼ਾਹੀ ਮਸਜਿਦ ਵਿੱਚ ਸ਼ੋਕ ਪ੍ਰਗਟ ਕਰਨ ਲਈ ਇਕੱਤਰਿਤ ਹੋਏ ਸਨ। ਕੁਝ ਲੋਕਾਂ ਨੇ ਇੱਕ ਸੀ.ਆਈ.ਡੀ. ਅਫ਼ਸਰ ਨੂੰ ਪਕੜ ਕੇ ਉਸ ਦੇ ਕੱਪੜੇ ਉਤਾਰ ਕੇ, ਉਨ੍ਹਾਂ ਨੂੰ ਅੱਗ ਲਗਾ ਦਿੱਤੀ, ਜੋ ਹਰ ਤਰ੍ਹਾਂ ਨਾਲ ਨਿੰਦਣਯੋਗ ਕਾਰਜ ਸੀ। ਜਦੋਂ ਲੋਕ ਮਸਜਿਦ ਵਿੱਚੋਂ ਬਾਹਰ ਆਏ ਤਾਂ ਨੇੜੇ ਗਵਾਂਢ ਵਿੱਚ ਹੀ ਉਨ੍ਹਾਂ 'ਤੇ ਮਿਲਟਰੀ ਨੇ ਗੋਲੀ ਚਲਾ ਦਿੱਤੀ। ਇਸ ਉਪਰੰਤ ਸ਼ਹਿਰ ਦੇ ਮੰਨੇ-ਪ੍ਰਮੰਨੇ ਅਤੇ ਸੂਝਵਾਨ ਨੇਤਾ ਜਿਵੇਂ ਕਿ ਲਾਲਾ ਹਰਕਿਸ਼ਨ ਲਾਲ, ਪੰਡਿਤ ਰਾਮ ਭੁਜ ਦੱਤ, ਸ੍ਰੀ ਦੁਨੀ ਚੰਦ ਬਾਰ-ਐਟ-ਲਾਅ ਅਤੇ ਹੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ 'ਤੇ ਕਿਸੇ ਵੀ ਤਰ੍ਹਾਂ ਨਾਲ ਬਦਅਮਨੀ ਫੈਲਾਉਣ ਦਾ ਦੋਸ਼ ਨਹੀਂ ਸੀ ਲਗਾਇਆ ਜਾ ਸਕਦਾ, ਸਗੋਂ ਉਨ੍ਹਾਂ ਤਾਂ ਸ਼ਹਿਰ ਵਿੱਚ ਅਮਨ ਕਾਇਮ ਰੱਖਣ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖੀ ਸੀ, ਪਰੰਤੂ ਇੱਕ ਚੰਗੇ ਨਾਗਰਿਕ ਦਾ ਫ਼ਰਜ਼ ਨਿਭਾਉਣ ਦਾ ਉਨ੍ਹਾਂ ਨੂੰ ਕੀ ਸਿਲਾ ਮਿਲਿਆ, ਇਸ ਤੋਂ ਅਸੀਂ ਹੁਣ ਚੰਗੀ ਤਰ੍ਹਾਂ ਵਾਕਫ਼ ਹਾਂ।

ਲੱਗਦਾ ਹੈ ਕਿ ਸਾਡੇ ਸਾਬਕਾ ਲੈਫ਼ਟੀਨੈਂਟ ਗਵਰਨਰ ਮਾਈਕਲ ਉਡਵਾਇਰ ਨੇ ਆਪਣੇ ਨਾਦਰਸ਼ਾਹੀ ਹੁਕਮਾਂ ਦੇ ਵਰਦਾਨ ਨਾਲ ਦੇਸ਼ ਦੇ ਦੂਜੇ ਹਿੱਸਿਆਂ ਨੂੰ ਵੀ ਲਾਭ ਪਹੁੰਚਾਉਣ ਦੀ ਪੂਰੀ ਵਾਹ ਲਾਈ।ਉਡਵਾਇਰ ਨੇ ਲਾਹੌਰ ਬੈਠਿਆਂ 'ਇੰਡੀਪੈਂਡੈਂਟ' ਅਖ਼ਬਾਰ ਵਿਰੁੱਧ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਪਰੰਤੂ ਯੂਨਾਈਟਿਡ ਪ੍ਰੋਵਿੰਸ (ਅੱਜ ਦਾ ਯੂ.ਪੀ.) ਦੀ ਸਰਕਾਰ ਨੇ ਉਸ ਦੀ ਬੁੱਧੀਮਾਨੀ 'ਤੇ ਹੱਥ ਨਾ ਧਰਾਇਆ ਅਤੇ ਸਾਡੇ ਸਾਬਕਾ ਸਾਹਿਬ ਦੇ ਹੁਕਮਾਂ ਦੀ ਪਾਲਣਾ ਨਾ ਕੀਤੀ, ਪਰੰਤੂ ਇਹ ਅਫ਼ਸੋਸ ਦੀ ਗੱਲ ਹੈ ਕਿ ਇਸ ਅਖ਼ਬਾਰ ਦਾ ਦਫ਼ਤਰ ਪੁਲਸ ਦੀ ਰੇਡ ਤੋਂ ਨਾ ਬਚ ਸਕਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਉਸ ਨੇ ਦਿੱਲੀ ਵਿੱਚ ਵੀ ਮਾਰਸ਼ਲ ਲਾਅ ਲਗਵਾਉਣ ਦੀ ਕੋਸ਼ਿਸ਼ ਕੀਤੀ ਅਤੇ ਪੰਜਾਬ ਵਰਗੀਆਂ ਬਹੁਤ ਸਾਰੀਆਂ ਬੰਦਿਸ਼ਾਂ ਪੂਰੇ ਦੇਸ਼ ਵਿੱਚ ਲਾਗੂ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ, ਤਾਂ ਜੋ ਉਹ ਜ਼ੁਲਮ ਦੀ ਕਿਤਾਬ ਵਿੱਚ ਇਕੱਲਾ ਖੜ੍ਹਾ ਨਾ ਵਿਖਾਈ ਦੇਵੇ, ਪਰੰਤੂ ਸਫਲਤਾ ਨਾ ਮਿਲੀ। ਹਾਂ ਮਦਰਾਸ ਪ੍ਰੈਜ਼ੀਡੈਂਸੀ ਵਿੱਚ ਸ੍ਰੀ ਗਵਰਧਨ ਦਾਸ ਨੂੰ ਇਸ ਬਿਨਾਹ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ, ਕਿਉਂਕਿ ਉਸ ਨੇ ਪੰਜਾਬ ਦੀਆਂ ਘਟਨਾਵਾਂ ਦੀ ਅਤੇ ਇੱਥੋਂ ਦੇ ਸ਼ਾਸਕਾਂ ਦੀ ਕਾਰਗੁਜ਼ਾਰੀ ਦੀ ਸਹੀ ਪੇਸ਼ਕਾਰੀ ਕਰਨ ਦੀ ਗੁਸਤਾਖ਼ੀ ਕੀਤੀ ਸੀ ਅਤੇ ਇਹ ਵੀ ਕਿ ਜਿਹੜੀਆਂ ਤਾਰਾਂ ਗ੍ਰਿਫ਼ਤਾਰ ਹੋਣ ਸਦਕਾ ਪੰਡਤ ਰਾਮਭੁਜ ਦੱਤ ਵਾਇਸਰਾਇ ਨੂੰ ਅਤੇ ਸੈਕ੍ਰੇਟਰੀ ਆਫ਼ ਸਟੇਟ ਲੰਦਨ ਨੂੰ ਨਹੀਂ ਭੇਜ ਸਕੇ ਸਨ, ਉਹ ਵੀ ਉਸ ਨੇ ਭੇਜ ਦਿੱਤੀਆਂ ਸਨ।ਉਸ 'ਤੇ ਮੁਕੱਦਮਾ ਚਲਾਇਆ ਗਿਆ ਅਤੇ ਅਜੇ ਤੀਕ ਉਹ ਵਾਪਸ ਸਾਡੇ ਕੋਲ ਨਹੀਂ ਅੱਪੜੇ।ਪੰਜਾਬ ਦੀਆਂ ਸਾਰੀਆਂ ਹੀ ਘਟਨਾਵਾਂ ਲੱਗਭੱਗ ਬ੍ਰਿਟਿਸ਼ ਸਾਮਰਾਜ ਦੀਆਂ ਬਦਲਾ-ਲਊ ਨੀਤੀਆਂ ਦਾ ਸਿੱਟਾ ਹਨ।

ਪੰਜਾਬ ਦੇ ਸਾਬਕਾ ਲੈਫ਼ਟੀਨੈਂਟ ਗਵਰਨਰ ਨੂੰ ਮਾਰਸ਼ਲ ਲਾਅ ਦੇ ਐਲਾਨ ਨਾਲ ਹੀ ਸੰਤੁਸ਼ਟੀ ਨਾ ਹੋਈ, ਸਗੋਂ ਉਸ ਨੇ ਆਪਣੇ ਸਭ ਤੋਂ 'ਸਫਲ' ਅਹੁਦੇਦਾਰਾਂ ਜਨਰਲ ਡਾਇਰ ਨੂੰ ਅੰਮ੍ਰਿਤਸਰ ਅਤੇ ਕਰਨਲ ਫ਼ਰੈਂਕ ਜੌਹਨਸਨ ਨੂੰ ਲਾਹੌਰ ਵਿੱਚ ਮਨ ਆਈਆਂ ਕਰਨ ਦੀ ਖੁੱਲ੍ਹੀ ਇਜਾਜ਼ਤ ਦੇ ਦਿੱਤੀ।ਕਰਨਲ ਫ਼ਰੈਂਕ ਜੌਹਨਸਨ ਨੇ ਹੰਟਰ ਕਮੇਟੀ ਸਨਮੁੱਖ ਆਪਣੀ ਗਵਾਹੀ ਵਿੱਚ ਦੱਸਿਆ ਕਿ 'ਸਮਰੀ ਕੋਰਟ' ਵਿੱਚ 277 ਲੋਕਾਂ 'ਤੇ ਮੁਕੱਦਮੇ ਚਲਾਏ ਗਏ। ਇਨ੍ਹਾਂ ਵਿੱਚੋਂ 207 ਨੂੰ ਸਜ਼ਾ ਦਿੱਤੀ ਗਈ ਅਤੇ 66 ਨੂੰ ਕੋੜੇ ਮਾਰੇ ਗਏ। ਕੁੱਲ 800 ਕੋੜੇ ਮਾਰੇ ਗਏ। ਕੋੜੇ ਖਾਣ ਵਾਲਿਆਂ ਵਿੱਚ ਚੌਕ ਵਿੱਚ ਲਗਾਈ ਗਈ ਟਿਕਟਿਕੀ 'ਤੇ ਨੰਗੇ ਕਰਕੇ ਕੋੜੇ ਖਾਣ ਵਾਲਿਆਂ ਦੀ ਗਿਣਤੀ ਸ਼ਾਮਲ ਹੈ। ਭਾਵੇਂ ਉਸ ਦੇ ਸ਼ਬਦਾਂ ਦੀ ਵਰਤੋਂ ਕੁਝ ਹੋਰ ਸੀ, ਪਰੰਤੂ ਕਰਨਲ ਫ਼ਰੈਂਕ ਜੌਹਨਸਨ ਦੀ ਗਵਾਹੀ ਤੋਂ ਇਹ ਸਪੱਸ਼ਟ ਸੀ ਕਿ ਉਸ ਅਨੁਸਾਰ ਉਸ ਰਾਹੀਂ ਹੁਕਮ ਕੀਤੀਆਂ ਗਈਆਂ ਸਜ਼ਾਵਾਂ ਬਹੁਤ ਹਲਕੀਆਂ ਅਤੇ ਮਨੁੱਖਤਾ ਦੇ ਅੰਮ੍ਰਿਤ ਨਾਲ ਲਬਰੇਜ਼ ਸਨ।ਉਹ ਇਸ ਬਿਆਨ ਲਈ ਵੀ ਜ਼ਿੰਮੇਵਾਰ ਹੈ ਕਿ ਲੋਕ ਮਾਰਸ਼ਲ ਲਾਅ ਲਗਾਉਣ 'ਤੇ ਬਹੁਤ ਖ਼ੁਸ਼ ਹਨ ਅਤੇ ਇਸ ਨਾਲ ਅਮਨ-ਚੈਨ ਕਾਇਮ ਹੋ ਗਿਆ ਹੈ। ਇਹ ਲੱਗਦਾ ਹੈ ਕਿ ਜਿਹੜੇ ਲੋਕਾਂ ਨੇ ਮਾਰਸ਼ਲ ਲਾਅ ਦੀ 'ਪਿਆਰੀ ਧੁਨ ਉੱਤੇ ਗੀਤ ਗਾਏ ਹਨ, ਉਨ੍ਹਾਂ ਨੇ ਇਸ ਦੀਆਂ ਸਜ਼ਾਵਾਂ ਦੇ ਕੋੜਿਆਂ ਦਾ ਸੁਆਦ ਨਹੀਂ ਚੱਖਿਆ, ਜੋ ਕਿ ਕਰਨਲ ਫ਼ਰੈਂਕ ਜੌਹਨਸਨ ਅਨੁਸਾਰ ਮਨੁੱਖੀ ਦਿਆਲਤਾ ਨਾਲ ਭਰੇ ਹੋਏ ਸਨ, ਨਹੀਂ ਤਾਂ ਸ਼ਾਇਦ ਉਹ ਅਜਿਹੇ ਰਾਜ ਦੀ ਸਿਫ਼ਤ ਕਰਨ ਤੋਂ ਨਿਸਚੇ ਹੀ ਗੁਰੇਜ਼ ਕਰਦੇ।

ਲਾਹੌਰ ਦੀਆਂ ਘਟਨਾਵਾਂ ਦਾ ਜ਼ਿਕਰ ਕਰਨ ਬਾਅਦ ਆਪਾਂ ਕਸੂਰ ਦੀ ਗੱਲ ਕਰਦੇ ਹਾਂ। ਹੰਟਰ ਕਮੇਟੀ ਸਾਹਮਣੇ ਪੇਸ਼ ਹੋਏ ਸਰਕਾਰੀ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਕੁਝ ਤੱਥ ਸਹਿਜ ਨਾਲ ਹੀ ਨਿੱਖਰ ਕੇ ਸਾਹਮਣੇ ਆਉਂਦੇ ਹਨ :

11 ਅਪ੍ਰੈਲ ਨੂੰ ਕਸੂਰ ਵਿਖੇ ਇੱਕ ਪਬਲਿਕ ਜਲਸਾ ਹੋਇਆ, ਜਿਸ ਵਿੱਚ ਰੋਲਟ ਐਕਟ ਬਾਰੇ ਤਕਰੀਰਾਂ ਕੀਤੀਆਂ ਗਈਆਂ।

ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣ ਕੇ ਹੜਤਾਲ ਹੋ ਗਈ, ਜੋ 12 ਅਪ੍ਰੈਲ ਤੱਕ ਚੱਲਦੀ ਰਹੀ।

ਐੱਸ.ਡੀ.ਓ. ਮਿਸਟਰ ਪੀ. ਮਰਸਡੇਨ ਦੇ ਬਿਆਨ ਅਨੁਸਾਰ 12 ਤਾਰੀਖ਼ ਨੂੰ ਇੱਕ ਜਲੂਸ ਕਾਲੇ ਝੰਡੇ ਲੈ ਕੇ ਸਟੇਸ਼ਨ ਵੱਲ ਮਾਰਚ ਕਰਨ ਲੱਗਿਆ। ਜਲੂਸ ਦੀ ਅਗਵਾਈ ਕਰ ਰਹੇ ਨੇਤਾਵਾਂ ਨੇ ਕਿਹਾ ਕਿ ਬ੍ਰਿਟਿਸ਼ ਰਾਜ ਦਾ ਅੰਤ ਹੋ ਗਿਆ ਸੀ। ਲੋਕਾਂ ਨੇ ਰੇਲਵੇ ਸਟੇਸ਼ਨ, ਮਾਲ ਗੁਦਾਮ, ਵੈਗਨਾਂ, ਸਵਾਰੀ ਗੱਡੀਆਂ ਅਤੇ ਸਟੇਸ਼ਨ ਦੀ ਸਾਰੀ ਨਕਦੀ ਲੁੱਟ ਲਈ।ਅਜਿਹੀਆਂ ਹੀ ਘਟਨਾਵਾਂ ਖਾਨ-ਕਰਾਂ ਵਿੱਚ ਵਾਪਰੀਆਂ ਅਤੇ ਪੱਟੀ ਵਿੱਚ ਸਟੇਸ਼ਨ ਨੂੰ ਨੁਕਸਾਨ ਪਹੁੰਚਾਇਆ ਗਿਆ।ਕਸੂਰ ਰੇਲਵੇ ਸਟੇਸ਼ਨ 'ਤੇ ਇੱਕ ਗੱਡੀ ਰੋਕੀ ਗਈ। ਦੋ ਫੌਜੀ, ਜੋ ਟਰੇਨ ਵਿੱਚ ਸਫ਼ਰ ਕਰ ਰਹੇ ਸਨ, ਉਨ੍ਹਾਂ ਭੀੜ 'ਤੇ ਗੋਲੀ ਚਲਾਈ। ਇਸ ਉਪਰੰਤ ਭੀੜ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਉਹ ਮਾਰੇ ਗਏ। ਭੀੜ ਸ਼ੋਰ ਮਚਾ ਰਹੀ ਸੀ ਕਿ ਉਨ੍ਹਾਂ ਦੇ ਦੋ ਸਾਥੀ ਮਾਰੇ ਗਏ ਹਨ ਤੇ ਉਹ ਬਦਲਾ ਲੈਣਗੇ।ਉਸੇ ਹੀ ਦਿਨ ਕਪਤਾਨ ਮੈਕਰੇ ਦੀ ਕਮਾਨ ਹੇਠ 300 ਭਾਰਤੀ ਅਤੇ 50 ਬ੍ਰਿਟਿਸ਼ ਫ਼ੌਜੀ ਕਸੂਰ ਪੁੱਜ ਗਏ ਅਤੇ 16 ਅਪ੍ਰੈਲ ਨੂੰ ਉਸ ਨੇ ਟਾਊਨ ਹਾਲ ਵਿੱਚ ਹੋਈ ਇੱਕ ਪਬਲਿਕ ਮੀਟਿੰਗ ਵਿੱਚ ਮਾਰਸ਼ਲ ਲਾਅ ਦਾ ਐਲਾਨ ਕਰ ਦਿੱਤਾ।ਕੁੱਲ 172 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਵਿੱਚੋਂ 51 ਨੂੰ ਸਜ਼ਾ ਕੀਤੀ ਗਈ ਤੇ ਬਾਕੀ ਨੂੰ ਮੁਆਫ਼ ਕਰ ਦਿੱਤਾ ਗਿਆ ਜਾਂ ਛੱਡ ਦਿੱਤਾ ਗਿਆ।ਇਸ ਤੋਂ ਇਲਾਵਾ ਦੋ ਬੰਦਿਆਂ ਨੂੰ ਸੰਤਰੀ ਨੇ ਗੋਲੀ ਮਾਰ ਦਿੱਤੀ, ਕਿਉਂਕਿ ਉਸ ਦੇ ਆਵਾਜ਼ ਦੇਣ 'ਤੇ ਉਹ ਰੁਕੇ ਨਹੀਂ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਗੂੰਗਾ ਅਤੇ ਬੋਲਾ ਸੀ। ਇਸ ਸਮੇਂ ਦੌਰਾਨ ਲੋਕਾਂ ਨੂੰ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ, ਜਿਨ੍ਹਾਂ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਹੈ :

ਇੱਕ ਕਵੀ ਨੂੰ ਹੁਕਮ ਕੀਤਾ ਗਿਆ ਕਿ ਉਹ ਕੈਪਟਨ ਡੋਵੇਟਨ, ਜਿਹੜਾ ਕਿ ਮਾਰਸ਼ਲ ਲਾਅ ਦਾ ਪ੍ਰਸ਼ਾਸਕ ਸੀ, ਦੀ ਉਸਤਤ ਵਿੱਚ ਕਵਿਤਾ ਲਿਖੇ। ਕਵੀ ਦੇ ਕਵਿਤਾ ਰਚਣ 'ਤੇ ਹੀ ਉਸ ਨੂੰ ਕੈਦ ਤੋਂ ਮੁਕਤੀ ਮਿਲੀ। ਕਵਿਤਾ ਲਿਖਣ ਲਈ ਇਹ ਢੁਕਵਾਂ ਇਨਾਮ ਸੀ।

ਇਨ੍ਹਾਂ ਸਜ਼ਾਵਾਂ ਨੂੰ ਅਸੀਂ ਮੱਧਕਾਲੀ ਯੁੱਗ ਦੇ ਇਤਿਹਾਸ ਦੇ ਪੰਨਿਆਂ 'ਤੇ ਦਰਜ ਇਬਾਰਤ ਵਾਂਗ ਹੀ ਸਮਝ ਸਕਦੇ ਹਾਂ। ਮੌਜੂਦਾ ਯੁੱਗ ਵਿੱਚ ਪਰਜਾ ਨੂੰ ਅਜਿਹੀਆਂ ਸਜ਼ਾਵਾਂ ਦੇਣਾ ਅਤੇ ਫਿਰ ਉਨ੍ਹਾਂ ਦੀ ਫ਼ਹਿਰਿਸਤ ਬਣਾਉਣੀ ਅਤੇ ਸ਼ੇਖ਼ੀ ਮਾਰਨੀ ਮਨੁੱਖੀ ਕਦਰਾਂ-ਕੀਮਤਾਂ ਤੋਂ ਡਿੱਗੇ ਲੋਕਾਂ ਦਾ ਕਿਰਦਾਰ ਹੀ ਹੋ ਸਕਦਾ ਹੈ। ਗੁਜਰਾਂਵਾਲਾ ਦੀਆਂ ਘਟਨਾਵਾਂ ਇਸ ਤੋਂ ਵੀ ਬਦਤਰ ਸਨ। ਇੱਥੇ ਨਿਹੱਥੀ ਜਨਤਾ 'ਤੇ ਹਵਾਈ ਜਹਾਜ਼ ਨਾਲ ਬੰਬ ਵਰਸਾਏ ਗਏ। ਅਜਿਹਾ ਦੇਸ਼ ਵਿੱਚ ਪਹਿਲੀ ਵਾਰ ਹੋਇਆ।ਆਸ ਹੈ ਅਜਿਹਾ ਮੁੜ ਕਦੀ ਨਹੀਂ ਹੋਵੇਗਾ।

14 ਅਪ੍ਰੈਲ ਨੂੰ ਗੁਜਰਾਂਵਾਲਾ 'ਤੇ ਬੰਬ ਵਰਸਾਉਣ ਲਈ ਹਵਾਈ ਜਹਾਜ਼ ਭੇਜੇ ਗਏ, ਜਿਨ੍ਹਾਂ ਨੇ ਸ਼ਹਿਰ 'ਤੇ 6 ਬੰਬ ਸੁੱਟੇ, ਪਰੰਤੂ ਇਨ੍ਹਾਂ ਵਿੱਚੋਂ ਦੋ ਬੰਬਾਂ ਤੋਂ ਹੋਏ ਨੁਕਸਾਨ ਦਾ ਵੇਰਵਾ ਹੀ ਦਿੱਤਾ ਗਿਆ ਹੈ, ਜਿਸ ਅਨੁਸਾਰ 6 ਲੋਕਾਂ ਦੀ ਮੌਤ ਹੋਈ ਅਤੇ 6 ਜਣੇ ਜ਼ਖ਼ਮੀ ਹੋਏ। ਕਰਨਲ ਬ੍ਰਾਇਨ ਦਾ ਬਿਆਨ ਬਾਕੀ ਦੇ 4 ਬੰਬਾਂ ਤੋਂ ਹੋਏ ਨੁਕਸਾਨ ਬਾਰੇ ਚੁੱਪ ਹੈ। ਉਸ ਨੇ ਕੁੱਲ 27 ਲੋਕਾਂ ਦੇ ਪ੍ਰਭਾਵਿਤ ਹੋਣ ਬਾਰੇ ਦੱਸਿਆ ਹੈ, ਜਿਸ ਵਿੱਚ 11 ਮੌਤਾਂ ਸ਼ਾਮਲ ਹਨ। ਇਹ ਗਿਣਤੀ ਹੈਰਾਨੀ ਦੀ ਹੱਦ ਤੱਕ ਘੱਟ ਲਗਦੀ ਹੈ, ਜਦੋਂ ਕਿ ਵਾਰ-ਵਾਰ ਬੰਬਾਰੀ ਕੀਤੀ ਗਈ ਅਤੇ ਹਵਾਈ ਜਹਾਜ਼ ਤੋਂ ਮਸ਼ੀਨਗੰਨ ਦੀਆਂ ਗੋਲੀਆਂ ਦੀ ਬੁਛਾੜ ਹੋਈ।

ਕਰਨਲ ਓ ਬ੍ਰਾਇਨ ਆਪਣੇ ਬਿਆਨ ਵਿੱਚ ਅਗਾਂਹ ਦੱਸਦਾ ਹੈ ਕਿ ਮਿਸਟਰ ਹੇਰੋਨ 'ਤੇ ਹਮਲਾ ਹੋਣ ਉਪਰੰਤ ਉਸ ਸਵੇਰ 11 ਵਜੇ ਪੁਲਸ ਨੇ ਲੋਕਾਂ 'ਤੇ ਪਹਿਲੀ ਵਾਰ ਗੋਲੀ ਚਲਾਈ ਸੀ। ਦੂਸਰੀ ਵਾਰ ਬਿਨਾਂ ਕਿਸੇ ਗੱਲ ਤੋਂ ਰੇਲਵੇ ਲਾਈਨ ਪਾਰ ਕਰਦੇ ਲੋਕਾਂ 'ਤੇ ਗੋਲੀ ਚਲਾਈ ਗਈ ਅਤੇ ਇਸ ਉਪਰੰਤ ਜਿੱਥੇ ਕਿਤੇ ਵੀ ਲੋਕ ਇਕੱਠੇ ਹੁੰਦੇ, ਉਨ੍ਹਾਂ 'ਤੇ ਗੋਲੀ ਚਲਾ ਦਿੱਤੀ ਜਾਂਦੀ। ਇਸ ਲਈ ਗੁਜਰਾਂਵਾਲਾ ਵਿੱਚ ਜ਼ਖ਼ਮੀਆਂ ਅਤੇ ਮਰਨ ਵਾਲਿਆਂ ਦੀ ਗਿਣਤੀ ਬਾਰੇ ਕਰਨਲ ਓ ਬ੍ਰਾਇਨ ਦੀ ਯਾਦਦਾਸ਼ਤ 'ਤੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਕਰਨਾ ਹਰ ਤਰ੍ਹਾਂ ਜਾਇਜ਼ ਹੈ।

ਪੰਜਾਬ ਦੀ ਗੱਲ ਕਰੀਏ ਤਾਂ ਅੰਮ੍ਰਿਤਸਰ ਦੀਆਂ ਘਟਨਾਵਾਂ ਸਿੱਧੇ ਤੌਰ 'ਤੇ ਹੀ ਡਾ. ਸਤਪਾਲ ਅਤੇ ਡਾ. ਸੈਫ਼ੂਦੀਨ ਕਿਚਲੂ ਦੀ ਨਜ਼ਰਬੰਦੀ ਅਤੇ ਜਲਾਵਤਨੀ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਦੀ ਜਲਾਵਤਨੀ ਦੇ ਹੁਕਮ ਮੌਕੇ ਮੌਜੂਦ ਜ਼ਿਲ੍ਹਾ ਅਫ਼ਸਰਾਂ ਦੀ ਜਾਣਕਾਰੀ ਅਤੇ ਮਰਜ਼ੀ ਤੋਂ ਬਿਨਾਂ ਸਿੱਧਾ ਲਾਹੌਰ ਤੋਂ ਭੇਜੇ ਗਏ ਸਨ। ਜ਼ਿਲ੍ਹਾ ਅਫ਼ਸਰ ਜਿਹੜੇ ਅਮਨ-ਚੈਨ ਲਈ ਜ਼ਿੰਮੇਵਾਰ ਸਨ, ਦੇ ਨਾਲ ਅਜਿਹੇ ਨਾਜ਼ੁਕ ਮਸਲੇ 'ਤੇ ਮਸ਼ਵਰਾ ਵੀ ਨਹੀਂ ਸੀ ਕੀਤਾ ਗਿਆ। ਇਸ ਦਾ ਸਿੱਟਾ ਸਾਰੀਆਂ ਦੁੱਖਦਾਈ ਘਟਨਾਵਾਂ ਵਿੱਚ ਨਿਕਲਿਆ। ਮੈਨੂੰ ਸਿਆਣੇ ਬੰਦੇ ਤੋਂ ਪੁੱਛਣ ਦਾ ਹੱਕ ਹੈ ਕਿ ਕੀ ਉਨ੍ਹਾਂ ਦੇ ਵਿਚਾਰ ਵਿੱਚ ਇਹ ਸਾਰੀਆਂ ਰੌਂਗਟੇ ਖੜੇ ਕਰ ਦੇਣ ਵਾਲੀਆਂ ਘਟਨਾਵਾਂ ਜਿਹਨਾਂ ਬਾਰੇ ਤੁਸੀਂ ਸਾਰੇ ਵਾਕਿਫ਼ ਹੋ ਤੇ ਜਿਨ੍ਹਾਂ ਬਾਰੇ ਮੈਂ ਪਹਿਲਾਂ ਦੱਸਿਆ ਹੈ, ਉਨ੍ਹਾਂ ਸਾਰੀਆਂ ਗ਼ਲਤੀਆਂ ਤੋਂ ਬਿਨਾਂ ਵਾਪਰ ਸਕਦੀਆਂ ਸਨ, ਜੋ ਸ਼ੁਰੂ ਵਿੱਚ ਕੀਤੀਆਂ ਗਈਆਂ। ਇੰਝ ਹੀ ਜੇ ਪਲਵਲ ਵਿੱਚ ਮਹਾਤਮਾ ਗਾਂਧੀ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਂਦਾ ਅਤੇ ਲਾਹੌਰ ਵਿੱਚ ਗੋਲੀਬਾਰੀ ਨਾ ਕੀਤੀ ਜਾਂਦੀ ਤਾਂ ਲਾਹੌਰ ਵਿੱਚ ਗੜਬੜ ਨਹੀਂ ਫੈਲਣੀ ਸੀ।


ਜੇ ਬੰਗਾਲ ਦੀ ਵੰਡ ਕਰਕੇ ਲਾਰਡ ਕਰਜ਼ਨ ਨੇ ਭਾਰਤ 'ਤੇ ਬਹੁਤ ਵੱਡਾ ਅਹਿਸਾਨ ਕੀਤਾ ਸੀ, ਤਾਂ ਮਾਈਕਲ ਉਡਵਾਇਰ ਨੇ ਪੰਜਾਬ ਵਿੱਚ ਆਪਣਾ ਨਾਦਰਸ਼ਾਹੀ ਹੁਕਮ ਚਲਾ ਕੇ ਇਸ ਤੋਂ ਕੁਝ ਘੱਟ ਨਹੀਂ ਕੀਤਾ, ਜਿਸ ਨੂੰ ਅਸੀਂ ਹੁਣ ਮਹਿਸੂਸ ਕਰਨਾ ਸ਼ੁਰੂ ਕਰ ਰਹੇ ਹਾਂ। ਮਾਈਕਲ ਉਡਵਾਇਰ ਇਸ ਗੱਲ 'ਤੇ ਸੱਚਮੁੱਚ ਹੀ ਮਾਣ ਮਹਿਸੂਸ ਕਰੇਗਾ, ਜੇ ਪੰਜਾਬ ਵਿੱਚ ਰਾਜਨੀਤਕ ਸਰਗਰਮੀਆਂ ਵਿੱਚ ਠੱਲ੍ਹ ਪੈ ਜਾਂਦੀ ਹੈ, ਪਰੰਤੂ ਜੇ ਪ੍ਰਾਂਤ ਵਿੱਚ ਉਸ ਦੇ ਸਾਰੇ ਅੱਤਿਆਚਾਰਾਂ ਦੇ ਬਾਵਜੂਦ ਰਾਜਨੀਤਕ ਗਤੀ ਧੀਮੀ ਨਹੀਂ ਪੈਂਦੀ, ਸਗੋਂ ਜ਼ੋਰ ਫੜ ਲੈਂਦੀ ਹੈ ਤੇ ਸਾਮਰਾਜ ਦੇ ਸਾਬਕਾ ਸੂਬੇਦਾਰ ਨੂੰ ਆਪਣੀ ਗ਼ਲਤੀ 'ਤੇ ਵੱਡਾ ਪਛਤਾਵਾ ਹੋਵੇਗਾ। ਉਸ ਨੂੰ ਉਸ ਸਮੇਂ ਵਾਰ-ਵਾਰ ਯਾਦ ਆਵੇਗਾ ਕਿ ਜਿਸ ਨੂੰ ਉਹ ਪੰਜਾਬ ਲਈ ਜ਼ਹਿਰ ਸਮਝ ਰਿਹਾ ਸੀ, ਉਹ ਸਾਡੇ ਲਈ ਅੰਮ੍ਰਿਤ ਅਤੇ ਵਰਦਾਨ ਸਿੱਧ ਹੋਵੇਗੀ।

(ਸੰਖੇਪ ਰੂਪ)

## ਬਾਲ ਕੋਨਾ



ਲਵਪ੍ਰੀਤ ਢੰਡਾ, ਨੌਵੀਂ, ਆਰਮੀ ਪਬਲਿਕ ਸਕੂਲ ਖੁਸਰੋਪੁਰ ਜਿਲ੍ਹਾ ਜਲੰਧਰ









ਇਹ ਸਾਰੀਆਂ ਤਸਵੀਰਾਂ ਮਯੰਕ, ਪੰਜਵੀਂ, ਸ ਅ ਸ ਅਸਰਪੁਰ, ਬਲਾਕ ਭੁਨਰਹੇੜੀ-2 ਪਟਿਆਲਾ ਦੀਆਂ ਹਨ।